ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 12 | Issue 35 | 7 September 2022 to13 September 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਕ੍ਰਿਕਟ ਮੈਚ 'ਚ ਪਾਕਿਸਤਾਨ ਖ਼ਿਲਾਫ਼ ਕੈਚ ਛੱਡਣ ਕਾਰਨ ਭਗਵਿਆਂ ਦੇ ਨਿਸ਼ਾਨੇ 'ਤੇ ਆਇਆ ਅਰਸ਼ਦੀਪ ਸਿੰਘ

## ✪ ਭਾਰਤੀ ਕ੍ਰਿਕਟਰ ਨੂੰ ਟਵਿੱਟਰ 'ਤੇ 'ਖਾਲਿਸਤਾਨੀ' ਲਿਖਿਆ ✪ ਪੰਜਾਬ ਸਰਕਾਰ ਤੇ ਸਿਆਸੀ ਧਿਰਾਂ ਅਰਸ਼ਦੀਪ ਦੇ ਹੱਕ ਵਿੱਚ ਨਿੱਤਰੀਆਂ ✪ ਖਾਲਸਾ ਪੰਥ ਅਰਸ਼ਦੀਪ ਦੀ ਪਿੱਠ ਉਪਰ ਹੈ , ਅਰਸ਼ਦੀਪ ਫਿਰਕੂਆਂ ਦੀ ਪ੍ਰਵਾਹ ਨਾ ਕਰੇ : ਜਥੇਦਾਰ ਅਕਾਲ ਤਖਤ ਸਾਹਿਬ

**ਅਰਸ਼ਦੀਪ ਸਿੰਘ ਦਾ ਮਾਮਲਾ ਭਾਵੇਂ ਪਹਿਲੀ ਨਜ਼ਰੇ ਵੇਖਣ ਨੂੰ ਇੰਨਾ ਵੱਡਾ ਨਾ ਜਾਪੇ ਪਰ ਗੱਲ ਆਖ਼ਰ ਮੁੜ-ਘਿੜ ਕੇ ਸੋਸ਼ਲ ਮੀਡੀਆ 'ਤੇ ਆ ਜਾਂਦੀ ਹੈ ਕਿਉਂਕਿ ਹੁਣ ਇਸ ਮੀਡੀਆ ਨੂੰ ਕੁਝ ਫਿਰਕੂ ਅਨਸਰਾਂ ਵੱਲੋਂ ਇਸ ਤਰੀਕੇ ਵਰਤਿਆ ਜਾ ਰਿਹਾ ਹੈ ਕਿ ਇਹ ਮੀਡੀਆ ਐਂਟੀ-ਸੋਸ਼ਲ ਵੱਧ ਬਣਦਾ ਜਾ ਰਿਹਾ ਹੈ। ਭਾਰਤ ਸਰਕਾਰ ਦੇ ਸੂਤਰਾਂ ਕਹਿਣਾ ਹੈ ਕਿ ਅਰਸ਼ਦੀਪ ਵਿਰੁੱਧ ਟਿੱਪਣੀ ਕਰਨ ਵਾਲੇ ਦਾ ਆਈਪੀ ਐਡਰੈੱਸ ਪਤਾ ਲੱਗ ਗਿਆ ਹੈ। ਉਸ ਤੋਂ ਇਹੋ ਪੁਸ਼ਟੀ ਹੋਈ ਹੈ ਕਿ ਇਹ ਐਡਰੈੱਸ 'ਪਾਕਿਸਤਾਨ ਟੈਲੀਕਮਿਊਨੀਕੇਸ਼ਨ ਕੰਪਨੀ ਲਿਮਟਿਡ' ਨੂੰ ਅਲਾਟ ਕੀਤਾ ਗਿਆ ਸੀ। ਪਾਕਿਸਤਾਨ ਵਿਚ ਇਹ ਕੰਪਨੀ 'ਪੀਟੀਸੀਐੱਲ' ਦੇ ਨਾਂ ਨਾਲ ਪ੍ਰਚਲਿਤ ਹੈ ਤੇ ਇਸ ਦਾ ਦਰਜਾ ਬਿਲਕੁਲ ਉਹੋ ਜਿਹਾ ਹੈ, ਜਿਹੋ ਜਿਹਾ ਬੀਐੱਸਐੱਨਐੱਲ ਦਾ ਭਾਰਤ ਵਿਚ ਹੈ। ਇਸ ਮਾਮਲੇ ਦਾ ਤਕਨੀਕੀ ਪੱਖ ਇਹ ਹੈ ਕਿ ਕੋਈ ਵੀ ਵੀਪੀਐੱਨ ਸਰਵਿਸਜ਼ ਦੀ ਵਰਤੋਂ ਕਰਦਿਆਂ ਦੂਜੇ ਪਾਸੇ ਇਕ ਫ਼ਰਜ਼ੀ ਆਈਪੀਐਡਰੈੱਸ ਨੂੰ ਦਰਸਾ ਸਕਦਾ ਹੈ। ਇੰਝ ਪਾਕਿਸਤਾਨ ਤੋਂ ਬਾਹਰ ਬੈਠਾ ਵੀ ਕੋਈ ਵਿਅਕਤੀ ਅਜਿਹੀ ਸ਼ਰਾਰਤ ਕਰ ਸਕਦਾ ਹੈ। ਇਹ ਨਵੀਆਂ ਤਕਨੀਕਾਂ ਦੀਆਂ ਚੁਣੌਤੀਆਂ ਹਨ ਤੇ ਇਨਾਂ ਨਾਲ ਨਿਵੇਕਲੇ ਢੰਗ ਨਾਲ ਹੀ ਨਜਿੱਠਣਾ ਹੋਵੇਗਾ। ਪਰ ਨਿਰਪੱਖ ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਭਾਰਤ ਵਿਚ ਭਗਵੇਂ ਫਿਰਕਾਪ੍ਰਸਤ ਮੁਸਲਮਾਨਾਂ ਤੋਂ ਬਾਅਦ ਸਿੱਖਾਂ ਨੂੰ ਖਾਲਿਸਤਾਨੀ ਸੰਬੰਧਨ ਕਰਕੇ ਟਰੋਲ ਕਰ ਰਹੇ ਹਨ।**

ਜਲੰਧਰ/ਏ.ਟੀ.ਨਿਊਜ਼ :- ਬੀਤੇ ਦਿਨੀਂ ਸੰਯੁਕਤ ਅਰਬ ਅਮੀਰਾਤ ਵਿਖੇ ਏਸ਼ੀਆ ਕੱਪ ਲਈ ਭਾਰਤ ਤੇ ਪਾਕਿਸਤਾਨ ਵਿਚਾਲੇ ਕ੍ਰਿਕਟ ਮੈਚ ਸੀ। ਇਹ ਮੈਚ ਪਾਕਿਸਤਾਨ ਨੇ 5 ਵਿਕਟਾਂ ਨਾਲ ਜਿੱਤ ਲਿਆ। ਅਰਸ਼ਦੀਪ 18ਵੇਂ ਓਵਰ ਵਿੱਚ ਪਾਕਿਸਤਾਨ ਦੇ ਬੱਲੇਬਾਜ਼ ਆਸਿਫ਼ ਅਲੀ ਦਾ ਆਸਾਨ ਕੈਚ ਨਹੀਂ ਲੈ ਸਕਿਆ ਸੀ। ਮੈਚ ਹਾਰਨ ਮਗਰੋਂ ਭਾਰਤੀ ਕ੍ਰਿਕਟਰ ਅਰਸ਼ਦੀਪ ਸਿੰਘ ਦਾ ਟਵਿਟਰ 'ਤੇ ਭਗਵੇਂ ਫਿਰਕਾਪ੍ਰਸਤਾਂ ਵਲੋਂ ਵਿਰੋਧ ਕੀਤਾ ਗਿਆ। ਇਹ ਫਿਰਕਾਪ੍ਰਸਤ ਅਰਸ਼ਦੀਪ ਸਿੰਘ ਨੂੰ ਖ਼ਾਲਿਸਤਾਨੀ ਵੀ ਦੱਸ ਰਹੇ ਹਨ। ਉਸ ਨੂੰ ਵਿਕੀਪੀਡੀਆ ਪੇਜ਼ 'ਤੇ ਵੀ 'ਵੱਖਵਾਦੀ ਖਾਲਿਸਤਾਨੀ ਲਹਿਰ' ਨਾਲ ਸਬੰਧਿਤ ਲਿਖ ਦਿੱਤਾ ਗਿਆ ਹੈ।

'ਆਪ' ਸੰਸਦ ਮੈਂਬਰ ਰਾਘਵ ਚੱਢਾ, ਹਰਭਜਨ ਸਿੰਘ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਕਾਂਗਰਸ ਦੇ ਸੂਬਾਈ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਤੇ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਵੀ 23 ਸਾਲ ਦੇ ਤੇਜ਼ ਗੇਂਦਬਾਜ਼ ਦੀ ਪਿੱਠ 'ਤੇ ਆ ਗਏ ਹਨ। 'ਆਪ' ਦੇ ਰਾਜ ਸਭਾ ਮੈਂਬਰ ਅਤੇ ਸਾਬਕਾ ਕ੍ਰਿਕਟਰ ਹਰਭਜਨ ਸਿੰਘ ਨੇ ਟਵੀਟ ਕੀਤਾ, 'ਨੌਜਵਾਨ ਅਰਸ਼ਦੀਪ ਸਿੰਘ ਦੀ ਆਲੋਚਨਾ ਬੰਦ ਕਰੋ। ਕੋਈ ਜਾਣਬੁੱਝ ਕੇ ਕੈਚ ਨਹੀਂ ਛੱਡਦਾ। ਸਾਨੂੰ ਆਪਣੀ ਟੀਮ 'ਤੇ ਮਾਣ ਹੈ। ਇਸ ਪਲੇਟਫਾਰਮ 'ਤੇ ਖਿਡਾਰੀਆਂ ਬਾਰੇ ਘਟੀਆ ਗੱਲਾਂ ਕਰਨ ਵਾਲਿਆਂ 'ਤੇ ਸ਼ਰਮ ਆਉਂਦੀ ਹੈ। ਅਰਸ਼ਦੀਪ ਖਰਾ ਸੋਨਾ ਹੈ।' ਇਸੇ ਦੌਰਾਨ ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਵਿਰਾਟ ਕੋਹਲੀ ਨੇ ਵੀ ਅਰਸ਼ਦੀਪ ਦਾ ਸਮਰਥਨ ਕੀਤਾ ਹੈ। ਕੋਹਲੀ ਨੇ ਕਿਹਾ, 'ਜਦੋਂ ਮੈਂ ਚੈਂਪੀਅਨਜ਼ ਟਰਾਫੀ ਵਿੱਚ ਪਾਕਿਸਤਾਨ ਖ਼ਿਲਾਫ਼ ਪਹਿਲੀ ਵਾਰ ਖੇਡਿਆ ਤਾਂ ਖਰਾਬ ਸ਼ਾਟ ਖੇਡਣ ਕਰਕੇ ਆਊਟ ਹੋ ਗਿਆ ਸੀ। ਦਬਾਅ ਵਿੱਚ ਕੋਈ ਵੀ ਗ਼ਲਤੀ ਕਰ ਸਕਦਾ ਹੈ। ਇਹ ਬੁਰਾ ਲੱਗਣਾ ਸੁਭਾਵਿਕ ਹੈ। ਟੀਮ ਵਿੱਚ ਹੁਣ ਮਾਹੌਲ ਵਧੀਆ ਹੈ। ਇਸ ਦਾ ਸਿਹਰਾ ਪ੍ਰਬੰਧਕਾਂ ਤੇ ਕਪਤਾਨ ਸਿਰ ਬੱਝਦਾ ਹੈ। ਕਿਸੇ ਨੂੰ ਵੀ ਆਪਣੀ ਗ਼ਲਤੀ ਮੰਨਣੀ ਚਾਹੀਦੀ ਹੈ, ਇਸ ਨੂੰ ਸੁਧਾਰਨਾ




ਚਾਹੀਦਾ ਹੈ ਤੇ ਅਗਾਂਹ ਵੀ ਦਬਾਅ ਵਾਲੀ ਸਥਿਤੀ ਨਾਲ ਨਜਿੱਠਣ ਲਈ ਅੱਗੇ ਵਧਣਾ ਚਾਹੀਦਾ ਹੈ। ਆਪ ਪਾਰਟੀ ਦੇ ਰਾਘਵ ਚੱਢਾ ਨੇ ਕਿਹਾ, 'ਅਰਸ਼ਦੀਪ ਹੋਣਹਾਰ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਭਾਰਤੀ ਗੇਂਦਬਾਜ਼ਾਂ ਦੀ ਅਗਵਾਈ ਕਰੇਗਾ। ਨਫ਼ਰਤ ਉਸ ਦਾ ਕੁਝ ਨਹੀਂ ਵਿਗਾੜ ਸਕਦੀ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ, 'ਖੇਡ ਵਿੱਚ ਅਜਿਹਾ ਹੁੰਦਾ ਰਹਿੰਦਾ ਹੈ। ਸਾਨੂੰ ਆਪਣੇ ਖਿਡਾਰੀਆਂ ਦਾ ਸਮਰਥਨ ਕਰਨਾ ਚਾਹੀਦਾ ਹੈ। ਅਰਸ਼ਦੀਪ ਸਿੰਘ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ। ਉਸ ਦੇ ਸਾਹਮਣੇ ਸੁਨਹਿਰੀ ਭਵਿੱਖ ਹੈ।' ਭਾਜਪਾ ਨੇਤਾ ਮਨਜਿੰਦਰ ਸਿੰਘ ਸਿਰਸਾ ਨੇ ਅਰਸ਼ਦੀਪ ਨੂੰ ਖਾਲਿਸਤਾਨੀ ਆਖਣ ਵਾਲਿਆਂ ਨੂੰ ਕਰਾਰਾ ਜਵਾਬ ਦਿੰਦਿਆਂ ਕਿਹਾ, 'ਅਰਸ਼ਦੀਪ ਸਿੰਘ ਹੋਣਹਾਰ ਖਿਡਾਰੀ ਹੈ। ਉਸ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਤੇ ਪੂਰਾ ਦੇਸ਼ ਉਸ ਦੇ ਨਾਲ ਹੈ। ਰਣਜੀਤ ਬਾਵਾ ਨੇ ਟਵੀਟ ਕਰਦਿਆਂ ਲਿਖਿਆ, 'ਉਸ ਨੂੰ ਗਾਲ੍ਹਾਂ ਨਾ ਕੱਢੋ, ਉਹ ਬਹੁਤ ਵਧੀਆ ਖੇਡਿਆ ਹੈ। ਹਾਰ-ਜਿੱਤ ਬਣੀ ਹੈ ਤੇ ਇਹ ਚੱਲਦਾ ਰਹਿੰਦਾ ਹੈ। ਹਿੰਮਤ ਰੱਖੋ ਸਰਦਾਰ ਸਾਬ ਅਰਸ਼ਦੀਪ ਸਿੰਘ। ਪੰਜਾਬ ਵਲੋਂ ਬਹੁਤ ਸਾਰਾ ਪਿਆਰ ਤੇ ਪਾਜ਼ੇਟੀਵਿਟੀ।'

ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਅਰਸ਼ਦੀਪ ਸਿੰਘ ਇਕ ਚੰਗਾ ਖਿਡਾਰੀ ਹੈ, ਜਿਸ ਤੋਂ ਭਵਿੱਖ ਵਿਚ ਵੱਡੀਆਂ ਉਮੀਦਾਂ ਹਨ। ਮੀਤ ਹੇਅਰ ਨੇ ਅਰਸ਼ਦੀਪ ਦੀ ਮਾਤਾ ਬਲਜੀਤ ਕੌਰ, ਜੋ ਇਸ ਵੇਲੇ ਦੁਬਈ ਹਨ, ਨਾਲ ਫੋਨ 'ਤੇ ਗੱਲਬਾਤ ਕਰਕੇ ਵਿਸ਼ਵਾਸ ਦਿਵਾਇਆ ਕਿ ਪੂਰਾ ਦੇਸ਼ ਅਰਸ਼ਦੀਪ ਸਿੰਘ ਦੇ ਨਾਲ ਹੈ। ਉਨਾਂ ਕਿਹਾ ਕਿ ਅਰਸ਼ਦੀਪ ਦਾ ਦੇਸ਼ ਵਾਪਸੀ 'ਤੇ ਉਹ ਖੁਦ ਸਵਾਗਤ ਕਰਨਗੇ। ਉਨਾਂ ਕਿਹਾ ਕਿ ਉਸ ਨੇ ਆਪਣੀ ਤੇਜ਼ ਗੇਂਦਬਾਜ਼ੀ ਨਾਲ ਸਭ ਦਾ ਦਿਲ ਜਿੱਤਿਆ।

ਅਕਾਲ ਤਖਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ ਫਿਰਕੂਆਂ ਨੂੰ ਨਥ ਪਾਵੇ। ਅਰਸ਼ਦੀਪ ਸਿੰਘ ਦੀ ਪਿੱਠ ਉਪਰ ਪੂਰਾ ਪੰਥ ਖੜਾ ਹੈ। ਉਸਨੂੰ ਖੇਡ ਵਿਚ ਇਤਿਹਾਸ ਸਿਰਜਣਾ ਚਾਹੀਦਾ ਹੈ। ਫਿਰਕਾਪ੍ਰਸਤਾਂ ਦੀ ਪ੍ਰਵਾਹ ਨਹੀਂ ਕਰਨੀ ਚਾਹੀਦੀ।

### ਵਿਕੀਪੀਡੀਆ ਅਧਿਕਾਰੀ ਤਲਬ

ਭਾਰਤ ਸਰਕਾਰ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਐਨਸਾਈਕਲੋਪੀਡੀਆ ਪੇਜ਼ ਨੂੰ ਸੰਪਾਦਿਤ ਕਰਨ ਦੇ ਮਾਮਲੇ ਵਿੱਚ ਵਿਕੀਪੀਡੀਆ ਦੇ ਅਧਿਕਾਰੀਆਂ ਨੂੰ ਤਲਬ ਕਰਕੇ ਉਨਾਂ ਨੂੰ ਗਲਤ ਪ੍ਰਕਾਸ਼ਿਤ ਕੀਤੀ ਗਈ ਜਾਣਕਾਰੀ ਨੂੰ ਫੌਰੀ ਹਟਾਉਣ ਲਈ ਕਿਹਾ ਸੀ।

ਹਾਲਾਂਕਿ, ਵਿਕੀਪੀਡੀਆ ਫਾਊਂਡੇਸ਼ਨ ਦੇ ਇੱਕ ਬੁਲਾਰੇ ਨੇ ਕਿਹਾ ਕਿ ਉਸ ਦੀ ਟੀਮ ਨੇ ਸੰਪਾਦਿਤ ਕੀਤੀ ਗ਼ਲਤ ਜਾਣਕਾਰੀ ਨੂੰ ਕੁੱਝ ਮਿੰਟਾਂ ਬਾਅਦ ਹੀ ਹਟਾ ਦਿੱਤਾ ਸੀ।

# ਬਹਿਬਲ ਕਲਾਂ ਗੋਲੀ ਕਾਂਡ ਮਾਮਲੇ 'ਚ ਸਿਟ ਸਾਹਮਣੇ ਪੇਸ਼ ਹੋਏ ਸੁਖਬੀਰ ਬਾਦਲ

## ✪ 'ਸਿਟ' ਵਲੋਂ ਕਰੀਬ ਢਾਈ ਘੰਟੇ ਪੁੱਛਗਿੱਛ ਕੀਤੀ ✪ ਬਹਿਬਲ ਕਲਾਂ ਤੇ ਕੋਟਕਪੂਰਾ ਮਾਮਲੇ 'ਚ ਰਾਜਨੀਤੀ ਕਰ ਰਹੀ ਹੈ ਸਰਕਾਰ : ਸੁਖਬੀਰ ✪ ਇਨਾਂ ਮਾਮਲਿਆਂ 'ਚ ਕੇਵਲ ਸਿਆਸਤ ਹੋ ਰਹੀ ਹੈ : ਮਜੀਠੀਆ

ਚੰਡੀਗੜ/ਏ.ਟੀ.ਨਿਊਜ਼ :- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਲੰਘੇ ਮੰਗਲਵਾਰ ਬਹਿਬਲ ਕਲਾਂ ਗੋਲੀ ਕਾਂਡ ਮਾਮਲੇ ਵਿਚ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਸਿਟ) ਸਾਹਮਣੇ ਪੇਸ਼ ਹੋਏ । 'ਸਿਟ' ਨੇ ਉਨਾਂ ਤੋਂ ਕਰੀਬ ਢਾਈ ਘੰਟੇ ਪੁੱਛਗਿੱਛ ਕੀਤੀ। ਇਸ ਦੌਰਾਨ ਉੱਥੇ ਵੱਡੀ ਗਿਣਤੀ ਵਿਚ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਵਰਕਰ ਮੌਜੂਦ ਸਨ। ਸਿਟ ਮੂਹਰੇ ਪੇਸ਼ੀ ਦੌਰਾਨ ਸੁਖਬੀਰ ਸਿੰਘ ਬਾਦਲ ਦੇ ਨਾਲ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ, ਪ੍ਰੇਮ ਸਿੰਘ ਚੰਦੂਮਾਜਰਾ, ਬੀਬੀ ਜਗੀਰ ਕੌਰ, ਸੁਰਜੀਤ ਸਿੰਘ ਰੱਖੜਾ, ਐੱਨ.ਕੇ. ਸ਼ਰਮਾ, ਐਡਵੋਕੇਟ ਅਰਸ਼ਦੀਪ ਸਿੰਘ ਕਲੇਰ, ਗੁਲਜਾਰ ਸਿੰਘ ਰਾਣੀਕੇ, ਪਰਮਬੰਸ ਸਿੰਘ ਬੰਟੀ ਰੋਮਾਣਾ, ਸਰਵਣ ਸਿੰਘ ਫੁਲਾਰ ਤੋਂ ਇਲਾਵਾ ਵੱਡੀ ਗਿਣਤੀ ਪਾਰਟੀ ਦੇ ਆਗੂ ਅਤੇ ਵਰਕਰ ਮੌਜੂਦ ਸਨ। ਇਸ ਦੌਰਾਨ ਚੰਡੀਗੜ ਪੁਲਿਸ ਵਲੋਂ ਵੀ ਮੌਕੇ 'ਤੇ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਹੋਇਆ ਸੀ। ਦੱਸਣਯੋਗ ਹੈ ਕਿ ਸੁਖਬੀਰ ਸਿੰਘ ਬਾਦਲ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਸਮੇਂ ਗ੍ਰਹਿ ਮੰਤਰੀ ਸਨ, ਨੂੰ ਪਹਿਲਾਂ ਬੀਤੀ 30 ਅਗਸਤ ਨੂੰ ਸਿਟ ਨੇ ਸੰਮਨ ਜਾਰੀ ਕਰਕੇ ਪੇਸ਼ ਹੋਣ ਲਈ ਕਿਹਾ ਸੀ, ਪ੍ਰੰਤੂ ਜ਼ੀਰਾ ਕੋਰਟ ਵਿਚ ਪੇਸ਼ੀ ਹੋਣ ਕਾਰਨ ਸੁਖਬੀਰ ਸਿੰਘ ਬਾਦਲ ਉਸ ਦਿਨ ਸਿੱਟ ਸਾਹਮਣੇ ਪੇਸ਼ ਨਹੀਂ ਹੋ ਸਕੇ ਸਨ। ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਆਈ.ਜੀ. ਨੌਨਿਹਾਲ ਸਿੰਘ ਦੀ ਅਗਵਾਈ ਵਾਲੀ 'ਸਿਟ' ਕਰ ਰਹੀ ਹੈ ਜਦਕਿ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਏ.ਡੀ.ਜੀ.ਪੀ. ਐੱਲ.ਕੇ ਯਾਦਵ ਦੀ ਅਗਵਾਈ ਵਾਲੀ ਸਿਟ ਕਰ ਰਹੀ ਹੈ।

ਬਾਕੀ ਸਫ਼ਾ 31 'ਤੇ

# ਸਿੱਖ ਪਰਿਵਾਰ ਦੀ ਧੀ ਬਣੀ ਟਰੇਨੀ ਪਾਇਲਟ

## ਜਲਦ ਮਿਲੇਗਾ ਕਮਰਸ਼ੀਅਲ ਪਾਇਲਟ ਦਾ ਲਾਇਸੈਂਸ

ਬਰਨਾਲਾ/ਏ.ਟੀ.ਨਿਊਜ਼ :- ਬਰਨਾਲਾ ਜ਼ਿਲੇ ਦੇ ਪਿੰਡ ਮਨਾਲ ਦੀ ਰਹਿਣ ਵਾਲੀ ਇੱਕ ਸਿੱਖ ਲੜਕੀ ਕੁਲਬੀਰ ਕੌਰ ਟਰੇਨੀ ਪਾਇਲਟ ਬਣੀ ਹੈ। ਲੜਕੀ ਦਾ ਪਿਤਾ ਇੱਕ ਛੋਟਾ ਕਿਸਾਨ ਹੈ ਅਤੇ ਮਾਂ ਇੱਕ ਆਂਗਣਵਾੜੀ ਵਰਕਰ ਹੈ। ਲੜਕੀ ਨੇ ਦੱਸਿਆ ਕਿ ਉਸਨੇ 50 ਘੰਟੇ ਦੀ ਉਡਾਣ ਭਰਦੇ ਹੋਏ 150 ਘੰਟੇ ਪੂਰੇ ਕੀਤੇ ਹਨ। ਜਿਸ ਤੋਂ ਬਾਅਦ ਉਸ ਨੂੰ ਕਮਰਸ਼ੀਅਲ ਪਾਇਲਟ ਦਾ ਲਾਇਸੈਂਸ ਮਿਲੇਗਾ। ਇਸੇ ਲੜਕੀ ਨੂੰ ਰਾਜ ਸਭਾ ਮੈਂਬਰ ਵਿਕਰਮਜੀਤ ਸਾਹਨੀ ਵੱਲੋਂ ਦਿੱਤੀ ਗਈ ਮਦਦ ਦਾ ਧੰਨਵਾਦ ਕਰਦਿਆਂ ਲੜਕੀ ਦੇ ਪਰਿਵਾਰ ਵਾਲਿਆਂ ਨੇ ਕਿਹਾ ਕਿ ਉਨਾਂ ਨੂੰ ਮਾਣ ਹੈ ਕਿ ਇਕ ਛੋਟੇ ਜਿਹੇ ਪਿੰਡ ਤੇ ਗਰੀਬ ਘਰ ਦੀ ਲੜਕੀ ਪਾਇਲਟ ਬਣ ਰਹੀ ਹੈ।

ਟਰੇਨੀ ਪਾਇਲਟ ਕੁਲਬੀਰ ਕੌਰ ਨੇ ਦੱਸਿਆ ਕਿ ਉਸ ਦਾ ਸ਼ੁਰੂ ਤੋਂ ਹੀ ਸੁਪਨਾ ਸੀ ਕਿ ਉਹ ਪਾਇਲਟ ਬਣਨਾ ਚਾਹੁੰਦੀ ਹੈ ਅਤੇ ਜਦੋਂ ਵੀ ਉਸ ਨੇ ਜਹਾਜ਼ ਦੇਖਿਆ ਤਾਂ ਉਸ ਦੀ ਇੱਛਾ ਹੁੰਦੀ ਸੀ ਕਿ ਉਹ ਵੀ ਵੱਡੀ ਹੋ ਕੇ ਜਹਾਜ਼ ਨੂੰ ਉਡਾਵੇ। ਉਸ ਨੇ ਦੱਸਿਆ ਕਿ ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਪਟਿਆਲਾ ਫਲਾਇੰਗ ਕਲੱਬ ਤੋਂ ਕੀਤੀ ਸੀ ਪਰ ਉਸ ਤੋਂ



ਬਾਅਦ ਉਸ ਨੇ ਇਕ ਹੋਰ ਫਲਾਇੰਗ ਸਕੂਲ ਵਿਚ ਦਾਖਲਾ ਲੈ ਕੇ 150 ਘੰਟੇ ਦੀ ਉਡਾਣ ਪੂਰੀ ਕਰ ਲਈ ਹੈ ਅਤੇ ਹੋਰ 50 ਘੰਟੇ ਉਡਾਣ ਭਰਨ ਤੋਂ ਬਾਅਦ ਉਹ 200 ਘੰਟੇ ਪੂਰੇ ਕਰ ਲਵੇਗੀ।

ਜਿਸ ਤੋਂ ਬਾਅਦ ਉਸ ਨੂੰ ਕਮਰਸ਼ੀਅਲ ਪਾਇਲਟ ਦੀ ਨੌਕਰੀ ਮਿਲੇਗੀ। ਇਸ ਦੇ ਨਾਲ ਹੀ ਉਸ ਨੇ ਦੱਸਿਆ ਕਿ ਉਹ ਸ਼ੁਰੂ ਤੋਂ ਹੀ ਪਾਇਲਟ ਬਣਨਾ ਚਾਹੁੰਦੀ ਸੀ, ਇਸ ਲਈ ਉਸ ਨੇ ਕਦੇ ਵੀ ਵਿਦੇਸ਼ ਜਾਣ ਬਾਰੇ ਨਹੀਂ ਸੋਚਿਆ। ਇਸ ਦੇ ਨਾਲ ਹੀ ਉਨਾਂ ਕਿਹਾ ਕਿ ਜੇਕਰ ਨੌਜਵਾਨ ਦੇਸ਼ ਵਿੱਚ ਕੰਮ ਕਰਨ ਤਾਂ ਇੱਥੇ ਵੀ ਚੰਗਾ ਭਵਿੱਖ ਬਣਾਇਆ ਜਾ ਸਕਦਾ ਹੈ।

ਉਕਤ ਸਿਖਿਆਰਥੀ ਪਾਇਲਟ ਕੁਲਬੀਰ ਕੌਰ ਦੀ ਮਾਤਾ ਸਰਬਜੀਤ ਕੌਰ ਨੇ ਦੱਸਿਆ ਕਿ ਉਨਾਂ ਦੀ ਬੇਟੀ ਪੜਾਈ ਵਿਚ ਸ਼ੁਰੂ ਤੋਂ ਹੀ ਹੁਸ਼ਿਆਰ ਸੀ ਅਤੇ ਉਹ ਹਾਕੀ ਦੀ ਬਹੁਤ ਚੰਗੀ ਖਿਡਾਰਨ ਵੀ ਸੀ, ਜਦਕਿ ਉਨਾਂ ਦੱਸਿਆ ਕਿ ਉਨਾਂ ਦੀ ਲੜਕੀ ਇਕ ਪ੍ਰਾਈਵੇਟ ਸਕੂਲ ਵਿਚ ਪੜਦੀ ਹੈ। ਪਿੰਡ 'ਚ ਹੀ ਪੜਿਆ-ਲਿਖਾਇਆ ਉਸ ਨੇ ਦੱਸਿਆ ਕਿ ਉਸ ਦੀ ਬੇਟੀ ਸ਼ੁਰੂ ਤੋਂ ਹੀ ਪਾਇਲਟ ਬਣਨਾ ਚਾਹੁੰਦੀ ਸੀ, ਜਿਸ ਤੋਂ ਬਾਅਦ ਉਸ ਨੇ ਆਪਣੀ ਬੇਟੀ ਦੀ ਪਾਇਲਟ ਬਣਨ 'ਚ ਮਦਦ ਕੀਤੀ। ਜਿੱਥੇ ਉਸਨੇ ਦੱਸਿਆ ਕਿ ਉਹ ਖੁਦ ਇੱਕ ਆਂਗਣਵਾੜੀ ਵਰਕਰ ਹੈ ਅਤੇ ਉਸਦਾ ਪਤੀ ਇੱਕ ਛੋਟਾ ਕਿਸਾਨ ਹੈ,

ਬਾਕੀ ਸਫ਼ਾ 30 'ਤੇ


Certificate Course in
DATA ANALYTICS
Eligibility : B.Tech, M.Tech, BCA, MCA, BSc, MSc, MBA
Mentors are industry expert from USA and India
100% Placement assistance for high growth tech jobs
100% fee waiver / scholarship from Sikh Education Council and Startup Farms IT Limited.
Support and mentorship for projects and case siudy solutions
Training experience certificate by Startup Farms It Ltd
Total Seats : 50
Course Duration : 6 Months
Selection criteria : Interview
EXPERTS FROM USA & INDIA
SRI GURU GRANTH SAHIB WORLD UNIVERSITY
FATEHGARH SAHIB , PUNJAB
Admission Helpline
70096-48231, 62805-38113


TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
FUEL CARDS
NO CREDIT - NO PROBLEM
BEST CUSTOMER SERVICE
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
TOGETHER WE SAVE
YOU BREAK DOWN
WE SHOW UP
24-HOUR ROADSIDE ASSISTANCE
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035

# ਅਸੀਂ ਸਿੱਖ ਸਿਧਾਂਤ ਦੇ ਪਹਿਰੇਦਾਰ ਹਾਂ ਕਿਸੇ ਪਰਿਵਾਰ ਦੇ ਨਹੀਂ : ਪਰਮਜੀਤ ਸਿੰਘ ਖਾਲਸਾ

## ਅਮਰੀਕਾ ਦੀ ਸਿੱਖ ਅਲਾਂਇਸ ਵੱਲੋਂ ਫੈਡਰੇਸ਼ਨ ਦੀ ਸ਼ਲਾਘਾ

**ਚੰਡੀਗੜ੍ਹ/ਏ.ਟੀ.ਨਿਊਜ਼ :-** ਬੀਤੇ ਦਿਨ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਅੰਦਰ ਉਠ ਰਹੇ ਬਗਾਵਤੀ ਸੁਰਾਂ ਨੂੰ ਦੇਖਦਿਆਂ ਪਾਰਟੀ ਅੰਦਰ ਕੀਤੀਆਂ ਤਬਦੀਲੀਆਂ ਬਾਰੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਸਬੰਧੀ ਦਿੱਤੇ ਬਿਆਨ 'ਤੇ ਸਖਤ ਇਤਰਾਜ਼ ਜਤਾਉਂਦਿਆਂ ਫੈੱਡਰੇਸ਼ਨ ਆਗੂ ਭਾਈ ਪਰਮਜੀਤ ਸਿੰਘ ਖਾਲਸਾ ਅਤੇ ਭਾਈ ਮੇਜਰ ਸਿੰਘ ਖਾਲਸਾ ਨੇ ਕਿਹਾ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਇਕ ਸਿਧਾਂਤਕ ਅਤੇ ਪੰਥਕ ਹਿੱਤਾਂ ਦੀ ਪਹਿਰੇਦਾਰ ਜਥੇਬੰਦੀ ਹੈ, ਕਿਸੇ ਰਾਜਨੀਤਕ ਦਲ ਦਾ ਵਿੰਗ ਨਹੀਂ। ਉਨਾਂ ਕਿਹਾ ਕਿ 1944 'ਚ ਹੋਂਦ ਵਿਚ ਆਈ ਵਿਦਿਆਰਥੀ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਇਕੋ ਇਕ ਪੰਥਕ ਜਥੇਬੰਦੀ ਹੈ, ਜੋ ਸਿੱਖ ਨੌਜਵਾਨੀ ਦੀ ਸਮੁੱਚੀ ਮਰਜ਼ੀ, ਸਮੁੱਚੀ ਸੋਚ ਦਾ ਇਕ-ਇਕ ਪ੍ਰਗਟਾਉ ਹੈ। ਸਿੱਖ ਨੌਜਵਾਨੀ ਦੀ ਪ੍ਰਤੀਨਿਧਤਾ ਕਰਨ ਦਾ ਪੂਰਾ ਅਧਿਕਾਰ ਰੱਖਦੀ ਹੈ ਫੈਡਰੇਸ਼ਨ ਦੇ ਨੌਜਵਾਨ ਆਗੂਆਂ ਨੇ ਹਰ ਸਮੇਂ ਪੰਥਕ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਹਰ ਸੰਘਰਸ਼ ਮੋਹਰੇ ਹੋ ਕੇ ਲੜਿਆ ਤੇ ਹਰ ਕੁਰਬਾਨੀ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਕਦੇ ਪਿੱਠ ਨਹੀਂ ਦਿਖਾਈ। ਫੈਡਰੇਸ਼ਨ ਵਿਦਿਆਰਥੀ ਜਥੇਬੰਦੀ ਵਜੋਂ ਪੰਥਕ ਸਫਾ ਅੰਦਰ ਵਿਚਰਦਿਆਂ ਇਕ ਮਹਾਨ ਇਨਕਲਾਬੀ ਸੰਸਥਾ ਬਣ ਕੇ ਆਪਣੀ ਨਿਵੇਕਲੀ ਵੱਖ ਪਛਾਣ ਬਣਾਈ ਗਈ ਹੈ।ਫੈਡਰੇਸ਼ਨ ਬਾਰੇ ਕਿਸੇ ਰਾਜਨੀਤਕ ਧਿਰ ਨੂੰ ਫੈਸਲਾ ਲੈਣ ਦਾ ਕੋਈ ਅਧਿਕਾਰ ਨਹੀਂ। ਫੈਡਰੇਸ਼ਨ ਦੀ ਲੀਡਰਸ਼ਿਪ ਆਪਣੇ ਫੈਸਲੇ ਖੁਦ ਲੈਣ ਦੇ ਸਮਰੱਥ ਹੈ। ਅਮਰੀਕਾ ਤੋਂ ਸਿੱਖ ਅਲਾਂਇਸ ਦੇ ਬੁਲਾਰੇ ਭਾਈ ਜਸਦੇਵ ਸਿੰਘ ਨੇ ਕਿਹਾ ਹੈ ਕਿ ਬੀਤੇ ਸਮੇਂ ਫੈਡਰੇਸ਼ਨ ਨੌਜਵਾਨਾਂ ਨੂੰ ਭਵਿੱਖ ਦੀ ਰਾਜਨੀਤੀ ਲਈ ਤਿਆਰ ਕਰਦੀ ਸੀ। ਫੈਡਰੇਸ਼ਨ ਲੀਡਰ ਬਹੁਤ ਵਧੀਆ ਬੁਲਾਰੇ ਹੁੰਦੇ ਸਨ ਕਿਉਂ ਕਿ ਉਹਨਾਂ ਦੇ ਕੈਂਪ ਲਾ ਕੇ ਟ੍ਰੇਨਿੰਗ



ਦਿੱਤੀ ਜਾਂਦੀ ਸੀ। ਉਹ ਨਿੱਤਨੇਮੀ ਤੇ ਤਿਆਗ ਵਾਲੇ ਹੁੰਦੇ ਸਨ ਅਤੇ ਪੰਥਕ ਸੰਕਟ ਵੇਲੇ ਮੋਹਰੀ ਰੋਲ ਨਿਭਾਉਂਦੇ ਸਨ ਪਰ ਸੁਖਬੀਰ ਬਾਦਲ ਤੇ ਬਿਕਰਮ ਮਜੀਠੀਏ ਨੇ ਫੈਡਰੇਸ਼ਨ ਖਤਮ ਕਰਣ ਲਈ ਗੈਂਗਸਟਰਾਂ ਤੇ ਸਿੱਖੀ ਸਰੂਪ ਰਹਿਤ ਨੌਜਵਾਨਾਂ ਨੂੰ ਲੀਡਰਸ਼ਿਪ ਵਿੱਚ ਲੈ ਆਂਦਾ ਹੈ। ਉਸ ਵੱਲੋਂ ਪੰਥਕ ਪ੍ਰੰਪਰਾ ਨੂੰ ਤਿਲਾਂਜਲੀ ਦੇ ਕੇ ਚਲਾਏ ਕਾਰਪੋਰੇਟ ਮਾਡਲ ਦੇ ਨਤੀਜੇ ਪੰਥ ਅੱਜ ਭੁਗਤ ਰਿਹਾ ਹੈ। ਇਹ ਗੁਰੂ ਦੀ ਕ੍ਰਿਪਾ ਹੀ ਹੈ ਕਿ ਪੰਥ ਨੇ ਇਸ ਪਰਿਵਾਰ ਨੂੰ ਪਹਿਚਾਣ ਲਿਆ ਹੈ, ਹੁਣ ਚਾਹੇ ਜਿੰਨਾ ਮਰਜ਼ੀ ਤਰਲੋਮੱਛੀ ਹੋਈ ਜਾਣ ਇਹਨਾਂ ਦੀ ਪੰਥ ਵਿੱਚ ਸ਼ਾਖ ਦੁਬਾਰਾ ਨਹੀਂ ਉੱਭਰੇਗੀ। ਭਾਈ ਪਰਮਜੀਤ ਸਿੰਘ ਖਾਲਸਾ ਅਤੇ ਭਾਈ ਮੇਜਰ ਸਿੰਘ ਨੇ ਫੈਡਰੇਸ਼ਨ ਦੇ ਸਿਧਾਂਤ ਨੂੰ ਸਾਂਭਦੇ ਹੋਏ ਅੱਜ ਵੀ ਨੌਜਵਾਨਾਂ ਦੇ ਕੈਂਪ ਲਾ ਕੇ ਆਪਣਾ ਫਰਜ਼ ਨਿਭਾਅ ਰਹੇ ਹਨ। ਸੁਖਬੀਰ ਸਿੰਘ ਬਾਦਲ ਵੱਲੋਂ ਫੈਡਰੇਸ਼ਨ ਵਿਰੋਧੀ ਬਿਆਨ ਦੀ ਅਸੀਂ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ।

# ਯੂਕੇ ਦੀ ਹੰਸ ਏਅਰਵੇਜ਼ ਵਲੋਂ ਬਰਮਿੰਘਮ - ਅੰਮ੍ਰਿਤਸਰ ਉਡਾਣਾਂ ਸ਼ੁਰੂ ਕਰਨ ਦੇ ਫੈਸਲੇ ਦਾ ਸਵਾਗਤ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਮਨਮੋਹਨ ਸਿੰਘ ਬਰਾੜ, ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਕਨਵੀਨਰ ਯੋਗੇਸ਼ ਕਾਮਰਾ, ਮੈਂਬਰ ਰਵਰੀਤ ਸਿੰਘ ਨੇ ਯੂਕੇ ਦੀ ਨਵੀਂ ਏਅਰਲਾਈਨ ਹੰਸ ਏਅਰਵੇਜ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਸਤਨਾਮ ਸਿੰਘ ਸੈਣੀ ਅਤੇ ਜਨਰਲ ਮੈਨੇਜਰ ਇੰਡੀਆ ਅਮਿਤ ਧੀਮਾਨ ਨਾਲ ਬਰਮਿੰਘਮ ਤੋਂ ਅੰਮ੍ਰਿਤਸਰ ਸਿੱਧੀ ਉਡਾਣ ਸ਼ੁਰੂ ਕਰਨ ਸੰਬੰਧੀ ਵਿਚਾਰ ਵਟਾਂਦਰਾ ਕੀਤਾ। ਪ੍ਰੈਸ ਨੂੰ ਜਾਰੀ ਬਿਆਨ ਵਿਚ ਮਨਮੋਹਨ ਸਿੰਘ ਬਰਾੜ ਨੇ ਦੱਸਿਆ ਕਿ ਮੀਟਿੰਗ ਦੌਰਾਨ ਵਫ਼ਦ ਨੇ ਹੰਸ ਏਅਰਵੇਜ਼ ਦੇ ਸੀਈਓ ਨੂੰ ਨਵੀਂ ਏਅਰਲਾਈਨ ਦੀ ਸ਼ੁਰੂਆਤ ਲਈ ਵਧਾਈ ਦਿੱਤੀ ਅਤੇ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਆਪਣੇ ਪਹਿਲੇ ਅੰਤਰਰਾਸ਼ਟਰੀ ਏਅਰਪੋਰਟ ਵਜੋਂ ਚੁਣਨ ਦੇ ਫੈਸਲੇ ਦਾ ਸਵਾਗਤ ਕੀਤਾ। ਇਸ ਨਵੀਂ ਏਅਰਲਾਈਨ ਵਲੋਂ ਆਪਣੀ ਪਲੇਠੀ ਉਡਾਣ ਲਈ ਅੰਮ੍ਰਿਤਸਰ ਹਵਾਈ ਅੱਡੇ ਦੀ ਚੋਣ, ਪੰਜਾਬ ਦੇ ਇਸ ਸਭ ਤੋਂ ਵੱਡੇ ਹਵਾਈ ਅੱਡੇ ਪ੍ਰਤੀ ਵਿਦੇਸ਼ ਦੀਆਂ ਏਅਰਲਾਈਨ ਦੇ ਮਜ਼ਬੂਤ ਵਿਸ਼ਵਾਸ ਨੂੰ ਦਰਸਾਉਂਦੀ ਹੈ। ਇਹਨਾਂ ਉਡਾਣਾਂ ਦੇ ਸ਼ੁਰੂ ਹੋਣ ਨਾਲ ਨਾ ਸਿਰਫ਼ ਦੋ ਸ਼ਹਿਰਾਂ ਵਿਚਕਾਰ ਹਵਾਈ ਸਫਰ ਲਈ ਯਾਤਰੀਆਂ ਕੋਲ ਵਧੇਰੇ ਵਿਕਲਪ ਮਿਲਣ ਦੇ ਨਾਲ ਨਾਲ ਪੰਜਾਬ ਦੇ ਖੇਤੀਬਾੜੀ, ਕਾਰਗੋ ਅਤੇ ਸੈਲਾਨੀ ਉਦਯੋਗ ਨੂੰ ਵੀ ਫਾਇਦਾ ਹੋਵੇਗਾ।

ਬਰਾੜ ਨੇ ਕਿਹਾ ਕਿ ਇਸ ਸਮੇਂ ਬਰਮਿੰਘਮ-ਅੰਮ੍ਰਿਤਸਰ ਦਰਮਿਆਨ ਏਅਰ ਇੰਡੀਆ ਸਿਰਫ ਇਕ ਹਫਤਾਵਾਰੀ ਉਡਾਣ ਚਲਾ ਰਹੀ ਹੈ ਜਿਸ ਕਾਰਨ ਯਾਤਰੀਆਂ ਨੂੰ ਲੰਡਨ ਜਾਂ ਹੋਰ ਹਵਾਈ ਅੱਡਿਆਂ ਰਾਹੀਂ ਉਡਾਣ ਭਰਨ ਦੀ ਅਸੁਵਿਧਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਉਡਾਣ ਦੇ ਸ਼ੁਰੂ ਹੋਣ ਨਾਲ ਯਾਤਰੀਆਂ ਨੂੰ ਵੱਡੀ ਰਾਹਤ ਮਿਲੇਗੀ। ਅਸੀਂ ਹੰਸ ਏਅਰਵੇਜ਼ ਦੀ ਟੀਮ ਨੂੰ ਉਨਾਂ ਦੀਆਂ ਭਵਿੱਖਮਈ ਯੋਜਨਾਵਾਂ ਲਈ ਸ਼ੁੱਭਕਾਮਨਾਵਾਂ ਦਿੰਦੇ ਹਾਂ।

ਹੰਸ ਦੇ ਸੀਈਓ ਸਤਨਾਮ ਸੈਣੀ ਨੇ ਜਾਣਕਾਰੀ ਸਾਂਝੀ ਕੀਤੀ ਕਿ ਹੰਸ ਏਅਰਵੇਜ਼ ਕੈਨੇਡਾ, ਅਮਰੀਕਾ ਅਤੇ ਯੂਰਪ ਦੇ ਹੋਰਨਾਂ ਮੁਲਕਾਂ ਦੇ ਹਵਾਈ ਅੱਡਿਆਂ ਨਾਲ ਅੰਮ੍ਰਿਤਸਰ ਨੂੰ ਜੋੜਨ ਦੀ ਯੋਜਨਾ ਬਣਾ ਰਹੀ ਹੈ, ਅਤੇ ਇਸਦਾ ਉਦੇਸ਼ " ਪੰਜਾਬੀਆਂ ਦੀ ਮਨਪਸੰਦ



*(ਸੱਜੇ ਤੋਂ ਖੱਬੇ) ਯੋਗੇਸ਼ ਕਾਮਰਾ, ਅਮਿਤ ਧੀਮਾਨ, ਸਤਨਾਮ ਸਿੰਘ ਸੈਣੀ (ਸੀ.ਈ.ਓ.), ਮਨਮੋਹਨ ਸਿੰਘ ਬਰਾੜ ਅਤੇ ਰਵਰੀਤ ਸਿੰਘ*

ਏਅਰਲਾਈਨ" ਬਣਨਾ ਹੈ। ਸੈਣੀ ਨੇ ਅੱਗੇ ਕਿਹਾ ਕਿ ਹੰਸ ਏਅਰਵੇਜ਼ ਪੰਜਾਬ ਦੇ ਖੇਤੀਬਾੜੀ ਉਦਯੋਗ ਨੂੰ ਬਰਮਿੰਘਮ ਅਤੇ ਯੂਕੇ ਦੇ ਹੋਰ ਸ਼ਹਿਰਾਂ ਵਿੱਚ ਤਾਜ਼ੀਆਂ ਸਬਜ਼ੀਆਂ ਆਦਿ ਨੂੰ ਸਿੱਧੇ ਨਿਰਯਾਤ ਕਰਨ ਦਾ ਮੌਕਾ ਪ੍ਰਦਾਨ ਕਰੇਗੀ।

ਸੈਣੀ ਅਨੁਸਾਰ, ਹੰਸ ਨੇ ਅਗਸਤ ਮਹੀਨੇ ਦੇ ਸ਼ੁਰੂ ਵਿੱਚ ਆਪਣਾ ਪਹਿਲਾ ਏਅਰਬੱਸ ਏ330-200 ਜਹਾਜ਼ ਬਰਮਿੰਘਮ ਏਅਰਪੋਰਟ ਤੇ ਉਤਾਰਿਆ ਸੀ। ਏਅਰਲਾਈਨ ਆਪਣੀ ਯੋਜਨਾ ਦੇ ਅਨੁਸਾਰ, ਯੂਕੇ ਸਿਵਲ ਏਵੀਏਸ਼ਨ ਅਥਾਰਟੀ (ਸੀਏਏ) ਅਤੇ ਹੋਰ ਸਬੰਧਤ ਅਥਾਰਟੀਆਂ ਦੁਆਰਾ ਲੋੜੀਂਦੀਆਂ ਪ੍ਰਵਾਨਗੀਆਂ ਪ੍ਰਾਪਤ ਕਰਨ ਵਿੱਚ ਸਫਲਤਾਪੂਰਵਕ ਅੱਗੇ ਵਧ ਰਹੀ ਹੈ। ਇਹ ਹੁਣ ਸੀਏਏ ਤੋਂ ਏਅਰ ਆਪਰੇਟਰਜ਼ ਸਰਟੀਫਿਕੇਟ (ਏ.ਓ.ਸੀ) ਪ੍ਰਾਪਤ ਕਰਨ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਦੇ ਆਖਰੀ ਪੜਾਅ ਵਿੱਚ ਹੈ ਅਤੇ ਆਉਣ ਵਾਲੇ ਹਫ਼ਤਿਆਂ ਵਿੱਚ ਉਸ ਸੰਬੰਧੀ ਕਾਰਵਾਈਆਂ ਨੂੰ ਵੀ ਪੂਰਾ ਕਰ ਲਿਆ ਜਾਵੇਗਾ। ਇਹ ਸਰਟੀਫਿਕੇਟ ਮਿਲਣ ਉਪਰੰਤ ਏਅਰਲਾਈਨ ਉਡਾਣਾ ਸ਼ੁਰੂ ਕਰ ਸਕੇਗੀ। ਹੰਸ ਏਅਰਵੇਜ਼ ਦੀ ਸਾਰੀ ਟੀਮ ਇਹਨਾਂ ਦੇ ਸੰਚਾਲਨ ਲਈ ਪੂਰੀ ਤਰਾਂ ਤਿਆਰ ਅਤੇ ਉਤਸ਼ਾਹਿਤ ਹੈ।

# ਪਾਕਿਸਤਾਨ ਵਿਚ ਹੜ ਤੇ ਤੂਫਾਨ ਕਾਰਨ ਤਬਾਹੀ, ਸੈਂਕੜੇ ਲੋਕਾਂ ਦੀ ਮੌਤ, ਲੱਖਾਂ ਲੋਕ ਹੋਏ ਬੇਘਰ

**✪ ਪਾਕਿਸਤਾਨ ਦਾ ਇੱਕ ਤਿਹਾਈ ਹਿੱਸਾ ਪਾਣੀ ਵਿੱਚ ਡੁੱਬਿਆ ✪ ਖਾਲਸਾ ਏਡ, ਯੂਨਾਈਟਿਡ ਸਿੱਖ ਤੇ ਪਾਕਿਸਤਾਨੀ ਸਿੱਖ ਪੀੜਤਾਂ ਦੀ ਮਦਦ ਲਈ ਡਟੇ**

**✪ ਲੱਖਾਂ ਘਰ ਤਬਾਹ ਹੋ ਗਏ ਹਨ : ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ✪ ਯੂ.ਕੇ. ਸਰਕਾਰ ਨੇ 1.5 ਮਿਲੀਅਨ ਪਾਉਂਡ ਤੱਕ ਦੀ ਜਾਰੀ ਕੀਤੀ ਰਾਸ਼ੀ**

**ਲਾਹੌਰ/ਏ.ਟੀ.ਨਿਊਜ਼ :-** ਪਾਕਿਸਤਾਨ ਵਿਚ ਭਾਰੀ ਮੀਂਹ ਅਤੇ ਹੜ ਕਾਰਨ ਹਾਲਾਤ ਕਾਫੀ ਵਿਗੜ ਗਏ ਹਨ। ਇੱਕ ਰਿਪੋਰਟ ਅਨੁਸਾਰ ਪਾਕਿਸਤਾਨ ਦਾ ਇੱਕ ਤਿਹਾਈ (1/3) ਹਿੱਸਾ ਪਾਣੀ ਵਿੱਚ ਡੁੱਬ ਗਿਆ ਹੈ। ਸੈਂਕੜੇ ਲੋਕਾਂ ਦੀ ਮੌਤ ਨਾਲ 3.3 ਕਰੋੜ ਤੋਂ ਵੀ ਵੱਧ ਨਾਗਰਿਕ ਪ੍ਰਭਾਵਿਤ ਹੋਏ ਹਨ, ਭਾਵ ਸੱਤ ਵਿੱਚੋਂ ਇੱਕ ਵਿਅਕਤੀ ਹੜ ਨਾਲ ਪ੍ਰਭਾਵਿਤ ਹੈ। ਪਾਕਿਸਤਾਨ ਵਿੱਚ ਹੜ ਕਾਰਨ ਹੁਣ ਤੱਕ 1500 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਨਾਂ ਵਿੱਚ 500 ਬੱਚੇ ਵੀ ਸ਼ਾਮਲ ਹਨ।

ਸਿੰਧ, ਬਲੋਚਿਸਤਾਨ ਵਰਗੇ ਸੂਬੇ ਅਤੇ ਖੈਬਰ ਪਖਤੂਨਖਵਾ ਦੇ ਪਹਾੜੀ ਖੇਤਰ ਹੜ ਨਾਲ ਸਭ ਤੋਂ ਜ਼ਿਆਦਾ ਪ੍ਰਭਾਵਿਤ ਹਨ। ਹੜਾਂ ਦੇ ਪਾਣੀ ਕਾਰਨ ਫ਼ਸਲਾਂ ਦੀ ਬਰਬਾਦੀ ਕਾਰਨ ਅਨਾਜ ਦੀ ਸਪਲਾਈ ਵੀ ਦਿਨੋਂ ਦਿਨ ਘਟਦੀ ਨਜ਼ਰ ਆ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਸਾਲ ਮਾਨਸੂਨ ਦੀ ਬਾਰਿਸ਼ ਆਮ ਨਾਲੋਂ 10 ਗੁਣਾ ਜ਼ਿਆਦਾ ਹੋਈ ਹੈ। ਇਸ ਦੇ ਨਾਲ ਹੀ ਪਾਕਿਸਤਾਨ ਵਿਚ ਹੜਾਂ ਕਾਰਨ ਜਨਜੀਵਨ ਪੂਰੀ ਤਰਾਂ ਪ੍ਰਭਾਵਿਤ ਹੋ ਗਿਆ ਹੈ। ਭੋਜਨ ਦੀ ਕਮੀ ਦੇ ਨਾਲ-ਨਾਲ ਸਿਹਤ ਸੰਕਟ ਵੀ ਪੈਦਾ ਹੋ ਗਿਆ ਹੈ। ਹੜ ਪ੍ਰਭਾਵਿਤ ਇਲਾਕਿਆਂ ਵਿਚ ਇਨਫੈਕਸ਼ਨ ਦਾ ਖ਼ਤਰਾ ਵਧ ਗਿਆ ਹੈ। ਪਾਕਿਸਤਾਨ ਸਰਕਾਰ ਦੇ ਅੰਕੜੇ ਦੱਸਦੇ ਹਨ ਕਿ 149551 ਲੋਕ ਡਾਇਰੀਆ ਤੋਂ ਪੀੜਤ ਹਨ ਅਤੇ 142739 ਚਮੜੀ ਨਾਲ ਸਬੰਧਿਤ ਬਿਮਾਰੀਆਂ ਤੋਂ ਪੀੜਤ ਹਨ। ਇੰਨਾ ਹੀ ਨਹੀਂ



132485 ਲੋਕ ਸਾਹ ਦੀ ਬਿਮਾਰੀ ਤੋਂ ਪੀੜਤ ਹਨ, ਕਰੀਬ 50 ਹਜ਼ਾਰ ਲੋਕ ਮਲੇਰੀਆ ਅਤੇ ਮਲੇਰੀਆ ਤੋਂ ਪੀੜਤ ਹਨ।ਸਿੰਧ ਸੂਬੇ ਦੇ ਸਿਹਤ ਮੰਤਰੀ ਵੱਲੋਂ ਪੇਸ਼ ਕੀਤੇ ਗਏ ਅੰਕੜੇ ਹੈਰਾਨ ਕਰਨ ਵਾਲੇ ਹਨ। ਉਨਾਂ ਮੁਤਾਬਕ ਇਕੱਲੇ ਸਿੰਧ ਸੂਬੇ ਵਿਚ 47 ਹਜ਼ਾਰ ਔਰਤਾਂ ਗਰਭਵਤੀ ਹਨ ਅਤੇ ਵੱਖ-ਵੱਖ ਕੈਂਪਾਂ ਵਿਚ ਰਹਿ ਰਹੀਆਂ ਹਨ। ਇੰਨਾ ਹੀ ਨਹੀਂ 1.34 ਲੱਖ ਲੋਕ ਡਾਇਰੀਆ ਤੋਂ ਪੀੜਤ ਹਨ ਅਤੇ ਕਰੀਬ 44 ਹਜ਼ਾਰ ਲੋਕ ਮਲੇਰੀਆ ਤੋਂ ਪੀੜਤ ਹਨ। ਭਿਆਨਕ ਹੜਾਂ ਨੇ ਸੜਕਾਂ, ਘਰਾਂ ਅਤੇ ਫਸਲਾਂ ਨੂੰ ਬਰਬਾਦ ਕਰ ਦਿੱਤਾ ਹੈ। 7 ਲੱਖ ਤੋਂ ਵੱਧ ਪਸ਼ੂ ਲਾਪਤਾ ਹੋ ਗਏ ਹਨ। ਬਚਾਏ ਗਏ ਲੋਕਾਂ ਲਈ ਅਸਥਾਈ ਕੈਂਪ ਬਣਾਏ ਜਾ ਰਹੇ ਹਨ।

ਸੀਐਨਐਨ ਦੀ ਇੱਕ ਰਿਪੋਰਟ ਮੁਤਾਬਕ ਹੜ ਤੋਂ ਪਹਿਲਾਂ ਪਾਕਿਸਤਾਨ ਵਿੱਚ 27 ਮਿਲੀਅਨ ਲੋਕਾਂ ਕੋਲ ਪੂਰਾ ਭੋਜਨ ਨਹੀਂ ਸੀ, ਜਦੋਂ ਕਿ ਹੁਣ ਹੜ ਤੋਂ ਬਾਅਦ ਇਹ ਖ਼ਤਰਾ ਵੱਧ ਗਿਆ ਹੈ। ਪਾਕਿਸਤਾਨ ਸਰਕਾਰ ਮੁਤਾਬਕ ਤਕਰੀਬਨ ਦਸ ਅਰਬ ਡਾਲਰ ਦਾ ਨੁਕਸਾਨ ਹੋਇਆ ਹੈ ਅਤੇ ਖੇਤਾਂ ਵਿੱਚ ਪਾਣੀ ਭਰਨ ਕਾਰਨ ਫਸਲਾਂ ਵੀ ਬਰਬਾਦ ਹੋਈਆਂ ਹਨ। ਬਹੁਤ ਸਾਰੇ ਲੋਕ ਸ਼ਰਨਾਰਥੀ ਕੈਂਪਾਂ ਵਿੱਚ ਬੈਠੇ ਹਨ ਅਤੇ ਉਨਾਂ ਵਿਚੋਂ ਕਈਆਂ ਨੂੰ ਉਮੀਦ ਹੈ ਕਿ ਉਹ ਆਪਣੇ ਘਰ ਵਾਪਸ ਜਾਣਗੇ।ਪਾਕਿਸਤਾਨ ਦੀ ਸਰਕਾਰ ਇਸ ਦੇ ਲਈ ਜਲਵਾਯੂ ਪਰਿਵਰਤਨ ਨੂੰ ਵੀ ਜ਼ਿੰਮੇਵਾਰ ਠਹਿਰਾ ਰਹੀ ਹੈ। ਇਨਾਂ ਭਿਆਨਕ ਹੜਾਂ ਲਈ ਸਰਕਾਰ ਭਾਵੇਂ ਮੌਸਮੀ ਬਦਲਾਅ ਨੂੰ ਕਾਰਨ ਦੱਸ ਰਹੀ ਹੈ ਪਰ ਕਈ ਲੋਕਾਂ ਵੱਲੋਂ ਦਰਿਆ ਦੇ ਕਿਨਾਰੇ ਹੋਟਲ ਬਣਾਉਣ ਦੀ ਇਜਾਜ਼ਤ ਦੇਣਾ ਇੱਕ ਵੱਡਾ ਕਾਰਨ ਦੱਸਿਆ ਜਾ ਰਿਹਾ ਹੈ। ਕੰਢਾਂ ਦੇ ਕੁਨਹਾਰ ਦਰਿਆ ਨੇੜੇ ਕਈ ਹੋਟਲ ਬਣੇ ਹਨ। ਹੜ ਕਾਰਨ ਉਨਾਂ ਵਿੱਚੋਂ ਕਈ ਤਬਾਹ ਹੋ ਗਏ ਹਨ।

ਬਾਕੀ ਸਫ਼ਾ 31 'ਤੇ

# ਐਲਸਬਰਾਂਟੇ (ਕੈਲੀਫੋਰਨੀਆ) ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ

**ਐਲਸਬਰਾਂਟੇ (ਕੈਲੀਫੋਰਨੀਆ)/ਪ੍ਰਮਿੰਦਰ ਸਿੰਘ ਪ੍ਰਵਾਨਾ :** ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵਲੋਂ ਸੰਪੂਰਨਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਿਵਸ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਐਲਸਬਰਾਂਟੇ ਗੁਰਦੁਆਰਾ ਸਾਹਿਬ ਵਿਖੇ ਸਜਾਇਆ ਗਿਆ। ਪ੍ਰਵਾਨਾ ਵਲੋਂ ਮੰਚ ਸੰਭਾਲਦਿਆਂ ਇਤਿਹਾਸ ਤੇ ਰੋਸ਼ਨ ਪਾਈ ਗਈ ਕਿ ਗੁਰੂ ਗ੍ਰੰਥ ਸਾਹਿਬ ਜੀ ਸਦੀਵੀ ਗੁਰੂ ਹਨ। ਇਕ ਅਜਿਹਾ ਗ੍ਰੰਥ ਜਿਸ ਨੂੰ ਕਿ ਗੁਰੂ ਦੀ ਉਪਾਧੀ ਨਾਲ ਸਨਮਾਨਿਆ ਗਿਆ ਹੈ। ਜਿਸ ਦੀ ਭਾਵਨਾ ਚਿੰਤਨ ਅਤੇ ਦ੍ਰਿਸ਼ਟੀਕੋਣ, ਸਿੱਖਿਆ, ਜਨ ਕਲਿਆਣ ਵਾਸਤੇ ਹੈ।ਸਮੁੱਚੀ ਮਾਨਵਜਾਤੀ ਦੇ ਭਲੇ ਵਾਸਤੇ ਹੈ। ਸਿੱਖ ਗੁਰੂਆਂ ਨੇ ਦੇਹਧਾਰੀ ਗੁਰੂਆਂ ਦੀ ਪੂਜਾ ਤੋਂ ਹਟਾ ਕੇ ਸ਼ਬਦ ਗੁਰੂ ਦੇ ਲੜ ਲਾਇਆ ਹੈ। ਦਸਮ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਆਦੇਸ਼ ਹੈ 'ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥'

ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਸਥਾਨਕ ਕਵੀ ਸ਼ਾਮਲ ਹੋਏ, ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮੌਂਟ, ਤਰਲੋਚਨ ਸਿੰਘ ਦੁਪਾਲਪੁਰੀ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਉਪਮਾ ਤੇ ਆਧਾਰਤ ਰਚਨਾਵਾਂ ਨਾਲ ਸਾਂਝ ਪਾਈ। ਸੰਗਤ ਨੇ ਬੜੀ ਸ਼ਰਧਾ ਭਾਵਨਾ ਨਾਲ ਪ੍ਰੋਗਰਾਮ ਸਰਵਣ ਕੀਤਾ।

ਗੁਰਦੁਆਰਾ ਸਾਹਿਬ ਦੇ ਸਕੱਤਰ ਭਾਈ ਰਾਜਿੰਦਰ ਸਿੰਘ ਰੰਧਾਵਾ ਜੀ ਨੇ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਗੁਰਦੁਆਰਾ ਸਾਹਿਬ ਵਲੋਂ ਨਿਯਮਤ ਤੌਰ 'ਤੇ ਕਵੀ ਦਰਬਾਰ ਸਜਾਏ ਜਾਣ ਦੀ ਵਿਉਂਤਬੰਦ ਹੋਵੇਗੀ। ਇਥੋਂ ਦੇ ਰਹਿਣ ਵਾਲੇ ਕਵੀਆਂ ਨੇ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਵੀ ਦਰਬਾਰਾਂ ਅਤੇ 52 ਕਵੀਆਂ ਦੀ ਰਵਾਇਤ ਨੂੰ ਕਾਇਮ ਰੱਖਿਆ ਹੋਇਆ ਹੈ। ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਪ੍ਰਬੰਧਕਾਂ ਵਲੋਂ ਕਵੀਆਂ ਦਾ ਸਨਮਾਨ ਗੁਰੂਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਕੀਤੀ ਗਈ। ਪ੍ਰਵਾਨਾ ਵਲੋਂ ਸੰਗਤਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਹੀ ਅਜਿਹੇ ਪ੍ਰੋਗਰਾਮ ਸਫ਼ਲ ਹੁੰਦੇ ਹਨ। ਇਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋਇਆ।

# ਮਾਮਲਾ ਸਤਲੁਜ-ਯਮੁਨਾ ਲਿੰਕ ਨਹਿਰ ਦੇ ਵਿਵਾਦ ਦਾ

## ✪ ਕੇਂਦਰ ਨੇ ਸੁਪਰੀਮ ਕੋਰਟ ਨੂੰ ਕਿਹਾ ਕਿ ਪੰਜਾਬ ਸਰਕਾਰ ਇਸ ਵਿਵਾਦ ਨੂੰ ਸੁਲਝਾਉਣ 'ਚ ਸਹਿਯੋਗ ਨਹੀਂ ਕਰ ਰਹੀ ✪ ਪੰਜਾਬ ਸਰਕਾਰ ਦਾ ਵਕੀਲ ਪੰਜਾਬ ਦਾ ਪੱਖ ਪੇਸ਼ ਨਾ ਕਰ ਸਕਿਆ ✪ ਸੁਪਰੀਮ ਕੋਰਟ ਦੀ ਟਿੱਪਣੀ 'ਤੇ ਵਿਰੋਧੀ ਧਿਰ ਨੇ ਪੰਜਾਬ ਸਰਕਾਰ ਨੂੰ ਘੇਰਿਆ, ਕਿਹਾ- ਸਟੈਂਡ ਸਪੱਸ਼ਟ ਕਰਨ ਸੀਐਮ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਕੇਂਦਰ ਨੇ ਸੁਪਰੀਮ ਕੋਰਟ ਵਿਚ ਦੱਸਿਆ ਕਿ ਪੰਜਾਬ ਸਰਕਾਰ ਦਹਾਕਿਆਂ ਪੁਰਾਣੇ ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਵਿਵਾਦ ਨੂੰ ਸੁਲਝਾਉਣ ਵਿਚ ਸਹਿਯੋਗ ਨਹੀਂ ਕਰ ਰਹੀ । ਦੂਜੇ ਪਾਸੇ ਸੁਪਰੀਮ ਕੋਰਟ ਨੇ ਕਿਹਾ ਕਿ ਪਾਣੀ ਇਕ ਕੁਦਰਤੀ ਸੋਮਾ ਹੈ ਅਤੇ ਜੀਵਤ ਲੋਕਾਂ ਨੂੰ ਇਸ ਨੂੰ ਸਾਂਝਾ ਕਰਨਾ ਸਿੱਖਣਾ ਚਾਹੀਦਾ ਹੈ, ਚਾਹੇ ਉਹ ਵਿਅਕਤੀ, ਸੂਬੇ ਜਾਂ ਦੇਸ਼ ਹੋਣ। ਅਦਾਲਤ ਨੇ ਉਕਤ ਵਿਵਾਦ ਨੂੰ ਲੈ ਕੇ ਕਦੇ-ਕਦਾਈ ਹੋਈਆਂ ਹਿੰਸਕ ਘਟਨਾਵਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਸੰਬੰਧਿਤ ਧਿਰਾਂ ਦਾ ਵਿਆਪਕ ਦ੍ਰਿਸ਼ਟੀਕੋਣ ਹੋਣਾ ਚਾਹੀਦਾ ਹੈ ਅਤੇ ਸੁਰੱਖਿਆ ਚਿੰਤਾਵਾਂ ਦੇ ਮੱਦੇਨਜ਼ਰ ਉਨਾਂ ਨੂੰ ਸਮਝੌਤੇ ਦੇ ਪ੍ਰਭਾਵ ਤੇ ਜ਼ਰੂਰਤ ਨੂੰ ਮਹਿਸੂਸ ਕਰਨਾ ਚਾਹੀਦਾ ਹੈ। ਪੰਜਾਬ ਦੀ ਨੁਮਾਇੰਦਗੀ ਕਰ ਰਹੇ ਵਕੀਲ ਨੇ ਜਸਟਿਸ ਐਸ.ਕੇ. ਕੌਲ ਦੀ ਅਗਵਾਈ ਵਾਲੇ ਬੈਂਚ ਨੂੰ ਕਿਹਾ ਕਿ ਸੂਬਾ ਸਰਕਾਰ ਇਸ ਮੁੱਦੇ ਨੂੰ ਸੁਖਾਵੇਂ ਢੰਗ ਨਾਲ ਹੱਲ ਕਰਨ ਲਈ ਬਹੁਤ ਉਤਸੁਕ ਹੈ। ਸ਼ੁਰੂ ਵਿਚ ਕੇਂਦਰ ਵਲੋਂ ਪੇਸ਼ ਹੋਏ ਅਟਾਰਨੀ ਜਨਰਲ ਕੇ.ਕੇ. ਵੇਣੂਗੋਪਾਲ ਨੇ ਬੈਂਚ ਨੂੰ ਦੱਸਿਆ ਕਿ ਸੁਪਰੀਮ ਕੋਰਟ ਨੇ 2017 ਵਿਚ ਕਿਹਾ ਸੀ ਕਿ ਮਾਮਲੇ ਨੂੰ ਸੁਖਾਵੇਂ ਢੰਗ ਨਾਲ ਸੁਲਝਾਇਆ ਜਾਣਾ ਚਾਹੀਦਾ ਹੈ ਅਤੇ ਕੇਂਦਰ ਨੂੰ ਜਲ ਸਰੋਤ ਮੰਤਰਾਲੇ ਦੇ ਜ਼ਰੀਏ ਇਕ ਸੁਖਾਵੇਂ ਹੱਲ ਦੇ ਉਦੇਸ਼ ਨਾਲ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਇਕੱਠੇ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਉਨਾਂ ਕਿਹਾ ਕਿ ਬਦਕਿਸਮਤੀ ਨਾਲ ਪੰਜਾਬ ਸਹਿਯੋਗ ਨਹੀਂ ਕਰ ਰਿਹਾ । ਸਾਲ 2020 ਅਤੇ 2021 'ਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਨੂੰ ਪੱਤਰ ਭੇਜੇ ਗਏ ਸਨ, ਜਿਨਾਂ ਨੇ ਕੋਈ ਜਵਾਬ ਨਹੀਂ ਦਿੱਤਾ। ਹਾਲਾਂਕਿ ਐਸ.ਵਾਈ.ਐਲ. ਮੁੱਦੇ 'ਤੇ ਦੋਵਾਂ ਸੂਬਿਆਂ ਵਿਚਾਲੇ ਅਧਿਕਾਰਤ ਪੱਧਰ ਦੀ ਗੱਲਬਾਤ ਚਲ ਰਹੀ ਹੈ ਪਰ ਕੇਂਦਰ ਦੋਵਾਂ ਮੁੱਖ ਮੰਤਰੀਆਂ ਵਿਚਕਾਰ ਬੈਠਕਾਂ 'ਤੇ ਜ਼ੋਰ ਦੇ ਰਿਹਾ ਹੈ । ਉਨਾਂ ਦੱਸਿਆ ਕਿ ਇਸ ਸਾਲ ਅਪ੍ਰੈਲ ਵਿਚ ਜਦ ਪੰਜਾਬ ਵਿਚ ਨਵੇਂ ਮੁੱਖ ਮੰਤਰੀ ਨੇ ਕੁਰਸੀ ਸੰਭਾਲੀ ਤਾਂ ਉਸ ਸਮੇਂ ਇਕ ਪੱਤਰ ਭੇਜਿਆ ਗਿਆ ਪਰ ਉਨਾਂ ਅਜੇ ਤੱਕ ਕੋਈ ਜਵਾਬ ਨਹੀਂ ਦਿੱਤਾ। ਵੇਣੂਗੋਪਾਲ ਨੇ ਬੈਂਚ ਜਿਸ 'ਚ ਜਸਟਿਸ ਏ.ਐਸ. ਓਕਾ ਅਤੇ ਵਿਕਰਮ ਨਾਥ ਵੀ ਸ਼ਾਮਿਲ ਹਨ, ਨੂੰ ਦੱਸਿਆ ਕਿ ਜਿੱਥੋਂ ਤੱਕ ਪੰਜਾਬ ਦਾ ਸੰਬੰਧ ਹੈ ਇਹ ਜ਼ਰੂਰੀ ਹੈ ਕਿ ਉਸ ਨੂੰ ਸਹਿਯੋਗ ਕਰਨਾ ਪਵੇਗਾ । ਉਹ ਚਰਚਾ ਲਈ ਮੇਜ਼ 'ਤੇ ਆਉਣ ਤੋਂ ਗੁਰੇਜ਼ ਨਹੀਂ ਕਰ ਸਕਦਾ। ਉਨਾਂ ਕਿਹਾ ਕਿ ਬੈਂਚ ਪੰਜਾਬ ਦੇ ਵਕੀਲ ਨੂੰ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਦੇ ਸਕਦਾ ਹੈ ਕਿ ਮੁੱਖ ਮੰਤਰੀ ਆਪਣੇ ਹਰਿਆਣਾ ਦੇ ਹਮਰੁਤਬਾ ਨਾਲ ਇਸ ਮੁੱਦੇ 'ਤੇ ਚਰਚਾ 'ਚ ਹਿੱਸਾ ਲੈਣ। ਸੁਝਾਅ ਦਾ ਜਵਾਬ ਦਿੰਦੇ ਹੋਏ ਬੈਂਚ ਨੇ ਕਿਹਾ ਕਿ ਕਈ ਵਾਰ ਅੰਤਿਮ ਹੱਲ ਅਦਾਲਤਾਂ ਤੋਂ ਪਰੇ ਹੁੰਦਾ ਹੈ। ਜਸਟਿਸ ਕੌਲ ਨੇ ਕਿਹਾ ਕਿ ਪਰ ਫਿਰ ਜਾਂ ਅਦਾਲਤ ਸਖ਼ਤ ਰੁਖ਼ ਅਪਣਾਉਂਦੀ ਹੈ ਜਾਂ ਧਿਰਾਂ ਸਹਿਯੋਗ ਦਿੰਦੀਆਂ ਹਨ। ਇਸ ਲਈ ਮੈਂ ਉਮੀਦ ਕਰਦਾ ਹਾਂ ਕਿ ਸੰਬੰਧਿਤ ਹਿੱਤਧਾਰਕ ਇਹ ਮਹਿਸੂਸ ਕਰਨਗੇ ਕਿ ਚਰਚਾ ਤੋਂ ਦੂਰ ਰਹਿਣਾ ਅੱਗੇ ਦਾ ਰਸਤਾ ਨਹੀਂ ਹੈ। ਜਦ ਪੰਜਾਬ ਦੀ ਨੁਮਾਇੰਦਗੀ ਕਰਨ ਵਾਲੇ ਵਕੀਲ ਨੇ ਕਿਹਾ ਕਿ ਉਹ ਇਸ ਮੁੱਦੇ ਦੇ ਸੁਖਾਵੇਂ ਹੱਲ ਲਈ ਬਹੁਤ ਉਤਸੁਕ ਹਨ ਤਾਂ ਬੈਂਚ ਨੇ ਤਨਜ਼ ਕਰਦਿਆਂ ਕਿਹਾ ਕਿ ਇਹ ਉਤਸੁਕਤਾ ਕਾਰਵਾਈ 'ਚ ਨਜ਼ਰ ਆਉਣੀ ਚਾਹੀਦੀ ਹੈ। ਬੈਂਚ ਨੇ ਕਿਹਾ ਕਿ ਅਟਾਰਨੀ ਜਨਰਲ ਨੇ ਠੀਕ ਹੀ ਕਿਹਾ ਹੈ ਕਿ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਨੂੰ ਮਿਲਣਾ ਜ਼ਰੂਰੀ ਸੀ ਅਤੇ ਸਾਡੇ ਸਾਹਮਣੇ ਮੌਜੂਦ ਵਕੀਲ ਨੇ ਇਸ ਗੱਲ 'ਤੇ ਸਹਿਮਤੀ ਜਤਾਈ ਹੈ ਕਿ ਇਸ ਮਹੀਨੇ ਦੇ ਅੰਦਰ ਹੀ ਅਜਿਹੀ ਬੈਠਕ ਹੋਵੇਗੀ। ਵੇਣੂਗੋਪਾਲ ਨੇ ਸੁਝਾਅ ਦਿੱਤਾ ਕਿ ਅਦਾਲਤ ਰਾਜਾਂ ਨੂੰ ਚਾਰ ਮਹੀਨਿਆਂ ਦਾ ਸਮਾਂ ਦੇ ਸਕਦੀ ਹੈ ਅਤੇ ਇਸ ਸਮੇਂ ਦੌਰਾਨ ਪਹਿਲੇ ਮਹੀਨੇ ਦੇ ਅੰਤ ਵਿਚ ਦੋਵੇਂ ਮੁੱਖ ਮੰਤਰੀ ਮਿਲਣਗੇ । ਬੈਂਚ ਨੇ ਆਪਣੇ ਆਦੇਸ਼ 'ਚ ਜ਼ਿਕਰ ਕੀਤਾ ਕਿ ਜਲ ਸ਼ਕਤੀ ਮੰਤਰਾਲੇ ਦੇ ਸਕੱਤਰ ਵਲੋਂ ਅਟਾਰਨੀ ਜਨਰਲ ਨੂੰ 5 ਸਤੰਬਰ, 2022 ਨੂੰ ਭੇਜੀ ਇਕ ਚਿੱਠੀ ਅਦਾਲਤ ਸਾਹਮਣੇ ਰੱਖੀ ਗਈ ਹੈ, ਜਿਸ 'ਚ ਵੇਣੂਗੋਪਾਲ ਨੇ ਅਦਾਲਤ ਵਿਚ ਦੱਸਿਆ ਕਿ ਕਈ ਕੋਸ਼ਿਸ਼ਾਂ ਦੇ ਬਾਵਜੂਦ ਪੰਜਾਬ ਗੱਲਬਾਤ ਦੇ ਮੇਜ਼ 'ਤੇ ਸ਼ਾਮਿਲ ਨਹੀਂ ਹੋਇਆ। ਬੈਂਚ ਨੇ ਕਿਹਾ ਕਿ ਇਸ ਅਦਾਲਤ ਦੀ ਕੋਸ਼ਿਸ਼ ਵਿਚੋਲਗੀ ਨਾਲ ਸਮਝੌਤੇ 'ਤੇ ਪਹੁੰਚਣ ਦੀ ਰਹੀ ਹੈ ।ਇਸ ਨੂੰ ਬੇਅੰਤ ਸਮਾਂ ਬੀਤਣ ਤੱਕ ਲਈ ਲਾਇਸੈਂਸ ਵਜੋਂ ਨਹੀਂ ਲਿਆ ਜਾਣਾ ਚਾਹੀਦਾ ।ਸੁਪਰੀਮ ਕੋਰਟ ਨੇ ਕਿਹਾ ਕਿ ਉਹ ਜਲ ਸ਼ਕਤੀ ਮੰਤਰਾਲੇ ਦੇ ਨਾਲ-ਨਾਲ ਪੰਜਾਬ ਅਤੇ ਹਰਿਆਣਾ ਰਾਜਾਂ ਅਤੇ ਰਾਜਸਥਾਨ ਰਾਜ ਤੋਂ ਵੀ ਇਸ ਮੁੱਦੇ ਨੂੰ ਹੱਲ ਕਰਨ ਵਿਚ ਪੂਰਾ ਸਹਿਯੋਗ ਦੇਣ ਦੀ ਉਮੀਦ ਕਰਦੀ ਹੈ। ਬੈਂਚ ਨੇ ਕੇਂਦਰ ਨੂੰ ਪ੍ਰਗਤੀ ਰਿਪੋਰਟ ਪੇਸ਼ ਕਰਨ ਲਈ ਚਾਰ ਮਹੀਨਿਆਂ ਦਾ ਸਮਾਂ ਦਿੱਤਾ। ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ ਅਗਲੇ ਸਾਲ 19 ਜਨਵਰੀ ਤੱਕ ਪਾ ਦਿੱਤੀ । ਬੈਂਚ ਨੇ ਕਿਹਾ ਕਿ ਉਹ ਸਮਝਦੇ ਹਨ ਕਿ ਇਹ ਰਾਜਾਂ ਲਈ ਸੰਵੇਦਨਸ਼ੀਲ ਮੁੱਦੇ ਹਨ ਅਤੇ ਪਰ ਇਨਾਂ ਨੂੰ ਹੱਲ ਕਰਨ ਲਈ ਕੁਝ ਕਦਮ ਉਠਾਉਣੇ ਹੋਣਗੇ। ਰਾਜਸਥਾਨ ਵਲੋਂ ਪੇਸ਼ ਹੋਏ ਵਕੀਲ ਨੇ ਬੈਂਚ ਨੂੰ ਦੱਸਿਆ ਕਿ ਉਹ ਪ੍ਰਕਿਰਿਆ ਵਿਚ ਹਿੱਸਾ ਲੈਣਾ ਚਾਹੁੰਦੇ ਹਨ ਪਰ ਸਰਬਉੱਚ ਅਦਾਲਤ ਦੇ ਹੁਕਮਾਂ ਦੇ ਬਾਵਜੂਦ ਸਾਨੂੰ ਇਜਾਜ਼ਤ ਨਹੀਂ ਦਿੱਤੀ ਗਈ। ਹਰਿਆਣਾ ਦੀ ਨੁਮਾਇੰਦਗੀ ਕਰ ਰਹੇ ਵਕੀਲ ਸ਼ਿਆਮ ਦੀਵਾਨ ਨੇ ਕਿਹਾ ਕਿ ਇਸ ਮਾਮਲੇ ਵਿਚ ਸੁਪਰੀਮ ਕੋਰਟ ਵਲੋਂ ਜਾਰੀ ਫ਼ਰਮਾਨ 'ਚ ਰਾਜਸਥਾਨ ਧਿਰ ਨਹੀਂ ਸੀ ।



### ਵਿਰੋਧੀ ਧਿਰ ਨੇ ਪੰਜਾਬ ਸਰਕਾਰ ਨੂੰ ਘੇਰਿਆ

ਸੁਪਰੀਮ ਕੋਰਟ ਵਿਚ ਸੁਣਵਾਈ ਤੋਂ ਬਾਅਦ ਸਿਆਸੀ ਪਾਰਟੀਆਂ ਨੇ ਮਾਨ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਹੈ। ਸ਼੍ਰੋਮਣੀ ਅਕਾਲੀ ਦਲ ਨੇ ਦੋਸ਼ ਲਗਾਏ ਹਨ ਕਿ ਭਗਵੰਤ ਮਾਨ ਸਰਕਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਦਬਾਅ ਵਿਚ ਆ ਕੇ ਸੁਪਰੀਮ ਕੋਰਟ 'ਚ ਪੰਜਾਬ ਦੇ ਪੱਖ ਨੂੰ ਕਮਜ਼ੋਰ ਕਰ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਐੱਸਵਾਈਐੱਲ 'ਤੇ ਆਪਣਾ ਸਟੈਂਡ ਸਪੱਸ਼ਟ ਕਰਨਾ ਚਾਹੀਦਾ ਹੈ। ਪੰਜਾਬ ਕੋਲ ਨਾ ਤਾਂ ਦੇਣ ਲਈ ਪਾਣੀ ਹੈ ਤੇ ਨਾ ਹੀ ਜ਼ਮੀਨ। ਕਿਉਂਕਿ ਐੱਸਵਾਈਐੱਲ ਦੀ ਜ਼ਮੀਨ ਵੀ ਬਾਦਲ ਸਰਕਾਰ ਦੌਰਾਨ ਮਾਲਕਾਂ ਨੂੰ ਵਾਪਸ ਕਰ ਦਿੱਤੀ ਗਈ ਸੀ।

### ਪੰਜਾਬ ਸਰਕਾਰ ਦਾ ਪਾਣੀਆਂ ਬਾਰੇ ਪਿਛਲਾ ਸਟੈਂਡ ਕੀ ਸੀ

ਹੁਣ ਤੱਕ ਪੰਜਾਬ ਸਰਕਾਰਾਂ ਦਾ ਇਹ ਸਟੈਂਡ ਰਿਹਾ ਹੈ ਪਿਛਲੇ ਦਿਨੀਂ ਪੰਜਾਬ ਨੇ ਸੁਪਰੀਮ ਕੋਰਟ ਨੂੰ ਕਿਹਾ ਸੀ ਕਿ ਉਹ ਆਪਣੇ ਕਿਸਾਨਾਂ ਦੇ ਹਿੱਤਾਂ ਦੀ ਅਣਦੇਖੀ ਕਰਦੇ ਹੋਏ ਦੂਜੇ ਰਾਜਾਂ ਨੂੰ ਪਾਣੀ ਦੀ ਸਪਲਾਈ ਨਹੀਂ ਕਰ ਸਕਦਾ। ਪੰਜਾਬ ਨੇ ਇਹ ਵੀ ਕਿਹਾ ਸੀ ਕਿ ਇਸ ਮਾਮਲੇ ਦੀ ਸੁਣਵਾਈ ਸੁਪਰੀਮ ਕੋਰਟ ਵੱਲੋਂ ਨਹੀਂ ਸਗੋਂ ਟ੍ਰਿਬਿਊਨਲ ਵੱਲੋਂ ਕੀਤੀ ਜਾਣੀ ਚਾਹੀਦੀ ਹੈ। ਪੰਜਾਬ ਦਾ ਕਹਿਣਾ ਹੈ ਕਿ ਸਤਲੁਜ, ਬਿਆਸ ਦਰਿਆ ਦੇ ਪਾਣੀ 'ਤੇ ਪਹਿਲਾ ਹੱਕ ਉਸ ਦਾ ਹੈ। ਫਿਰ ਕਿਸੇ ਹੋਰ ਦਾ ਨੰਬਰ ਆਉਂਦਾ ਹੈ। ਪੰਜਾਬ ਨੇ ਕਿਹਾ ਸੀ ਕਿ ਅਸੀਂ ਅਦਾਲਤੀ ਹੁਕਮਾਂ ਦੀ ਪਾਲਣਾ ਕਰਨਾ ਚਾਹੁੰਦੇ ਹਾਂ ਪਰ ਆਪਣੇ ਕਿਸਾਨਾਂ ਨੂੰ ਨਜ਼ਰਅੰਦਾਜ਼ ਕਰਕੇ ਅਜਿਹਾ ਨਹੀਂ ਕਰ ਸਕਦੇ। ਸਾਡੇ ਕਿਸਾਨ ਭੁੱਖੇ ਮਰ ਜਾਣ ਅਤੇ ਅਸੀਂ ਸਤਲੁਜ ਅਤੇ ਬਿਆਸ ਦਰਿਆ ਦਾ ਪਾਣੀ ਕਿਸੇ ਹੋਰ ਨੂੰ ਕਿਉਂ ਦੇਈਏ ?

ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਆਪ ਸਰਕਾਰ ਨੂੰ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਜੇ ਇਸ ਤਰਾਂ ਨਾ ਕੀਤਾ ਤਾਂ ਇਸ ਦੇ ਗੰਭੀਰ ਨਤੀਜੇ ਹੋ ਸਕਦੇ ਹਨ ਕਿ ਸਰਕਾਰ ਅੰਦਾਜ਼ਾ ਵੀ ਨਹੀਂ ਲਗਾ ਸਕਦੀ। ਮਾਨ ਆਪਣੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਨਾ ਕਰੇ। ਕਿਉਂਕਿ ਇਹ ਸਿਆਸੀ ਨਹੀਂ ਬਲਕਿ ਪਾਣੀ ਦਾ ਮੁੱਦਾ ਹੈ। ਐੱਸਵਾਈਐੱਲ ਬਾਰੇ ਆਪ ਸਰਕਾਰ ਦੀ ਨੀਅਤ 'ਚ ਖੋਟ ਹੈ। ਤਾਂ ਹੀ ਤਾਂ ਹਰਿਆਣਾ ਵਿਚ ਆਪ ਦੇ ਰਾਜ ਸਭਾ ਮੈਂਬਰ ਨੇ ਕਿਹਾ ਸੀ ਕਿ ਪਾਣੀ ਆ ਕੇ ਰਹੇਗਾ।

ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਇਹ ਸਾਰੇ ਜਾਣਦੇ ਹਨ ਕਿ ਪੰਜਾਬ ਕੋਲ ਇਕ ਬੂੰਦ ਵੀ ਫਾਲਤੂ ਪਾਣੀ ਨਹੀਂ ਹੈ। ਮੁੱਖ ਮੰਤਰੀ ਨੇ ਐੱਸਵਾਈਐੱਲ ਬਾਰੇ ਆਪਣਾ ਸਟੈਂਡ ਸਪਸ਼ਟ ਨਹੀਂ ਕੀਤਾ। ਉਨਾਂ ਕਿਹਾ ਕਿ ਮਾਨ ਕੇਜਰੀਵਾਲ ਨੂੰ ਖ਼ੁਸ਼ ਕਰਨ ਦੀ ਬਜਾਏ ਪੰਜਾਬ ਦਾ ਪੱਖ ਮਜ਼ਬੂਤੀ ਨਾਲ ਰੱਖਣ।

ਇਹ ਮਾਮਲਾ ਆਮ ਆਦਮੀ ਪਾਰਟੀ ਲਈ ਪ੍ਰੀਖਿਆ ਦੀ ਘੜੀ ਮੰਨਿਆ ਜਾ ਰਿਹਾ ਹੈ ਕਿ ਐਸ.ਵਾਈ.ਐਲ. ਮੁੱਦਾ ਆਮ ਆਦਮੀ ਪਾਰਟੀ ਲਈ ਵੱਡੀ ਪ੍ਰੀਖਿਆ ਦੀ ਘੜੀ ਹੈ, ਕਿਉਂਕਿ ਪੰਜਾਬ 'ਚ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਹੈ, ਜਦਕਿ ਦੂਜੇ ਪਾਸੇ 'ਆਪ' ਦੇ ਦਿੱਲੀ ਤੋਂ ਸੰਸਦ ਮੈਂਬਰ ਨੇ ਐਸ.ਵਾਈ.ਐਲ. ਦਾ ਪਾਣੀ ਹਰਿਆਣਾ ਵਿਚ ਲਿਆਉਣ ਦਾ ਵਾਅਦਾ ਕੀਤਾ ਹੋਇਆ ਹੈ। ਜੇਕਰ ਐਸ.ਵਾਈ.ਐਲ. ਮਾਮਲੇ 'ਚ ਭਗਵੰਤ ਮਾਨ ਸਰਕਾਰ ਪੰਜਾਬੀਆਂ ਨੂੰ ਸੰਤੁਸ਼ਟ ਨਾ ਕਰ ਸਕੀ ਤਾਂ ਪੂਰੇ ਪੰਜਾਬ ਵਿਚ ਭਾਰੀ ਵਿਰੋਧ ਹੋਣ ਦੀ ਸੰਭਾਵਨਾ ਬਣੀ ਰਹੇਗੀ। ਦੂਜੇ ਪਾਸੇ ਜੇਕਰ ਆਮ ਆਦਮੀ ਪਾਰਟੀ ਹਰਿਆਣਾ ਦੇ ਹੱਕ ਦੀ ਗੱਲ ਨਹੀਂ ਕਰੇਗੀ ਤਾਂ ਹਰਿਆਣਾ 'ਚ ਹੋਣ ਵਾਲੀਆਂ ਅਗਲੀਆਂ ਚੋਣਾਂ ਵਿਚ 'ਆਪ' ਨੂੰ ਭਾਰੀ ਨੁਕਸਾਨ ਹੋ ਸਕਦਾ ਹੈ। ਫ਼ਿਲਹਾਲ ਇਹ ਵੇਖਣਾ ਬੜਾ ਦਿਲਚਸਪ ਹੋਵੇਗਾ ਕਿ ਪੰਜਾਬ ਤੇ ਹਰਿਆਣਾ ਦੇ ਟਕਰਾਅ ਦੇ ਮੱਦੇਨਜ਼ਰ ਐਸ.ਵਾਈ.ਐਲ. ਮੁੱਦੇ ਬਾਰੇ ਆਮ ਆਦਮੀ ਪਾਰਟੀ ਕੀ ਰੁਖ ਅਪਣਾਉਂਦੀ ਹੈ।

### ਐਸ.ਵਾਈ.ਐਲ. ਸਾਡਾ ਹੱਕ ਤੇ ਅਸੀਂ ਇਸ ਨੂੰ ਲੈ ਕੇ ਰਹਾਂਗੇ : ਖੱਟਰ

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਐਸ. ਵਾਈ. ਐਲ. ਹਰਿਆਣਾ ਵਾਸੀਆਂ ਦਾ ਹੱਕ ਹੈ ਤੇ ਉਹ ਇਸ ਨੂੰ ਲੈ ਕੇ ਰਹਿਣਗੇ। ਉਨਾਂ ਨੇ ਜ਼ੋਰ ਦੇ ਕੇ ਕਿਹਾ ਕਿ ਹਰਿਆਣਾ ਲਈ ਇਹ ਪਾਣੀ ਬਹੁਤ ਜ਼ਰੂਰੀ ਹੈ। ਇਕ ਪਾਸੇ ਸਾਨੂੰ ਇਹ ਪਾਣੀ ਨਹੀਂ ਮਿਲ ਰਿਹਾ, ਜਦੋਂ ਕਿ ਦੂਜੇ ਪਾਸੇ ਦਿੱਲੀ ਸਾਡੇ ਤੋਂ ਵੱਧ ਪਾਣੀ ਦੀ ਮੰਗ ਕਰ ਰਿਹਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਹੁਣ ਇਸ ਮਾਮਲੇ 'ਚ ਇਕ ਸਮਾਂ ਸੀਮਾ ਤੈਅ ਹੋਣੀ ਜ਼ਰੂਰੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਤਲੁਜ-ਯਮੁਨਾ ਲਿੰਕ ਨਹਿਰ ਦੇ ਨਿਰਮਾਣ ਕਾਰਜ ਨੂੰ ਪੂਰਾ ਕਰਨਾ ਹਰਿਆਣਾ ਤੇ ਪੰਜਾਬ ਸੂਬਿਆਂ ਵਿਚ ਬਹੁਤ ਪੁਰਾਣਾ ਅਤੇ ਗੰਭੀਰ ਮਸਲਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau.
They do not purport to reflect the opinions or views of the Owner or its members.
All legal disputes must be handled in the courts of State of Punjab in India.

# ਡੇਰਾ ਬਿਆਸ ਸਮਰਥਕਾਂ ਤੇ ਨਿਹੰਗ ਸਿੰਘਾਂ ਵਿਚਕਾਰ ਜ਼ਬਰਦਸਤ ਝੜਪ

## ਅੱਧੀ ਦਰਜਨ ਤੋਂ ਵੱਧ ਨਿਹੰਗ ਜ਼ਖ਼ਮੀ ✪ ਪੁਲਿਸ ਨੇ ਮਾਹੌਲ ਸ਼ਾਂਤ ਕਰਵਾਇਆ ਤੇ ਸਥਿਤੀ ਕਾਬੂ ਹੇਠ ਲਿਆਂਦੀ

ਬੀਤੇ ਦਿਨੀਂ ਬਿਆਸ ਦਰਿਆ ਨੇੜੇ ਡੇਰਾ ਬਿਆਸ ਸਮਰਥਕਾਂ ਤੇ ਨਿਹੰਗ ਸਿੰਘ ਜਥੇਬੰਦੀਆਂ ਦਰਮਿਆਨ ਜ਼ਬਰਦਸਤ ਝੜਪ ਹੋ ਗਈ ਸੀ। ਝੜਪ ਦਾ ਕਾਰਨ ਨਿਹੰਗਾਂ ਵਲੋਂ ਰਾਧਾ ਸਵਾਮੀਆਂ ਦੀ ਥਾਂ ਉਪਰ ਗਊਆਂ ਨੂੰ ਚਰਾਉਣਾ ਦਸਿਆ ਜਾ ਰਿਹਾ ਹੈ। ਐਸ. ਐਸ. ਪੀ. ਅੰਮ੍ਰਿਤਸਰ ਦਿਹਾਤੀ ਸਵਪਨ ਸ਼ਰਮਾ ਨੇ ਦੱਸਿਆ ਕਿ ਡੇਰਾ ਬਿਆਸ ਅਤੇ ਗਊਆਂ ਵਾਲੇ ਬਾਬਿਆਂ ਦੀ ਜ਼ਮੀਨ ਨੇੜੇ ਨੇੜੇ ਸੀ, ਸ਼ਾਮ ਦੌਰਾਨ ਗਊਆਂ ਡੇਰੇ ਨੇੜੇ ਆ ਗਈਆਂ ਅਤੇ ਕਲੇਸ਼ ਵੱਧ ਗਿਆ, ਇਸ ਦੌਰਾਨ ਹਾਈਵੇ ਚੱਲ ਰਿਹਾ ਸੀ ਅਤੇ ਪੁਲਿਸ ਪਾਰਟੀਆਂ ਵੀ ਮੌਕੇ 'ਤੇ ਪੁੱਜ ਗਈਆਂ ।

ਉਨਾਂ ਦੱਸਿਆ ਕਿ ਦੋਵੇਂ ਧਿਰਾਂ ਨੂੰ ਸ਼ਾਂਤ ਕਰਨ ਲਈ ਪੁਲਿਸ ਵਲੋਂ ਬਲ ਦਾ ਪ੍ਰਯੋਗ ਵੀ ਕੀਤਾ ਗਿਆ ਅਤੇ ਇਕ ਦੂਜੇ ਨੂੰ ਦੂਰ ਦੂਰ ਕੀਤਾ। ਉਨਾਂ ਦੱਸਿਆ ਕਿ ਦੋਵੇਂ ਧਿਰਾਂ ਦੌਰਾਨ ਪਥਰਾਅ ਅਤੇ ਗੋਲੀਆਂ ਚੱਲੀਆਂ ਹਨ ਅਤੇ ਦੋਹਾਂ ਧਿਰਾਂ ਦੇ ਕਰੀਬ 7-8 ਵਿਅਕਤੀ ਜ਼ਖ਼ਮੀ ਹੋਏ ਹਨ। ਐਸ. ਐਸ. ਪੀ. ਨੇ ਦੱਸਿਆ ਕਿ ਪੁਲਿਸ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ, ਉਪਰੰਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।ਉਨਾਂ ਕਿਹਾ ਕਿ ਫਿਲਹਾਲ ਸਥਿਤੀ ਕਾਬੂ ਹੇਠ ਹੈ ਤੇ ਦੋਹਾਂ ਧਿਰਾਂ ਨਾਲ ਗੱਲਬਾਤ ਚੱਲ ਰਹੀ ਹੈ। ਚਸ਼ਮਦੀਦ ਨਿਹੰਗ ਸਿੰਘ ਬਾਲਮ ਸਿੰਘ ਨੇ ਦੱਸਿਆ ਕਿ ਪਹਿਲਾਂ ਅਸੀਂ ਰਾਧਾ ਸੁਆਮੀਆਂ ਦੇ ਡੇਰੇ ਵੱਲੋਂ ਆਪਣੇ ਡੇਰੇ ਵੱਲ ਗਾਈਆਂ ਲੈਕੇ ਆਏ ਸੀ। ਗਾਈਆਂ ਨੂੰ ਅਸੀਂ ਆਪਣੀ ਸੌ ਏਕੜ ਜ਼ਮੀਨ ਵਿੱਚ ਛੱਡਿਆ ਅਤੇ ਆ ਕੇ ਅਸੀਂ ਰਗੜੇ ਪਾਏ ਸਨ ਕਿ ਮਗਰ ਹੀ ਉਹ ਆ ਗਏ ਅਤੇ ਰਗੜੇ ਉੱਪਰ ਬੈਠੇ ਸਿੰਘਾਂ ਉਪਰ ਤਲਵਾਰਾਂ ਤੇ ਟਕੂਆਂ ਨਾਲ ਹਮਲਾ ਕਰ ਦਿੱਤਾ।

ਬਿਆਸ ਘਟਨਾ ਵਿਚ ਜ਼ਖਮੀ ਨਿਹੰਗ ਸਿੰਘਾਂ ਨੂੰ ਅੰਮ੍ਰਿਤਸਰ ਦੇ ਇਕ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਇਕ ਨਿਹੰਗ ਸਿੰਘ ਨੇ ਦੱਸਿਆ ਕਿ ਪਹਿਲਾਂ ਉਨਾਂ ਨੂੰ ਬਾਬਾ ਬਕਾਲਾ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਸੀ, ਜਿਥੋਂ ਅੰਮ੍ਰਿਤਸਰ ਦੇ ਹਸਪਤਾਲ ਵਿਚ ਰੈਫਰ ਕਰ ਦਿੱਤਾ। ਉਨਾਂ ਦੱਸਿਆ ਕਿ ਨਿਹੰਗ ਸੁੱਖਾ ਸਿੰਘ, ਸਰਵਣ ਸਿੰਘ ਤੇ ਦੋ ਹੋਰ ਸਾਥੀ ਜ਼ੇਰੇ ਇਲਾਜ ਹਨ, ਜਿਥੇ ਉਨਾਂ ਦੀ ਹਾਲਤ ਸਥਿਰ ਹੈ। ਇਸ ਘਟਨਾ ਦੌਰਾਨ ਜ਼ਖਮੀ ਹੋਏ ਤਿੰਨ ਡੇਰਾ ਬਿਆਸ ਦੇ ਪੈਰੋਕਾਰਾਂ ਨੂੰ ਵੀ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ, ਜਿਨਾਂ ਦੀ ਪਛਾਣ ਜੈ ਪ੍ਰਕਾਸ਼, ਸੁਮਿਤ ਗਰੋਵਰ ਤੇ ਮਨੀਸ਼ ਬਤਰਾ ਵਜੋਂ ਦੱਸੀ ਜਾ ਰਹੀ ਹੈ, ਇਨਾਂ ਤਿੰਨਾਂ ਦੀ ਹਾਲਤ ਵੀ ਖ਼ਤਰੇ ਤੋਂ ਬਾਹਰ ਹੈ।

ਇਸ ਮਾਮਲੇ ਵਿੱਚ ਸਿਆਸੀ ਆਗੂਆਂ ਦੀਆਂ ਪ੍ਰਤੀਕਿਰਿਆਵਾਂ ਵੀ ਆਈਆਂ ਹਨ। ਕਾਂਗਰਸ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ ਨੇ ਟਵੀਟ ਕਰਕੇ ਲੋਕਾਂ ਨੂੰ ਸ਼ਾਂਤੀ ਕਾਇਮ ਕਰਨ ਅਤੇ ਸੋਸ਼ਲ ਮੀਡੀਆ ਉੱਤੇ ਗ਼ਲਤ ਜਾਣਕਾਰੀ ਨਾ ਫੈਲਾਉਣ ਦੀ ਅਪੀਲ ਕੀਤੀ ਹੈ।

ਉੱਧਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਹੈ ਕਿ ਉਸ ਸਥਿਤੀ ਉੱਤੇ ਕਾਬੂ ਪਾਉਣ। ਵਾਰ-ਵਾਰ ਹੋ ਰਹੀਆਂ ਟਕਰਾਅ ਅਤੇ ਅਮਨ-ਕਾਨੂੰਨ ਭੰਗ ਹੋਣ ਦੀਆਂ ਸਥਿਤੀਆਂ ਸੂਬੇ ਨੂੰ ਅਰਾਜਕਤਾ ਵੱਲ ਧੱਕ ਰਹੀਆਂ ਹਨ।

**ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ**



**ਰਾਜਾ ਵੜਿੰਗ** ਨੇ ਟਵੀਟ ਕੀਤਾ, 'ਬਿਆਸ ਦੇ ਡੇਰਾ ਬਿਆਸ ਤੋਂ ਪ੍ਰੇਸ਼ਾਨ ਕਰਨ ਵਾਲੀ ਖ਼ਬਰ ਆ ਰਹੀ ਹੈ। ਜਿੱਥੇ ਡੇਰਾ ਸਮਰਥਕਾਂ ਅਤੇ ਨਿਹੰਗ ਸਿੱਖਾਂ ਦਰਮਿਆਨ ਟਕਰਾਅ ਹੋਇਆ ਹੈ।'

'ਕੁਝ ਲੋਕਾਂ ਦੇ ਜ਼ਖਮੀ ਹੋਣ ਦੀ ਖ਼ਬਰ ਹੈ। ਮੈਂ ਸਾਰਿਆਂ ਨੂੰ ਇਸ ਮੁੱਦੇ ਉੱਪਰ ਸ਼ਾਂਤੀ ਬਣਾਏ ਰੱਖਣ ਅਤੇ ਅਫ਼ਵਾਹਾਂ ਨਾ ਫੈਲਾਉਣ ਦੀ ਅਪੀਲ ਕਰਦਾ ਹਾਂ।'

ਜੇਕਰ ਦੇਖਿਆ ਜਾਵੇ ਤਾਂ ਦੋਵੇਂ ਧਿਰਾਂ ਵਿਵਾਦਾਂ ਵਿਚ ਰਹੀਆਂ ਹਨ। ਪਾਲਾ ਸਿੰਘ ਨਿਹੰਗ ਉਪਰ ਕਿਸਾਨਾਂ ਦੇ ਖੇਤ ਗਾਵਾਂ ਰਾਹੀਂ ਉਜਾੜਨ ਦੇ ਦੋਸ਼ ਲਗਦੇ ਰਹੇ ਹਨ। ਮਹਿਤਾ ਚੌਕ ਵਿਖੇ ਦਮਦਮੀ ਟਕਸਾਲ ਨਾਲ ਝਗੜਾ ਖੜਾ ਹੋ ਚੁੱਕਾ ਹੈ। ਰਾਧਾ ਸਵਾਮੀ ਡੇਰੇ ਵਾਲਿਆਂ ਉਪਰ ਕਿਸਾਨਾਂ ਦੀਆਂ ਜਮੀਨਾਂ ਤੇ ਬਿਆਸ ਦਰਿਆ ਦੀ ਜਮੀਨ ਉਪਰ ਕਬਜੇ ਤੇ ਗੁੰਡਾਗਰਦੀ ਦੇ ਦੋਸ਼ ਲੱਗ ਚੁੱਕੇ ਹਨ। ਹਾਲੇ ਰਾਧਾ ਸਵਾਮੀਆਂ ਤੇ ਨਿਹੰਗਾਂ ਵਿਚ ਮਸਲਾ ਨਿਪਟਿਆ ਨਹੀਂ ਹੈ। ਸਥਾਨਕ ਨਿਵਾਸੀਆਂ ਅਨੁਸਾਰ ਇਹ ਟਕਰਾਅ ਦੁਬਾਰਾ ਹੋ ਸਕਦਾ ਹੈ।

### ਜਥੇਦਾਰ ਅਕਾਲ ਤਖਤ ਸਿੱਖ-ਈਸਾਈ ਸਾਂਝ ਲਈ ਬਣਾਉਣਗੇ 10 ਮੈਂਬਰੀ ਕਮੇਟੀ

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਧਰਮ ਤਬਦੀਲੀ ਦਾ ਮਾਮਲਾ ਪੰਜਾਬ ਵਿਚ ਸਿਖਰ 'ਤੇ ਪਹੁੰਚਣ ਤੋਂ ਬਾਅਦ ਇਸ ਮਸਲੇ ਦੇ ਹੱਲ ਲਈ ਈਸਾਈ ਪਾਦਰੀਆਂ ਨਾਲ ਇਕੱਤਰਤਾ ਕਰਕੇ 10 ਮੈਂਬਰੀ ਕਮੇਟੀ ਗਠਿਤ ਕਰਨ ਦਾ ਫ਼ੈਸਲਾ ਹੋਇਆ ਹੈ। ਉਨਾਂ ਕਿਹਾ ਕਿ ਪੰਜਾਬ ਭਰ ਵਿਚ ਸਮੁੱਚੇ ਸਿੱਖ-ਈਸਾਈ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਲਈ ਜਲਦ ਹੀ ਪੰਜ ਮੈਂਬਰ ਈਸਾਈ ਧਰਮ ਅਤੇ ਪੰਜ ਮੈਂਬਰ ਸਿੱਖ ਧਰਮ ਦੇ ਲੈ ਕੇ ਕਮੇਟੀ ਬਣਾਉਣਗੇ। ਉਨਾਂ ਕਿਹਾ ਕਿ ਈਸਾਈ ਧਰਮ ਵਿਚੋਂ ਵੱਖ-ਵੱਖ ਸੰਸਥਾਵਾਂ ਦੇ ਇਕ-ਇਕ ਨੁਮਾਇੰਦੇ ਲਏ ਜਾਣਗੇ। ਇਸੇ ਤਰਾਂ ਪੰਜ ਵੱਖ-ਵੱਖ ਸੰਸਥਾਵਾਂ ਤੋਂ ਸਿੱਖ ਨੁਮਾਇੰਦੇ ਵੀ ਸ਼ਾਮਲ ਕੀਤੇ ਜਾਣਗੇ। ਪੰਜਾਬ ਭਰ ਵਿਚ ਪਿੰਡ-ਪਿੰਡ ਜਾ ਕੇ 10 ਮੈਂਬਰੀ ਕਮੇਟੀ ਜਿੱਥੇ ਵੀ ਵਿਵਾਦ ਚੱਲ ਰਿਹਾ ਹੈ, ਉਸ ਨੂੰ ਖ਼ਤਮ ਕੀਤਾ ਜਾਵੇਗਾ। ਉਨਾਂ ਕਿਹਾ ਕਿ ਕੁਝ ਗਲਤ ਵਿਅਕਤੀਆਂ ਵੱਲੋਂ ਗਲਤ ਤਰੀਕੇ ਨਾਲ ਧਰਮ ਤਬਦੀਲੀ ਦੇ ਪ੍ਰਚਾਰ ਨੂੰ ਈਸਾਈ ਆਗੂ ਨੂੰ ਨਕਾਰ ਨਹੀਂ ਰਹੇ। ਇਸ ਲਈ ਇਨਾਂ ਵਿਅਕਤੀਆਂ ਨੂੰ ਵੀ ਰੋਕਣ ਲਈ ਇਹ ਕਮੇਟੀ ਕੰਮ ਕਰੇਗੀ। ਉਨਾਂ ਕਿਹਾ ਕਿ ਸਿੱਖਾਂ ਤੇ ਈਸਾਈਆਂ ਵਿਚ ਆਪਸੀ ਪਿਆਰ ਤੇ ਭਾਈਚਾਰਕ ਸਾਂਝ ਨੂੰ ਕਦੇ ਵੀ ਖ਼ਤਮ ਨਹੀਂ ਹੋਣ ਦਿੱਤਾ ਜਾਵੇਗਾ। ਈਸਾਈਆਂ ਦੇ ਪੰਜ ਨੁਮਾਇੰਦੇ ਮਿਲਦੇ ਸਾਰ ਜਲਦੀ ਹੀ ਇਹ ਕਮੇਟੀ ਗਠਿਤ ਹੋ ਜਾਵੇਗੀ।

## ਵਾਰਸ ਪੰਜਾਬ ਦੇ ਜਥੇਬੰਦੀ ਦਾ ਭਵਿੱਖ ਤੇ ਅੰਮ੍ਰਿਤਪਾਲ ਸਿੰਘ



ਮਰਹੂਮ ਦੀਪ ਸਿੱਧੂ ਵੱਲੋਂ ਖੜੀ ਕੀਤੀ ਗਈ ਜਥੇਬੰਦੀ, ਵਾਰਸ ਪੰਜਾਬ ਦੇ ਇਸ ਵੇਲੇ ਦੋ ਧੜਿਆਂ ਵਿੱਚ ਵੰਡੀ ਹੋਈ ਹੈ। ਇੱਕ ਧੜੇ ਵੱਲੋਂ ਨੌਜਵਾਨ ਅੰਮ੍ਰਿਤਪਾਲ ਸਿੰਘ ਅਗਵਾਈ ਕਰ ਰਹੇ ਹਨ ਜਦੋਂਕਿ ਦੂਜੇ ਪਾਸੇ ਦੀਪ ਸਿੱਧੂ ਦਾ ਪਰਿਵਾਰ ਦਾਅਵਾ ਕਰ ਰਿਹਾ ਹੈ ਕਿ ਜਥੇਬੰਦੀ ਦੇ ਅਸਲੀ ਵਾਰਸ ਉਹ ਹਨ। ਪਰਿਵਾਰ ਵਾਲੇ ਪਾਸੇ ਦੀਪ ਸਿੱਧੂ ਦੇ ਚਾਚਾ ਸਰਦਾਰ ਬਿਧੀ ਸਿੰਘ, ਦੀਪ ਦੇ ਸਾਥੀ ਰਹੇ ਭਾਈ ਪਲਵਿੰਦਰ ਸਿੰਘ ਤਲਵਾੜਾ ਅਤੇ ਉਸਦਾ ਭਰਾ ਮਨਦੀਪ ਸਿੱਧੂ ਸ਼ਾਮਲ ਹਨ।

ਅੰਮ੍ਰਿਤਪਾਲ ਸਿੰਘ ਕਿਉਂਕਿ ਵਿਦੇਸ਼ ਵਿੱਚ ਰਹਿ ਰਹੇ ਸਨ ਇਸ ਲਈ ਵਾਰਸ ਪੰਜਾਬ ਜਥੇਬੰਦੀ ਦੇ ਦੋਵੇਂ ਧੜੇ ਆਪੋ ਆਪਣੇ ਢੰਗ ਨਾਲ ਸਰਗਰਮੀਆਂ ਕਰ ਰਹੇ ਸਨ, ਜੋ ਨਾ ਹੋਣ ਦੇ ਬਰਾਬਰ ਹੀ ਸਨ। ਹੁਣ ਤੱਕ ਵਾਰਸ ਪੰਜਾਬ ਦੇ ਜਥੇਬੰਦੀ ਵੱਲੋਂ ਜੋ ਵੀ ਸਰਗਰਮੀਆਂ ਹੋਈਆਂ ਉਹ ਪੰਥਕ ਭਲੇ ਨਾਲੋਂ ਜਿਆਦਾ ਦੂਸਰੇ ਧੜੇ ਨੂੰ ਇਹ ਦਰਸਾਉਣ ਤੱਕ ਸੀਮਤ ਹਨ ਕਿ ਅਸੀਂ ਹੀ ਜਥੇਬੰਦੀ ਦੇ ਅਸਲ ਮਾਲਕ ਹਾਂ।

ਹੁਣ ਭਾਈ ਅੰਮ੍ਰਿਤਪਾਲ ਸਿੰਘ ਵਿਦੇਸ਼ ਤੋਂ ਵਾਪਸ ਪੰਜਾਬ ਆ ਗਏ ਹਨ। ਕੁਝ ਮੀਡੀਆ ਚੈਨਲਾਂ ਨਾਲ ਉਨਾਂ ਦੀ ਗੱਲਬਾਤ ਤੋਂ ਲਗਦਾ ਹੈ ਕਿ ਉਹ ਉਦਮਸ਼ੀਲ ਨੌਜਵਾਨ ਹਨ।ਬੇਸ਼ੱਕ ਉਹ ਦੀਪ ਸਿੱਧੂ ਦੇ ਹਾਣ ਦਾ ਤਾਂ ਨਹੀ ਹੈ ਪਰ ਪੰਥਕ ਸਫਾਂ ਵਿੱਚ ਜਿਸ ਤਰਾਂ ਦਾ ਖਲਾਅ ਪੈਦਾ ਹੋ ਗਿਆ ਹੋਇਆ ਹੈ ਉਸ ਸਥਿਤੀ ਵਿੱਚ ਉਸਨੂੰ ਪਰਵਾਨ ਕਰਨ ਵਿੱਚ ਕੋਈ ਔਕੜ ਵੀ ਨਹੀ ਹੋਣੀ ਚਾਹੀਦੀ।

ਦੀਪ ਸਿੱਧੂ ਦੇ ਹਮਾਇਤੀਆਂ ਨੂੰ ਵੀ ਅਤੇ ਖੁਦ ਅੰਮ੍ਰਿਤਪਾਲ ਸਿੰਘ ਨੂੰ ਵੀ ਸਮਝ ਲੈਣੀ ਚਾਹੀਦੀ ਹੈ ਕਿ ਇਤਿਹਾਸ ਵਿੱਚ ਕਦੇ ਵੀ ਕਿਸੇ ਲੀਡਰ ਦੀ ਕਾਪੀ ਨਹੀਂ ਹੋਇਆ ਕਰਦੀ। ਜੇ ਅੰਮ੍ਰਿਤਪਾਲ ਸਿੰਘ ਖੁਦ ਨੂੰ ਦੀਪ ਸਿੱਧੂ ਬਣਨ ਦੀ ਇੱਛਾ ਪਾਲੇਗਾ ਤਾਂ ਉਹ ਇਸ ਰਾਜਨੀਤੀ ਵਿੱਚ ਰੁਲ ਜਾਵੇਗਾ। ਜੇ ਵਾਰਸ ਪੰਜਾਬ ਦੇ ਜਥੇਬੰਦੀ ਦੇ ਹਮਾਇਤੀ ਅੰਮ੍ਰਿਤਪਾਲ ਸਿੰਘ ਵਿੱਚੋਂ ਦੀਪ ਸਿੱਧੂ ਭਾਲਣਗੇ ਤਾਂ ਉਹ ਵੀ ਵਕਤ ਦੀ ਧੂੜ ਵਿੱਚ ਰੁਲ ਜਾਣਗੇ। ਦੀਪ ਸਿੱਧੂ ਵੱਲੋਂ ਅਰੰਭੀ ਲਹਿਰ ਨੂੰ ਆਪਣੀ ਸੋਚ ਦੀ ਉਡਾਰੀ ਅਤੇ ਜਥੇਬੰਦਕ ਯੋਗਤਾ ਅਨੁਸਾਰ ਅੱਗੇ ਵਧਾਉਣਾ ਸਮੇਂ ਦੀ ਲੋੜ ਹੈ।ਅੰਮ੍ਰਿਤਪਾਲ ਸਿੰਘ ਲਈ ਦੂਜੀ ਵੱਡੀ ਚੁਣੌਤੀ ਜਥੇਬੰਦਕ ਕਾਰਜਾਂ ਦੌਰਾਨ ਵਿਚਰਨ ਦੀ ਹੋਵੇਗੀ। ਅੰਮ੍ਰਿਤਪਾਲ ਸਿੰਘ ਕਿਉਂਕਿ ਇੱਕ ਰਾਜਨੀਤਿਕ ਵਕਫੇ ਤੋਂ ਬਾਅਦ ਪਰਗਟ ਹੋਇਆ ਹੈ ਇਸ ਲਈ ਉਸਨੂੰ ਜਥੇਬੰਦਕ ਤੌਰ ਤੇ ਵਿਚਰਨ ਲਈ ਦੀਪ ਦੇ ਹਮਾਇਤੀਆਂ ਦੀ ਲੋੜ ਹੋਵੇਗੀ ਜੋ ਉਸਦੀ ਕਮਜੋਰੀ ਸਾਬਤ ਹੋਵੇਗੀ। ਦੀਪ ਕਿਸੇ ਤੇ ਨਿਰਭਰ ਨਹੀ ਸੀ, ਅੰਮ੍ਰਿਤਪਾਲ ਸਿੰਘ ਨੂੰ ਨਿਰਭਰ ਹੋਣਾਂ ਪਵੇਗਾ। ਇਸ ਨਿਰਭਰਤਾ ਵਿੱਚ ਫਿਰ ਹਰ ਕੋਈ ਅੰਮ੍ਰਿਤਪਾਲ ਸਿੰਘ ਨੂੰ ਆਪਣੇ ਢੰਗ ਨਾਲ ਚਲਾਉਣ ਦੇ ਯਤਨ ਕਰੇਗਾ। ਇਹ ਵੱਡਾ ਅੜਿੱਕਾ ਅੰਮ੍ਰਿਤਪਾਲ ਸਿੰਘ ਦੇ ਰਾਹ ਵਿੱਚ ਆਵੇਗਾ।

ਤੀਜੀ ਚੁਣੌਤੀ ਸਿਮਰਨਜੀਤ ਸਿੰਘ ਮਾਨ ਨਾਲ ਉਨਾਂ ਦੇ ਰਿਸ਼ਤੇ ਵਿੱਚੋਂ ਉਭਰੇਗੀ। ਦੀਪ ਸਿੱਧੂ ਜਦੋਂ ਸਿਮਰਨਜੀਤ ਸਿੰਘ ਮਾਨ ਨਾਲ ਜੁੜਿਆ ਤਾਂ ਉਹ ਇੱਕ ਬਰਾਬਰ ਦੀ ਧਿਰ ਬਣਕੇ ਜੁੜਿਆ। ਦੀਪ ਦਾ ਆਪਣਾ ਕਦ ਉਸ ਵੇਲੇ ਪੰਜਾਬ ਵਿੱਚ ਸਿਮਰਨਜੀਤ ਸਿੰਘ ਮਾਨ ਦੇ ਬਰਾਬਰ ਬਣ ਗਿਆ ਸੀ। ਸਿਮਰਨਜੀਤ ਸਿੰਘ ਮਾਨ ਨੂੰ ਆਪਣੀ ਰਾਜਨੀਤਿਕ ਪਾਰੀ ਖੇਡਣ ਲਈ ਦੀਪ ਸਿੱਧੂ ਦੀ ਲੋੜ ਸੀ ਨਾ ਕਿ ਦੀਪ ਨੂੰ। ਇਸ ਲਈ ਸਿਮਰਨਜੀਤ ਸਿੰਘ ਮਾਨ ਨੇ ਦੀਪ ਸਿੱਧੂ ਨੂੰ ਪ੍ਰਵਾਨ ਕਰ ਲਿਆ। ਵਰਨਾ ਸਿਮਰਨਜੀਤ ਸਿੰਘ ਮਾਨ, ਪ੍ਰਕਾਸ਼ ਸਿੰਘ ਬਾਦਲ ਵਾਂਗ ਕਿਸੇ ਸੂਝਵਾਨ ਨੂੰ ਆਪਣੇ ਨੇੜੇ ਨਹੀ ਲੱਗਣ ਦੇਂਦੇ। ਉਨਾਂ ਦੀ ਸੋਚ ਇਹ ਹੈ ਕਿ ਸਮੁੱਚੀ ਪਾਰਟੀ ਵਿੱਚੋਂ ਸਿਰਫ ਮੈਂ ਹੀ ਸੀਟ ਜਿੱਤਾਂ ਬਾਕੀ ਤਾਂ ਮੇਰੀ ਜਿੱਤ ਲਈ ਸਰਗਰਮੀਆਂ ਹੀ ਕਰਨ। ਹੁਣ ਜਦੋਂ ਅੰਮ੍ਰਿਤਪਾਲ ਸਿੰਘ, ਸਿਮਰਨਜੀਤ ਸਿੰਘ ਮਾਨ ਤੋਂ ਜੂਨੀਅਰ ਹੋ ਕੇ ਉਨਾਂ ਨਾਲ ਵਿਚਰਨਗੇ ਤਾਂ ਮਾਨ ਸਾਹਿਬ ਬਹੁਤ ਦੇਰ ਇਸ ਰਿਸ਼ਤੇ ਨੂੰ ਨਿਭਣ ਨਹੀਂ ਦੇਣਗੇ। ਲੋੜ ਇਸ ਗਲ ਦੀ ਹੈ ਕਿ ਉਹ ਪੰਥਕ ਤੇ ਪੰਜਾਬ ਮੁੱਦਿਆਂ ਦੀ ਪਛਾਣ ਕਰਨ ਤੇ ਰਾਜਾਂ ਦੀ ਖੁਦਮੁਖਤਿਆਰੀ ਵਾਲਾ ਰਸਤਾ ਅਪਨਾਉਣ।

## ਕੈਨੇਡਾ ਜਾਣਾ ਹੋਇਆ ਮਹਿੰਗਾ, ਪੰਜਾਬ ਦੇ ਵਿਦਿਆਰਥੀਆਂ ਲਈ ਵਧੀ ਪ੍ਰੇਸ਼ਾਨੀ

**ਜਲੰਧਰ/ਏ.ਟੀ.ਨਿਊਜ਼ :-** ਕੈਨੇਡਾ ਵਿਚ ਸਤੰਬਰ ਸੈਸ਼ਨ ਸ਼ੁਰੂ ਹੋਣ ਵਾਲਾ ਹੈ, ਹਜ਼ਾਰਾਂ ਵਿਦਿਆਰਥੀ ਆਖਰੀ ਸਮੇਂ ਵਿੱਚ ਵੀਜ਼ੇ ਕਾਰਨ ਮਹਿੰਗੀਆਂ ਹਵਾਈ ਟਿਕਟਾਂ ਖਰੀਦਣ ਲਈ ਮਜਬੂਰ ਹਨ। ਮੌਜੂਦਾ ਸਮੇਂ ਵਿਚ ਦਿੱਲੀ ਤੋਂ ਟੋਰਾਂਟੋ ਲਈ ਸਭ ਤੋਂ ਸਸਤੀ ਹਵਾਈ ਟਿਕਟ 1 ਲੱਖ 67 ਹਜ਼ਾਰ ਰੁਪਏ ਦੀ ਔਸਤ ਬੇਸ ਪ੍ਰਾਈਸ ਨਾਲ ਉਪਲਬਧ ਹੈ ਅਤੇ ਟੈਕਸ ਅਤੇ ਚਾਰਜਿਜ਼ ਆਦਿ ਲਗਾਉਣ ਤੋਂ ਬਾਅਦ ਇਹ ਲਗਭਗ 2 ਲੱਖ ਰੁਪਏ ਤੱਕ ਰਹੀ ਹੈ।

ਇਹ ਉਡਾਣਾਂ 26 ਤੋਂ 30 ਘੰਟਿਆਂ ਵਿੱਚ ਇੱਕ ਜਾਂ ਦੋ ਸਟਾਪਾਂ ਨਾਲ ਕੈਨੇਡਾ ਪਹੁੰਚ ਜਾਂਦੀਆਂ ਹਨ। 16 ਤੋਂ 20 ਘੰਟੇ ਦੇ ਸਿੱਧੇ ਜਾਂ ਇੱਕ ਜਾਂ ਦੋ ਘੰਟੇ ਦੇ ਰੁਕਣ ਵਾਲੀਆਂ ਟਿਕਟਾਂ ਦੀ ਕੀਮਤ 2 ਲੱਖ 20 ਹਜ਼ਾਰ ਤੋਂ 3 ਲੱਖ ਰੁਪਏ ਹੋ ਗਈ ਹੈ। ਅਜਿਹੇ ਵਿਚ ਇਸ ਸਮੇਂ ਵਿਦਿਆਰਥੀਆਂ ਨੂੰ ਕੈਨੇਡਾ ਜਾਣਾ ਬਹੁਤ ਮਹਿੰਗਾ ਪੈ ਰਿਹਾ ਹੈ। ਐਸਯੂਓ ਗਲੋਬਲ ਦੇ ਸੁਰੇਨ ਉੱਪਲ ਦਾ ਕਹਿਣਾ ਹੈ ਕਿ ਇਸ ਸਮੇਂ ਹਰ ਵਿਦਿਆਰਥੀ ਕੈਨੇਡਾ ਜਾਣਾ ਚਾਹੁੰਦਾ ਹੈ ਕਿਉਂਕਿ ਉਸ ਨੂੰ ਉੱਥੇ ਪੀਆਰ ਮਿਲਣ ਦੀ ਉਮੀਦ ਹੈ, ਜਦੋਂ ਕਿ ਯੂਰਪ ਦੇ ਕਈ ਦੇਸ਼ਾਂ ਵਿੱਚ ਵੀ ਉਸ ਲਈ ਬਹੁਤ ਸਾਰੇ ਮੌਕੇ ਹਨ। ਉੱਥੇ ਉਨਾਂ ਨੂੰ ਮੈਡੀਕਲ ਸੇਵਾਵਾਂ ਵੀ ਉਪਲਬਧ ਹਨ।

ਚੰਡੀਗੜ ਦੇ ਸੈਕਟਰ 35 ਵਿੱਚ ਕੈਨੇਡੀਅਨ ਡਾਲਰ ਖਰੀਦਣ ਆਏ ਵਿਦਿਆਰਥੀਆਂ ਨੇ ਦੱਸਿਆ ਕਿ ਮੌਜੂਦਾ ਸਮੇਂ ਵਿੱਚ ਡਾਲਰ 63.50 ਤੋਂ 64 ਰੁਪਏ ਦੇ ਹਿਸਾਬ ਨਾਲ ਮਿਲ ਰਿਹਾ ਹੈ, ਜਦੋਂ ਕਿ ਐਕਸਚੇਂਜ ਰੇਟ ਸਿਰਫ਼ 60.46 ਰੁਪਏ ਹੈ। ਕਈ ਵਿਦਿਆਰਥੀ ਪਹਿਲਾਂ ਤਾਂ ਰੋਜ਼ਾਨਾ ਦੇ ਖਰਚੇ ਲਈ ਪੰਜ ਤੋਂ 10 ਹਜ਼ਾਰ ਡਾਲਰ ਆਪਣੇ ਨਾਲ ਲੈ ਜਾਂਦੇ ਹਨ ਅਤੇ ਇਸ ਸਮੇਂ ਹਜ਼ਾਰਾਂ ਵਿਦਿਆਰਥੀ ਕੈਨੇਡਾ ਜਾ ਰਹੇ ਹਨ। ਦੂਜਾ, ਕੋਰੋਨਾ ਕਾਰਨ ਪਿਛਲੇ ਦੋ ਸਾਲਾਂ ਤੋਂ ਕੈਨੇਡਾ ਤੋਂ ਬਹੁਤ ਘੱਟ ਲੋਕ ਭਾਰਤ ਆ ਰਹੇ ਹਨ, ਜਿਸ ਕਾਰਨ ਓਪਨ ਮਾਰਕੀਟ ਵਿੱਚ ਕੈਨੇਡੀਅਨ ਡਾਲਰ ਦੀ ਕਮੀ ਹੈ।

## ਦਲਿਤ ਲੜਕੀਆਂ ਵੱਲੋਂ ਪਰੋਸਿਆ ਭੋਜਨ ਵਿਦਿਆਰਥਣਾਂ ਨੂੰ ਸੁੱਟਣ ਲਈ ਕਹਿਣ ਵਾਲਾ ਰਸੋਈਆ ਗ੍ਰਿਫ਼ਤਾਰ

**ਉਦੈਪੁਰ/ਏ.ਟੀ.ਨਿਊਜ਼ :-** ਬੀਤੇ ਦਿਨੀਂ ਰਾਜਸਥਾਨ ਦੇ ਉਦੈਪੁਰ ਜ਼ਿਲੇ ਵਿੱਚ ਸਰਕਾਰੀ ਸਕੂਲ ਦੇ ਰਸੋਈਏ ਨੂੰ ਦੋ ਦਲਿਤ ਵਿਦਿਆਰਥਣਾਂ ਨਾਲ ਵਿਤਕਰਾ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਬਾਰੌੜੀ ਇਲਾਕੇ ਦੇ ਸਰਕਾਰੀ ਅੱਪਰ ਪ੍ਰਾਇਮਰੀ ਸਕੂਲ ਵਿੱਚ ਦਲਿਤ ਵਿਦਿਆਰਥਣਾਂ ਵੱਲੋਂ ਲਾਲਾ ਰਾਮ ਗੁੱਜਰ ਵੱਲੋਂ ਤਿਆਰ ਕੀਤਾ ਮਿਡ-ਡੇ-ਮੀਲ ਪਰੋਸਿਆ ਸੀ। ਪੁਲਿਸ ਨੇ ਦੱਸਿਆ ਕਿ ਲਾਲਾ ਰਾਮ ਨੇ ਇਸ 'ਤੇ ਇਤਰਾਜ਼ ਕੀਤਾ ਅਤੇ ਖਾਣਾ ਖਾ ਰਹੇ ਵਿਦਿਆਰਥੀਆਂ ਨੂੰ ਖਾਣਾ ਸੁੱਟਣ ਲਈ ਕਿਹਾ ਕਿਉਂਕਿ ਇਹ ਦਲਿਤ ਵਿਦਿਆਰਥਣਾਂ ਦੁਆਰਾ ਪਰੋਸਿਆ ਗਿਆ ਸੀ। ਉਸ ਦੇ ਕਹਿਣ 'ਤੇ ਵਿਦਿਆਰਥਣਾਂ ਨੇ ਖਾਣਾ ਸੁੱਟ ਦਿੱਤਾ।

# ਗਊ-ਸੈੱਸ ਤੋਂ ਮਿਲੇ 5.48 ਕਰੋੜ, ਪਰ ਗਊ ਵੰਸ਼ ਦੀ ਹਾਲਤ ਮਾੜੀ

**ਬਠਿੰਡਾ/ਏ.ਟੀ.ਨਿਊਜ਼** :- ਗਲੀਆਂ ਵਿਚ ਘੁੰਮਦੇ ਲਾਵਾਰਿਸ ਪਸ਼ੂਆਂ ਦੀ ਸੰਭਾਲ ਲਈ ਨਗਰ ਨਿਗਮ ਨੇ ਲੋਕਾਂ ਤੋਂ ਟੈਕਸ ਦੇ ਰੂਪ ਵਿਚ ਗਊ ਸੈੱਸ ਲਾਇਆ ਸੀ। ਇਸ ਵਿਚ ਹਰ ਸਾਲ ਕਰੋੜਾਂ ਰੁਪਏ ਦੀ ਵਸੂਲੀ ਹੋ ਰਹੀ ਹੈ ਪਰ ਇਸ ਦੇ ਬਾਵਜੂਦ ਪ੍ਰਸ਼ਾਸਨ ਪਸ਼ੂਆਂ ਨੂੰ ਸੁਰੱਖਿਅਤ ਰੱਖਣ ਵਿਚ ਪੂਰੀ ਤਰਾਂ ਨਾਕਾਮ ਰਿਹਾ ਹੈ। ਇਸ ਕਾਰਨ ਪੰਜਾਬ ਵਿਚ ਐਕਸੀਡੈਂਟ ਵੀ ਇਨ੍ਹਾਂ ਪਸ਼ੂਆਂ ਕਾਰਨ ਵਾਪਰ ਰਹੇ ਹਨ। ਮਙਰੇ ਅਵਾਰਾ ਬਲਦਾਂ ਕਾਰਨ ਪੰਜਾਬੀਆਂ ਦੀਆਂ ਜਾਨਾਂ ਵੀ ਜਾ ਚੁਕੀਆਂ ਹਨ। ਪੰਜਾਬ ਹਾਲ ਹੀ ਵਿਚ ਚਮੜੀ ਰੋਗ ਨੇ ਪਸ਼ੂਆਂ 'ਤੇ ਕਹਿਰ ਵਰਾਇਆ ਹੈ। ਇਸ ਦੌਰਾਨ ਗਲੀਆਂ ਵਿਚ ਘੁੰਮਦੇ ਹਜ਼ਾਰਾਂ ਪਸ਼ੂ ਇਸ ਬਿਮਾਰੀ ਦੀ ਲਪੇਟ ਵਿਚ ਆ ਗਏ। ਸ਼ਹਿਰ ਦੀਆਂ ਸਮਾਜ ਸੇਵੀ ਸੰਸਥਾਵਾਂ ਨੇ ਇਨ੍ਹਾਂ ਪਸ਼ੂਆਂ ਦੀ ਦੇਖਭਾਲ ਤੇ ਇਲਾਜ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਪਰ ਪਸ਼ੂ ਪਾਲਣ ਵਿਭਾਗ, ਨਗਰ ਨਿਗਮ ਅਤੇ ਪ੍ਰਸ਼ਾਸਨ ਦਾ ਕੋਈ ਵੀ ਅਧਿਕਾਰੀ ਇਨ੍ਹਾਂ ਬੇਸਹਾਰਾ ਅਤੇ ਬਿਮਾਰ ਪਸ਼ੂਆਂ ਦੀ ਦੇਖਭਾਲ ਅਤੇ ਟੀਕਾਕਰਨ ਕਰਨ ਲਈ ਸਾਹਮਣੇ ਨਹੀਂ ਆਇਆ। ਹੁਣ ਨਗਰ ਨਿਗਮ ਦੀ ਆਰਥਿਕ ਹਾਲਤ 'ਤੇ ਨਜ਼ਰ ਮਾਰੀਏ ਤਾਂ ਇਸ ਨੇ 16 ਮਹੀਨਿਆਂ ਵਿਚ ਲੋਕਾਂ ਤੋਂ ਗਊ-ਸੈੱਸ ਵਜੋਂ 5.48 ਕਰੋੜ ਤੋਂ ਵੱਧ ਦੀ ਰਾਸ਼ੀ ਪ੍ਰਾਪਤ ਕੀਤੀ ਹੈ, ਜੋ ਸਾਲ 2021-22 ਵਿਚ 4.73 ਕਰੋੜ ਰੁਪਏ ਤੇ ਸਾਲ 2022 ਤੋਂ ਜੁਲਾਈ ਤੱਕ 75.33 ਲੱਖ ਰੁਪਏ ਹੈ। ਆਰਟੀਆਈ ਵਿਚ ਪ੍ਰਾਪਤ ਜਾਣਕਾਰੀ ਵਿਚ ਦਿੱਤੇ ਅੰਕੜਿਆਂ ਅਨੁਸਾਰ ਨਿਗਮ ਕੋਲ 3.24 ਕਰੋੜ ਤੋਂ ਵੱਧ ਗਊ-ਸੈੱਸ ਅਜੇ ਵੀ ਬਕਾਇਆ ਹੈ। ਇਸ ਦੇ ਬਾਵਜੂਦ ਨਿਗਮ ਨੇ ਇਸ ਪੈਸੇ ਦੀ ਵਰਤੋਂ ਪਸ਼ੂਆਂ ਦੀ ਸੰਭਾਲ ਅਤੇ ਸ਼ਹਿਰ ਦੀਆਂ ਸੜਕਾਂ ਤੋਂ ਸੁਰੱਖਿਅਤ ਥਾਂ 'ਤੇ ਕਰਨ ਲਈ ਨਹੀਂ ਕੀਤੀ। ਨਿਗਮ ਨੂੰ 2021-22 ਤੋਂ ਜੁਲਾਈ 2022 ਤੱਕ ਗਊ-ਸੈੱਸ ਵਿਚੋਂ 5 ਕਰੋੜ ਰੁਪਏ ਤੋਂ ਵੱਧ ਪ੍ਰਾਪਤ ਹੋਏ ਹਨ। ਇਸ ਵਿਚ ਜ਼ਿਆਦਾਤਰ ਰਕਮ ਖਰਚ ਕੀਤੀ ਗਈ, ਲਗਭਗ ਸਾਰੀ ਰਕਮ ਗਊਸ਼ਾਲਾਵਾਂ ਲਈ ਨਿਰਧਾਰਤ ਡਾਈਟ ਮਨੀ ਦੇ ਰੂਪ ਵਿਚ ਖਰਚ ਕੀਤੀ ਗਈ।

ਇਸ ਵਿਚ ਸ੍ਰੀ ਗਊਸ਼ਾਲਾ ਬਠਿੰਡਾ ਨੂੰ ਇਕ ਕਰੋੜ 28 ਲੱਖ ਰੁਪਏ ਦਿੱਤੇ ਗਏ, ਜਿਸ ਵਿਚ 10 ਮਈ 2021 ਨੂੰ 28,46,261 ਰੁਪਏ, 02 ਸਤੰਬਰ 2021 ਨੂੰ 25,03,323 ਰੁਪਏ, 28 ਅਕਤੂਬਰ 2021 ਨੂੰ 11,01,380 ਰੁਪਏ, 28 ਅਕਤੂਬਰ 2021 ਨੂੰ 11,81,010 ਰੁਪਏ ਦਿੱਤੇ ਗਏ। ਨਵੰਬਰ 2021, ਮਈ 2022 ਤੱਕ 11 52,77,860, ਇਸੇ ਤਰਾਂ ਹਰਰਾਏਪੁਰ ਗਊਸ਼ਾਲਾ ਨੂੰ 54 ਲੱਖ 19 ਹਜ਼ਾਰ 523 ਰੁਪਏ ਜਾਰੀ ਕੀਤੇ ਗਏ। ਇਸ ਵਿਚ 20 ਅਪ੍ਰੈਲ 2021 ਨੂੰ 16,42,323 ਰੁਪਏ, 18 ਨਵੰਬਰ 2021 ਨੂੰ 8,35,608 ਰੁਪਏ, 11 ਮਈ 2022 ਨੂੰ 29,41,596 ਰੁਪਏ ਸ਼ਾਮਲ ਹਨ। ਤੀਸਰੀ ਗਊਸ਼ਾਲਾ ਡੇਰਾ ਰੁਮੀਵਾਲਾ ਗਊਸ਼ਾਲਾ ਭੁੱਚੋ ਕਲਾਂ 10 ਮਈ 2021 ਨੂੰ 17,64,936 ਰੁਪਏ, ਸ੍ਰੀ ਬੰਸੀਧਰ ਗਊਸ਼ਾਲਾ ਭੀਸੀਆਣਾ 15 ਨਵੰਬਰ 2021 ਨੂੰ 5,74,145 ਰੁਪਏ, ਸੰਤ ਬਾਬਾ ਜਮੀਤ ਸਿੰਘ ਚੈਰੀਟੇਬਲ ਟਰੱਸਟ ਲੋਪੋ (ਮੋਗਾ) 6 ਜਨਵਰੀ 123, 1236 ਰੁਪਏ, ਸ੍ਰੀ ਗਊਸ਼ਾਲਾ (ਰਜਿ:) ਬਠਿੰਡਾ ਨੂੰ ਸਭ ਤੋਂ



ਵੱਧ ਡਾਈਟ ਮਨੀ ਮਿਲੀ ਅਤੇ ਦੂਜੇ ਨੰਬਰ 'ਤੇ ਹਰਰਾਏਪੁਰ ਗਊਸ਼ਾਲਾ ਰਹੀ। ਜ਼ਿਕਰਯੋਗ ਹੈ ਕਿ ਇਸ ਸਮੇਂ ਤੇਲ ਟੈਂਕਰ, ਸ਼ਰਾਬ ਅੰਗਰੇਜ਼ੀ 10 ਰੁਪਏ ਪ੍ਰਤੀ ਬੋਤਲ, ਸ਼ਰਾਬ ਦੇਸੀ 5 ਰੁਪਏ ਪ੍ਰਤੀ ਬੋਤਲ, ਸੀਮਿੰਟ ਪ੍ਰਤੀ ਬੋਰੀ 1 ਰੁਪਏ, ਬਿਜਲੀ 2 ਪੈਸੇ ਪ੍ਰਤੀ ਯੂਨਿਟ, ਮੈਰਿਜ ਪੈਲੇਸ ਦੇ ਏਸੀ 1000 ਪ੍ਰਤੀ ਫੰਕਸ਼ਨ, ਮੈਰਿਜ ਪੈਲੇਸ ਨਾਨ ਏਸੀ 500 ਰੁਪਏ ਪ੍ਰਤੀ ਫੰਕਸ਼ਨ, ਪ੍ਰਤੀ ਚਾਰ ਪਹੀਆ ਵਾਹਨ ਲਈ 1000 ਰੁਪਏ, ਦੋ ਪਹੀਆ ਵਾਹਨ ਲਈ 200 ਰੁਪਏ ਪ੍ਰਤੀ ਵਾਹਨ ਗਊ ਸੈੱਸ ਵਜੋਂ ਵਸੂਲੇ ਜਾ ਰਹੇ ਹਨ। ਇਸ ਦੇ ਬਾਵਜੂਦ ਪਿਛਲੇ ਕੁਝ ਸਾਲਾਂ ਵਿਚ ਬੇਘਰੇ ਪਸ਼ੂਆਂ ਕਾਰਨ ਹੋਣ ਵਾਲੇ ਹਾਦਸਿਆਂ ਦੀ ਗਿਣਤੀ ਵਿਚ ਕਾਫੀ ਵਾਧਾ ਹੋਇਆ ਹੈ। ਬਠਿੰਡਾ ਪ੍ਰਸ਼ਾਸਨ ਦੀ ਪੂਰੀ ਜ਼ਿੰਮੇਵਾਰੀ ਹੈ ਕਿ ਬੇਸਹਾਰਾ ਪਸ਼ੂ ਕਾਰਨ ਕੋਈ ਹਾਦਸਾ ਨਾ ਵਾਪਰੇ। ਪ੍ਰਸ਼ਾਸਨ ਦੇ ਢੱਲੇ ਰਵੱਈਏ ਦਾ ਖ਼ਮਿਆਜ਼ਾ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਬਠਿੰਡਾ ਸ਼ਹਿਰ ਦੀਆਂ ਗਲੀਆਂ-ਮੁਹੱਲਿਆਂ ਵਿਚ ਪਸ਼ੂ ਝੁੰਡਾਂ ਵਿਚ ਘੁੰਮਦੇ ਦੇਖੇ ਜਾ ਸਕਦੇ ਹਨ। ਨਗਰ ਨਿਗਮ ਖ਼ਿਲਾਫ਼ ਪੰਜਾਬ ਰਾਜ ਦੀਆਂ ਵੱਖ-ਵੱਖ ਅਦਾਲਤਾਂ ਵਿਚ ਦਰਜਨਾਂ ਕੇਸ ਚੱਲ ਰਹੇ ਹਨ।

ਨਗਰ ਨਿਗਮ ਕੋਲ ਫੰਡ ਹੋਣ ਦੇ ਬਾਵਜੂਦ ਪਸ਼ੂਆਂ ਦੇ ਇਲਾਜ ਦਾ ਕੋਈ ਪੁਖਤਾ ਪ੍ਰਬੰਧ ਨਹੀਂ ਹੈ। ਜ਼ਖਮੀ ਅਤੇ ਬਿਮਾਰ ਬੇਸਹਾਰਾ ਪਸ਼ੂਆਂ ਦੇ ਇਲਾਜ ਲਈ ਗੈਰ ਸਰਕਾਰੀ ਸੰਗਠਨਾਂ ਕੋਲ ਜਾਣਾ ਪੈਂਦਾ ਹੈ। ਸਮਾਜ ਸੇਵੀ ਅਤੇ ਆਰਟੀਆਈ ਕਾਰਕੁਨ ਸੰਜੀਵ ਗੋਇਲ ਦਾ ਕਹਿਣਾ ਹੈ ਕਿ ਮੌਜੂਦਾ ਸਮੇਂ ਵਿਚ ਨਗਰ ਨਿਗਮ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਗਊ ਸੈੱਸ ਵਜੋਂ ਲੋਕਾਂ ਤੋਂ ਕਰੋੜਾਂ ਰੁਪਏ ਵਸੂਲ ਰਹੀ ਹੈ, ਇਸ ਲਈ ਇਸ ਸਬੰਧੀ ਪਸ਼ੂਆਂ ਦੀ ਸੰਭਾਲ ਦੇ ਨਾਲ-ਨਾਲ ਇਨ੍ਹਾਂ ਨੂੰ ਸੜਕਾਂ ਤੋਂ ਹਟਾਇਆ ਜਾਵੇ। ਸ਼ਹਿਰ ਵਿਚ ਜਾ ਕੇ ਉਨ੍ਹਾਂ ਨੂੰ ਸਹੀ ਜਗਾ 'ਤੇ ਪਹੁੰਚਾਇਆ ਜਾਵੇ।

## ਹੁਣ ਪੰਜਾਬੀ ਗਾਇਕ ਫ਼ਿਰੋਜ਼ ਖਾਨ ਦੀ ਚਰਚ 'ਚ ਜਾਣ ਦੀ ਵੀਡੀਓ ਵਾਇਰਲ

### ਗਾਇਕ ਨੇ ਕਿਹਾ ਕਿ ਉਸਨੇ ਧਰਮ ਨਹੀਂ ਬਦਲਿਆ

**ਕਾਲਾ ਸੰਘਿਆਂ/ਏ.ਟੀ.ਨਿਊਜ਼** :- ਗਾਇਕ ਇੰਦਰਜੀਤ ਨਿੱਕੂ ਦੀ ਇਕ ਡੇਰੇ 'ਤੇ ਜਾਣ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਹੁਣ ਸੋਸ਼ਲ ਮੀਡੀਆ 'ਤੇ ਪ੍ਰਸਿੱਧ ਲੋਕ ਗਾਇਕ ਫ਼ਿਰੋਜ਼ ਖਾਨ ਦੀ ਚਰਚ ਵਿਚ ਜਾਣ ਦੀ ਵੀਡੀਓ ਵਾਇਰਲ ਹੋ ਰਹੀ ਹੈ। ਇਸ ਵੀਡੀਓ ਦੇ ਵਾਇਰਲ ਹੋਣ ਤੋਂ ਬਾਅਦ ਗਾਇਕ ਫ਼ਿਰੋਜ਼ ਖ਼ਾਨ ਨੇ ਕਿਹਾ ਕਿ ਕੁਝ ਸ਼ਰਾਰਤੀ ਲੋਕਾਂ ਵੱਲੋਂ ਉਸ ਦੀ ਬਹੁਤ ਪੁਰਾਣੀ ਚਰਚ ਵਿਚ ਜਾਣ ਦੀ ਵੀਡੀਓ ਵਾਇਰਲ ਕੀਤੀ ਗਈ। ਕੁਝ ਕੁ ਵੈਬ ਚੈਨਲਾਂ ਨੇ ਬਿਨਾਂ ਉਨ੍ਹਾਂ ਦਾ ਪੱਖ ਜਾਣੇ ਬਗੈਰ ਵੀਡੀਓ ਚਲਾਈ ਜੋ ਬਿਲਕੁੱਲ ਗਲਤ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਲਈ ਸਾਰੇ ਧਰਮ ਸਤਿਕਾਰਤ ਹਨ ਅਤੇ ਕਲਾਕਾਰ ਸਾਰੇ ਧਰਮਾਂ ਦੇ ਸਾਂਝੇ ਹੁੰਦੇ ਹਨ। ਲੋਕ ਜਗਰਾਤੇ, ਪੀਰਾਂ-ਫ਼ਕੀਰਾਂ ਦੇ ਮੇਲਿਆਂ ਸਮੇਤ ਹਰ ਧਰਮ ਦੇ ਸਮਾਗਮਾਂ ਵਿਚ ਬੁਲਾਉਂਦੇ ਹਨ।



ਫ਼ਿਰੋਜ਼ ਖਾਨ ਨੇ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਜਿਥੇ ਮੈਂ ਮਾਤਾ ਦੀਆਂ ਭੇਟਾਂ, ਭਗਵਾਨ ਵਾਲਮੀਕਿ ਜੀ ਦੇ ਸ਼ਬਦ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੀਤ ਤੇਰਾਂ ਤੇਰਾਂ ਤੋਲਦਾ ਗਾਏ ਉਥੇ ਹੀ ਮਸੀਹੀ ਲੋਕ ਵੀ ਬਾਕੀ ਧਰਮ ਦੇ ਲੋਕਾਂ ਵਾਂਗ ਉਨ੍ਹਾਂ ਨੂੰ ਪਿਆਰ ਕਰਦੇ ਹਨ ਅਤੇ ਉਨ੍ਹਾਂ ਲਈ ਮਸੀਹੀ ਗੀਤ ਗਾਏ। ਉਨ੍ਹਾਂ ਨੇ ਚਰਚ ਵਿਚ ਬੁਲਾਇਆ ਜਿਥੇ ਦੀ ਉਨ੍ਹਾਂ ਦੀ ਵੀਡੀਓ ਵਾਇਰਲ ਹੋਈ ਹੈ। ਉਨ੍ਹਾਂ ਕਿਹਾ ਕਿ ਉਹ ਹਰ ਧਰਮ ਦੀ ਕਦਰ ਕਰਦੇ ਹਨ ਪਰ ਜਿਸ ਧਰਮ ਵਿਚ ਜਨਮ ਲਿਆ ਹੈ, ਉਸ ਵਿਚ ਉਹ ਪਰਪੱਕ ਹਨ। ਗਾਇਕ ਖ਼ਾਨ ਨੇ ਕਿਹਾ ਕਿ ਲੋਕਾਂ ਵੱਲੋਂ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ ਕਿ ਉਨ੍ਹਾਂ ਪੈਸਿਆਂ ਲਈ ਧਰਮ ਬਦਲਿਆ ਪਰ ਅਜਿਹਾ ਕੁਝ ਨਹੀਂ ਅਤੇ ਰੱਬ ਦੀ ਕ੍ਰਿਪਾ ਤੇ ਲੋਕਾਂ ਦੇ ਪਿਆਰ ਸਦਕਾ ਉਨ੍ਹਾਂ ਕੋਲ ਕੰਮ ਵੀ ਵਧੀਆ ਹੈ।

## ਮਸਜਿਦ 'ਚ ਸ਼ਿਵ ਮੰਦਰ ਹੋਣ ਦਾ ਹਿੰਦੂ ਭਾਈਚਾਰੇ ਵਲੋਂ ਦਾਅਵਾ, ਪੂਜਾ ਦੀ ਇਜਾਜ਼ਤ ਮੰਗੀ

**ਬਦਾਯੂੰ/ਏ.ਟੀ.ਨਿਊਜ਼** :- ਇਥੋਂ ਦੀ ਜਾਮਾ ਮਸਜਿਦ ਸ਼ਮਸੀ ਵਿਚ ਸ਼ਿਵ ਦਾ ਮੰਦਰ ਹੋਣ ਦਾ ਦਾਅਵਾ ਕਰਦਿਆਂ ਹਿੰਦੂ ਜਥੇਬੰਦੀਆਂ ਨੇ ਉਥੇ ਪੂਜਾ ਕਰਨ ਦੀ ਇਜਾਜ਼ਤ ਮੰਗਦਿਆਂ ਅਦਾਲਤ ਵਿਚ ਅਰਜ਼ੀ ਦਿੱਤੀ ਹੈ। ਇਕ ਵੱਖਰੀ ਅਰਜ਼ੀ ਦਾਖ਼ਲ ਕਰਕੇ ਅਦਾਲਤ ਨੂੰ ਮਸਜਿਦ ਦੇ ਸਰਵੇਖਣ ਲਈ ਕਮਿਸ਼ਨ



ਨਿਯੁਕਤ ਕਰਨ ਦੀ ਬੇਨਤੀ ਕੀਤੀ ਗਈ ਹੈ। ਸਿਵਲ ਜੱਜ (ਸੀਨੀਅਰ ਡਿਵੀਜ਼ਨ) ਵਿਜੈ ਗੁਪਤਾ ਨੇ ਇੰਤਜ਼ਾਮੀਆ ਕਮੇਟੀ ਨੂੰ 15 ਸਤੰਬਰ ਨੂੰ ਪੱਖ ਰੱਖਣ ਦੇ ਨਿਰਦੇਸ਼ ਦਿੱਤੇ ਹਨ। ਪਟੀਸ਼ਨਰਾਂ ਦੇ ਵਕੀਲ ਵੇਦ ਪ੍ਰਕਾਸ਼ ਸਾਹੂ ਨੇ ਕਿਹਾ ਕਿ ਇਮਾਰਤ ਜਾਮਾ ਮਸਜਿਦ ਨਹੀਂ ਸਗੋਂ ਨੀਲਕੰਠ ਮਹਾਦੇਵ ਮਹਾਰਾਜ ਦਾ ਪੁਰਾਤਨ ਇਸ਼ਾਨ ਮੰਦਰ ਹੈ। ਇਕ ਪਟੀਸ਼ਨਰ ਅਰਵਿੰਦ ਪਰਮਾਰ ਨੇ ਕਿਹਾ ਕਿ ਕੇਸ ਦੀ ਪਹਿਲੀ ਧਿਰ ਖ਼ੁਦ ਨੀਲਕੰਠ ਮਹਾਦੇਵ ਮਹਾਰਾਜ ਹਨ।

## ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਲਾਰੈਂਸ ਗੈਂਗ ਵਲੋਂ ਮਿਲੀ ਧਮਕੀ

### ਪਰਿਵਾਰ ਨੇ ਜਵਾਬ ਦਿਤਾ-ਲਾਰੈਂਸ ਤੇ ਜੱਗੂ ਭਗਵਾਨਪੁਰੀਆ ਦੀ ਮਲਕੀਅਤ ਨਹੀਂ ਪੰਜਾਬ

**ਚੰਡੀਗੜ/ਏ.ਟੀ.ਨਿਊਜ਼** :- ਪਿਛਲੇ ਦਿਨੀਂ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੂੰ ਲਾਰੈਂਸ ਗੈਂਗ ਵੱਲੋਂ ਜਾਨੋਂ ਮਾਰਨ ਦੀ ਧਮਕੀ ਮਿਲੀ ਸੀ। ਹੁਣ ਮੂਸੇਵਾਲਾ ਦੇ ਪਰਿਵਾਰ ਨੇ ਇਸ ਦਾ ਮੂੰਹ ਤੋੜ ਜਵਾਬ ਦਿੱਤਾ ਹੈ। ਮੂਸੇਵਾਲਾ ਦੇ ਪਰਿਵਾਰ ਨੇ ਕਿਹਾ ਕਿ ਲਾਰੈਂਸ ਤੇ ਜੱਗੂ ਭਗਵਾਨਪੁਰੀਆ ਨੇ ਪੰਜਾਬ ਖਰੀਦ ਨਹੀਂ ਲਿਆ ਹੈ। ਉਹ ਗੈਂਗਸਟਰ ਹੈ ਤੇ ਉਸ ਨੂੰ ਸਰਕਾਰ ਦਾ ਸਮਰਥਨ ਪ੍ਰਾਪਤ ਹੈ। ਉਨ੍ਹਾਂ ਕੋਲ 200-300 ਬੰਦੂਕਧਾਰੀ ਗੁੰਡੇ ਹਨ। ਉਹ ਕਿਸੇ ਨੂੰ ਵੀ ਗੋਲੀ ਮਾਰ ਸਕਦਾ ਹੈ, ਪਰ ਅਸੀਂ ਕਿਸੇ ਤੋਂ ਨਹੀਂ ਡਰਦੇ। ਉਨ੍ਹਾਂ ਨੇ ਪ੍ਰਸ਼ੰਸਕਾਂ ਨੂੰ ਇਹ ਵੀ ਦੱਸਿਆ ਕਿ ਮੂਸੇਵਾਲਾ ਦੇ ਪਿਤਾ ਨੂੰ ਦੋ ਵਾਰ ਧਮਕੀਆਂ ਮਿਲ ਚੁੱਕੀਆਂ ਹਨ। ਤਾਇਆ ਚਮਕੌਰ ਸਿੱਧੂ ਤੇ ਮੂਸੇਵਾਲਾ ਦੇ ਹੋਰ ਪਰਿਵਾਰਕ ਮੈਂਬਰਾਂ ਨੇ ਸਰੋਤਿਆਂ ਨਾਲ ਗੱਲਬਾਤ ਕੀਤੀ।

ਮੂਸੇਵਾਲਾ ਪਰਿਵਾਰ ਨੇ ਪ੍ਰਸ਼ੰਸਕਾਂ ਨੂੰ ਦੱਸਿਆ ਕਿ ਸਿੱਧੂ ਦਾ ਕਾਰੋਬਾਰ ਬਹੁਤ ਵੱਡਾ ਹੈ। ਪਿਤਾ ਬਲਕੌਰ ਸਿੰਘ ਅਤੇ ਮਾਤਾ ਚਰਨ ਕੌਰ ਉਸ ਨੂੰ ਦੇਖਣ ਲਈ ਹੀ ਵਿਦੇਸ਼ ਗਏ ਹੋਏ ਹਨ। ਉਨ੍ਹਾਂ ਨੇ ਸ਼ਨੀਵਾਰ ਨੂੰ ਵਾਪਸ ਆਉਣਾ ਸੀ ਪਰ ਇਸ 'ਚ ਕੁਝ ਦਿਨ ਹੋਰ ਲੱਗ ਗਏ। ਉਨ੍ਹਾਂ ਸੋਸ਼ਲ ਮੀਡੀਆ 'ਤੇ ਧਮਕੀਆਂ ਦੇ ਡਰੋਂ ਵਿਦੇਸ਼ ਜਾਣ ਦੀ ਗੱਲ ਗੱਲ ਕਹਿਣ ਵਾਲਿਆਂ ਨੂੰ ਵੀ ਜਵਾਬ



ਦਿੱਤਾ ਹੈ। ਮੂਸੇਵਾਲਾ ਦੇ ਤਾਇਆ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਧਮਕੀ ਦੇ ਡਰੋਂ ਵਿਦੇਸ਼ ਨਹੀਂ ਗਿਆ ਹੈ। ਉਹ ਮੂਸੇਵਾਲਾ ਦੇ ਬਿਜ਼ਨਸ ਨੂੰ ਦੇਖਣ ਲਈ ਵਿਦੇਸ਼ ਗਏ ਹਨ। ਉਹ ਜਲਦ ਹੀ ਵਾਪਸੀ ਕਰ ਸਕਦੇ ਹਨ।

ਮੂਸੇਵਾਲਾ ਪਰਿਵਾਰ ਨੇ ਸਿੱਧੂ ਦੇ ਮਾਤਾ-ਪਿਤਾ ਨੂੰ ਲਾਰੈਂਸ ਗੈਂਗ ਦੇ ਸ਼ੂਟਰ ਵੱਲੋਂ ਦਿੱਤੀ ਧਮਕੀ ਤੋਂ ਬਾਅਦ ਸੁਰੱਖਿਆ ਵਧਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇੱਥੇ ਹਰ ਰੋਜ਼ ਪ੍ਰਸ਼ੰਸਕ ਆਉਂਦੇ ਹਨ। ਕਿਸੇ ਦੇ ਚਿਹਰੇ 'ਤੇ ਇਹ ਨਹੀਂ ਲਿਖਿਆ ਹੁੰਦਾ ਕਿ ਉਹ ਅੰਦਰੋਂ ਕੀ ਸੋਚ ਰਿਹਾ ਹੈ ? ਇਸ ਲਈ ਉਨ੍ਹਾਂ ਦੀ ਸੁਰੱਖਿਆ ਵਧਾਈ ਜਾਵੇ।

ਚਾਰ ਦਿਨ ਪਹਿਲਾਂ ਲਾਰੈਂਸ ਗੈਂਗ ਦੇ ਸ਼ੂਟਰ ਨੇ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੂੰ ਈ-ਮੇਲ ਰਾਹੀਂ ਧਮਕੀ ਦਿੱਤੀ ਸੀ। ਜਿਸ ਵਿੱਚ ਕਿਹਾ ਗਿਆ ਕਿ ਬਲਕੌਰ ਸਿੰਘ ਨੇ ਜੇ ਆਪਣੀ ਜ਼ੁਬਾਨ ਬੰਦ ਨਾ ਕੀਤੀ ਤਾਂ ਉਨ੍ਹਾਂ ਦਾ ਹਸ਼ਰ ਵੀ ਉਨ੍ਹਾਂ ਦੇ ਪੁੱਤਰ ਮੂਸੇਵਾਲਾ ਵਾਂਗ ਕਰ ਦਿੱਤਾ ਜਾਵੇਗਾ। ਤੁਹਾਡੇ ਪੁੱਤਰ ਨੇ ਸਾਡੇ ਭਰਾਵਾਂ ਨੂੰ ਮਾਰਿਆ ਅਤੇ ਅਸੀਂ ਤੁਹਾਡੇ ਪੁੱਤਰ ਨੂੰ ਮਾਰਿਆ। ਅਸੀਂ ਨਹੀਂ ਭੁੱਲੇ ਮਨਪ੍ਰੀਤ ਮੰਨੂ ਤੇ ਜਗਰੂਪ ਰੂਪਾ ਦਾ ਝੂਠਾ ਮੁਕਾਬਲਾ। ਮੂਸੇਵਾਲਾ ਦੇ ਪਿਤਾ ਨੂੰ ਧਮਕੀ ਦਿੱਤੀ ਗਈ ਕਿ ਉਹ ਲਾਰੈਂਸ ਅਤੇ ਜੱਗੂ ਦੀ ਸੁਰੱਖਿਆ ਬਾਰੇ ਕੁਝ ਨਾ ਕਹਿਣ। ਹਾਲਾਂਕਿ ਮੂਸੇਵਾਲਾ ਦੇ ਪਿਤਾ ਇਸ ਮੁੱਦੇ ਨੂੰ ਵਾਰ-ਵਾਰ ਉਠਾਉਂਦੇ ਰਹੇ ਹਨ।

### ਮਾਮਲਾ ਸੰਦੀਪ ਨੰਗਲ ਅੰਬੀਆ ਕਤਲ ਕਾਂਡ ਦਾ

## ਕੈਨੇਡਾ ਤੇ ਅਮਰੀਕਾ ਵਿਚ ਬੈਠੇ ਤਿੰਨ ਕਬੱਡੀ ਫੈਡਰੇਸ਼ਨਾਂ ਦੇ ਮਾਲਕ ਨਾਮਜ਼ਦ

**ਚੰਡੀਗੜ/ਜਲੰਧਰ/ਏ.ਟੀ.ਨਿਊਜ਼** :- ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆ ਕਤਲ ਕੇਸ ਵਿੱਚ ਪੁਲਿਸ ਨੇ ਪਤਨੀ ਤੇ ਭਰਾ ਦੇ ਬਿਆਨਾਂ 'ਤੇ ਉੱਤਰੀ ਭਾਰਤੀ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸੁਰਜਨ ਚੱਠਾ, ਨੈਸ਼ਨਲ ਕਬੱਡੀ ਫੈਡਰੇਸ਼ਨ ਆਫ ਓਨਟਾਰੀਓ ਦੇ ਪ੍ਰਧਾਨ ਸੁੱਖਾ ਮਾਨ ਅਤੇ ਰਾਇਲ ਕਿੰਗਜ਼ ਕਲੱਬ ਯੂਐਸਏ ਦੇ ਮਾਲਕ ਸ਼ੱਬਾ ਥਿਆੜਾ ਨੂੰ ਨਾਮਜ਼ਦ ਕੀਤਾ ਹੈ।



ਐਫਆਈਆਰ 'ਤੇ ਕਤਲ ਵਿਚ ਸ਼ਾਮਲ ਹੋਣ ਦਾ ਦੋਸ਼ ਹੈ। ਜਦਕਿ ਇਨ੍ਹਾਂ ਫੈਡਰੇਸ਼ਨਾਂ ਦਾ ਕਹਿਣਾ ਹੈ ਕਿ ਸਾਡਾ ਇਸ ਘਟਨਾ ਨਾਲ ਕੋਈ ਸੰਬੰਧ ਨਹੀਂ।

ਐਸਐਸਪੀ ਦੇਹਾਤੀ ਸਵਰਨਦੀਪ ਸਿੰਘ ਨੇ ਦੱਸਿਆ ਕਿ ਸੰਦੀਪ ਨੰਗਲ ਦਾ ਭਰਾ ਅੰਗਰੇਜ਼ ਸਿੰਘ ਤਿੰਨਾਂ ਖ਼ਿਲਾਫ਼ ਪਹਿਲਾਂ ਹੀ ਬਿਆਨ ਦੇ ਚੁੱਕਾ ਹੈ। ਲੰਬੀ ਜਾਂਚ ਤੋਂ ਬਾਅਦ ਸਾਹਮਣੇ ਆਏ ਅਹਿਮ ਤੱਥਾਂ ਤੋਂ ਬਾਅਦ ਤਿੰਨਾਂ ਦਾ ਨਾਂ ਲਿਆ ਗਿਆ ਹੈ। ਪੰਜਾਬ ਪੁਲਿਸ ਤਿੰਨਾਂ ਨੂੰ ਵਿਦੇਸ਼ ਤੋਂ ਭਾਰਤ ਲਿਆਵੇਗੀ। ਦਰਅਸਲ ਇਹ ਸਾਰਾ ਮਾਮਲਾ ਕਬੱਡੀ ਫੈਡਰੇਸ਼ਨ 'ਚ ਭਾਈਵਾਲੀ ਦਾ ਸੀ।

# ਦਰਬਾਰ ਸਾਹਿਬ ਉਪਰ ਫੌਜੀ ਹਮਲੇ ਬਾਰੇ ਪਸ਼ਚਾਤਾਪ ਕਰੇ ਸਰਕਾਰ

## ਸਾਬਕਾ ਡਿਪਟੀ ਕਮਿਸ਼ਨਰ ਰਮੇਸ਼ ਇੰਦਰ ਸਿੰਘ ਨਾਲ ਵਿਸ਼ੇਸ਼ ਮੁਲਾਕਾਤ

ਕਈ ਵਾਰ ਦੇਸ਼ਾਂ ਅਤੇ ਕੌਮਾਂ ਦੇ ਇਤਿਹਾਸ ਵਿਚ ਇਹੋ ਜਿਹੇ ਵੱਡੇ ਵਰਤਾਰੇ ਵਾਪਰਦੇ ਹਨ ਜੋ ਸਦੀਆਂ ਤੱਕ ਚੇਤਿਆਂ ਵਿਚ ਵਸੇ ਰਹਿੰਦੇ ਹਨ। ਅਜਿਹੇ ਵਰਤਾਰੇ ਹਾਂ-ਪੱਖੀ ਵੀ ਹੋ ਸਕਦੇ ਹਨ ਅਤੇ ਨਾਂਹਪੱਖੀ ਵੀ ਹੋ ਸਕਦੇ ਹਨ।ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਸਿੱਖ ਘੱਲੂਘਾਰਾ ਜੂਨ ਚੌਰਾਸੀ ਅੱਜ ਤੱਕ ਪੰਜਾਬੀਆਂ, ਖ਼ਾਸ ਕਰਕੇ ਖਾਲਸਾ ਪੰਥ ਦੇ ਮਨਾਂ ਵਿਚ ਗਹਿਰਾ ਉਤਰਿਆ ਹੋਇਆ ਹੈ। ਭਾਵੇਂ ਇਸ ਘਟਨਾਕ੍ਰਮ ਨੂੰ ਵਾਪਰਿਆਂ 38 ਵਰੇ ਹੋ ਗਏ ਹਨ ਪਰ ਜਦੋਂ ਵੀ ਇਸ ਦੀ ਬਰਸੀ ਆਉਂਦੀ ਹੈ ਤਾਂ ਜ਼ਖ਼ਮ ਮੁੜ ਚਸਕਣ ਲੱਗ ਪੈਂਦੇ ਹਨ। ਸ਼ਾਇਦ ਇਸੇ ਲਈ ਘਲੂਘਾਰਾ ਜੂਨ 84 ਨਾਲ ਸੰਬੰਧਿਤ ਅਨੇਕਾਂ ਪੁਸਤਕਾਂ, ਲੇਖ ਅਤੇ ਕਵਿਤਾਵਾਂ ਲਿਖੀਆਂ ਗਈਆਂ ਹਨ ਅਤੇ ਆਉਣ ਵਾਲੇ ਸਮੇਂ ਵਿਚ ਵੀ ਇਹ ਸਿਲਸਿਲਾ ਜਾਰੀ ਰਹਿਣ ਦੀ ਸੰਭਾਵਨਾ ਹੈ। ਇਸ ਕੜੀ ਵਿਚ ਹੀ ਅੰਗਰੇਜ਼ੀ ਜ਼ਬਾਨ ਵਿਚ ਪ੍ਰਕਾਸ਼ਿਤ ਇਕ ਹੋਰ 553 ਪੰਨਿਆਂ ਦੀ ਨਵੀਂ ਪੁਸਤਕ ਟਰਮ ਆਇਲ ਇਨ ਪੰਜਾਬ ਬੀਫੋਰ ਅਐਂਡ ਆਫਟਰ ਬਲਿਊ ਸਟਾਰ ਸਾਹਮਣੇ ਆਈ ਹੈ। ਇਸ ਪੁਸਤਕ ਦੇ ਲੇਖਕ ਪੰਜਾਬ ਦੇ ਸਾਬਕਾ ਸੀਨੀਅਰ ਆਈ. ਐਸ. ਅਧਿਕਾਰੀ ਰਮੇਸ਼ ਇੰਦਰ ਸਿੰਘ ਹਨ, ਜੋ ਘੱਲੂਘਾਰੇ ਸਮੇਂ ਅੰਮ੍ਰਿਤਸਰ ਵਿਚ ਡਿਪਟੀ ਕਮਿਸ਼ਨਰ ਵਜੋਂ ਤਾਇਨਾਤ ਸਨ, ਪਿਛਲੇ ਦਿਨੀਂ ਉਨਾਂ ਨੇ ਇਸ ਘੱਲੂਘਾਰੇ ਬਾਰੇ ਪੁਸਤਕ ਲਿਖੀ ਸੀ। ਪੇਸ਼ ਹਨ ਉਨਾਂ ਨਾਲ ਉਕਤ ਪੁਸਤਕ ਦੇ ਸੰਦਰਭ ਵਿਚ ਹੋਈ ਮੁਲਾਕਾਤ ਦੇ ਕੁਝ ਅਹਿਮ ਅੰਸ਼ :

*ਤੁਹਾਡੇ ਵਿਚਾਰ ਅਨੁਸਾਰ ਘੱਲੂਘਾਰਾ ਜੂਨ 84 ਤੱਕ ਹਾਲਾਤ ਕਿਉਂ ਪਹੁੰਚੇ ?

-ਪੰਜਾਬ ਦੇ ਕੁਝ ਰਾਜਨੀਤਕ, ਧਾਰਮਿਕ ਤੇ ਸਮਾਜਿਕ ਮਸਲੇ ਸਨ, ਜਿਨਾਂ ਨੂੰ ਸਮੇਂ ਸਿਰ ਨਹੀਂ ਸੁਲਝਾਇਆ ਗਿਆ। ਇਸ ਕਾਰਨ ਪੰਜਾਬ ਦੇ ਲੋਕਾਂ ਖ਼ਾਸ ਕਰ ਕੇ ਸਿੱਖ ਪੰਥ ਵਿਚ ਨਾਰਾਜ਼ਗੀ ਪਾਈ ਜਾ ਰਹੀ ਸੀ। ਅੰਮ੍ਰਿਤਸਰ ਵਿਚ ਵਾਪਰੇ ਨਿਰੰਕਾਰੀ ਕਾਂਡ, ਜਿਸ ਵਿਚ ਅਨੇਕਾਂ ਸਿੱਖਾਂ ਦਾ ਜਾਨੀ ਨੁਕਸਾਨ ਹੋਇਆ ਸੀ, ਨਾਲ ਜਿਸ ਤਰਾਂ ਸਿਆਸੀ ਅਤੇ ਨਿਆਂਇਕ ਪੱਧਰ 'ਤੇ ਨਿਪਟਿਆ ਗਿਆ, ਉਸ ਨਾਲ ਸਿੱਖ ਭਾਈਚਾਰੇ ਵਿਚ ਨਰਾਜ਼ਗੀ ਤੇ ਰੋਸ ਹੋਰ ਵਧਿਆ। ਦਰਿਆਈ ਪਾਣੀਆਂ ਦੀ ਵੰਡ ਸੰਬੰਧੀ ਕੇਂਦਰ ਵਲੋਂ ਦਰਬਾਰਾ ਸਿੰਘ ਦੀ ਸਰਕਾਰ ਸਮੇਂ ਕੀਤੇ






ਗਏ ਇਕ ਹੋਰ ਅਨਿਆਂਕਾਰੀ ਸਮਝੌਤੇ ਨੇ ਸਥਿਤੀ ਨੂੰ ਹੋਰ ਭੜਕਾਇਆ, ਜਿਸ ਕਾਰਨ ਪਹਿਲਾਂ ਕਪੂਰੀ ਵਿਚ ਤੇ ਬਾਅਦ ਵਿਚ ਅੰਮ੍ਰਿਸਰ ਹਰਿਮੰਦਰ ਸਾਹਿਬ ਤੋਂ ਧਰਮ ਯੁੱਧ ਮੋਰਚਾ ਸ਼ੁਰੂ ਹੋਇਆ। ਧਰਮ ਯੁੱਧ ਮੋਰਚੇ ਦੌਰਾਨ ਕੇਂਦਰ ਸਰਕਾਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵਿਚਕਾਰ ਅਨੇਕਾਂ ਮੀਟਿੰਗਾਂ ਹੋਈਆਂ। ਪਰ ਮੋਰਚੇ ਦੀਆਂ ਮੰਗਾਂ ਸੰਬੰਧੀ ਸੰਬੰਧਿਤ ਧਿਰਾਂ ਕਿਸੇ ਸਮਝੌਤੇ ਤੱਕ ਪਹੁੰਚਣ ਵਿਚ ਨਾਕਾਮ ਰਹੀਆਂ।ਇਨਾਂ ਸਾਰੀਆਂ ਸਥਿਤੀਆਂ ਨੇ ਘੱਲੂਘਾਰਾ 84 ਲਈ ਹਾਲਾਤ ਪੈਦਾ ਕੀਤੇ। ਇਸ ਸੰਬੰਧੀ ਮੈਂ ਆਪਣੀ ਉਕਤ ਪੁਸਤਕ ਵਿਚ ਵਿਸਥਾਰਪੂਰਵਕ ਚਰਚਾ ਕੀਤੀ ਹੈ।

*ਕੀ ਸਥਿਤੀਆਂ ਨੂੰ ਇਸ ਹੱਦ ਤੱਕ ਪਹੁੰਚਣ ਤੋਂ ਪਹਿਲਾਂ ਕੁਝ ਠੋਸ ਕਦਮ ਉਠਾਏ ਜਾ ਸਕਦੇ ਸਨ ?

-ਬਿਲਕੁਲ, ਜੇਕਰ ਕੇਂਦਰ ਸਰਕਾਰ, ਸ਼੍ਰੋਮਣੀ ਅਕਾਲੀ ਦਲ ਤੇ ਹੋਰ ਸੰਬੰਧਿਤ ਧਿਰਾਂ ਸੁਹਿਰਦਤਾ ਨਾਲ ਧਰਮ ਯੁੱਧ ਮੋਰਚੇ ਦੀਆਂ ਮੰਗਾਂ ਸੰਬੰਧੀ ਕਿਸੇ ਸਹਿਮਤੀ 'ਤੇ ਪਹੁੰਚਣ ਲਈ ਯਤਨ ਕਰਦੀਆਂ ਤਾਂ ਹਾਲਾਤ ਨੂੰ ਅਜਿਹਾ ਮੋੜ ਲੈਣ ਤੋਂ ਰੋਕਿਆ ਜਾ ਸਕਦਾ ਸੀ।

* ਕੀ ਸਾਕਾ ਨੀਲਾ ਤਾਰਾ ਦਾ ਕੋਈ ਬਦਲ ਹੋ ਸਕਦਾ ਸੀ ?

-ਮੇਰੇ ਵਿਚਾਰ ਅਨੁਸਾਰ ਜੇਕਰ ਸ੍ਰੀ ਦਰਬਾਰ ਸਾਹਿਬ ਸਮੂਹ ਵਿਚੋਂ ਕੇਂਦਰ ਸਰਕਾਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਨਾਂ ਦੇ ਸਾਥੀਆਂ ਨੂੰ ਬਾਹਰ ਕੱਢਣਾ ਹੀ ਚਾਹੁੰਦੀ ਸੀ ਤਾਂ ਜਿਸ ਤਰਾਂ ਬਾਅਦ ਵਿਚ ਆਪ੍ਰੇਸ਼ਨ ਬਲੈਕ ਥੰਡਰ ਸਮੇਂ ਨਾਕਾਬੰਦੀ ਕਰਕੇ ਕੁਝ ਲੋਕਾਂ ਨੂੰ ਬਾਹਰ ਨਿਕਲਣ ਲਈ ਮਜਬੂਰ ਕੀਤਾ ਗਿਆ ਸੀ, ਇਸੇ ਤਰਾਂ ਦੇ ਯਤਨ ਫੌਜੀ ਹਮਲੇ ਤੋਂ ਪਹਿਲਾਂ ਵੀ ਕੀਤੇ ਜਾ ਸਕਦੇ ਸਨ। ਅੰਦਰ ਫ਼ੌਜ ਭੇਜ ਕੇ ਇਸ ਮਸਲੇ ਨੂੰ ਹੱਲ ਕਰਨਾ ਕੋਈ ਸਿਆਣਾ ਤੇ ਸੁਚੱਜਾ ਫ਼ੈਸਲਾ ਨਹੀਂ ਸੀ। ਇਸ ਉਦੇਸ਼ ਨੂੰ ਪ੍ਰਾਪਤ ਕਰਨ ਦੇ ਹੋਰ ਵੀ ਕਈ ਰਸਤੇ ਹੋ ਸਕਦੇ ਸਨ।

* ਇਸ ਦੁਖਾਂਤ ਲਈ ਵਧੇਰੇ ਦੋਸ਼ ਤੁਸੀਂ ਕੇਂਦਰ ਸਰਕਾਰ ਅਤੇ ਸੰਬੰਧਿਤ ਅੰਦੋਲਨਕਾਰੀ ਧਿਰਾਂ ਵਿਚੋਂ ਕਿਸ ਨੂੰ ਦਿੰਦੇ ਹੋ ?

-ਗ਼ਲਤੀਆਂ ਤਾਂ ਸੰਬੰਧਿਤ ਸਾਰੀਆਂ ਧਿਰਾਂ ਨੇ ਕੀਤੀਆਂ ਹਨ। ਪਰ ਮੈਨੂੰ ਵੱਡੀ ਧਿਰ ਕੇਂਦਰ ਸਰਕਾਰ ਵਧੇਰੇ ਜ਼ਿੰਮੇਵਾਰ ਲੱਗਦੀ ਹੈ। ਉਸ ਕੋਲ ਵਧੇਰੇ ਸਾਧਨ ਅਤੇ ਸਮਰੱਥਾ ਸੀ।ਉਹ ਸਥਿਤੀ ਨੂੰ ਕੋਈ ਸੁਖਾਵਾਂ ਮੋੜ ਦੇਣ ਵਿਚ ਵੀ ਸਫਲ ਹੋ ਸਕਦੀ ਸੀ।

* ਪੰਜਾਬ ਅਤੇ ਦੇਸ਼ ਲਈ ਇਸ ਦੁਖਾਂਤ ਦੇ ਸਬਕ ਕੀ ਹਨ ?

-ਮੇਰੇ ਵਿਚਾਰ ਅਨੁਸਾਰ ਅਹਿਮ ਕੌਮੀ ਸੂਬਾਈ ਮਸਲਿਆਂ ਨੂੰ 'ਸਟੇਟਸਮੈਨਸ਼ਿਪ' ਦੀ ਭਾਵਨਾ ਨਾਲ ਸਮੇਂ ਸਿਰ ਹੱਲ ਕੀਤਾ ਜਾਣਾ ਚਾਹੀਦਾ ਹੈ। ਜੇਕਰ ਸਿਆਸੀ ਮੁਫ਼ਾਦਾਂ ਜਾਂ ਕੁਝ ਹੋਰ ਕਾਰਨਾਂ ਕਰਕੇ ਅਜਿਹੇ ਮਸਲੇ ਅਣਮਿੱਥੇ ਸਮੇਂ ਲਈ ਲਟਕਾਏ ਜਾਂਦੇ ਹਨ ਜਾਂ ਇਸ ਸੰਬੰਧੀ ਸੌੜੀ ਸੋਚ ਧਾਰਨ ਕੀਤੀ ਜਾਂਦੀ ਹੈ ਤਾਂ ਅਖ਼ੀਰ ਵਿਚ ਵੱਡੇ ਦੁਖਾਂਤ ਹੀ ਵਾਪਰਦੇ ਹਨ। ਇਹ ਹੀ ਇਸ ਦੇਸ਼ ਲਈ ਅਤੇ ਪੰਜਾਬ ਲਈ ਵੱਡਾ ਸਬਕ ਹੈ। ਆਉਣ ਵਾਲੇ ਸਮੇਂ ਵਿਚ ਇਸ ਸਬਕ ਨੂੰ ਸਾਰੀਆਂ ਧਿਰਾਂ ਨੂੰ ਆਪਣੇ ਜ਼ਿਹਨ ਵਿਚ ਰੱਖਣਾ ਚਾਹੀਦਾ ਹੈ।

*ਜੂਨ 84 ਅਤੇ ਉਸ ਤੋਂ ਬਾਅਦ 1984 ਵਿਚ ਹੋਏ ਸਿੱਖ ਕਤਲੇਆਮ ਕਾਰਨ ਅੱਜ ਵੀ ਸਿੱਖਾਂ ਦੇ ਇਕ ਵੱਡੇ ਹਿੱਸੇ ਦੇ ਮਨ ਵਿਚ ਰੋਹ ਤੇ ਰੋਸ ਹੈ। ਇਸ ਦੀ ਭਰਪਾਈ ਕਿਵੇਂ ਹੋ ਸਕਦੀ ਹੈ ?

-ਇਸ ਸੰਬੰਧੀ ਦੱਖਣੀ ਅਫ਼ਰੀਕਾ ਦੀ ਤਰਜ਼ 'ਤੇ 'ਟਰੁੱਥ ਐਂਡ ਰੀਕੌਂਸੀਲੇਸ਼ਨ ਕਮਿਸ਼ਨ' ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ। ਘੱਲੂਘਾਰਾ 84 ਤੋਂ ਪਹਿਲਾਂ ਅਤੇ ਬਾਅਦ ਦੇ ਸਾਰੇ ਘਟਨਾਕ੍ਰਮ ਦੀ ਨਿਰਪੱਖ ਪੜਚੋਲ ਕਰਕੇ ਰਿਪੋਰਟ ਤਿਆਰ ਕੀਤੀ ਜਾਣੀ ਚਾਹੀਦੀ ਹੈ ਅਤੇ ਉਸ ਦੇ ਆਧਾਰ 'ਤੇ ਜਿਨਾਂ ਲੋਕਾਂ ਦਾ ਇਸ ਦੌਰਾਨ ਭਾਰੀ ਨੁਕਸਾਨ ਹੋਇਆ ਹੈ, ਉਨਾਂ ਨੂੰ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਕੌਮੀ ਪੱਧਰ 'ਤੇ ਵੀ ਇਸ ਦੁਖਾਂਤ ਲਈ ਪਸ਼ਚਾਤਾਪ ਹੋਣਾ ਚਾਹੀਦਾ ਹੈ ਤੇ ਸਪੱਸ਼ਟ ਰੂਪ ਵਿਚ ਮੁਆਫ਼ੀ ਮੰਗੀ ਜਾਣੀ ਚਾਹੀਦੀ ਹੈ।

---

# ਕਦੋਂ ਮੁੱਕੇਗੀ ਪੰਜਾਬੀਆਂ ਲਈ ਕੈਨੇਡਾ ਦੇ ਹਵਾਈ ਸਫਰ ਬਾਬਤ ਖੱਜਲ-ਖੁਆਰੀ



**ਸਮੀਪ ਸਿੰਘ ਗੁਮਟਾਲਾ**

ਬੀਤੀ 2 ਸਤੰਬਰ ਨੂੰ ਜਰਮਨੀ ਦੀ ਏਅਰਲਾਈਨ ਲੁਫਥਾਂਸਾ ਦੇ ਪਾਇਲਟਾਂ ਦੀ ਹੜਤਾਲ਼ ਕਾਰਨ ਉਨਾਂ ਦੀਆਂ ਦੁਨੀਆਂ ਭਰ ਵਿੱਚ ਉਡਾਣਾਂ ਰੱਦ ਹੋਈਆਂ। ਲੁਫਥਾਂਸਾ ਨੇ ਜਰਮਨੀ ਦੇ ਸ਼ਹਿਰਾਂ ਫਰੈਂਕਫਰਟ ਅਤੇ ਮਿਊਨਿਕ ਸਥਿਤ ਆਪਣੇ ਹੱਬ ਤੋਂ ਲਗਭਗ 800 ਉਡਾਣਾਂ ਰੱਦ ਕਰ ਦਿੱਤੀਆਂ, ਜਿਸ ਕਾਰਨ ਅੰਦਾਜ਼ਨ 130,000 ਯਾਤਰੀ ਪ੍ਰਭਾਵਿਤ ਹੋਏ। ਦਿੱਲੀ ਤੋਂ ਵੀ ਲੁਫਥਾਸਾਂ ਦੀ ਫਰੈਂਕਫਰਟ ਅਤੇ ਮਿਉਨਿਕ ਜਰਮਨੀ ਲਈ ਉਡਾਣ ਰੱਦ ਹੋਣ ਕਾਰਣ ਤਕਰੀਬਨ 700 ਯਾਤਰੀ ਪ੍ਰਭਾਵਿਤ ਹੋਏ।

ਇਸ ਸੰਬੰਧੀ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਵਿਦੇਸ਼ ਮਾਮਲਿਆਂ ਦੇ ਸਕੱਤਰ ਸਮੀਪ ਸਿੰਘ ਗੁਮਟਾਲਾ ਨੇ ਜਾਣਕਾਰੀ ਦਿੱਤੀ ਕਿ ਉਡਾਣਾਂ ਰੱਦ ਹੋਣ ਤੋਂ ਬਾਦ ਦਿੱਲੀ ਹਵਾਈ ਅੱਡੇ 'ਤੇ ਜਦ ਮਾਹੌਲ ਬਹੁਤ ਤਲਖ ਹੋ ਗਿਆ ਤਾਂ ਟੀ ਵੀ ਚੈਨਲਾਂ ਅਤੇ ਸੋਸਲ ਮੀਡੀਆ ਤੇ ਵਿਖਾਏ ਜਾ ਰਹੀਆਂ ਤਸਵੀਰਾਂ ਅਤੇ ਵੀਡੀਓ ਵਿੱਚ ਯਾਤਰੀਆਂ ਦੀ ਬਹੁਤਾਤ ਗਿਣਤੀ ਪੰਜਾਬੀਆਂ ਅਤੇ ਖਾਸ ਕਰਕੇ ਵਿਦਿਆਰਥੀਆਂ ਦੀ ਦੇਖੀ ਗਈ ਜਿਸ ਵਿੱਚ ਏਅਰਪੋਰਟ ਦੇ ਬਾਹਰ ਨਾਅਰੇਬਾਜੀ ਕਰਦੇ ਉਨਾਂ ਦੇ ਰਿਸ਼ਤੇਦਾਰ ਵੀ ਸਨ।

ਗੁਮਟਾਲਾ ਨੇ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਇਨੀਸ਼ੀਏਟਿਵ ਵਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਕਿ ਦੇਸ਼ ਦੀ ਰਾਜਧਾਨੀ ਦਿੱਲੀ ਦੇ ਹਵਾਈ ਅੱਡਾ ਤੋਂ ਕੈਨੇਡਾ ਤੇ ਹੋਰਨਾਂ ਕਈ ਮੁਲਕਾਂ ਲਈ 50 ਪ੍ਰਤੀਸ਼ਤ ਤੋਂ ਵੱਧ ਅੰਤਰਰਾਸ਼ਟਰੀ ਯਾਤਰੀ ਪੰਜਾਬ ਤੋਂ ਹੁੰਦੇ ਹਨ। ਇਕ ਵਾਰ ਫਿਰ ਇਹ ਸਿੱਧ ਹੋ ਗਿਆ, ਖਾਸ ਕਰਕੇ ਕੈਨੇਡਾ ਲਈ ਦਿੱਲੀ ਤੋਂ ਜਾਣ ਵਾਲੇ ਯਾਤਰੀਆਂ ਦੀ ਬਹੁਤਾਤ (70 ਤੋਂ 80 ਪ੍ਰਤੀਸ਼ਤ) ਗਿਣਤੀ ਪੰਜਾਬ ਤੋਂ ਹੈ। ਇਹੀ ਨਹੀਂ ਇਨਾਂ ਰੱਦ ਹੋਈਆਂ ਉਡਾਣਾਂ ਦੇ ਯਾਤਰੀ ਵੱਡੀ ਗਿਣਤੀ ਵਿੱਚ ਅੰਮ੍ਰਿਤਸਰ ਤੋਂ ਵਿਸਤਾਰਾ, ਏਅਰ ਇੰਡੀਆ ਦੀ ਅੰਮ੍ਰਿਤਸਰ ਤੋਂ ਉਡਾਣ ਲੈ ਕੇ ਦਿੱਲੀ ਪਹੁੰਚੇ ਸਨ।

ਉਨਾਂ ਦੱਸਿਆ ਕਿ ਕੈਨੇਡਾ ਲਈ ਅਗਸਤ ਅਤੇ ਸਤੰਬਰ ਮਹੀਨੇ ਦੀਆਂ ਟਿਕਟਾਂ ਨਹੀਂ ਮਿਲ ਰਹੀਆਂ ਕਿਉਂਕਿ ਕੈਨੇਡਾ ਲਈ ਹਜਾਰਾਂ ਦੀ ਗਿਣਤੀ ਵਿਚ ਪ੍ਰਵਾਸ ਕਰ ਰਹੇ ਵਿਦਿਆਰਥੀਆਂ ਦੀਆਂ ਅਗਸਤ ਜਾਂ ਸਤੰਬਰ ਮਹੀਨੇ ਵਿੱਚ ਕਲਾਸਾਂ ਸ਼ੁਰੂ ਹੁੰਦੀਆਂ ਹਨ। ਉਹਨਾਂ ਨੇ ਇਕ ਪਾਸੇ ਜਾਣ ਦੀ ਟਿਕਟ 'ਤੇ 2 ਤੋਂ 3 ਲੱਖ ਰੁਪਏ ਖ਼ਰਚੇ ਹਨ। ਸਿੱਧੀਆਂ ਉਡਾਣਾਂ ਦੀ ਇਕ ਪਾਸੇ ਦੀ 3 ਲੱਖ ਦੀ ਇਕਾਨਮੀ ਕਲਾਸ ਦੀ ਟਿਕਟ ਕੋਵਿਡ ਤੋਂ ਪਹਿਲਾਂ ਬਿਜਨਸ ਕਲਾਸ ਦੀ ਆਓਣ ਜਾਣ ਦੇ ਕਿਰਾਏ ਦੀ ਟਿਕਟ ਨੂੰ ਵੀ ਮਾਤ ਦੇ ਗਈ ਹੈ।

ਕੋਵਿਡ ਦੋਰਾਨ ਜੱਦ ਤਾਲਾਬੰਦੀ ਤੋਂ ਬਾਦ ਕੈਨੇਡਾ ਦੇ ਹਜਾਰਾਂ ਵਾਸੀ ਪੰਜਾਬ ਫਸ ਗਏ ਤਾਂ ਉਨਾਂ ਨੂੰ ਵਾਪਸ ਜਾਣ ਲਈ 3500 ਤੋਂ 5000 ਡਾਲਰ ਤੱਕ ਖਰਚਣੇ ਪਏ ਸਨ। ਉਸ ਉਪਰੰਤ ਮੁੜ ਪਾਬੰਦੀਆਂ ਕਾਰਨ ਕੁੱਝ ਹੀ ਉਡਾਣਾਂ ਦੂਜੇ ਮੁਲਕਾਂ ਰਾਹੀਂ ਉਪਲੱਬਧ ਸਨ ਅਤੇ ਉਦੋਂ ਵੀ ਪੰਜਾਬੀ ਦੂਜੇ ਮੁਲਕਾਂ ਰਾਹੀਂ ਖੱਜਲ-ਖੁਆਰ ਹੋ ਕੇ ਜਾ ਰਹੇ ਸਨ।

ਕੁੱਝ ਮਹੀਨੇ ਪਹਿਲਾਂ ਅੰਮ੍ਰਿਤਸਰ ਤੋਂ ਮੁੜ ਸ਼ੁਰੂ ਹੋਈ ਸਕੂਟ ਵੱਲੋਂ ਅੰਮ੍ਰਿਤਸਰ - ਸਿੰਗਾਪੁਰ ਉਡਾਣ ਨੂੰ ਆਪਣੀ ਭਾਈਵਾਲ ਸਿੰਗਾਪੁਰ ਏਅਰ ਦੀ ਸਿੰਗਾਪੁਰ-ਵੈਨਕੂਵਰ ਉਡਾਣਾਂ ਨਾਲ ਜੋੜਿਆ ਗਿਆ ਹੈ। ਇਸ ਦੀਆਂ ਵੈਨਕੂਵਰ ਉਡਾਣ ਲਈ ਅਗਸਤ-ਸਤੰਬਰ ਮਹੀਨੇ ਦੀਆਂ ਸਾਰੀਆਂ ਟਿਕਟਾਂ ਜੁਲਾਈ ਮਹੀਨੇ ਦੇ ਸ਼ੁਰੂ ਵਿੱਚ ਹੀ ਵਿੱਕ ਗਈਆਂ ਸਨ।

ਗੁਮਟਾਲਾ ਨੇ ਨਿਰਾਸ਼ਾ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਤੋਂ ਯਾਤਰੀਆਂ ਦੀ ਇੰਨੀ ਵੱਡੀ ਗਿਣਤੀ ਹੋਣ ਅਤੇ ਮਹਿੰਗੀਆਂ ਟਿਕਟਾਂ ਖਰੀਦਣ ਦੇ ਬਾਵਜੂਦ ਵੀ ਏਅਰ ਇੰਡੀਆ ਜਾਂ ਏਅਰ ਕੈਨੇਡਾ ਨੇ ਅੰਮ੍ਰਿਤਸਰ ਤੋਂ ਟੋਰਾਂਟੋ ਜਾਂ ਵੈਨਕੂਵਰ ਲਈ ਸਿੱਧੀਆਂ ਉਡਾਣਾਂ ਦੀ ਮੰਗ ਨੂੰ ਹਾਲੇ ਪੂਰਾ ਨਹੀਂ ਕੀਤਾ। ਉਨਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੀ ਅੰਮ੍ਰਿਤਸਰ ਤੋਂ ਉਡਾਣਾਂ ਸ਼ੁਰੂ ਕਰਵਾਉਣ ਲਈ ਉਪਰਾਲੇ ਨਹੀਂ ਕਰ ਰਹੀ।

ਕੋਵਿਡ ਤੋਂ ਪਹਿਲਾਂ ਸਤੰਬਰ 2019 ਵਿੱਚ ਜੱਦ ਏਅਰ ਕੈਨੇਡਾ ਦੇ ਅਧਿਕਾਰੀਆਂ ਨਾਲ ਸਾਡੀ ਗੱਲਬਾਤ ਹੋਈ ਸੀ ਤਾਂ ਉਹ ਪੁੱਛਦੇ ਸੀ ਕਿ ਪੰਜਾਬ ਤੋਂ ਬਿਜਨਸ ਕਲਾਸ ਸਵਾਰੀ ਕਿੰਨੀ ਮਿਲੇਗੀ, ਕਈ ਏਵੀਏਸ਼ਨ ਦੇ ਮਾਹਰ ਵੀ ਲਿਖਦੇ ਹੁੰਦੇ ਸੀ ਕਿ ਪੰਜਾਬ ਤੋਂ ਪੂਰੇ ਸਾਲ ਦੀ ਬਜਾਏ ਕੁੱਝ ਮਹੀਨਿਆਂ ਲਈ ਟ੍ਰੈਫ਼ਿਕ ਹੁੰਦੀ ਹੈ, ਕਈ ਕਹਿੰਦੇ ਸਨ ਅਤੇ ਹਾਲੇ ਵੀ ਕਹਿ ਰਹੇ ਹਨ ਕਿ ਬਾਕੀ ਮਹੀਨਿਆਂ ਵਿੱਚ ਮੁਨਾਫ਼ਾ ਘੱਟ ਹੁੰਦਾ ਹੈ।

ਸਤੰਬਰ 2019 ਅਤੇ ਮਈ 2022 ਵਿੱਚ ਏਅਰ ਕੈਨੇਡਾ ਦੇ ਅਧਿਕਾਰੀਆਂ ਨਾਲ ਹੋਈ ਮੀਟਿੰਗ ਵਿੱਚ ਅਸੀਂ ਮੁੜ ਇਹ ਅੰਕੜੇ ਪੇਸ਼ ਕੀਤੇ ਕਿ ਪੰਜਾਬੀ ਸਿੱਧੀਆਂ ਉਡਾਣਾਂ ਨੂੰ ਬਹੁਤ ਤਰਜੀਹ ਦੇ ਰਹੇ ਹਨ ਅਤੇ ਇਨਾਂ ਵੱਧ ਕਿਰਾਇਆ ਵੀ ਖਰਚ ਰਹੇ ਹਨ। ਅਸੀਂ ਇਹ ਵੀ ਬੇਨਤੀ ਕੀਤੀ ਸੀ ਕਿ ਸਰਦੀਆਂ ਦੇ ਮੌਸਮ ਦੌਰਾਨ ਅਕਤੂਬਰ ਤੋਂ ਮਾਰਚ ਦੇ ਅਖੀਰ ਤੱਕ ਉਡਾਣਾਂ ਸ਼ੁਰੂ ਕਰ ਦਵੋ ਜਿਵੇਂ ਉਨਾਂ ਪਹਿਲਾਂ ਦਿੱਲੀ ਅਤੇ ਮੁੰਬਈ ਲਈ ਕੀਤਾ ਸੀ ਪਰ ਹਾਲੇ ਤੱਕ ਇਹ ਮੰਗ ਪੂਰੀ ਨਹੀਂ ਹੋਈ।

ਇਸ ਸਭ ਤੋਂ ਇਹ ਸਿੱਧ ਹੁੰਦਾ ਹੈ ਕਿ ਇਨਾਂ ਦੋਨਾਂ ਏਅਰਲਾਈਨਾਂ ਨੂੰ ਪਤਾ ਹੈ ਕਿ ਇਨਾਂ ਪੰਜਾਬ ਵਾਲਿਆਂ ਨੂੰ ਮਜਬੂਰੀ ਵੱਸ ਦਿੱਲੀ ਤੋਂ ਹੀ ਜਾਣਾ ਪੈਣਾ। ਭਾਰਤ ਸਰਕਾਰ ਵੀ ਦੂਜੇ ਮੁਲਕਾਂ ਦੀਆਂ ਏਅਰਲਾਈਨ ਨੂੰ ਹਵਾਈ ਸਮਝੋਤਿਆਂ ਵਿੱਚ ਅੰਮ੍ਰਿਤਸਰ ਲਈ ਉਡਾਣਾਂ ਸ਼ੁਰੂ ਕਰਨ ਦੀ ਇਜਾਜ਼ਤ ਨਹੀਂ ਦੇ ਰਹੀ, ਜਿਵੇਂ ਕਿ ਯੂਏਈ, ਕੂਵੇਤ, ਓਮਾਨ, ਇਟਲੀ, ਜਰਮਨੀ ਆਦਿ। ਹਾਲ ਹੀ ਵਿੱਚ ਯੂਏਈ ਨੇ ਭਾਰਤ ਸਰਕਾਰ ਨੂੰ ਅੰਮ੍ਰਿਤਸਰ ਸਮੇਤ ਭਾਰਤ ਦੇ 6 ਹੋਰਨਾਂ ਹਵਾਈ ਅੱਡਿਆਂ ਲਈ ਐਮੀਰੇਟਜ ਅਤੇ ਫਲਾਈ ਦੁਬਈ ਨੂੰ ਇਜਾਜਤ ਦੇਣ ਦੀ ਮੰਗ ਕੀਤੀ ਹੈ ਪਰ ਸਰਕਾਰ ਦਾ ਫੈਸਲਾ ਨਾ-ਪੱਖੀ ਹੀ ਰਿਹਾ ਹੈ। ਇਸ ਕਾਰਨ ਉਹ ਉਡਾਣਾਂ ਸ਼ੁਰੂ ਨਹੀਂ ਕਰ ਸਕਦੇ। ਇਸ ਕਾਰਨ ਵੀ ਪੰਜਾਬੀਆਂ ਨੂੰ ਦਿੱਲੀ ਜਾਣ ਲਈ ਮਜਬੂਰ ਹੋਣਾ ਪੈਂਦਾ।

ਜੇਕਰ ਅਸੀਂ ਘੱਟੋ ਘੱਟ ਦੋ ਦੋ ਲੱਖ ਵੀ ਇਕ ਟਿਕਟ ਦਾ ਲਾਈਏ, ਤਾਂ ਸਿਰਫ 300 ਯਾਤਰੀਆਂ ਦੀ ਇਕ ਪਾਸੇ ਦੀ ਉਡਾਣ ਦੇ 6 ਕਰੋੜ ਰੁਪਏ ਬਣਦੇ ਹਨ। ਇਨਾਂ 2 ਉਡਾਣਾਂ ਲਈ ਹੀ ਪੰਜਾਬੀਆਂ ਨੇ ਤਕਰੀਬਨ 10 ਤੋਂ 12 ਕਰੋੜ ਖ਼ਰਚਿਆਂ ਹੋਵੇਗਾ। ਇਸ ਤੋਂ ਅੰਦਾਜਾ ਲਗਾਇਆ ਜਾ ਸਕਦਾ ਕਿ ਇਹ ਏਅਰਲਾਈਨਾਂ ਪੰਜਾਬੀਆਂ ਤੋਂ ਲੱਖਾਂ ਡਾਲਰ ਕਮਾ ਰਹੀਆਂ। ਪਰ ਜਦ ਅਸੀਂ ਏਅਰ ਕੈਨੇਡਾ ਨਾਲ ਗੱਲ ਕੀਤੀ ਸੀ ਤਾਂ ਇਹ ਵੀ ਕਿਹਾ ਗਿਆ ਕਿ ਬਹੁਤ ਮੁਸ਼ਕਿਲ ਨਾਲ ਅਸੀਂ ਦਿੱਲੀ ਦੀਆਂ ਉਡਾਣਾਂ ਦਾ ਖਰਚਾ ਪੂਰਾ ਕਰਦੇ ਹਾਂ।

ਗੁਮਟਾਲਾ ਨੇ ਚਿੰਤਾ ਪ੍ਰਗਟ ਕੀਤੀ ਕਿ ਪੰਜਾਬ ਦਾ ਨੌਜਵਾਨ ਹੁਣ 12 ਜਮਾਤਾਂ ਕਰਕੇ ਹੀ ਕੈਨੇਡਾ ਨੂੰ ਜਾਣ ਲਈ ਇੰਨਾ ਉਤਸੁਕ ਹੈ ਕਿ 3 ਲੱਖ ਤੋਂ ਵੱਧ ਦੀਆਂ ਟਿਕਟਾਂ ਵੀ ਇਨਾਂ ਨੂੰ ਨਹੀਂ ਰੋਕ ਰਹੀਆਂ। ਵਿਦਿਆਰਥੀਆਂ ਦੀ ਲਗਾਤਾਰ ਵੱਧ ਰਹੀ ਗਿਣਤੀ ਨਾਲ ਤੇ ਇੰਜ ਜਾਪਦਾ ਜਿਵੇਂ 12ਵੀਂ ਤੱਕ ਦੇ ਸਕੂਲਾਂ ਦੇ ਵਿਦਿਆਰਥੀ ਹੀ ਰਹਿ ਗਏ ਹਨ, ਬਾਕੀ ਕਾਲਜਾਂ ਅਤੇ ਯੂਨੀਵਰਸਿਟੀ ਵਾਲੇ ਸਭ ਕੈਨੇਡਾ, ਆਸਟ੍ਰੇਲੀਆ ਲਈ ਪ੍ਰਵਾਸ ਕਰ ਰਹੇ ਹਨ।

ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਵੱਲੋਂ ਉਡਾਣਾਂ ਸ਼ੁਰੂ ਕਰਵਾਉਣ ਲਈ ਲਗਾਤਾਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਅੰਕੜੇ, ਫੋਟੋਆਂ ਆਦਿ ਨੂੰ ਅਸੀਂ ਹੁਣ ਇਕੱਠੇ ਕਰਕੇ ਮੁੜ ਏਅਰ ਕੈਨੇਡਾ, ਏਅਰ ਇੰਡੀਆ ਏਅਰਲਾਈਨ ਤੱਕ ਭੇਜਾਂਗੇ। ਸਾਨੂੰ ਏਅਰ ਇੰਡੀਆ ਜੋ ਕਿ ਹੁਣ ਨਵੇਂ ਜਹਾਜ ਲੈਣ ਦੀ ਗੱਲ ਵੀ ਕਹਿ ਰਹੀ ਹੈ ਤੋਂ ਭਵਿੱਖ ਵਿੱਚ ਇਨਾਂ ਉਡਾਣਾਂ ਸ਼ੁਰੂ ਕੀਤੇ ਜਾਣ ਦੀ ਆਸ ਹੈ। ਸਾਡੀ ਕੈਨੇਡਾ ਦੇ ਸੰਸਦ ਮੈਂਬਰਾਂ, ਪੰਜਾਬ ਸਰਕਾਰ ਨੂੰ ਵੀ ਬੇਨਤੀ ਹੈ ਕਿ ਉਹ ਵੀ ਸਾਂਝੇ ਤੌਰ 'ਤੇ ਏਅਰ ਇੰਡੀਆ ਨੂੰ ਲਿਖਣ। ਨਾਲ ਹੀ ਸਾਡੀ ਕੋਸ਼ਿਸ਼ ਹੈ ਕਿ ਜੇ ਕਤਰ ਏਅਰਵੇਜ਼ ਵਾਂਗ ਰਸਤੇ ਵਿੱਚ ਇਕ ਵਾਰ ਕੁੱਝ ਘੰਟਿਆਂ ਲਈ ਰੁੱਕ ਕੇ ਜਾਣ ਵਾਲੀਆਂ ਉਡਾਣਾਂ ਲੱਗ ਜਾਣ ਤਾਂ ਵੀ ਕੁੱਝ ਰਾਹਤ ਮਿਲੇਗੀ ਜਿਸ ਨਾਲ ਪੰਜਾਬੀਆਂ ਨੂੰ ਦਿੱਲੀ ਨਾ ਜਾਣਾ ਪਵੇ।

ਇਸ ਸਮੇਂ ਏਅਰ ਕੈਨੇਡਾ ਨੇ ਟੋਰਾਂਟੋ ਤੋਂ ਦੋਹਾ ਉਡਾਣ ਸ਼ੁਰੂ ਕੀਤੀ ਹੈ ਜਿਸ ਲਈ ਉਹਨਾਂ ਕਤਰ ਏਅਰਵੇਜ਼ ਨਾਲ ਭਾਈਵਾਲੀ ਕਰਕੇ ਦੋਹਾ-ਅੰਮ੍ਰਿਤਸਰ ਉਡਾਣ ਨਾਲ ਜੋੜਿਆ ਹੈ। ਯਾਤਰੀ ਸਿਰਫ 2-3 ਘੰਟੇ ਦੇ ਵਕਫੇ ਬਾਅਦ ਦੂਜੀ ਉਡਾਣ ਲੈ ਸਕਦੇ।

**ਬਾਕੀ ਸਫ਼ਾ 31'ਤੇ**

# ਸ਼੍ਰੋਮਣੀ ਅਕਾਲੀ ਦਲ ਦਾ ਪੁਨਰ-ਉਥਾਨ ਹੋਣਾ ਸਮੇਂ ਦੀ ਲਲਕਾਰ



**ਬੀਰ ਦਵਿੰਦਰ ਸਿੰਘ,**
**ਸਾਬਕਾ ਡਿਪਟੀ ਸਪੀਕਰ, ਪੰਜਾਬ**
**ਸੰਪਰਕ : 98140-33362**

ਜਿਉਂਦੀਆਂ ਕੌਮਾਂ ਦੇ ਇਤਿਹਾਸ ਵਿਚ ਅਜਿਹੇ ਮਰਹਲੇ ਅਕਸਰ ਆਉਂਦੇ ਹਨ, ਜਦੋਂ ਕੌਮਾਂ ਸੁਚੇਤ ਹੋ ਕੇ, ਵਰਤਮਾਨ ਸਮੇਂ ਵਿਚ ਰਵਾਂ, ਰਾਜਨੀਤਕ ਬਿਰਤਾਂਤ ਦੀ ਸਮੀਖਿਆ ਕਰਦੀਆਂ ਹਨ ਅਤੇ ਕੌਮ ਨੂੰ ਦਰਪੇਸ਼ ਚੁਣੌਤੀਆਂ ਦੀ, ਗੁਣ ਅਤੇ ਦੋਸ਼ ਦੇ ਆਧਾਰ 'ਤੇ ਪੁਨਰ ਪੜਚੋਲ ਕਰਨ ਉਪਰੰਤ, ਕੌਮੀ ਨਿਸ਼ਾਨੇ ਤੇ ਤਰਜੀਹਾਂ ਤੈਅ ਕਰਦੀਆਂ ਹਨ, ਫਿਰ ਉਨਾਂ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਪੈਂਡੇ, ਢੁਕਵੇਂ ਦਸਤੂਰ ਤੇ ਮਰਯਾਦਾ ਨਿਯਮਤ ਕਰਦੀਆਂ ਹਨ। ਇੱਥੇ ਇਹ ਜ਼ਿਕਰ ਕਰਨਾ ਇਤਿਹਾਸਿਕ ਤੌਰ 'ਤੇ ਉਚਿਤ ਹੋਵੇਗਾ ਕਿ ਜਦੋਂ ਸਾਰਾ ਹਿੰਦੁਸਤਾਨ ਈਸਟ ਇੰਡੀਆ ਕੰਪਨੀ ਦਾ ਗੁਲਾਮ ਹੋ ਚੁੱਕਿਆ ਸੀ, ਉਸ ਵੇਲੇ ਮਹਾਰਾਜਾ ਰਣਜੀਤ ਸਿੰਘ, ਸਿੱਖ ਰਾਜ ਦੀ ਬਾਦਸ਼ਾਹਤ ਦਾ ਸਰਬ ਸੱਤਾਧਾਰੀ, ਸਿਰਮੌਰ ਸ਼ਹਿਨਸ਼ਾਹ ਸੀ ਅਤੇ ਸਿੱਖ ਰਾਜ ਦੀ ਇਹ ਬਾਦਸ਼ਾਹਤ, ਫਰਵਰੀ/ਮਾਰਚ 1846 ਵਿਚ ਹੋਈ, ਸਭਰਾਓਂ ਦੀ ਐਂਗਲੋ-ਸਿੱਖ ਜੰਗ ਤੱਕ ਸਲਾਮਤ ਰਹੀ। ਇਸ ਜੰਗ ਵਿਚ ਡੋਗਰਿਆਂ ਦੇ ਅੰਗਰੇਜ਼ ਨਾਲ ਮਿਲ ਜਾਣ ਕਾਰਨ ਸਿੱਖ ਫੌਜਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਅੰਗਰੇਜ਼ ਨੇ ਮਾਰਚ 1849 ਵਿਚ ਮਹਾਰਾਣੀ ਜਿੰਦਾਂ ਨੂੰ ਫਿਰੋਜ਼ਪੁਰ ਦੇ ਕਿਲੇ ਵਿਚ ਹੀ ਜਲਾਵਤਨ ਕਰ ਦਿੱਤਾ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਕੰਵਰ ਦਲੀਪ ਸਿੰਘ ਨੂੰ ਕੇਵਲ ਗਿਆਰਾਂ ਸਾਲ ਦੀ ਉਮਰ ਵਿਚ ਮਹਾਰਾਣੀ ਜਿੰਦਾਂ ਨਾਲੋਂ ਜੁਦਾ ਕਰਕੇ, ਬੋਰਡਿੰਗ ਪੈਨਸ਼ਨ ਤੇ ਭੱਤੇ ਦੇ ਕੇ ਇੰਗਲੈਂਡ ਭੇਜ ਦਿੱਤਾ ਤੇ ਲਾਰਡ ਡਲਹੌਜ਼ੀ ਨੇ ਸਿੱਖ ਰਾਜ ਦੇ ਖ਼ਾਤਮੇ ਦਾ ਐਲਾਨ ਕਰਕੇ ਪੰਜਾਬ ਨੂੰ ਵੀ ਅੰਗਰੇਜ਼ਾਂ ਦੇ ਅਧਿਕਾਰ ਖੇਤਰ ਵਿਚ ਸ਼ਾਮਿਲ ਕਰ ਲਿਆ, ਇਸ ਨਮੋਸ਼ੀ ਨੇ ਸਿੱਖ ਕੌਮ ਦੇ ਜਜ਼ਬਿਆਂ ਤੇ ਉਨਾਂ ਦੇ ਕੌਮੀ ਸਵੈ-ਸਨਮਾਨ ਨੂੰ ਭਾਰੀ ਜ਼ਰਬ ਪਹੁੰਚਾਈ।

ਸਾਲ 1849 ਤੋਂ ਲੈ ਕੇ 1947 ਤੱਕ ਸਿੱਖ ਕੌਮ ਨੇ ਆਪਣੇ ਆਪ ਨੂੰ ਦੁਬਾਰਾ ਜਥੇਬੰਦ ਕਰਨ ਲਈ ਆਪਣੇ ਹੱਕਾਂ ਲਈ, ਅੰਗਰੇਜ਼ਾਂ ਵਿਰੁੱਧ ਮੁਸਲਸਲ ਜੱਦੋ-ਜਹਿਦ ਜਾਰੀ ਰੱਖੀ ਤੇ ਅਨੇਕਾਂ ਮੋਰਚੇ ਲਗਾਏ। ਸਿੱਖ ਗੁਰਦੁਆਰਾ ਸੁਧਾਰ ਲਹਿਰ ਵੀ ਇਸੇ ਕੜੀ ਦਾ ਇਕ ਮਹੱਤਵਪੂਰਨ ਅਧਿਆਏ ਹੈ। ਦੇਸ਼ ਦੀ ਜੰਗ-ਏ-ਆਜ਼ਾਦੀ ਵਿਚ ਸਿੱਖਾਂ ਵਲੋਂ ਪਾਏ ਗਏ ਯੋਗਦਾਨ ਅਤੇ ਕੁਰਬਾਨੀਆਂ ਤੋਂ ਤਾਂ ਕੋਈ ਮੁਨਕਰ ਨਹੀਂ ਹੋ ਸਕਦਾ। ਫਾਂਸੀ ਦੇ ਰੱਸੇ ਤੇ ਜੇਲਾਂ ਦੀਆਂ ਕਾਲ ਕੋਠੜੀਆਂ ਗਵਾਹ ਹਨ ਕਿ ਭਾਰਤ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟਣ ਵਿਚ ਸਿੱਖ ਕੌਮ ਦੀ ਇਕ ਕਾਬਿਲ-ਏ-ਫ਼ਖਰ ਭੂਮਿਕਾ ਰਹੀ ਹੈ ਪਰ ਇਨਾਂ ਸਾਰੀਆਂ ਕੁਰਬਾਨੀਆਂ ਦੇ ਇਵਜ਼ ਵਿਚ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਸਿੱਖਾਂ ਦੀ ਤਕਦੀਰ ਦੇ ਪੱਲੇ, ਕੇਵਲ ਵਿਸਾਹਘਾਤ ਤੇ ਨਿਰਾਸ਼ਾ ਹੀ ਪਈ ਹੈ। ਸਿੱਖਾਂ ਨਾਲ ਹੋਏ ਵਿਸ਼ਵਾਸਘਾਤ ਦੀ ਦਾਸਤਾਂ ਦਾ ਮੁੱਢ ਤਾਂ ਸਾਲ 1947 ਵਿਚ ਦੇਸ਼ ਦੇ ਬਟਵਾਰੇ ਨਾਲ ਹੀ ਸ਼ੁਰੂ ਹੋ ਗਿਆ ਸੀ ਤੇ ਸਾਲ 1964 ਤੱਕ ਹੋਏ ਇਨਾਂ ਵਿਸਾਹਘਾਤਾਂ ਦਾ ਦੋਸ਼ ਤਾਂ ਜਵਾਹਰ ਲਾਲ ਨਹਿਰੂ ਦੇ ਸਿਰ ਹੀ ਲਗਦਾ ਰਿਹਾ, ਜੋ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਪੰਜਾਬੀ ਬੋਲੀ ਨੂੰ ਵੀ 'ਸਿੱਖਾਂ ਦੀ ਬੋਲੀ' ਮੰਨ ਕੇ ਇਸ ਦਾ ਬਣਦਾ ਹੱਕ ਦੇਣ ਤੋਂ ਮੁਨਕਰ ਹੋ ਗਿਆ ਸੀ। ਦੁੱਖ ਦੀ ਗੱਲ ਤਾਂ ਇਹ ਹੈ ਕਿ ਨਵੰਬਰ 1966 ਵਿਚ ਪੰਜਾਬ ਨੂੰ ਦੁਬਾਰਾ ਤਕਸੀਮ ਕਰਨ ਸਮੇਂ ਵੀ ਕਾਂਗਰਸ ਦੀ ਸਿੱਖ ਵਿਰੋਧੀ ਸੋਚ ਹੀ ਭਾਰੂ ਰਹੀ, ਇਸੇ ਵਜ੍ਹਾ ਕਾਰਨ ਹੀ 'ਰਾਜਧਾਨੀ ਰਹਿਤ' ਇਕ ਲੰਗੜਾ-ਲੂਲਾ ਪੰਜਾਬ, 'ਦਿੱਲੀ' ਨੇ ਆਪਣੀ ਮਨ-ਮਰਜ਼ੀ ਨਾਲ, ਤਕਸੀਮ-ਦਰ-ਤਕਸੀਮ ਕਰਕੇ, ਵਿਸ਼ਾਲ ਪੰਜਾਬ ਨੂੰ ਕੱਟ-ਵੱਢ ਕੇ 'ਪੰਜਾਬੀ ਸੂਬੀ' ਬਣਾ ਕੇ ਸਾਡੇ ਹਵਾਲੇ ਕੀਤਾ। ਇਸ ਬੇਈਮਾਨੀ ਵਿਚ ਉਸ ਵੇਲੇ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਵੱਡੀ ਭੂਮਿਕਾ ਰਹੀ, ਜਿਸ ਵਿਚ ਉਸ ਸਮੇਂ ਦਾ ਸਿੱਖ ਵਿਰੋਧੀ ਗ੍ਰਹਿ ਮੰਤਰੀ ਗੁਲਜ਼ਾਰੀ ਲਾਲ ਨੰਦਾ ਵੀ ਇਕ ਵੱਡਾ ਸੂਤਰਧਾਰ ਬਣਿਆ ਹੋਇਆ ਸੀ। ਇਹ ਵਕਤ ਦੀ ਸਿਤਮ ਜ਼ਰੀਫ਼ੀ ਹੀ ਸੀ ਕਿ ਦੇਸ਼ ਦੀ ਅਜ਼ਾਦੀ ਸਮੇਂ ਅੰਗਰੇਜ਼ਾਂ ਨਾਲ ਮੁਸਲਮਾਨਾਂ ਵਲੋਂ ਗੱਲਬਾਤ ਕਰਨ ਲਈ ਤਾਂ ਮੁਹੰਮਦ ਅਲੀ ਜਿਨਾਹ ਇਕ ਪ੍ਰਮੁੱਖ ਵਿਚੋਲੀਏ ਵਜੋਂ ਵਿਚਰ ਰਹੇ ਸਨ, ਭਾਰਤ ਦੀ ਬਹੁਗਿਣਤੀ ਦੀ ਅਗਵਾਈ, ਕਾਂਗਰਸ ਦੀ ਸਮੁੱਚੀ ਲੀਡਰਸ਼ਿਪ ਸਮੇਤ ਮਹਾਤਮਾ ਗਾਂਧੀ, ਮੋਤੀ ਲਾਲ ਨਹਿਰੂ, ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ, ਸੀ. ਰਾਜਗੁਪਾਲ ਅਚਾਰੀਆ ਆਦਿ ਕਰ ਰਹੇ ਸਨ, ਪਰ ਸਿੱਖਾਂ ਦੇ ਬਣਦੇ ਅਸਤਿਤਵ ਦਾ ਕੇਸ ਪੇਸ਼ ਕਰਨ ਵਾਲਾ ਕੋਈ ਨਹੀਂ ਸੀ। ਜਿਹੜੇ ਕੁਝ ਸਰਦਾਰ ਬਲਦੇਵ ਸਿੰਘ ਵਰਗੇ ਵਿਅਕਤੀ ਅੱਗੇ ਸਨ ਵੀ, ਉਨਾਂ ਨੂੰ ਸਿੱਖ ਕੌਮ ਦੇ ਸਰੋਕਾਰਾਂ ਤੋਂ ਕਿਤੇ ਵੱਧ ਆਪਣੇ ਕਾਰੋਬਾਰਾਂ ਅਤੇ ਵਪਾਰਾਂ ਦਾ ਫਿਕਰ ਸੀ, ਉਨਾਂ ਨੇ ਆਪਣੇ ਕਾਰੋਬਾਰ ਤਾਂ ਸੁਰੱਖਿਅਤ ਕਰ ਲਏ ਪਰ ਸਿੱਖ ਕੌਮ ਨੂੰ ਕਿਸੇ ਪਾਸੇ ਜੋਗਾ ਨਹੀਂ ਛੱਡਿਆ। ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਜਿੰਨੀ ਕੁ ਭੱਜ-ਨੱਠ ਤੇ ਚਾਰਾਜੋਈ ਕਰ ਸਕਦੇ ਸਨ, ਉਨਾਂ ਜ਼ਰੂਰ ਕੀਤੀ, ਪਰ ਕਤਲੋਗਾਰਤ ਦੇ ਮਾਹੌਲ ਵਿਚ, ਪਹਿਲਾਂ ਹੀ ਬਹੁਤ ਕੁਝ ਬਰਬਾਦ ਹੋ ਚੁੱਕਾ ਸੀ। ਚਾਰੇ ਪਾਸੇ ਖ਼ੂਨ ਦੀ ਹੋਲੀ ਤੇ ਚੀਖੋ-ਪੁਕਾਰ ਸੀ, ਅੱਧੀ ਤੋਂ ਵੱਧ ਕੌਮ ਰਿਫ਼ਿਊਜ਼ੀ ਹੋ ਚੁੱਕੀ ਸੀ, ਦੇਸ਼ ਦੇ ਬਟਵਾਰੇ ਦੇ ਨਾਲ-ਨਾਲ ਅਬਾਦੀ ਦਾ ਬਟਵਾਰਾ ਵੀ ਹੋ ਰਿਹਾ ਸੀ, ਸ਼ਰਨਾਰਥੀਆਂ ਦੇ ਕਾਫਲਿਆਂ ਦੀ ਵੱਢ-ਟੁੱਕ ਹੋ ਰਹੀ ਸੀ, ਔਰਤਾਂ ਦੀ ਆਬਰੂ ਤੇ ਅਸਮਤਾਂ ਨਾਲ ਖਿਲਵਾੜ ਹੋ ਰਿਹਾ ਸੀ, ਚਾਰੇ ਬੰਨੇ ਸ਼ੈਤਾਨੀਅਤ ਤੇ ਹੈਵਾਨੀਅਤ ਹੀ ਹੜਬੜਾ ਰਹੀ ਸੀ, ਇਨਸਾਨੀਅਤ ਬੇਵੱਸ ਤੇ ਖ਼ੌਫ਼ਜ਼ਦਾ ਸੀ, ਹਰ ਪਾਸੇ ਕੁਰਲਾਹਟ ਮੱਚੀ ਹੋਈ ਸੀ, ਹਰ ਇਕ ਨੂੰ ਆਪਣਾ-ਆਪਣਾ ਫ਼ਿਕਰ ਖਾ ਰਿਹਾ ਸੀ, ਕੁਰਲਾਉਂਦੇ ਕਾਫਲੇ ਮਹਿਫੂਜ਼ ਪਨਾਹਗਾਹਾਂ ਦੀ ਤਲਾਸ਼ ਵਿਚ ਭਟਕ ਰਹੇ ਸਨ ਤੇ ਨਾਮਾਲੂਮ ਟਿਕਾਣਿਆਂ ਵੱਲ ਬੇਮਕਸਦ ਤੁਰੇ ਜਾ ਰਹੇ ਸਨ, ਜਿੱਥੇ ਉਨਾਂ ਨੂੰ ਉਡੀਕਣ ਵਾਲਾ ਕੋਈ ਨਹੀਂ ਸੀ।

ਅਜਿਹੇ ਆਲਮ ਵਿਚ, ਦੂਸਰੇ ਪਾਸੇ ਅੰਗਰੇਜ਼ ਵਲੋਂ ਮੁਕੱਰਰ, ਲਾਰਡ ਸਾਇਰਲ ਜੌਹਨ ਰੈਡਕਲਿਫ਼, ਮੁਲਕ ਦੀ ਤਕਸੀਮ ਦਾ ਨਕਸ਼ਾ ਵਾਹ ਰਿਹਾ ਸੀ, ਉਸ ਦੇ ਜ਼ਿੰਮੇ ਪੰਜਾਬ ਅਤੇ ਬੰਗਾਲ ਨੂੰ, ਦੋ ਬਰਾਬਰ ਹਿੱਸਿਆ ਵਿਚ ਤਕਸੀਮ ਕਰਕੇ ਸਰਹੱਦਾਂ ਦੀਆਂ ਲਕੀਰਾਂ ਤੇ ਟੁਕੜੇ-ਟੁਕੜੇ ਹੋਏ ਪੰਜਾਬ ਅਤੇ ਬੰਗਾਲ ਦੇ ਨਕਸ਼ਿਆਂ ਨੂੰ ਅੰਤਿਮ ਰੂਪ ਦੇਣ ਦਾ ਕੰਮ ਲੱਗਿਆ ਹੋਇਆ ਸੀ। ਅਫ਼ਸੋਸ ! ਕਿ ਲਾਰਡ ਰੈਡਕਲਿਫ਼ ਨੇ ਬਾਬੇ ਨਾਨਕ ਦੀ ਜਨਮ ਭੂਮੀ ਨਨਕਾਣਾ ਸਾਹਿਬ ਤੇ 'ਸਿੱਖ ਰਾਜ' ਦੀ ਰਾਜਧਾਨੀ ਲਾਹੌਰ ਨੂੰ ਸਿੱਖ ਕੌਮ ਨਾਲੋਂ ਜੁਦਾ ਕਰਨ ਵੇਲੇ ਭੋਰਾ ਵੀ ਚੀਸ ਨਹੀਂ ਵੱਟੀ, ਕਿਉਂਕਿ ਉਸ ਦੇ ਅਹਿਸਾਸ ਵਿਚ 'ਨਨਕਾਣਾ ਸਾਹਿਬ' ਦਾ ਤਸੱਵਰ ਹੀ ਨਹੀਂ ਸੀ ਤੇ ਨਾ ਹੀ ਸਿੱਖ ਕੌਮ ਦੀ ਰੂਹਾਨੀ ਵੇਦਨਾ ਉਸ ਦੇ ਸਰੋਕਾਰਾਂ ਵਿਚ ਸ਼ਾਮਿਲ ਸੀ। ਸਿੱਖ ਕੌਮ ਦੀ ਮਾਨਸਿਕਤਾ 'ਤੇ ਆਏ ਇਨਾਂ ਸਦੀਵੀ ਜ਼ਖ਼ਮਾਂ ਦੀ ਪੀੜਾ ਤੇ ਹਉਕਿਆਂ ਦੀ ਕਿਸੇ ਨੇ ਵੀ ਥਾਹ ਨਾ ਪਾਈ, ਮਰਹੂਮ ਸ਼ਾਇਰ ਪ੍ਰੋ. ਕੁਲਵੰਤ ਸਿੰਘ ਗਰੇਵਾਲ ਦੀਆਂ ਇਹ ਸਤਰਾਂ ਉਸ ਦਰਦ ਦੀ ਤਰਜ਼ਮਾਨੀ ਕਰਦੀਆਂ ਹਨ :-

ਅਸੀਂ ਮੰਗਤਿਆਂ ਵਾਂਗੂੰ ਰੁਲ ਗਏ, ਯਾਰੋ ਬੰਨ ਸ਼ਹੀਦੀ ਗਾਨੇ,
ਤੇ ਦਿੱਲੀ ਦਾ ਹਰ ਚੌਕ ਮੇਰੀ ਬਰਬਾਦ ਕਹਾਣੀ ਜਾਣੇ ।

ਉਪਰੋਕਤ ਦੀ ਦ੍ਰਿਸ਼ਟੀ ਵਿਚ ਮਜ਼ਮੂਨ ਦੇ ਵਿਸਤਾਰ ਨੂੰ ਸਮੇਟਦੇ ਹੋਏ, ਇਹ ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਦੇਸ਼ ਦੀ ਇਕ ਮਹੱਤਵਪੂਰਨ ਘੱਟ ਗਿਣਤੀ ਵਜੋਂ ਸਿੱਖ ਕੌਮ ਦੀ ਸੂਰਤ-ਏ-ਹਾਲ ਅੱਜ ਵੀ ਕੋਈ ਬਹੁਤੀ ਚੰਗੀ ਨਹੀਂ ਹੈ। ਇਹ ਇਕ ਕੌੜੀ ਸਚਾਈ ਹੈ ਕਿ ਅੱਜ ਸਿੱਖਾਂ ਦੀ ਖੇਰੂੰ-ਖੇਰੂੰ ਹੋਈ ਰਾਜਨੀਤਕ ਸ਼ਕਤੀ ਸਮੇਂ ਦੀਆਂ ਚੁਣੌਤੀਆਂ ਦੇ ਹਾਣ ਦੀ ਨਹੀਂ ਰਹੀ। ਸਿੱਖਾਂ ਦੀ ਰਾਜਨੀਤਕ ਪ੍ਰਤੀਨਿਧ ਜਮਾਤ ਸ਼੍ਰੋਮਣੀ ਅਕਾਲੀ ਦਲ, ਇਸ ਦੀ ਸਿਖਰਲੀ ਲੀਡਰਸ਼ਿਪ ਦੇ ਅਸਿੱਖ ਵਰਤਾਰਿਆਂ ਦਾ ਸਰਾਪ ਭੋਗਦਾ ਤੇ ਭਟਕਦਾ ਹੋਇਆ ਹਾਸ਼ੀਏ ਵਿਚ ਚਲਾ ਗਿਆ ਹੈ। ਦੇਸ਼ ਦੀਆਂ ਰਾਜਨੀਤਕ ਸਫ਼ਾਂ ਵਿਚ, ਸਿੱਖਾਂ ਦੀ ਪ੍ਰਤੀਨਿਧ ਜਮਾਤ ਦੀ ਅਣਹੋਂਦ ਤੇ ਸ਼੍ਰੋਮਣੀ ਅਕਾਲੀ ਦਲ ਦਾ ਪਤਨ, ਸਿੱਖ ਕੌਮ ਲਈ ਵੱਡੀ ਚਿੰਤਾ ਦਾ ਵਿਸ਼ਾ ਹੈ। ਸਥਾਪਤ ਲੀਡਰਸ਼ਿਪ ਨੂੰ ਲਾਂਭੇ ਕੀਤੇ ਬਿਨਾਂ, ਸ਼੍ਰੋਮਣੀ ਅਕਾਲੀ ਦਲ ਦੀ ਪੁਨਰ-ਸੁਰਜੀਤੀ ਸੰਭਵ ਨਹੀਂ ਜਾਪਦੀ। ਪ੍ਰੰਤੂ ਸਿੱਖ ਕੌਮ ਦੇ ਵਡੇਰੇ ਹਿਤਾਂ ਲਈ ਸ਼੍ਰੋਮਣੀ ਅਕਾਲੀ ਦਲ ਦਾ ਪੁਨਰ-ਉਥਾਨ ਹੋਣਾ ਵੀ ਸਮੇਂ ਦੀ ਲਲਕਾਰ ਹੈ। ਇਸ ਲਈ ਸਾਰੀਆਂ ਪੰਥਕ ਧਿਰਾਂ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ।

# ਅਕਾਲ ਤਖਤ ਸਾਹਿਬ ਦੇ ਜਥੇਦਾਰ ਵਲੋਂ ਸਾਰੀਆਂ ਫੈਡਰੇਸ਼ਨਾਂ ਨੂੰ ਇਕਜੁੱਟ ਹੋਣ ਦੀ ਅਪੀਲ

## ਪਹਿਲਗਾਮ (ਕਸ਼ਮੀਰ) ਦੇ ਗੁਰਦੁਆਰਾ ਸਿੰਘ ਸਭਾ ਵਿਖੇ ਤਿੰਨ ਰੋਜ਼ਾ ਗੁਰਮਤਿ ਗਿਆਨ ਸਿਖਲਾਈ ਕੈਂਪ ਲਗਾਇਆ ਗਿਆ, ਪ੍ਰਸਿੱਧ ਬੁਧੀਜੀਵੀ ਪਹੁੰਚੇ

**ਸੁਖਮੰਦਰ ਸਿੰਘ ਬਰਾੜ**

ਪਿਛਲੇ ਦਿਨੀਂ ਸਿੱਖ ਕੌਮ ਦੇ ਹਰਾਵਲ ਦਸਤੇ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਵਲੋਂ ਨੌਜਵਾਨ ਪੀੜੀ ਅੰਦਰ ਸਿੱਖੀ ਸਿਧਾਂਤਾਂ ਸੰਬੰਧੀ ਚੇਤਨਾ ਪੈਦਾ ਕਰਨ ਲਈ ਪਹਿਲਗਾਮ (ਕਸ਼ਮੀਰ) ਦੇ ਗੁਰਦੁਆਰਾ ਸਿੰਘ ਸਭਾ ਵਿਖੇ ਤਿੰਨ ਰੋਜ਼ਾ ਗੁਰਮਤਿ ਗਿਆਨ ਸਿਖਲਾਈ ਕੈਂਪ ਲਗਾਇਆ ਗਿਆ। ਫੈਡਰੇਸ਼ਨ ਦੇ ਸਰਪ੍ਰਸਤ ਭਾਈ ਪਰਮਜੀਤ ਸਿੰਘ ਖ਼ਾਲਸਾ, ਮੇਜਰ ਸਿੰਘ ਖ਼ਾਲਸਾ ਅਤੇ ਕੌਮੀ ਪ੍ਰਧਾਨ ਭਾਈ ਦਲੇਰ ਸਿੰਘ ਡੋਡ ਦੀ ਰਹਿਨੁਮਾਈ ਹੇਠ ਲਗਾਏ ਗਏ ਇਸ ਕੈਂਪ ਵਿਚ ਪੰਜਾਬ ਤੋਂ ਲਗਭਗ ਇਕ ਹਜ਼ਾਰ ਦੇ ਕਰੀਬ ਨੌਜਵਾਨਾਂ ਨੇ ਭਾਗ ਲਿਆ। ਕੈਂਪ ਦੀ ਆਰੰਭਤਾ ਕੇਸਰੀ ਨਿਸ਼ਾਨ ਸਾਹਿਬ ਨੂੰ ਸਲਾਮੀ ਦੇਣ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ ਅਰਦਾਸ ਬੇਨਤੀ ਕਰਨ ਉਪਰੰਤ ਹੋਈ। ਕੈਂਪ ਦੇ ਸਵਾਗਤੀ ਭਾਸ਼ਣ ਦੌਰਾਨ ਕੌਮੀ ਪ੍ਰਧਾਨ ਦਲੇਰ ਸਿੰਘ ਡੋਡ ਨੇ ਫੈਡਰੇਸ਼ਨ ਦੇ ਇਤਿਹਾਸ ਅਤੇ ਪ੍ਰਾਪਤੀਆਂ ਤੋਂ ਨੌਜਵਾਨਾਂ ਨੂੰ ਜਾਣੂ ਕਰਵਾਉਂਦਿਆਂ ਸਮਾਗਮ ਵਿਚ ਪੁੱਜੀਆਂ ਸਿੱਖ ਪੰਥ ਦੀਆਂ ਸਿਰਮੌਰ ਹਸਤੀਆਂ ਦਾ ਸਵਾਗਤ ਕੀਤਾ। ਫੈਡਰੇਸ਼ਨ ਦੇ ਸਰਪ੍ਰਸਤ ਭਾਈ ਮੇਜਰ ਸਿੰਘ ਖ਼ਾਲਸਾ ਵਲੋਂ ਨੌਜਵਾਨਾਂ ਨੂੰ ਸਮੇਂ ਦੀਆਂ ਸਰਕਾਰਾਂ ਵਲੋਂ ਸਿੱਖ ਕੌਮ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ ਤੋਂ ਸੁਚੇਤ ਕਰਦਿਆਂ ਫੈਡਰੇਸ਼ਨ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ। ਜਵੱਦੀ ਟਕਸਾਲ ਦੇ ਮੁਖੀ ਸੰਤ ਅਮੀਰ ਸਿੰਘ ਵਲੋਂ ਗੁਰਮਤਿ ਦੇ ਮੁਢਲੇ ਸਿਧਾਂਤਾਂ ਤੋਂ ਜਾਣੂ ਕਰਵਾਉਂਦਿਆਂ ਪਤਿਤ ਹੁੰਦੀ ਜਾ ਰਹੀ ਨੌਜਵਾਨ ਪੀੜੀ ਨੂੰ ਸਾਂਭਣ 'ਤੇ ਜ਼ੋਰ ਦਿੱਤਾ। ਜਿਸ ਦੇ ਲਈ ਸਿੱਖ ਰਹਿਤ ਮਰਿਆਦਾ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਨੂੰ ਬੱਚਿਆਂ ਅੰਦਰ ਪੈਦਾ ਕਰਨ ਦੀ ਅਪੀਲ ਕੀਤੀ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੇ ਫੈਡਰੇਸ਼ਨ ਵਲੋਂ ਸਿੱਖ ਪੰਥ ਦੀ ਚੜਦੀ ਕਲਾ ਲਈ ਕੀਤੇ ਕੰਮਾਂ ਦਾ ਜ਼ਿਕਰ ਕਰਦਿਆਂ 1984 ਦੇ ਘੱਲੂਘਾਰੇ ਤੋਂ ਬਾਅਦ ਸਰਕਾਰਾਂ ਤੇ



ਚੌਪਈ ਉਚਾਰਨ ਦਿਵਸ ਮੌਕੇ ਗੁ. ਸ੍ਰੀ ਬਿਭੌਰ ਸਾਹਿਬ ਵਿਖੇ ਹਾਜ਼ਰ ਸੰਗਤਾਂ।

ਅਕਾਲੀ ਲੀਡਰਾਂ ਦੀਆਂ ਮਾੜੀਆਂ ਨੀਤੀਆਂ ਕਾਰਨ ਫੈਡਰੇਸ਼ਨ ਦਾ ਢਹਿੰਦੀਆਂ ਕਲਾਂ ਵੱਲ ਜਾਣਾ ਚਿੰਤਾ ਦਾ ਵਿਸ਼ਾ ਦੱਸਿਆ। ਉਨਾਂ ਫੈਡਰੇਸ਼ਨ ਸਾਹਮਣੇ ਆ ਰਹੀਆਂ ਚਣੌਤੀਆਂ 'ਤੇ ਕਾਬੂ ਪਾਉਣ ਲਈ ਨੌਜਵਾਨ ਪੀੜੀ ਨੂੰ ਆਪਣੇ ਦ੍ਰਿੜ ਇਰਾਦੇ ਦੇ ਨਾਲ ਇਸ ਨੂੰ ਚੜਦੀਆਂ ਕਲਾਂ ਵੱਲ ਲੈ ਜਾਣ ਲਈ ਨੌਜਵਾਨਾਂ ਨੂੰ ਦਸਤਾਰ, ਗੁਫ਼ਤਾਰ, ਰਫ਼ਤਾਰ ਅਤੇ ਕਿਰਦਾਰ ਨੂੰ ਚੰਗਾ ਬਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਪ੍ਰੋ. ਹਰਪਾਲ ਸਿੰਘ ਪੰਨੂੰ ਨੇ ਨੌਜਵਾਨਾਂ ਨੂੰ ਬਾਣੀ ਤੇ ਬਾਣੇ ਦੇ ਧਾਰਨੀ ਹੋਣ ਦੇ ਨਾਲ-ਨਾਲ ਸਿੱਖ ਇਤਿਹਾਸ, ਧਰਮ ਤੇ ਰਾਜਨੀਤੀ ਵਰਗੇ ਵਿਸ਼ਿਆਂ ਦਾ ਅਧਿਐਨ ਕਰਨ 'ਤੇ ਜ਼ੋਰ ਦਿੰਦਿਆਂ ਕਿਹਾ ਬੌਧਿਕ ਅਤੇ ਆਤਮਿਕ ਤੌਰ 'ਤੇ ਉੱਚ ਮੰਡਲੀ ਉਡਾਰੀਆਂ ਲਾਉਣ ਵਾਲੇ ਨੌਜਵਾਨ ਹੀ ਕੌਮ ਨੂੰ ਸਹੀ ਸੇਧ ਦੇ ਸਕਦੇ ਹਨ। ਡਾ. ਪਿਆਰਾ ਲਾਲ ਗਰਗ ਨੇ ਗੁਰਬਾਣੀ ਨੇ ਹਵਾਲਿਆਂ ਨਾਲ ਸਿੱਖ ਕੌਮ ਨੂੰ ਵਰਤਮਾਨ ਦੌਰ ਵਿਚ ਆ ਰਹੀਆਂ ਮੁਸ਼ਕਲਾਂ ਤੋਂ ਨਿਕਲਣ ਦੇ ਤਰੀਕਿਆਂ ਤੋਂ ਜਾਣੂ ਕਰਵਾਇਆ। ਡਾ. ਹਰਭਜਨ ਸਿੰਘ ਦੇਹਰਾਦੂਨ ਵਲੋਂ ਫੈਡਰੇਸ਼ਨ ਦੇ ਉਦੇਸ਼ਾਂ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਸਿੱਖ ਕੌਮ ਦੀ ਇਹ ਬਹੁਤ ਵੱਡੀ ਤਰਾਸਦੀ ਹੈ ਕਿ ਅਸੀਂ ਗੁਰੂ ਨਾਨਕ ਦੇਵ ਜੀ ਵਲੋਂ ਨਵੇਂ ਸਿਰਿਓਂ ਪ੍ਰਭਾਸ਼ਿਤ ਕੀਤੇ ਗਏ ਪੰਥ ਦੀਆਂ



ਚੌਪਈ ਉਚਾਰਨ ਦਿਵਸ ਮੌਕੇ ਗੁ. ਸ੍ਰੀ ਬਿਭੌਰ ਸਾਹਿਬ ਵਿਖੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ।

ਵਿਲੱਖਣਤਾਵਾਂ ਨੂੰ ਨਾ ਤਾਂ ਖ਼ੁਦ ਸਮਝਿਆ ਤੇ ਨਾ ਹੀ ਉਨਾਂ ਨੂੰ ਲੋਕਾਂ ਤੱਕ ਪਹੁੰਚਾ ਸਕੇ। ਸਿੱਖ ਪੰਥ ਦੀ ਵਰਤਮਾਨ ਸਥਿਤੀ 'ਤੇ ਚਿੰਤਾ ਜ਼ਾਹਿਰ ਕਰਦਿਆਂ ਉਨਾਂ ਵਰਤਮਾਨ ਗੁਲਾਮੀ ਤੋਂ ਮੁਕਤ ਹੋਣ ਲਈ ਚਿੰਤਨ ਤੇ ਚਿੰਤਤ ਹੋਣ ਦੀ ਲੋੜ 'ਤੇ ਜ਼ੋਰ ਦਿੱਤਾ ਤੇ ਸਾਰੀਆਂ ਫੈਡਰੇਸ਼ਨਾਂ ਨੂੰ ਇਕਮੁੱਠ ਹੋਣ ਦੀ ਅਪੀਲ ਕੀਤੀ। ਇਤਿਹਾਸਕਾਰ ਪ੍ਰੋ. ਸੁਖਦਿਆਲ ਸਿੰਘ ਨੇ ਧਰਮ, ਸਾਹਿਤ ਅਤੇ ਫ਼ਲਸਫ਼ੇ ਦੇ ਅੰਤਰੀਵ ਸੰਬੰਧਾਂ ਦੀ ਗੱਲ ਕਰਦਿਆਂ ਸਿੱਖ ਸੰਗਠਨਾਂ ਅੰਦਰ ਵਿਚਾਰਾਂ ਦੇ ਪ੍ਰਗਟਾਵੇ ਦੀ ਅਜ਼ਾਦੀ 'ਤੇ ਜ਼ੋਰ ਦਿੱਤਾ। ਉਨਾਂ ਦਾ ਕਹਿਣਾ ਸੀ ਕਿ ਸਰਕਾਰਾਂ ਕਿਸੇ ਕੌਮ ਨੂੰ ਛੁਟਿਆਉਣ ਲਈ ਉਸਦੇ ਅੰਦਰ ਬੇਦਿਲੀ ਫੈਲਾਉਂਦੀਆਂ ਹਨ ਜਿਸ ਨਾਲ਼ ਕੌਮ ਅੰਦਰ ਪਾਟੋਧਾੜ ਫੈਲਦੀ ਹੈ। ਪ੍ਰੋ. ਜਗਦੀਸ਼ ਸਿੰਘ ਮੁਕੇਰੀਆਂ ਨੇ ਸਮੁੱਚੀ ਸਿੱਖ ਜੀਵਨ ਸ਼ੈਲੀ ਵਿਚ ਆ ਰਹੀਆਂ ਸਮੱਸਿਆਵਾਂ ਦੇ ਹੱਲ ਲਈ ਆਪਣੀਆਂ ਅਸ਼ੁੱਧਤਾਵਾਂ ਨੂੰ ਠੀਕ ਕਰਨ ਲਈ ਵਿਸਮਾਦੀ ਦਸ਼ਾ ਠੀਕ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਕੈਂਪ ਦੇ ਸੰਪੂਰਨਤਾ ਸਮਾਰੋਹ ਨੂੰ ਸੰਬੋਧਨ ਕਰਦਿਆਂ ਫੈੱਡਰੇਸ਼ਨ ਉਦੇਸ਼ਾਂ 'ਤੇ ਚਾਨਣਾ ਪਾਉਂਦਿਆਂ ਸਿੱਖ ਕੌਮ ਦੀ ਮਾੜੀ ਰਾਜਨੀਤਕ ਹਾਲਤ 'ਤੇ ਚਿੰਤਾ ਪ੍ਰਗਟ ਕੀਤੀ। ਸਿੱਖ ਕੌਮ ਨੂੰ ਚੜਦੀਆਂ ਕਲਾਂ ਵੱਲ ਲੈ ਜਾਣ ਲਈ ਉਨਾਂ ਸਾਰੀਆਂ ਫੈੱਡਰੇਸ਼ਨਾਂ ਨੂੰ ਧੜੇਬੰਦੀਆਂ ਖ਼ਤਮ ਕਰ ਕੇ ਇਕਠੇ ਹੋਣ ਅਤੇ ਕੇਂਦਰ ਸਰਕਾਰ ਤੇ ਸਿੱਖ ਵਿਰੋਧੀ ਤਾਕਤਾਂ ਵਲੋਂ ਸੋਸ਼ਲ ਮੀਡੀਏ ਰਾਹੀਂ ਸਿਰਜੇ ਜਾ ਰਹੇ ਸਿੱਖ ਵਿਰੋਧੀ ਬਿਰਤਾਂਤ ਨੂੰ ਠੱਲ ਪਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਕੈਂਪ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਗੁਰਵਿੰਦਰ ਸਿੰਘ, ਭਾਈ ਪਰਮਜੀਤ ਸਿੰਘ ਖ਼ਾਲਸਾ, ਭਾਈ ਮੇਜਰ ਸਿੰਘ ਖ਼ਾਲਸਾ, ਸ਼੍ਰੋਮਣੀ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ, ਅਮਰਜੀਤ ਸਿੰਘ ਚਾਵਲਾ, ਜਗਜੀਤ ਸਿੰਘ ਦਰਦੀ, ਬਾਬਾ ਅਵਤਾਰ ਸਿੰਘ ਸਾਧਾਂਵਾਲਾ, ਤੇਜਿੰਦਰ ਪਾਲ ਸਿੰਘ ਟਿੰਮਾ ਨੇ ਵੀ ਸੰਬੋਧਨ ਕੀਤਾ। ਕੈਂਪ ਦੀ ਸਮਾਪਤੀ ਮੌਕੇ ਕੈਂਪ ਵਿਚ ਪੁੱਜੀਆਂ ਪ੍ਰਮੁੱਖ ਹਸਤੀਆਂ ਨੂੰ ਫੈੱਡਰੇਸ਼ਨ ਵਲੋਂ ਸਨਮਾਨਿਤ ਕੀਤਾ ਗਿਆ ਅਤੇ ਕੈਂਪ ਵਿਚ ਭਾਗ ਲੈਣ ਵਾਲੇ ਨੌਜਵਾਨਾਂ ਨੂੰ ਸਰਟੀਫ਼ਿਕੇਟ ਅਤੇ ਸਨਮਾਨ ਚਿੰਨ ਵੀ ਭੇਟ ਕੀਤੇ ਗਏ।

### ਮਾਮਲਾ ਸਿੱਖਾਂ ਦੇ ਈਸਾਈਕਰਨ ਤੇ ਜਾਦੂ ਤੰਤਰ ਦੇ ਨਾਂ 'ਤੇ ਹੋ ਰਹੇ ਪ੍ਰਚਾਰ ਦਾ

# ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਈਸਾਈ ਧਰਮ ਦੇ ਆਗੂਆਂ ਵਿਚਾਲੇ ਹੋਈ ਮੀਟਿੰਗ

### ✪ ਚਰਚ 'ਚ ਬੇਅਦਬੀ ਦੀ ਘਟਨਾ ਦੀ ਜਾਂਚ ਲਈ ਸਿਟ ਦਾ ਗਠਨ ✪ ਫਿਰੋਜ਼ਪੁਰ ਦੇ ਆਈਜੀ ਦੀ ਅਗਵਾਈ ਹੇਠ ਬਣੀ ਵਿਸ਼ੇਸ਼ ਜਾਂਚ ਟੀਮ

**ਪ੍ਰਗਟ ਸਿੰਘ ਜੰਡਿਆਲਾ ਗੁਰੂ**

ਪੰਜਾਬ ਵਿਚ ਈਸਾਈ ਧਰਮ ਦੇ ਨਾਂ 'ਤੇ ਕੁੱਝ ਅਖੌਤੀ ਪਾਸਟਰਾਂ ਵਲੋਂ ਕੀਤੇ ਜਾ ਰਹੇ ਗੁੰਮਰਾਹਕੁੰਨ ਪ੍ਰਚਾਰ ਸਬੰਧੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਇਸਾਈ ਧਰਮ ਦੇ ਆਗੂਆਂ ਦੀ ਵਿਸ਼ੇਸ਼ ਇਕੱਤਰਤਾ ਹੋਈ। ਇਸ ਇਕੱਤਰਤਾ 'ਵਿਚ ਮਾਝਾ ਅਤੇ ਮਾਲਵਾ ਇਲਾਕਿਆਂ ਅੰਦਰ ਇਸਾਈ ਧਰਮ ਦੇ ਨਾਂ 'ਤੇ ਹੋ ਰਹੇ ਗੁੰਮਰਾਹਕੁੰਨ ਪ੍ਰਚਾਰ ਤੇ ਜਬਰੀ ਧਰਮ ਪਰਿਵਰਤਨ ਸੰਬੰਧੀ ਚਰਚਾ ਦੌਰਾਨ ਦੋਵੇਂ ਧਾਰਮਿਕ ਆਗੂਆਂ ਵਲੋਂ ਭਾਈਚਾਰਕ ਸਾਂਝ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ ਗਿਆ। ਮੀਟਿੰਗ ਉਪਰੰਤ ਸਾਂਝੇ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਐਂਗਲੀਕਨ ਚਰਚ ਦੇ ਬਿਸ਼ਪ ਜੋਹਨ ਅਸ਼ੀਸ਼, ਰੈਵਰਨ ਡੈਨੀਅਲ ਮਸੀਹ, ਭਾਰਤ ਦੀ ਸਕੱਤਰ ਸਿਸਟਰ ਮਧੂਲਿਕਾ ਜੋਇਸ, ਪੰਜਾਬ ਦੇ ਸਕੱਤਰ ਰੌਬਿਨ ਰਿਚਰਡ ਨੇ ਕਿਹਾ ਕਿ ਕੁੱਝ ਗ਼ਲਤ ਕਿਸਮ ਦੇ ਲੋਕ ਇਸਾਈ ਧਰਮ ਨੂੰ ਗ਼ਲਤ ਪ੍ਰਚਾਰ ਦੀ ਵਰਤੋਂ ਕਰਕੇ ਸਿੱਖਾਂ ਅਤੇ ਈਸਾਈਆਂ ਵਿਚ ਜਿੱਥੇ ਫ਼ਿਰਕੂਪੁਣਾ ਘੋਲ ਰਹੇ ਹਨ ਉੱਥੇ ਹੀ ਉਹ ਈਸਾਈ ਧਰਮ ਨੂੰ ਬਦਨਾਮ ਕਰ ਰਹੇ ਹਨ, ਜਿਸ ਸਬੰਧੀ ਅਸੀਂ ਭਾਰਤ ਸਰਕਾਰ ਕੋਲ ਅਤੇ ਵੱਖ-ਵੱਖ ਥਾਣਿਆਂ ਵਿਚ ਸ਼ਿਕਾਇਤਾਂ ਵੀ ਦਰਜ ਕਰਵਾਈਆਂ ਹਨ। ਉਨਾਂ ਕਿਹਾ ਅਸੀਂ ਜਬਰੀ ਧਰਮ ਪਰਿਵਰਤਨ ਦੇ ਬਿਲਕੁਲ ਖ਼ਿਲਾਫ਼ ਹਾਂ ਅਤੇ ਸਾਡਾ ਧਰਮ ਇਸ ਦੀ ਇਜਾਜ਼ਤ ਨਹੀਂ ਦਿੰਦਾ। ਚਮਤਕਾਰ ਬਾਰੇ ਪੁੱਛਣ 'ਤੇ ਉਨਾਂ ਇਸ ਗੱਲ ਤੋਂ ਇਨਕਾਰ ਕਰਦਿਆਂ ਕਿਹਾ ਕਿ ਅਸੀਂ ਚਮਤਕਾਰ ਨੂੰ ਨਹੀਂ ਮੰਨਦੇ, ਸਗੋਂ ਮਨੁੱਖ ਦੀ ਆਪਣੀ ਪਾਵਰ ਹੀ ਉਸ ਨੂੰ ਠੀਕ ਕਰਦੀ ਹੈ। ਅਸੀਂ ਵੱਡੇ-ਵੱਡੇ ਹਸਪਤਾਲ ਖੋਲੇ ਹੋਏ ਹਨ ਅਤੇ ਦਵਾਈਆਂ ਦੇ ਨਾਲ ਮਰੀਜ਼ਾਂ ਨੂੰ ਠੀਕ ਕੀਤਾ ਜਾਂਦਾ ਹੈ। ਉਨਾਂ ਕਿਹਾ ਕਿ ਸਾਡੇ ਕੋਲ ਇਸ ਸਬੰਧੀ ਸਬੂਤ ਮੌਜੂਦ ਹਨ ਕਿ ਅਜਿਹੇ ਲੋਕਾਂ ਨੂੰ ਬਾਹਰੋਂ ਫੰਡਿੰਗ ਹੁੰਦੀ ਹੈ। ਅਸੀਂ ਪੰਜਾਬ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਉਹ ਅਜਿਹੇ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰੇ ਜੋ ਈਸਾਈ ਧਰਮ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨਾਂ ਸਮੂਹ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਸੀ ਭਾਈਚਾਰਕ ਸਾਂਝ ਕਾਇਮ ਰੱਖੀ ਜਾਵੇ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਨਾਂ ਕੋਲ ਸ਼ਿਕਾਇਤਾਂ ਆਈਆਂ ਸਨ ਕਿ ਸਰਹੱਦੀ ਇਲਾਕਾ ਖ਼ਾਸ ਕਰ ਅੰਮ੍ਰਿਤਸਰ ਵਿਖੇ ਇਸਾਈ ਪਾਦਰੀਆਂ ਵਲੋਂ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਲਾਲਚ ਅਤੇ ਡਰਾਵੇ ਦੇ ਕੇ ਧਰਮ ਪਰਿਵਰਤਨ ਕਰਵਾਇਆ ਜਾ ਰਿਹਾ ਹੈ, ਜਿਸ ਦੇ ਸਬੂਤ ਵੀ ਉਨਾਂ ਕੋਲ ਮੌਜੂਦ ਹਨ। ਉਨਾਂ ਕਿਹਾ ਕਿ ਅਖੌਤੀ ਪਾਸਟਰਾਂ ਵਲੋਂ ਇੱਕ ਸਾਜ਼ਿਸ਼ ਤਹਿਤ ਪਵਿੱਤਰ ਕੜਾਹ ਪ੍ਰਸ਼ਾਦ ਦੀ ਦੇਗ ਅਤੇ ਲੰਗਰ ਨੂੰ ਵੀ ਬਦਨਾਮ ਕੀਤਾ ਜਾ ਰਿਹਾ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਖ਼ਿਲਾਫ਼ ਘਟੀਆ ਸ਼ਬਦਾਵਲੀ ਵਰਤੀ ਜਾ ਰਹੀ ਹੈ।ਗੁਟਕੇ ਅਤੇ ਪੋਥੀਆਂ ਨੂੰ ਸ਼ੈਤਾਨ ਦੀਆਂ ਕਿਤਾਬਾਂ ਕਹਿ ਕੇ ਭੰਡਿਆ ਜਾ ਰਿਹਾ ਹੈ। ਉਨਾਂ ਕਿਹਾ ਇਸਾਈ ਭਾਈਚਾਰੇ ਦੀ ਮੁਖੀਆਂ ਨੇ ਮੰਨਿਆ ਕਿ ਕੁੱਝ ਲੋਕ ਇਸਾਈ ਧਰਮ ਅਤੇ ਸਿੱਖਾਂ ਵਿਚਕਾਰ ਪਾੜਾ ਪਾਉਣ ਦੀ ਕੋਸ਼ੀ ਕੋਸ਼ਿਸ਼ ਕਰ ਰਹੇ ਹਨ। ਸਿੰਘ ਸਾਹਿਬ ਨੇ ਸਮੁੱਚੇ ਭਾਈਚਾਰੇ ਨੂੰ ਅਪੀਲ ਕੀਤੀ ਕਿ ਆਪਸੀ ਇਤਫਾਕ ਪਿਆਰ ਭਾਈਚਾਰਕ ਸਾਂਝ ਬਣਾਈ ਰੱਖੀ ਜਾਵੇ ਅਤੇ ਆਪਸੀ ਭਾਈਚਾਰਕ ਸਾਂਝ ਵਿੱਚ ਤਰੇੜਾਂ ਪਾਉਣ ਵਾਲਿਆਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

**ਧਰਮ ਪਰਿਵਰਤਨ ਬਾਰੇ ਸਿੱਖ ਪੰਥ ਦੀ ਨੀਤੀ ਕੀ ਹੋਵੇ ?**

ਪੰਜਾਬ ਵਿਚ ਤੇ ਸਿੱਖ ਧਰਮ ਵਿਚ ਧਰਮ ਪਰਿਵਰਤਨ ਦੀ ਲਹਿਰ ਪਿਛਲੇ ਕੁਝ ਦਹਾਕਿਆਂ ਤੋਂ ਹੀ ਜਾਰੀ ਹੈ। ਆਖ਼ਰ ਸਿੱਖ, ਖਾਸ ਕਰ ਗ਼ਰੀਬ ਤੇ ਦਲਿਤ ਸਿੱਖ ਕਿਉਂ ਇਨਾਂ ਡੇਰਿਆਂ ਦੇ ਅਨੁਆਈ ਜਾਂ ਇਸਾਈ ਬਣਨ ਵੱਲ ਰੁਚਿਤ ਹੋ ਰਿਹਾ ਹੈ ? ਇਸ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ ? ਹੁਣ ਤਾਜ਼ਾ ਘਟਨਾਕ੍ਰਮ ਜਿਸ ਵਿਚ ਇਕ ਚਰਚ ਵਿਚ ਹੋਈ ਮੂਰਤੀਆਂ ਦੀ ਭੰਨਤੋੜ ਅਤੇ ਪਾਦਰੀ ਦੀ ਕਾਰ ਸਾੜਨ ਦੀ ਘਟਨਾ ਨੇ ਇਹ ਸਵਾਲ ਪ੍ਰਮੁੱਖ ਤੌਰ 'ਤੇ ਸਾਹਮਣੇ ਲੈ ਆਂਦਾ ਹੈ। ਹਾਲਾਂ ਕਿ ਅਜੇ ਇਹ ਬਿਲਕੁਲ ਪਤਾ ਨਹੀਂ ਹੈ ਕਿ ਇਹ ਭੰਨਤੋੜ ਕਿਸ ਨੇ ਕੀਤੀ ਹੈ ? ਇੰਜ ਜਾਪਦਾ ਹੈ ਕਿ ਇਹ ਈਸਾਈਆਂ ਤੇ ਸਿਖਾਂ ਵਿਚ ਦੰਗੇ ਕਰਵਾ ਕੇ ਪੰਜਾਬ ਨੂੰ ਹਿੰਸਾ ਦੀ ਅੱਗ ਵਿਚ ਬਾਲਣ ਦੀ ਸਾਜਿਸ਼ ਹੈ। ਸਿੱਖ-ਇਸਾਈ ਝਗੜੇ ਵਜੋਂ ਇਸ। ਵਰਤਾਰੇ ਨੂੰ ਪੇਸ਼ ਕਰਨਾ ਕਿਸੇ ਤਰਾਂ ਵੀ ਸਿੱਖਾਂ ਦੇ ਹੱਕ ਵਿਚ ਨਹੀਂ, ਨਾ ਦੇਸ਼ ਪੱਧਰ 'ਤੇ ਅਤੇ ਨਾ ਅੰਤਰਰਾਸ਼ਟਰੀ ਪੱਧਰ 'ਤੇ ਹੀ। ਇਸਾਈਆਂ ਦੀ ਜਲੰਧਰ ਡਾਇਓਸਿਸ ਦੇ ਮੁਖੀ ਬਿਸ਼ਪ ਅਗਨੈਲੋ ਰੂਫੀਨੋ ਗਰਾਸੀਅਸ ਨੇ ਕਿਹਾ ਹੈ ਕਿ ਕਿ ਛੋਟੇ ਗਿਰਜਾਘਰ (ਪੰਜਾਬ ਵਿਚ) ਸਾਰੇ ਪਾਸੇ ਬਣ ਗਏ ਹਨ। ਉਹ ਕਿਸੇ ਨੂੰ ਆਪਣੀਆਂ ਸਰਗਰਮੀਆਂ ਲਈ ਜਵਾਬਦੇਹ ਨਹੀਂ ਹਨ। ਮੁੱਖ ਧਾਰਾ ਦੇ ਚਰਚ ਅਤੇ ਪਾਦਰੀ ਜਵਾਬਦੇਹ ਹਨ। ਇਹ ਨਿਯਮ ਨਿਜੀ ਚਰਚਾਂ 'ਤੇ ਲਾਗੂ ਨਹੀਂ ਹੁੰਦਾ। ਉਨਾਂ ਇਹ ਵੀ ਮੰਨਿਆ ਕਿ ਮੁੱਖ ਇਸਾਈ ਸਮੂਹਾਂ ਤੋਂ ਇਲਾਵਾ ਹੋਰ ਵੱਖਰੇ ਛੋਟੇ ਸਮੂਹ ਹਨ ਜੋ ਪਿਛਲੇ ਸਮੇਂ ਵਿਚ ਤੇਜ਼ੀ ਨਾਲ ਵਧੇ ਹਨ ਤੇ ਧਰਮ ਪਰਿਵਰਤਨ ਵਿਚ ਹਮਲਾਵਰ ਹਨ, ਜੋ ਸਮੱਸਿਆਵਾਂ ਪੈਦਾ ਕਰਦੇ ਹਨ।

**ਕਿਉਂ ਕਰ ਰਹੇ ਹਨ ਸਿੱਖ ਧਰਮ ਤਬਦੀਲ ?**

ਈਸਾਈਕਰਨ ਤੋਂ ਪਹਿਲਾਂ ਡੇਰਾਵਾਦ ਨੇ ਵੀ ਸਿੱਖੀ ਦਾ ਬਹੁਤ ਨੁਕਸਾਨ ਕੀਤਾ ਹੈ। ਡੇਰਾਵਾਦ ਨੂੰ ਸਮੇਂ ਦੀਆਂ ਅਕਾਲੀ ਤੇ ਕਾਂਗਰਸੀ ਸਰਕਾਰਾਂ ਦੀ ਸਰਪ੍ਰਸਤੀ ਵੀ ਮਿਲਦੀ ਰਹੀ ਹੈ। ਰਾਸ਼ਟਰੀ ਸੋਇਮ ਸੇਵਕ ਸੰਘ ਉਪਰ ਸਿੱਖਾਂ ਵਲੋਂ ਦੋਸ਼ ਹਨ ਕਿ ਉਹ ਸਿੱਖਾਂ ਤੇ ਈਸਾਈਆਂ ਵਿਚ ਟਕਰਾਅ ਕਰਵਾਉਣਾ ਚਾਹੁੰਦੀ ਹੈ। ਪਰ ਸਿੱਖ ਲੀਡਰਸ਼ਿਪ ਸਿੱਖਾਂ ਦੀ ਨਵੀਂ ਪੀੜੀ ਨੂੰ ਸਿੱਖ ਸਿਧਾਂਤ, ਇਤਿਹਾਸ ਸਮਝਾਉਣ ਵਿਚ ਅਸਫ਼ਲ ਰਹੀ ਹੈ। ਉਹ ਸਿੱਖਾਂ ਦੇ ਸਮਾਜਿਕ, ਆਰਥਿਕ ਪਛੜੇਪਨ ਨੂੰ ਦੂਰ ਕਰਨ ਅਤੇ ਹੋਰ ਜ਼ਰੂਰਤਾਂ ਦਾ ਧਿਆਨ ਰੱਖਣ ਵਿਚ ਵੀ ਖੋਟੀ ਸਿਧ ਹੋਈ ਹੈ। ਹਰ ਪਿੰਡ ਵਿਚ ਜੱਟਾਂ ਅਤੇ ਉੱਚ ਜਾਤੀਆਂ ਦੇ ਵੱਖਰੇ ਗੁਰਦੁਆਰੇ ਤੇ ਸ਼ਮਸ਼ਾਨਘਾਟ ਉਸਰਨੇ ਸਿੱਖ ਲੀਡਰਸ਼ਿਪ ਦੀ ਸਭ ਤੋਂ ਪਹਿਲੀ ਤੇ ਵੱਡੀ ਅਸਫ਼ਲਤਾ ਮੰਨੀ ਜਾ ਸਕਦੀ ਹੈ। ਅਸੀਂ ਗ਼ਰੀਬ ਸਿੱਖਾਂ ਦੇ ਜੀਵਨ ਉਥਾਨ ਲਈ ਕਿਸੇ ਯੋਜਨਾ 'ਤੇ ਕੰਮ ਕਰਨਾ ਤਾਂ ਦੂਰ ਕਦੇ ਸੋਚਿਆ ਤੱਕ ਵੀ ਨਹੀਂ। ਅਸੀਂ ਕੌਮ ਦੇ ਲੋੜਵੰਦ ਲੋਕਾਂ ਲਈ ਮੁਫ਼ਤ ਸਿੱਖਿਆ, ਮੁਫ਼ਤ ਇਲਾਜ ਵਰਗੀਆਂ ਸਹੂਲਤਾਂ 'ਤੇ ਪੈਸਾ ਖਰਚਣ ਦੀ ਥਾਂ ਵੱਡੇ-ਵੱਡੇ ਸੰਗਮਰਮਰੀ ਅਦਾਰੇ ਉਸਾਰਨ ਨੂੰ ਤਰਜੀਹ ਦਿੱਤੀ। ਵੱਡੇ-ਵੱਡੇ ਸਮਾਰੋਹਾਂ 'ਤੇ ਕਰੋੜਾਂ ਰੁਪਏ ਖ਼ਰਚੇ। ਸਾਡੇ ਖ਼ਾਲਸਾ ਸਕੂਲਾਂ ਤੇ ਸ਼੍ਰੋਮਣੀ ਕਮੇਟੀ ਦੇ ਅਦਾਰਿਆਂ ਵਿਚ ਬਹੁਤੇ ਕਾਰਜਕਰਤਾ ਖ਼ੁਦ ਹੀ ਸਿੱਖੀ ਜੀਵਨ ਜਾਚ ਤੋਂ ਬਹੁਤ ਦੂਰ ਹਨ। ਬਹੁਤੇ ਖ਼ਾਲਸਾ ਸਕੂਲਾਂ ਵਿਚ ਤਾਂ ਪੜਾਈ ਦਾ ਪੱਧਰ ਵੀ ਏਨਾ ਨਿੱਘਰ ਗਿਆ ਹੈ ਕਿ ਸਰਦੇ ਪੁੱਜਦੇ ਲੋਕ ਉਥੇ ਬੱਚਾ ਦਾਖ਼ਲ ਕਰਵਾਉਣ ਲਈ ਵੀ ਤਿਆਰ ਨਹੀਂ। ਜਦੋਂ ਕਿ ਡੇਰੇ ਅਤੇ 'ਨਵ ਇਸਾਈਵਾਦ' ਦੇ ਪ੍ਰਚਾਰਕ ਲੋਕਾਂ ਨੂੰ ਇਕ ਪਾਸੇ ਆਰਥਿਕ ਮਦਦ ਦੇ ਰਹੇ ਹਨ ਤੇ ਦੂਸਰੇ ਪਾਸੇ ਉਨਾਂ ਦੇ ਸਾਰੇ ਦੁੱਖਾਂ ਤੋਂ ਮੁਕਤੀ ਦਾ ਸੱਚਾ-ਝੂਠਾ ਪ੍ਰਚਾਰ ਵੀ ਕਰ ਰਹੇ ਹਨ ਅਤੇ ਉਚ-ਨੀਚ ਤੋਂ ਵੀ ਬਚਾਅ ਰਹੇ ਹਨ।

ਪਰ ਸਿੱਖਾਂ ਲਈ ਮੁਢਲੀ ਲੋੜ ਤਾਂ ਆਪਣਾ ਘਰ ਸੰਵਾਰਨ ਦੀ ਹੈ, ਜਿਸ ਵਿਚ 'ਗ਼ਰੀਬ ਦਾ ਮੂੰਹ ਗੁਰੂ ਦੀ ਗੋਲਕ' ਦੇ ਸਿਧਾਂਤ ਦੇ ਨਾਲ-ਨਾਲ ਸਿੱਖ ਸੰਸਥਾਵਾਂ ਦੇ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਕੇ ਸਿੱਖਾਂ ਦਾ ਫਿਰ ਤੋਂ ਸਿੱਖ ਸੰਸਥਾਵਾਂ ਵਿਚ ਵਿਸ਼ਵਾਸ ਬਹਾਲ ਕਰਨਾ ਸਭ ਤੋਂ ਜ਼ਰੂਰੀ ਹੈ। ਇਸ ਦੇ ਨਾਲ-ਨਾਲ ਹੀ ਗ਼ੈਰ ਸਿੱਖਾਂ ਦੀ ਮੁਸੀਬਤ ਵੇਲੇ ਮਦਦ ਕਰਨ ਦੇ ਸਿਖ ਸਭਿਆਚਾਰ ਨੂੰ ਜਾਰੀ ਰੱਖਣ ਦੇ ਨਾਲ-ਨਾਲ ਗ਼ਰੀਬ ਤੇ ਲੋੜਵੰਦ ਸਿੱਖਾਂ ਦੀ ਮਦਦ ਕਰਨ ਨੂੰ ਵੀ ਅਹਿਮੀਅਤ ਦਿੱਤੀ ਜਾਣੀ ਚਾਹੀਦੀ ਹੈ। ਸਰਦੇ ਪੁੱਜਦੇ ਸਿੱਖਾਂ ਵਿਚ ਇਹ ਪ੍ਰਚਾਰ ਕੀਤਾ ਜਾਵੇ ਕਿ ਉਹ ਆਪਣੇ ਦਸਵੰਧ ਨਾਲ ਆਪਣੇ ਆਸ-ਪਾਸ ਰਹਿੰਦੇ ਜਾਂ ਆਪਣੇ ਗ਼ਰੀਬ ਸਿੱਖ ਰਿਸ਼ਤੇਦਾਰਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਤੇ ਰੁਜ਼ਗਾਰ ਕਮਾਉਣ ਵਿਚ ਮਦਦ ਕਰਨ। ਸਿੱਖ ਅਦਾਰਿਆਂ ਵਿਚ ਸਾਬਤ ਸੂਰਤ ਸਿੱਖ (ਸਿਰਫ ਅੰਮ੍ਰਿਤਧਾਰੀ ਨਹੀਂ) ਨੂੰ ਨੌਕਰੀਆਂ ਵਿਚ ਪਹਿਲ ਦੇਣ ਦੀ ਵੀ ਲੋੜ ਹੈ ਅਤੇ ਸਭ ਤੋਂ ਜ਼ਰੂਰੀ ਹੈ ਕਿ ਸਾਡੇ ਸਕੂਲਾਂ ਤੇ ਹਸਪਤਾਲਾਂ ਦੀ ਹਾਲਤ ਸੁਧਾਰੀ ਜਾਵੇ ਤੇ ਗਿਣਤੀ ਵੀ ਵਧਾਈ ਜਾਵੇ, ਜਿਥੇ ਸਿੱਖ ਸਿਧਾਂਤ, ਇਤਿਹਾਸ ਤੇ ਹੋਰ ਕਿਤਾਬਚੇ ਮੁਫ਼ਤ ਵੰਡੇ ਜਾਣ ਅਤੇ ਅੱਜ ਦੇ ਯੁੱਗ ਦੇ ਹਾਣ ਦੇ ਪ੍ਰਚਾਰ ਮਾਧਿਅਮਾਂ ਰਾਹੀਂ ਪ੍ਰਚਾਰ ਵੀ ਕੀਤੇ ਜਾਣ। ਸਿੱਖਾਂ 'ਚ ਉਪਜ ਚੁੱਕੀ ਉਚ-ਨੀਚ ਦੀ ਭਾਵਨਾ ਦਾ ਖ਼ਾਤਮਾ ਕਰਨ ਲਈ ਸਾਰਥਿਕ ਯਤਨ ਕੀਤੇ ਜਾਣ।

**ਚਰਚ ਭੰਨ ਤੋੜ ਮਾਮਲੇ ਨੂੰ ਲੈ ਕੇ ਰੋਸ ਵਜੋਂ ਮਜੀਠਾ 'ਚ ਕੈਂਡਲ ਮਾਰਚ, ਜਲਦ ਇਨਸਾਫ ਦੀ ਮੰਗ**

ਪੱਟੀ ਚਰਚ 'ਚ ਪਿੰਡ ਠੱਕਰਪੁਰ ਵਿਖੇ ਹੋਈ ਭੰਨ ਤੋੜ ਦੇ ਰੋਸ ਵਜੋਂ ਮਜੀਠਾ ਵਿਚ ਅਵਰ ਲੇਡੀ ਆਫ਼ ਗ੍ਰੇਸ ਚਰਚ ਤੋਂ ਈਸਾਈ ਭਾਈਚਾਰੇ ਵੱਲੋਂ ਮੋਮਬਤੀ ਰੋਸ ਮਾਰਚ ਕੱਢਿਆ ਗਿਆ।

ਬਾਕੀ ਸਫ਼ਾ 31 'ਤੇ

## ਸਿੱਖ ਤੇ ਈਸਾਈ ਭਾਈਚਾਰੇ 'ਚ ਮਾਹੌਲ ਸੁਖਾਵਾਂ ਬਣਾਉਣ ਦੇ ਯਤਨ ਜਾਰੀ : ਲਾਲਪੁਰਾ

**ਅੰਮ੍ਰਿਤਸਰ : ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਇਥੇ ਕਿਹਾ ਕਿ ਕਮਿਸ਼ਨ ਵੱਲੋਂ ਸਿੱਖ ਤੇ ਈਸਾਈ ਭਾਈਚਾਰੇ ਵਿਚਾਲੇ ਧਰਮ ਪਰਿਵਰਤਨ ਦੇ ਮਾਮਲੇ ਸਬੰਧੀ ਚੱਲ ਰਹੀ ਖਿੱਚੋਤਾਣ ਨੂੰ ਦੂਰ ਕਰਨ ਲਈ ਲਗਾਤਾਰ ਯਤਨ ਜਾਰੀ ਹਨ ਤੇ ਛੇਤੀ ਹੀ ਇਸ ਸਬੰਧੀ ਅਗਲੀ ਮੀਟਿੰਗ ਸੱਦੀ ਜਾਵੇਗੀ। ਲਾਲਪੁਰਾ ਨੇ ਦੱਸਿਆ ਕਿ ਕਮਿਸ਼ਨ ਵੱਲੋਂ ਸਿੱਖ ਤੇ ਈਸਾਈ ਭਾਈਚਾਰੇ ਦੇ ਨੁਮਾਇੰਦਿਆਂ ਨੂੰ ਦਫ਼ਤਰ ਸੱਦ ਕੇ ਉਨਾਂ ਦੀ ਮੀਟਿੰਗ ਕਰਵਾਈ ਗਈ ਸੀ, ਜਿਸ ਦੌਰਾਨ ਦੋਵੇਂ ਧਿਰਾਂ ਵਿਚਾਲੇ ਮਾਹੌਲ ਕਾਫ਼ੀ ਸਦਭਾਵਨਾ ਵਾਲਾ ਰਿਹਾ। ਉਨਾਂ ਦੱਸਿਆ ਕਿ ਇਸ ਮਾਮਲੇ ਨੂੰ ਅਗਾਂਹ ਹੋਰ ਵਿਚਾਰਨ ਅਤੇ ਮਸਲੇ ਦਾ ਹੱਲ ਲੱਭਣ ਲਈ ਅਗਲੀ ਮੀਟਿੰਗ ਸੱਦੀ ਜਾਵੇਗੀ।**

# ਸਿੱਖਾਂ ਤੇ ਈਸਾਈਆਂ ਵਿਚ ਵਧਦੇ ਤਣਾਅ ਦਾ ਹੱਲ ਕੀ ਹੋਵੇ

**ਰਜਿੰਦਰ ਸਿੰਘ ਪੁਰੇਵਾਲ**

ਪੰਜਾਬ ਵਿਚ ਸਿੱਖਾਂ ਤੇ ਈਸਾਈਆਂ ਦੇ ਤਣਾਅ ਦਾ ਮੁਦਾ ਉਲਝਦਾ ਜਾ ਰਿਹਾ ਹੈ।ਬੀਤੇ ਦਿਨੀਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਈਸਾਈ ਪਾਸਟਰਾਂ ਨਾਲ ਮੀਟਿੰਗ ਕਰਕੇ ਦੋਹਾਂ ਧਰਮਾਂ ਦੀ ਦਸ ਮੈਂਬਰੀ ਕਮੇਟੀ ਬਣਾਈ ਜੋ ਆਪਸੀ ਮਤਭੇਦ ਸੁਲਝਾਏਗੀ। ਜੋ ਇਸਾਈ ਧਰਮ ਦੇ ਨਾਮ ਚਮਤਕਾਰਾਂ ਦਾ ਡੇਰਾਵਾਦ ਤੇ ਸਿੱਖਾਂ ਦੀ ਧਰਮ ਤਬਦੀਲੀ ਦਾ ਚੱਕਰ ਚਲਿਆ, ਉਸਨੂੰ ਰੋਕਿਆ ਜਾਵੇਗਾ। ਤਰਨ ਤਾਰਨ ਵਿਖੇ ਚਰਚ 'ਤੇ ਹੋਏ ਹਮਲੇ ਦੇ ਮਾਮਲੇ ਬਾਅਦ ਈਸਾਈ ਆਪਣੇ ਆਪ ਨੂੰ ਪੰਜਾਬ ਵਿਚ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਤਰਨਤਾਰਨ ਦੇ ਪੱਟੀ ਸ਼ਹਿਰ ਵਿਚ ਕੈਥੋਲਿਕ ਚਰਚ 'ਤੇ ਹੋਏ ਹਮਲੇ ਦੇ ਖਿਲਾਫ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਗਈ ਸੀ। ਚੰਡੀਗੜ ਵਾਸੀ ਸੁਖਜਿੰਦਰ ਗਿੱਲ ਅਤੇ ਹੋਰਨਾਂ ਵੱਲੋਂ ਦਾਇਰ ਪਟੀਸ਼ਨ ਵਿੱਚ ਮੰਗ ਕੀਤੀ ਗਈ ਸੀ ਕਿ ਰਾਜ ਵਿੱਚ ਈਸਾਈ ਭਾਈਚਾਰੇ ਨਾਲ ਸਬੰਧਤ ਲੋਕਾਂ ਅਤੇ ਚਰਚ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਰਕਾਰ ਨੂੰ ਹੁਕਮ ਦਿੱਤੇ ਜਾਣ। ਫਿਲਹਾਲ ਇਸ ਪਟੀਸ਼ਨ 'ਤੇ ਹਾਈ ਕੋਰਟ ਵਿਚ ਸੁਣਵਾਈ ਹੋਈ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਵਿੱਚ ਈਸਾਈ ਭਾਈਚਾਰੇ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਹੁਣ ਚਰਚ ਵਿੱਚ ਵਾਪਰੀ ਘਟਨਾ ਤੋਂ ਬਾਅਦ ਇਹ ਭਾਈਚਾਰਾ ਪੰਜਾਬ ਵਿੱਚ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਉਕਤ ਘਟਨਾ ਪੰਜਾਬ ਵਿਚ ਅਮਨ-ਕਾਨੂੰਨ 'ਤੇ ਸਵਾਲ ਖੜੇ ਕਰਦੀ ਹੈ, ਜੇਕਰ ਪੁਲਿਸ ਜਲਦ ਹਰਕਤ ਵਿਚ ਨਾ ਆਈ ਤਾਂ ਪੰਜਾਬ 'ਚ ਫਿਰਕੂ ਦੰਗਿਆਂ ਦੀ ਸਥਿਤੀ ਪੈਦਾ ਹੋ ਜਾਵੇਗੀ। ਇਸ ਲਈ ਅਦਾਲਤ ਨੂੰ ਇਸ ਦਾ ਨੋਟਿਸ ਲੈਂਦਿਆਂ ਸਰਕਾਰ ਅਤੇ ਪੁਲਿਸ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰਨੇ ਚਾਹੀਦੇ ਹਨ। ਪਟੀਸ਼ਨ ਵਿੱਚ ਪੰਜਾਬ ਸਰਕਾਰ, ਮੁੱਖ ਸਕੱਤਰ ਅਤੇ ਡੀਜੀਪੀ ਨੂੰ ਜਵਾਬਦੇਹ ਬਣਾਇਆ ਗਿਆ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਤਰਨਤਾਰਨ ਵਿਖੇ ਚਰਚ 'ਤੇ ਹੋਏ ਹਮਲੇ ਦੇ ਮਾਮਲੇ ਵਿਚ ਪੰਜਾਬ ਸਰਕਾਰ ਨੂੰ ਨੋਟਿਸ ਭੇਜਿਆ ਹੈ। ਇਹ ਮਾਮਲੇ ਵਿਚ ਅਦਾਲਤ ਨੇ ਸਰਕਾਰ ਤੋਂ ਸਟੇਟਸ ਰਿਪੋਰਟ ਤਲਬ ਕੀਤਾ ਹੈ।ਇਸ ਦੇ ਨਾਲ ਹੀ ਬੀਤੇ ਦਿਨੀਂ ਕੈਥੋਲਿਕ ਚਰਚ 'ਤੇ ਹੋਏ ਹਮਲੇ ਦੇ ਸਬੰਧ ਵਿਚ ਪੁਲਿਸ ਨੇ 21 ਲੋਕਾਂ ਨੂੰ ਪੁੱਛਗਿੱਛ ਲਈ ਹਿਰਾਸਤ ਵਿਚ ਲਿਆ ਸੀ। ਪੰਜ ਵਿਅਕਤੀਆਂ ਦੀ ਪਛਾਣ ਪਰੇਡ ਦੀ ਵੀਡੀਓਗ੍ਰਾਫੀ ਵੀ ਕੀਤੀ ਗਈ ਸੀ। ਪੁਲਿਸ ਨੇ ਮੁਲਜ਼ਮਾਂ ਦੇ ਸਕੈਚ ਵੀ ਬਣਾਏ ਸਨ ਪਰ ਕੋਈ ਸੁਰਾਗ ਨਹੀਂ ਮਿਲਿਆ। ਜ਼ਿਕਰਯੋਗ ਹੈ ਕਿ ਚਰਚ 'ਤੇ ਚਾਰ ਨਕਾਬਪੋਸ਼ ਵਿਅਕਤੀਆਂ ਨੇ ਹਮਲਾ ਕੀਤਾ ਸੀ। ਮੁਲਜ਼ਮਾਂ ਨੇ ਚਰਚ ਵਿਚ ਈਸਾ ਮਸੀਹ ਅਤੇ ਮਰੀਅਮ ਦੀਆਂ ਮੂਰਤੀਆਂ ਤੋੜ ਦਿੱਤੀਆਂ ਸਨ ਅਤੇ ਉਨਾਂ ਦੇ ਸਿਰ ਨਾਲ ਲੈ ਗਏ ਸਨ। ਫਰਾਰ ਹੋਣ ਤੋਂ ਪਹਿਲਾਂ ਮੁਲਜ਼ਮਾਂ ਨੇ ਪਾਦਰੀ ਦੀ ਬੋਲੈਰੋ ਕਾਰ ਨੂੰ ਵੀ ਸਾੜ ਦਿੱਤਾ।

ਇਹ ਵਰਨਣਯੋਗ ਹੈ ਕਿ ਈਸਾਈਆਂ ਦਾ ਪ੍ਰਚਾਰ ਸਿੱਖਾਂ ਦੇ ਪ੍ਰਚਾਰ ਤੋਂ ਜਿਆਦਾ ਉਚ ਪੱਧਰ ਦਾ ਤੇ ਗਰੀਬਾਂ ਨੂੰ ਪ੍ਰਭਾਵਿਤ ਕਰਨ ਵਾਲਾ ਹੈ। ਚੰਡੀਗੜ ਤੋਂ ਅੰਮ੍ਰਿਤਸਰ ਅਤੇ ਗੁਰਦਾਸਪੁਰ ਨੂੰ ਜਾਂਦੇ ਵਕਤ ਥਾਂ-ਥਾਂ ਉੱਤੇ ਇਸਾਈ ਧਰਮ ਦੇ ਪਾਸਟਰਾਂ ਦੇ ਵੱਡੇ ਵੱਡੇ ਹੋਰਡਿੰਗ ਤੁਹਾਨੂੰ ਆਮ ਦੇਖਣ ਨੂੰ ਮਿਲਣਗੇ। ਸਰਹੱਦੀ ਇਲਾਕਿਆਂ ਵਿੱਚ ਇਸਾਈ ਧਰਮ ਦਾ ਕਿੰਨਾ ਪ੍ਰਭਾਵ ਹੈ ਇਸ ਦਾ ਅੰਦਾਜ਼ਾ ਪਿੰਡਾਂ ਵਿੱਚ ਬਣੇ ਹੋਏ ਚਰਚਾਂ ਤੋਂ ਲਗਾਇਆ ਜਾ ਸਕਦਾ ਹੈ। ਚਰਚ ਲੋਕਾਂ ਨਾਲ ਭਰੇ ਹੋਏ ਹਨ ਤੇ ਗੁਰਦੁਆਰੇ ਸੰਗਤ ਤੋਂ ਖਾਲੀ ਹਨ। ਜ਼ਿਆਦਾਤਰ ਨਵੇਂ ਚਰਚ ਨਿੱਜੀ ਤੌਰ ਉੱਤੇ ਪ੍ਰਚਾਰ ਕਰ ਰਹੇ ਪਾਸਟਰਾਂ ਵੱਲੋਂ ਸਥਾਪਤ ਕੀਤੇ ਜਾ ਰਹੇ ਹਨ। ਕਈ ਥਾਵਾਂ ਉੱਤੇ ਤਾਂ ਲੋਕਾਂ ਨੇ ਘਰਾਂ ਵਿੱਚ ਆਪਣੇ ਚਰਚ ਸਥਾਪਿਤ ਕਰ ਲਏ ਹਨ। ਈਸਾਈ ਪਾਸਟਰ ਸਾਰੇ ਗ਼ਰੀਬ, ਲਾਚਾਰ, ਛੋਟੀਆਂ ਜਾਤਾਂ ਵਾਲਿਆਂ ਨੂੰ ਖੁੱਲਾ ਸੱਦਾ ਦੇਂਦੇ ਹਨ ਕਿ ਜੇ ਉਹ ਉਨਾਂ ਵਿਚ ਸ਼ਾਮਲ ਹੋ ਜਾਣ ਤਾਂ ਉਹ ਹਰ ਮਦਦ ਕਰਨ ਨੂੰ ਤਿਆਰ ਹਨ। ਉਹ ਈਸਾਈ ਧਰਮ ਦੀ ਫ਼ਿਲਾਸਫ਼ੀ ਸਮਝਾਏ ਬਿਨਾਂ ਅਤੇ 'ਚਮਤਕਾਰੀ' ਦੇ ਝੂਠੇ ਪ੍ਰਚਾਰ ਦੇ ਸਹਾਰੇ, ਗ਼ਰੀਬ ਦੀ ਦੁਖਦੀ ਰੱਗ ਤੇ ਹੱਥ ਰੱਖ ਕੇ ਧਰਮ ਤਬਦੀਲੀ ਦੇ 'ਫ਼ਾਇਦੇ' ਦੱਸਣ ਨੂੰ 'ਧਰਮ ਪ੍ਰਚਾਰ' ਕਹਿਣ ਲਗਦੇ ਹਨ।

ਜੇਕਰ ਪੰਜਾਬ ਵਿੱਚ ਇਸਾਈ ਧਰਮ ਦੀ ਅਬਾਦੀ ਦੀ ਗੱਲ ਕੀਤੀ ਜਾਵੇ ਤਾਂ ਇਹ ਕੁੱਲ ਅਬਾਦੀ ਦਾ ਡੇਢ ਫ਼ੀਸਦੀ ਤੋਂ ਵੀ ਘੱਟ ਹੈ। 2011 ਤੱਕ ਇਸ ਭਾਈਚਾਰੇ ਦੀ ਅਬਾਦੀ 3 ਲੱਖ 48 ਹਜ਼ਾਰ ਦੇ ਕਰੀਬ ਸੀ।

ਜਾਣਕਾਰਾਂ ਮੁਤਾਬਕ ਜ਼ਿਆਦਾਤਰ ਧਰਮ ਪਰਿਵਰਤਨ ਸਰਹੱਦੀ ਇਲਾਕੇ ਬਟਾਲਾ, ਗੁਰਦਾਸਪੁਰ, ਡੇਰਾ ਬਾਬਾ ਨਾਨਕ, ਮਜੀਠਾ, ਤਰਨਤਾਰਨ , ਅਜਨਾਲਾ ਅਤੇ ਅੰਮ੍ਰਿਤਸਰ ਵਿੱਚ ਹੋਇਆ ਹੈ। ਸ਼੍ਰੋਮਣੀ ਕਮੇਟੀ ਦਾ ਦਾਅਵਾ ਹੈ ਕਿ ਇਹ ਧਰਮ ਪਰਿਵਤਨ ਲਾਲਚ ਅਤੇ ਗੁੰਮਰਾਹ ਕਰਕੇ ਕਰਵਾਇਆ ਜਾ ਰਿਹਾ ਹੈ। ਮਸੀਹੀ ਭਾਈਚਾਰੇ ਨਾਲ ਸਬੰਧਤ ਪਾਸਟਰ ਜਬਰੀ ਧਰਮ ਪਰਿਵਰਤਨ ਕੀਤੇ ਜਾਣ ਦੀਆਂ ਖ਼ਬਰਾਂ ਨੂੰ ਰੱਦ ਕਰਦੇ ਹਨ। ਮੁੱਖ ਧਾਰਾ ਦੇ ਗਿਰਜਾਘਰਾਂ ਨਾਲ ਜੁੜੇ ਪਾਸਟਰ ਕਹਿੰਦੇ ਹਨ ਅੰਧ ਵਿਸ਼ਵਾਸ਼ ਰਾਹੀ ਪ੍ਰਚਾਰ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ।

ਜਲੰਧਰ, ਕਪੂਰਥਲਾ ਵਿੱਚ ਇਸਾਈ ਡੇਰੇ ਅੰਧਵਿਸ਼ਵਾਸ ਤੇ ਜਾਦੂਤੰਤਰ ਦਾ ਸਹਾਰਾ ਲੈ ਕੇ ਸਿੱਖਾਂ ਦੀ ਧਰਮ ਬਦਲੀ ਕਰਵਾਉਣ ਦੇ ਦੋਸ਼ਾਂ ਵਿਚ ਘਿਰੇ ਹਨ। ਇਨਾਂ ਉਪਰ ਦੋਸ਼ ਹਨ ਕਿ ਇਹ ਈਸਾਈਆਂ ਨੂੰ ਗੁਰਦੁਆਰੇ ਦਾ ਪ੍ਰਸ਼ਾਦ, ਲੰਗਰ ਲੈਣ ਤੋਂ ਰੋਕਦੇ ਹਨ। ਕੁਝ ਪਾਦਰੀਆਂ ਵੱਲੋਂ ਸਿੱਖਾਂ ਨੂੰ ਇਸਾਈ ਧਰਮ ਵਿੱਚ ਸ਼ਾਮਲ ਕਰਨ ਤੋਂ ਬਾਅਦ ਉਨਾਂ ਨੂੰ ਦਸਤਾਰ ਸਜਾਉਣ, ਨਾਮ ਪਿੱਛੇ 'ਸਿੰਘ ਜਾਂ ਕੌਰ' ਸ਼ਬਦ ਨਾ ਹਟਾਉਣ ਲਈ ਆਖਿਆ ਜਾਂਦਾ ਹੈ ਤਾਂ ਜੋ ਉਹ ਸਿੱਖਾਂ ਦੇ ਨਾਮ ਸਰਕਾਰੀ ਸਹੂਲਤਾਂ ਲੈ ਸਕਣ। ਇਹ ਲੋਕ ਨਾ ਹੀਂ ਸਰਕਾਰੀ ਕਾਗ਼ਜ਼ਾਂ ਵਿੱਚ ਆਪਣਾ ਧਰਮ ਇਸਾਈ ਲਿਖਵਾਉਂਦੇ ਹਨ,

ਬਾਕੀ ਸਫ਼ਾ 30 'ਤੇ

# ਅਮਰੀਕੀ ਪੱਤਰਕਾਰ ਅੰਗਦ ਸਿੰਘ ਨੂੰ ਭਾਰਤ ਵਿਚ ਦਾਖਲਾ ਰੋਕਣਾ ਮਨੁੱਖੀ ਅਧਿਕਾਰਾਂ ਦਾ ਘਾਣ



**ਬਘੇਲ ਸਿੰਘ ਪੱਤਰਕਾਰ**

99142-58142

ਭਾਰਤ ਅੰਦਰ ਗਾਹੇ ਬਗਾਹੇ ਅਜਿਹਾ ਬਹੁਤ ਕੁੱਝ ਵਾਪਰਦਾ ਰਹਿੰਦਾ ਹੈ, ਜਿਹੜਾ ਮਨੁੱਖਤਾ ਵਿਰੋਧੀ ਹੁੰਦਾ ਹੈ, ਜਿਹੜਾ ਲੋਕਤੰਤਰ ਨੂੰ ਸ਼ਰਮਸਾਰ ਕਰਨ ਵਾਲਾ ਹੁੰਦਾ ਹੈ, ਜਿਹੜਾ ਭਾਰਤ ਅੰਦਰ ਘੱਟਗਿਣਤੀਆਂ ਨੂੰ ਫਿਕਰਮੰਦ ਕਰਦਾ ਹੈ। ਪ੍ਰੰਤੂ ਭਾਰਤੀ ਮੀਡੀਏ ਦੀ ਚੁੱਪ ਕਾਰਨ ਬਹੁਤ ਸਾਰੇ ਸਰਕਾਰੀ ਸਰਪ੍ਰਸਤੀ ਵਾਲੇ ਗੁਨਾਹ ਦੱਬ ਕੇ ਰਹਿ ਜਾਂਦੇ ਹਨ ਅਤੇ ਲੋਕ ਅਜਿਹੀ ਜਾਣਕਾਰੀ ਤੋਂ ਵਾਂਝੇ ਰਹਿ ਜਾਂਦੇ ਹਨ, ਜਿਹੜੀ ਉਨਾਂ ਤੱਕ ਪਹੁੰਚਣੀ ਬੇਹੱਦ ਜਰੂਰੀ ਹੋਣੀ ਚਾਹੀਦੀ ਹੈ। ਪਿਛਲੇ ਦਿਨੀਂ ਅਮਰੀਕਾ ਤੋਂ ਆਪਣੇ ਪਰਿਵਾਰ ਨੂੰ ਮਿਲਣ ਆ ਰਹੇ ਇੱਕ ਪੂਰਨ ਗੁਰਸਿੱਖ ਅਤੇ ਅਮਰੀਕੀ ਪੱਤਰਕਾਰ ਅੰਗਦ ਸਿੰਘ ਨੂੰ ਭਾਰਤ ਵਿਚ ਦਾਖਲ ਹੋਣ ਤੋਂ ਰੋਕ ਕੇ ਤਿੰਨ ਘੰਟੇ ਬਾਅਦ ਦਿੱਲੀ ਦੇ ਇੰਦਰਾ ਗਾਂਧੀ ਹਵਾਈ ਅੱਡੇ ਤੋਂ ਹੀ ਅਮਰੀਕਾ ਜਾਣ ਵਾਲੀ ਫਲਾਈਟ 'ਤੇ ਵਾਪਸ ਭੇਜ ਦਿੱਤਾ ਗਿਆ। ਉਨਾਂ ਨੂੰ ਵਾਪਸ ਭੇਜਣ ਦਾ ਕੋਈ ਕਾਰਨ ਵੀ ਨਹੀਂ ਦੱਸਿਆ ਗਿਆ। ਰਾਤ ਤਕਰੀਬਨ 10 ਵਜੇ ਅੰਗਦ ਨੇ ਆਪਣੀ ਮਾਂ ਨੂੰ ਇਸ ਬਾਰੇ ਫੋਨ ਤੇ ਦੱਸਿਆ ਕਿ ਉਸ ਨੂੰ ਵਾਪਸ ਭੇਜਿਆ ਜਾ ਰਿਹਾ ਹੈ ਅਤੇ ਇਸ ਦਾ ਕੋਈ ਕਾਰਨ ਵੀ ਨਹੀਂ ਦੱਸਿਆ ਗਿਆ। ਉਹ ਬੜੇ ਚਾਵਾਂ ਨਾਲ ਬੁੱਧਵਾਰ ਦੀ ਰਾਤ ਸਾਢੇ ਅੱਠ ਵਜੇ ਦਿੱਲੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉੱਤਰਦਾ ਹੈ। ਉਸਦੇ ਮਨ ਵਿਚ ਆਪਣੇ ਵਤਨ ਪੰਜਾਬ ਅਤੇ ਨਾਨਕੇ ਇੰਦੌਰ ਜਾਣ ਦੇ ਚਾਅ ਹੁੰਦੇ ਹਨ, ਆਪਣੀ ਮਾਂ ਨੂੰ ਮਿਲਣ ਦਾ ਮਲਾਰ ਉਹਦਾ ਪੈਰ ਧਰਤੀ 'ਤੇ ਨਹੀਂ ਲੱਗਣ ਦਿੰਦੇ, ਪਰ ਭਾਰਤ ਸਰਕਾਰ ਨੂੰ ਅੰਗਦ ਸਿੰਘ ਦਾ ਭਾਰਤ ਵਿਚ ਦਾਖਲ ਹੋਣਾ ਭਾਉਂਦਾ ਨਹੀਂ ਹੈ।ਭਾਰਤ ਸਰਕਾਰ ਉਸਦੀ ਕਲਮ ਤੋਂ ਭੈਅ ਖਾਂਦੀ ਹੈ ,ਉਸ ਦੇ ਕੈਮਰੇ ਦਾ ਭੈਅ ਉਪਰੋਂ ਮਜਬੂਤ ਦਿੱਸਣ ਵਾਲੇ ਹਾਕਮਾਂ ਨੂੰ ਚੀਨ ਦੀ ਤੋਪ ਤੋਂ ਵੱਧ ਭੈਅ-ਭੀਤ ਕਰਦਾ ਹੈ। ਇਸ ਕਰਕੇ ਭਾਰਤੀ ਤੰਤਰ ਵੱਲੋਂ ਉਸਨੂੰ ਹਵਾਈ ਅੱਡੇ ਤੋਂ ਹੀ ਵਾਪਸ ਅਮਰੀਕਾ ਜਾਣ ਵਾਲੀ ਫਲਾਇਟ ਵਿੱਚ ਚੜਾ ਕੇ ਅੰਗਦ ਦੇ ਸੁਪਨਿਆਂ ਨੂੰ ਚੂਰ ਚੂਰ ਕਰ ਦਿੱਤਾ ਜਾਂਦਾ ਹੈ। ਭਾਰਤ ਸਰਕਾਰ ਦੀ ਇਸ ਕਾਰਵਾਈ ਤੇ ਅੰਗਦ ਸਿੰਘ ਦੀ ਮਾਤਾ ਗੁਰਮੀਤ ਕੌਰ, ਜਿਹੜੀ ਖੁਦ ਇੱਕ ਚੇਤਨ ਲੇਖਿਕਾ ਹੈ, ਜਿਸ ਨੇ ਮਨੁੱਖੀ ਅਧਿਕਾਰਾਂ ਦੀ ਲਹਿਰ ਦੇ ਨਾਇਕ ਸ਼ਹੀਦ ਜਸਵੰਤ ਸਿੰਘ ਖਾਲੜਾ ਤੇ ਇੱਕ ਪੁਸਤਕ ਵੀ ਲਿਖੀ ਹੈ, ਉਨਾਂ ਦਾ ਪ੍ਰਤੀਕਰਮ ਸੋਸ਼ਲ ਮੀਡੀਏ ਤੇ ਜਨਤਕ ਹੋਇਆ ਹੈ। ਅੰਗਦ ਸਿੰਘ ਦੀ ਮਾਤਾ ਗੁਰਮੀਤ ਕੌਰ ਵੱਲੋ ਆਪਣੇ ਪੁੱਤਰ ਨੂੰ ਸੰਬੋਧਿਤ ਹੋ ਕੇ ਲਿਖਿਆ ਗਿਆ :- 'ਮੈਂ ਤੇਰੀ ਚੜਦੀ ਕਲਾ ਦੀ ਕਾਮਨਾ ਕਰਦੀ ਹਾਂ ਮੇਰੇ ਪੁੱਤ।

ਸੌਖਾ ਨਹੀਂ ਹੈ ਇੱਕ ਸਿੱਖ ਹੋਣਾ, ਇੱਕ ਗੁਰਸਿੱਖ ਹੋਣਾ ਅਤੇ ਫਿਰ ਇੱਕ ਪੱਤਰਕਾਰ ਵੀ ਹੋਣਾ।

ਸੱਚ ਅਤੇ ਇਨਸਾਫ ਦਾ ਯੋਧਾ ਹੋਣਾ, ਸੱਚ ਬੋਲਣ ਦੀ ਕੀਮਤ ਚੁਕਾਉਣੀ ਪੈਂਦੀ ਹੈ।

ਮੈਂ ਤੇਰੇ ਪਿੱਛੇ ਖੜੀ ਹਾਂ, ਅਜ਼ਾਦੀ ਦੀ ਧਰਤੀ ਤੇ ਮਿਲਦੇ ਹਾਂ'।

ਸੋਸ਼ਲ ਮੀਡੀਏ 'ਤੇ ਭਾਵੇਂ ਇਹ ਬੇਹੱਦ ਸੰਵੇਦਨਸ਼ੀਲ ਅਤੇ ਧੁਰ ਅੰਦਰ ਤੱਕ ਲਹਿ ਜਾਣ ਵਾਲੇ ਉਪਰੋਕਤ ਸ਼ਬਦ ਅੰਗਦ ਦੀ ਮਾਤਾ ਵੱਲੋਂ ਆਪਣੇ ਪਿਆਰੇ ਪੁੱਤਰ ਅੰਗਦ ਸਿੰਘ ਨੂੰ ਸੰਬੋਧਿਤ ਹੋ ਕੇ ਆਖੇ ਗਏ ਹਨ, ਪਰ ਉਨਾਂ ਸ਼ਬਦਾਂ ਦੇ ਅੰਦਰ ਛੁਪੇ ਦਰਦ ਨੇ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਬੈਠੇ ਪੰਜਾਬੀਆਂ, ਸਿੱਖਾਂ ਸਮੇਤ ਹਰ ਇਨਸਾਫ ਤੇ ਅਮਨ ਪਸੰਦ ਭਾਰਤੀਆਂ ਨੂੰ ਧੁਰ ਅੰਦਰ ਤੱਕ ਝੰਜੋੜਿਆ ਹੈ ਅਤੇ ਭਾਰਤ ਵਿਚ ਮਨੁੱਖੀ ਅਧਿਕਾਰਾਂ ਦੇ ਹੋ ਰਹੇ ਘਾਣ ਸਬੰਧੀ ਸੋਚਣ ਲਈ ਮਜਬੂਰ ਕੀਤਾ ਹੈ। ਅੰਗਦ ਦੀ ਮਾਤਾ ਦੇ ਅਜ਼ਾਦੀ ਦੀ ਧਰਤੀ ਤੇ ਮਿਲਣ ਦੇ ਅਰਥ ਉਹਦੀ ਸਿੱਖ ਗੈਰਤ ਦਾ ਪ੍ਰਤੀਕ ਬਣ ਗਏ ਹਨ। ਇਹ ਸਚਾਈ ਪ੍ਰਤੱਖ ਰੂਪ ਵਿੱਚ ਸਾਹਮਣੇ ਆਈ ਹੈ ਕਿ ਭਾਰਤ ਸਰਕਾਰ ਦੀ ਇੱਕ ਸਿੱਖ ਪੱਤਰਕਾਰ ਪ੍ਰਤੀ ਅਜਿਹੀ ਵਿਤਕਰੇ ਅਤੇ ਤੰਗ-ਦਿਲੀ ਵਾਲੀ ਪਹੁੰਚ ਨੇ ਸਿੱਖਾਂ ਅੰਦਰ ਬੇਗਾਨਗੀ ਦੀ ਭਾਵਨਾ ਵਿੱਚ ਹੋਰ ਵਾਧਾ ਕੀਤਾ ਹੈ, ਪ੍ਰੰਤ ਅਜਿਹੀਆਂ ਘਟਨਾਵਾਂ ਦੇ ਲਗਾਤਾਰ ਵਾਪਰਦੇ ਰਹਿਣ ਅਤੇ ਦਿਨੋਂ ਦਿਨ ਵੱਧਦੇ ਜਾਣ ਦੇ ਬਾਵਜੂਦ ਵੀ ਬਹੁਤ ਸਾਰੇ ਆਪਣੇ ਆਪ ਨੂੰ ਇਨਸਾਫ ਪਸੰਦ ਹੋਣ ਦਾ ਢੰਡੋਰਾ ਪਿੱਟਦੇ ਰਹਿਣ ਵਾਲੇ ਲੋਕਾਂ ਦਾ ਇਸ ਘਟਨਾ ਤੇ ਕੋਈ ਪ੍ਰਤੀਕਰਮ ਨਾ ਆਉਣਾ ਅਤੇ ਨਾ ਹੀ ਇਸ ਘਟਨਾ ਦੇ ਮੁੜ ਇੱਕ ਹਫਤਾ ਬੀਤ ਜਾਣ ਦੇ ਬਾਵਜੂਦ ਕਿਸੇ ਭਾਰਤੀ ਮੀਡੀਏ ਚ ਪ੍ਰਮੁੱਖਤਾ ਨਾਲ ਲਿਖਿਆ ਜਾ ਪਰਸਾਰਤ ਕੀਤਾ, ਪੜਿਆ ਸੁਣਿਆ ਜਾਣਾ ਇਹ ਸਪੱਸ਼ਟ ਕਰਦਾ ਹੈ, ਕਿ ਇਹ ਅਖੌਤੀ ਲੋਕ ਹਿਤੈਸ਼ੀ ਲੋਕ ਕਦੇ ਵੀ ਸੱਚ ਦਾ ਸਾਥ ਨਹੀਂ ਦੇ ਸਕਣਗੇ, ਕਿਉਂਕਿ ਅਜਿਹਾ ਕਰਨ ਨਾਲ ਉਨਾਂ ਦੇ ਨਿੱਜੀ ਹਿਤਾਂ ਨੂੰ ਸੱਟ ਵਜ ਸਕਦੀ ਹੈ।ਜਦੋਂ ਕਿ ਕਿਸੇ ਵੀ ਸਿੱਖ ਦੀ ਛੋਟੀ ਜਿਹੀ ਗੱਲ ਨੂੰ ਭਾਰਤੀ ਟੀ



Image credit: twitter.com/Angadgsingh

ਵੀ ਚੈਨਲ ਤੂਲ ਦੇ ਕੇ ਕਈ ਕਈ ਦਿਨ ਛੱਜ ਵਿਚ ਪਾ ਕੇ ਛੱਟਦੇ ਰਹਿੰਦੇ ਹਨ, ਜਿਸ ਦੀ ਮਿਸਾਲ ਪਿਛਲੇ ਦਿਨੀਂ ਸੰਗਰੂਰ ਤੋਂ ਲੋਕ ਸਭਾ ਮੈਂਬਰ ਸ੍ਰ ਸਿਮਰਨਜੀਤ ਸਿੰਘ ਮਾਨ ਦੇ ਉਸ ਬਿਆਨ ਤੇ ਹੋਏ ਹੋ ਹੱਲੇ ਤੋਂ ਮਿਲਦੀ ਹੈ ਜਿਹੜਾ ਉਨਾਂ ਨੇ ਘਰੇਲੂ ਉਡਾਣਾਂ ਵਿੱਚ ਸਿੱਖ ਦੇ ਗਾਤਰੇ ਦੀ ਕ੍ਰਿਪਾਨ ਉਪਰ ਪਾਬੰਦੀ ਲਾਉਣ ਵਾਲੀ ਪਟੀਸ਼ਨ ਦੇ ਪ੍ਰਤੀਕਰਮ ਵਿੱਚ ਦਿੱਤਾ ਸੀ। ਸੋ ਅਜਿਹੇ ਨਫਰਤੀ ਵਰਤਾਰੇ ਨੂੰ ਉਜਾਗਰ ਕਰਦੇ ਅਮਰੀਕੀ ਸਿੱਖ ਪੱਤਰਕਾਰ ਅੰਗਦ ਸਿੰਘ ਦੀ ਮਾਤਾ ਗੁਰਮੀਤ ਕੌਰ ਦੇ ਉਪਰੋਕਤ ਦਿਲ ਚੀਰਵੇਂ ਸ਼ਬਦਾਂ ਦਾ ਕੋਈ ਜਵਾਬ ਭਰਤੀ ਟੀਵੀ ਚੈਨਲਾਂ, ਅਖੌਤੀ ਅਗਾਂਹਵਧੂ ਲੇਖਕਾਂ ਜਾਂ ਪੰਜਾਬ ਸਮੇਤ ਹੋਰ ਠੰਢੇ ਮੁਲਕਾਂ ਵਿਚ ਬੈਠੇ ਭਾਰਤ ਦੇਸ਼ ਨੂੰ ਪਿਆਰ ਕਰਨ ਅਤੇ ਰਾਸ਼ਟਰਵਾਦੀ ਹੋਣ ਦਾ ਢੰਡੋਰਾ ਪਿੱਟਣ ਵਾਲੇ ਉਹ ਲੋਕ, ਜਿਹੜੇ ਗੱਲ ਗੱਲ ਤੇ ਸਿੱਖ ਭਾਈਚਾਰੇ ਦੇ ਗੈਰਤਮੰਦਾਂ ਨੂੰ ਕੌਮੀ ਹੱਕਾਂ ਦੀ ਗੱਲ ਕਰਨ 'ਤੇ ਕੋਸਦੇ ਰਹਿੰਦੇ ਹਨ, ਕੀ ਉਹ ਇਸ ਘਟਨਾ ਤੇ ਆਪਣਾ ਪੱਖ ਦੁਨੀਆਂ ਸਾਹਮਣੇ ਰੱਖਣਗੇ ? ਕਦੇ ਵੀ ਨਹੀ। ਉਨਾਂ ਲੋਕਾਂ ਵੱਲੋਂ ਅਜਿਹੀ ਘਟਨਾ ਤੇ ਕਦੇ ਵੀ ਕੋਈ ਪ੍ਰਤੀਕਰਮ ਇਮਾਨਦਾਰੀ ਨਾਲ ਦੇਣ ਸਬੰਧੀ ਕਿਸੇ ਨੂੰ ਕੋਈ ਭੁਲੇਖਾ ਵੀ ਨਹੀਂ ਹੈ। ਭਾਰਤੀ ਹਕੂਮਤ ਨੇ ਵਿਤਕਰੇਬਾਜੀ ਦੀ ਸਿਖਰ ਨੂੰ ਛੂੰਹਦਿਆਂ ਅੰਗਦ ਸਿੰਘ ਨੂੰ ਦਿੱਲੀ ਤੋਂ ਵਾਪਸ ਅਮਰੀਕਾ ਮੋੜਿਆ ਹੈ। ਇਹ ਸਾਰਾ ਕੁੱਝ ਵਾਪਰਨ ਪਿੱਛੇ ਜਿੱਥੇ ਇੱਕ ਵਿਸ਼ੇਸ਼ ਮਾਨਸਿਕਤਾ ਕੰਮ ਕਰਦੀ ਹੈ, ਓਥੇ ਇਹ ਵੀ ਸਪੱਸ਼ਟ ਰੂਪ ਵਿਚ ਸਮਝ ਆਉਂਦਾ ਹੈ ਕਿ ਉੱਪਰੋਂ ਬੇਹੱਦ ਮਜਬੂਤ ਤੇ ਦ੍ਰਿੜ ਦਿਖਾਈ ਦਿੰਦੇ ਹਾਕਮ, ਅੰਦਰੋਂ ਕਿੰਨੇ ਹਲਕੇ ਤੇ ਡਰੇ ਹੋਏ ਹੁੰਦੇ ਹਨ। ਇਹਦੇ ਵਿੱਚ ਕਿਸੇ ਨੂੰ ਕੋਈ ਭੁਲੇਖਾ ਵੀ ਨਹੀਂ ਹੈ ਕਿ ਅੰਗਦ ਸਿੰਘ ਨਾਲ ਇੱਕ ਸਿੱਖ ਹੋਣ ਕਰਕੇ ਅਜਿਹਾ ਸਲੂਕ ਕੀਤਾ ਗਿਆ ਹੈ। ਸੋ ਅਜਿਹੇ ਵਿਅਕਤੀ ਤੇ ਪਾਬੰਦੀ ਲੱਗੇ ਵੀ ਕਿਉਂ ਨਾ, ਜਿਹੜਾ ਆਪਣੇ ਧਰਮ ਵਿੱਚ ਵੀ ਪੱਕਾ ਹੈ, ਇੱਕ ਪੱਤਰਕਾਰ ਵੀ ਸੱਚ ਲਿਖਣ ਵਾਲਾ ਹੈ। ਉਹ ਇੱਕ 2©*-1 ਪੂਰਨ ਗੁਰਸਿੱਖ ਹੋਣ ਦੇ ਨਾਲ ਨਾਲ ਪੁਰਸਕਾਰ ਜੇਤੂ ਪੱਤਰਕਾਰ ਹੈ, ਫਿਰ ਭਲਾ ਉਸਨੂੰ ਕੀ ਅਧਿਕਾਰ ਹੈ ਕਿ ਉਹ ਭਾਰਤੀ ਲੋਕਾਂ ਦੇ ਹੱਕਾਂ ਹਿਤਾਂ ਦੀ ਗੱਲ ਕਰਨ ਤੋਂ ਬਾਅਦ ਇਹ ਆਸ ਰੱਖੇ ਕਿ ਉਹ ਕਿਸੇ ਸਮੇਂ ਵੀ ਅਮਰੀਕਾ ਤੋਂ ਆਪਣੇ ਵਤਨ ਪੰਜਾਬ ਜਾਂ ਭਾਰਤ ਦੇ ਕਿਸੇ ਵੀ ਹਿੱਸੇ ਵਿੱਚ ਜਦੋਂ ਜੀਅ ਚਾਹੇ ਆ ਸਕਦਾ ਹੈ।ਜੇਕਰ ਉਹ ਅਜਿਹਾ ਚਾਹੁੰਦਾ ਹੈ, ਤਾਂ ਫਿਰ ਸਮੁੰਦਰ ਵਿਚ ਰਹਿ ਕੇ ਮਗਰਮੱਛ ਨਾਲ ਦੁਸ਼ਮਣੀ ਤਿਆਗਣੀ ਪਵੇਗੀ। ਉਹ ਭਾਰਤ ਆ ਕੇ ਅਪਣੇ ਸਮੇਤ ਸਮੁੱਚੀਆਂ ਘੱਟਗਿਣਤੀਆਂ ਦੀ ਗੱਲ ਕਿਵੇਂ ਕਰ ਸਕਦਾ ਹੈ, ਦਲਿਤਾਂ ਦੀ ਅਵਾਜ਼ ਕਿਵੇਂ ਚੁੱਕ ਸਕਦਾ ਹੈ ਭਲਾ! ਅੰਗਦ ਸਿੰਘ ਦੀ ਗਲਤੀ ਇਹ ਹੈ ਕਿ ਉਹਨੇ ਕਿਸਾਨੀ ਅੰਦੋਲਨ ਵਿਚ ਇੱਕ ਡਾਕੂਮੈਂਟਰੀ ਬਣਾ ਕੇ ਸੱਚ ਲੋਕਾਂ ਸਾਹਮਣੇ ਰੱਖਣ ਦੀ ਕੋਸ਼ਿਸ਼ ਕੀਤੀ ਸੀ, ਉਸਨੇ ਸ਼ਾਹੀਨ ਬਾਗ ਅੰਦੋਲਨ ਦਾ ਪੱਖ ਦੁਨੀਆਂ ਸਾਹਮਣੇ ਰੱਖਿਆ ਸੀ ਤੇ ਹੁਣ ਭਾਰਤ ਵਿਚ ਉਨਾਂ ਕਰੋੜਾਂ ਦਲਿਤ ਲੋਕਾਂ ਦੇ ਜਮੀਨੀ ਹਾਲਾਤਾਂ ਤੇ ਸ਼ਿੱਦਤ ਨਾਲ ਕੰਮ ਕਰਨਾ ਚਾਹੁੰਦਾ ਸੀ, ਜਿਹੜੇ ਮਨੁੱਖਾ ਜਿੰਦਗੀ ਜਿਉਣ ਦੀ ਖਾਹਿਸ਼ ਤਾਂ ਰੱਖਦੇ ਹਨ, ਪ੍ਰੰਤੂ ਭਾਰਤ ਦਾ ਮਨੁੱਖਤਾ ਵਿਰੋਧੀ ਮੰਨੂਵਾਦੀ ਸਿਧਾਂਤ ਉਨਾਂ ਦੇ ਮਨੁੱਖ ਹੋਣ ਤੇ ਇਤਰਾਜ਼ ਕਰਦਾ ਹੈ। ਉਨਾਂ ਦੇ ਮਨੁੱਖੀ ਅਧਿਕਾਰ ਭਾਰਤ ਵਰਗੇ ਵਿਸ਼ਾਲ ਮੁਲਕ ਵਿਚ ਸਾਹ ਸਤਹੀਣ ਹੋ ਕੇ ਰਹਿ ਗਏ ਹਨ।ਬੱਸ ਇਹ ਹੀ ਅੰਗਦ ਸਿੰਘ ਦਾ ਗੁਨਾਹ ਹੈ ਜੋ ਭਾਰਤੀ ਤੰਤਰ ਨੂੰ ਬੇਹੱਦ ਬੁਰਾ ਲੱਗਾ।

DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਸਾਰਾਗੜ੍ਹੀ ਦੀ ਜੰਗ

## ਸਿੱਖ ਬਹਾਦਰੀ ਦੀ ਰਣਨੀਤਕ ਜਿੱਤ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਮਹਾਰਾਜਾ ਰਣਜੀਤ ਸਿੰਘ ਵਲੋਂ, ਸਿੱਖ ਸੰਘ ਸਥਾਪਤ ਕਰਨ ਤੇ ਕਿਲਿਆਂ ਦੀ ਉਸਾਰੀ ਕੀਤੀ ਗਈ। ਬਰਤਾਨਵੀ ਬਸਤੀਵਾਦ ਹਾਕਮਾਂ ਨੇ ਉਨਾਂ ਹੀ ਕਿਲਿਆਂ ਦਾ ਵਿਸਥਾਰ ਕੀਤਾ। ਜਿਥੋਂ ਉਨਾਂ ਨੇ ਐਨਡਬਲਿਊਐਫ਼ਪੀ (ਉੱਤਰੀ ਪੱਛਮੀ ਸਰਹੱਦੀ ਸੂਬਾ) ਪਾਕਿਸਤਾਨ ਦਾ ਨਿਯੰਤਰਣ ਕੀਤਾ। ਕਿਉਂਕਿ ਪਠਾਣ ਅਤੇ ਕਬਾਇਲੀਆਂ ਨੇ ਅੰਗਰੇਜ਼ਾਂ ਦੀ ਅਧੀਨਗੀ ਪ੍ਰਵਾਨ ਨਾ ਕੀਤੀ। ਉਨਾਂ 1896 ਵਿਚ ਬਗਾਵਤ ਕਰ ਦਿੱਤੀ। ਇਹ ਸੂਬਾ ਵਪਾਰਕ ਤੌਰ 'ਤੇ ਅੰਗਰੇਜ਼ਾਂ ਲਈ ਬੜਾ ਮਹੱਤਵ ਰੱਖਦਾ ਸੀ। ਲੜਾਕੂ ਪਠਾਣ ਅਕਸਰ ਹੀ ਵਪਾਰੀਆਂ ਅਤੇ ਫੌਜੀ ਟੁਕਡੀਆਂ ਦਾ ਸਮਾਨ ਲੁੱਟ ਲੈਂਦੇ ਸਨ। ਕਬਾਇਲੀਆਂ ਦੀਆਂ ਮਾਰੂ ਝੜਪਾਂ ਅਤੇ ਉਨਾਂ ਦੀ ਵੱਡੀ ਫੌਜ ਵਿਰੁਧ ਆਪਣੀ ਫੌਜ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਕਿਲਿਆਂ ਦੇ ਵਿਸਥਾਰ ਵੱਲ ਧਿਆਨ ਦਿੱਤਾ। ਇਸ ਖੇਤਰ ਵਿਚ ਵਿਚ ਫੌਜੀ ਅਭਿਆਸ ਹੁਨਰ ਸਿਖਲਾਈ ਕੇਂਦਰ ਵੀ ਸਥਾਪਤ ਕੀਤਾ। ਫਿਰ ਵੀ ਕਬਾਇਲੀਆਂ ਦੀਆਂ ਗੰਭੀਰ ਝੜਪਾਂ 'ਤੇ ਨਿਯੰਤਰਣ ਪਾਉਣ ਲਈ ਬਰਤਾਨਵੀ ਬਹੁਤੇ ਸਫ਼ਲ ਨਹੀਂ ਹੋਏ।

ਹਿੰਦੂਕੁਸ਼ ਅਤੇ ਸੁਲੇਮਾਨ ਪਹਾੜੀਆਂ ਵਿਚ ਸਮਾਣਾ ਚੋਟੀ ਤੇ ਦੋ ਕਿਲੇ ਲਾਕਹਾਰਟ ਅਤੇ ਗੁਲਿਸਤਾਨ ਕੁਝ ਦੂਰੀ ਤੇ ਸਥਿਤ ਸਨ ਜੋ ਭੂਗੋਲਿਕ ਸਥਿਤੀ ਕਰਕੇ ਇਕ ਦੂਸਰੇ ਤੋਂ ਆਦ੍ਰਿਸ਼ ਸਨ। ਦੋਹਾਂ ਵਿਚ ਆਪਸੀ ਤਾਲਮੇਲ ਬਣਾਈ ਰੱਖਣ ਲਈ ਪ੍ਰਕਾਸ਼ ਸੰਕੇਤ ਸੰਚਾਰ ਯੰਤਰ ਨਾਲ ਇਕ ਸਾਰਾਗੜ੍ਹੀ ਚੌਕੀ ਕਿਲਿਆਂ ਵਿਚਕਾਰ ਸਥਾਪਤ ਕੀਤੀ ਗਈ। ਅਗਸਤ 27 ਅਤੇ ਸਤੰਬਰ 11/1896 ਨੂੰ ਪਸ਼ਤੂਨ ਦੁਆਰਾ ਕਿਲੇ ਤੇ ਕਬਜਾ ਕਰਨ ਦੀ ਵੱਡੀ ਕੋਸ਼ਿਸ ਨੂੰ 36ਵੀਂ ਸਿੱਖ ਸੈਨਾ ਟੁਕੜੀ ਹੁਣ 4 ਸੈਨਾ ਟੁਕੜੀ ਨੇ ਨਾਕਾਮ ਕਰ ਦਿੱਤਾ। ਸੰਨ 1897 ਵਿਚ ਬ੍ਰਿਟਿਸ਼ ਖਿਲਾਫ਼ ਉੱਤਰ ਪੱਛਮੀ ਸਰਹੱਦੀ ਸੂਬੇ (ਐਨਡਬਲਿਊਐਫਪੀ) ਵਿਚ ਸਮੂਹਿਕ ਅਫ਼ਗਾਨ ਵਿਦਰੋਹ ਹੋਇਆ। ਜਿਸ ਵਿਚ ਮੁਲਿਆਂ ਨੇ ਧਾਰਮਿਕ ਰੰਗਤ ਦੇ ਕੇ ਵਿਸ਼ੇਸ਼ ਭੂਮਿਕਾ ਨਿਭਾਈ। ਉਸ ਸਮੇਂ 36ਵੀਂ ਸਿੱਖ ਟੁਕੜੀ ਦਾ ਲਾਕਹਾਰਟ ਅਤੇ ਗੁਲਿਸਤਾਨ ਕਿਲਿਆਂ ਤੇ ਕਬਜਾ ਸੀ। ਸਤੰਬਰ 3 ਅਤੇ 9/1897 ਨੂੰ ਓਰਕਜਾਈ ਅਤੇ ਅਫ਼ਰੀਦੀ ਫੌਜਾਂ ਨੇ ਗੁਲਿਸਤਾਨ ਕਿਲੇ ਤੇ ਹਲਮਾ ਕਰ ਦਿੱਤਾ। ਲਾਕਹਾਰਟ ਕਿਲੇ ਤੋਂ ਰਾਹਤ ਫੌਜੀ ਸਹਾਇਤਾ ਭੇਜੀ ਗਈ ਤਾਂ ਦੁਸ਼ਮਣ ਦੇ ਹਮਲਿਆਂ ਨੂੰ ਨਾਕਾਮ ਕਰ ਦਿੱਤਾ।

ਕਿਲਾ ਲਾਕਹਾਰਟ ਦੀ ਰਾਹਤ ਸੈਨਾ ਟੁਕੜੀ ਨੇ ਪਰਤਦਿਆਂ ਸਾਰਾਗੜ੍ਹੀ ਵਿਖੇ ਤਾਇਨਾਤ ਟੁਕੜੀ ਨੂੰ ਹੋਰ ਮਜਬੂਤ ਕਰਨ ਲਈ ਤਿੰਨ ਗੈਰ ਆਯੋਗ ਅਧਿਕਾਰੀ ਅਤੇ 18 ਹੋਰ ਸੈਨਿਕ ਤਾਇਨਾਤ ਕੀਤੇ। ਜਿਨਾਂ ਦਾ ਮੁਖੀ ਹੌਲਦਾਰ ਈਸ਼ਰ ਸਿੰਘ ਸੀ।

ਸਤੰਬਰ 12/1897 ਦੇ ਚੜਦੇ ਦਿਨ 9 ਵਜੇ ਆਦਿਵਾਸੀ ਅਫਗਾਨਾਂ ਨੇ ਕਿਲਾ ਲਾਕਹਾਰਟ ਅਤੇ ਸਾਰਾਗੜ੍ਹੀ ਦੀ ਘੇਰਾਬੰਦੀ ਕਰ ਲਈ ਕਿ ਬਾਹਰੋਂ ਕੋਈ ਰਾਹਤ ਫੌਜੀ ਸਹਾਇਤਾ ਨਾ ਭੇਜੀ ਜਾ ਸਕੇ। ਇਸ ਸਮੇਂ 36ਵੀਂ ਸਿੱਖ ਸੈਨਾ ਟੁਕੜੀ ਦੇ ਮੁਖੀ ਲੈਫ਼ਟੀਨੈਂਟ ਕਰਨਲ ਹਿਊਗਟਨ ਕਿਲਾ ਲਾਕਹਾਰਟ ਤੋਂ ਸੰਦੇਸ਼ ਰਾਹੀਂ ਸਾਰਾਗੜ੍ਹੀ ਦੇ ਸੰਪਰਕ ਵਿਚ ਸੀ। ਸਿਪਾਹੀ ਗੁਰਮੁਖ ਸਿੰਘ ਨੇ ਸੰਦੇਸ਼ ਭੇਜਿਆ ਕਿ ਸਾਰਾਗੜ੍ਹੀ ਤੇ ਹਮਲਾ ਹੋ ਗਿਆ ਹੈ। ਹਿਊਗਟਨ ਨੇ ਸੰਦੇਸ਼ ਦਿੱਤਾ ਕਿ ਜੰਗ ਦਾ ਮੋਰਚਾ ਸੰਭਾਲ ਲਓ। ਸਾਰਾਗੜ੍ਹੀ ਚੌਕੀ ਦੇ ਮੁਖੀ ਹੌਲਦਾਰ ਈਸ਼ਰ ਸਿੰਘ ਨੇ ਆਪਣੇ 20 ਸੈਨਿਕਾਂ ਨੂੰ ਵੰਗਾਰਿਆ ਕਿ ਅਸੀਂ ਲੜਾਂਗੇ। ਉਨਾਂ ਪ੍ਰਣ ਕੀਤਾ ਕਿ ਦੁਸ਼ਮਣ ਨੂੰ ਕਿਲਿਆਂ ਤੱਕ ਪਹੁੰਚਣ ਤੋਂ ਰੋਕਣ ਲਈ ਆਖਰੀ ਦਮ ਤੱਕ ਲੜਾਂਗੇ। ਆਖਰੀ ਗੋਲੀ ਆਖਰੀ ਜਵਾਨ ਤੱਕ। ਅਸੀਂ ਜਾਣਦੇ ਹਾਂ ਕਿ ਇਹ ਗਾਰੇ ਕੱਚੀਆਂ ਇੱਟਾਂ ਤੇ ਲੱਕੜ ਦੇ ਦਰਵਾਜੇ ਵਾਲੀ ਚੌਕੀ ਅਤੇ ਅਸੀਂ ਮੁੱਠੀ ਭਰ ਹਜ਼ਾਰਾਂ ਕਬਾਇਲੀਆਂ ਦਾ ਟਾਕਰਾ ਤਾਂ ਨਹੀਂ ਕਰ ਸਕਦੇ, ਅਸੀਂ ਦੁਸ਼ਮਣ ਨੂੰ ਪੂਰੀ ਟੱਕਰ ਦੇਵਾਂਗੇ। ਪੈਰ ਪਿੱਛੇ ਨਹੀਂ ਹਟਾਵਾਂਗੇ। ਸਿੱਖੀ ਜੰਗੀ ਰਵਾਇਤ ਨੂੰ ਕਾਇਮ ਰੱਖਦਿਆਂ ਜੂਝ ਮਰਾਂਗੇ। ਰਣਨੀਤਕ ਜੰਗ ਲੜਾਂਗੇ। ਸੰਕੇਤ ਤੋਂ ਹਿਊਗਟਨ ਨੇ ਵੇਖਿਆ ਕਿ ਦੁਸ਼ਮਣ 10000-14000 ਦੀ ਗਿਣਤੀ ਵਿਚ ਹਨ।

ਦੁਪਹਿਰ 12.00 ਵਜੇ ਸਾਰਾਗੜ੍ਹੀ ਤੋਂ ਸੰਕੇਤ ਮਿਲਿਆ ਕਿ ਸਿਪਾਹੀ ਭਗਵਾਨ ਸਿੰਘ ਸ਼ਹੀਦ ਹੋ ਗਿਆ ਤੇ ਨਾਇਕ ਲਾਲ ਸਿੰਘ ਗੰਭੀਰ ਜ਼ਖਮੀ ਹੈ। ਤਿੰਨ ਰਾਇਫਲਾਂ ਵੀ ਦੁਸ਼ਮਣ ਦੀਆਂ ਗੋਲੀਆਂ ਨਾਲ ਟੁੱਟ ਗਈਆ ਹਨ। ਸਿਪਾਹੀ ਭਗਵਾਨ ਸਿੰਘ ਦੀ ਪਹਿਲੀ ਸ਼ਹੀਦੀ ਤੋਂ ਸਾਰਾਗੜ੍ਹੀ ਦੀਆਂ ਸ਼ਹੀਦੀਆਂ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਸਿੱਖਾਂ ਨੇ ਦੁਸ਼ਮਣ ਦੇ ਹਰ ਹਮਲੇ ਦਾ ਜੁਆਬ ਦੇਂਦਿਆਂ ਉਨਾਂ ਨੂੰ ਪਛਾੜਿਆ। ਹੁਣ ਸਿਪਾਹੀ ਬੂਟਾ ਸਿੰਘ ਤੇ ਸਿਪਾਹੀ ਸੁੰਦਰ ਸਿੰਘ ਸ਼ਹੀਦੀ ਪਾ ਗਏ। ਇਸ ਸਮੇਂ ਕਿਲਾ ਲਾਕਹਾਰਟ ਤੋਂ ਸਹਾਇਤਾ ਭੇਜਣ ਦੀ ਸੋਚੀ ਪਰ ਦੁਸ਼ਮਣ ਦੀ ਘੇਰਾਬੰਦੀ ਨੇ ਸੰਪਰਕ ਤੋੜ ਦਿੱਤੇ ਸਨ।

ਕਬਾਇਲੀਆਂ ਦੇ ਆਗੂ ਭਰਮਾਉਣ ਲੱਗੇ ਕਿ ਸਾਡੀ ਦੁਸ਼ਮਣੀ ਬ੍ਰਿਟਿਸ਼ ਨਾਲ ਹੈ। ਤੁਸੀਂ ਆਤਮ ਸਮਰਪਣ ਕਰ ਦਿਓ, ਤੁਹਾਨੂੰ ਸੁਰੱਖਿਅਤ ਜਾਣ ਦਿੱਤਾ ਜਾਵੇਗਾ ਅਤੇ ਤੋਹਫਿਆਂ ਨਾਲ ਨਿਵਾਜਿਆ ਜਾਵੇਗਾ। ਸਿੱਖ ਫੌਜ ਨੇ ਉਨਾਂ ਦੀਆਂ ਗੱਲਾਂ ਅਣਸੁਣੀਆਂ ਕਰ ਦਿੱਤੀਆਂ।

ਦੁਸ਼ਮਣ ਨੇ ਚੌਕੀ ਦੇ ਮੁਖ ਦਰਵਾਜੇ ਨੂੰ ਤੋੜਨ ਦੀਆਂ ਦੋ ਨਾਕਾਮ ਕੋਸ਼ਿਸ਼ਾਂ ਕੀਤੀਆਂ। ਦੁਸ਼ਮਦ ਦਾ ਜਾਨੀ ਨੁਕਸਾਨ ਹੋਣ ਲੱਗਾ। ਦੁਸ਼ਮਦ ਦਾ ਰੋਹ ਵਧਦਾ ਗਿਆ। ਉਹ ਹਰ ਹੀਲੇ ਚੌਕੀ ਤੇ ਕਬਜਾ ਕਰਨਾ ਚਾਹੁੰਦੇ ਸਨ। ਸਿੱਖ ਫੌਜ ਦੀ ਗਿਣਤੀ ਘਟਣ ਲੱਗੀ। ਅਸਲਾ ਵੀ ਮੁੱਕਣ ਤੇ ਆਣ ਲੱਗਾ। ਸਿਪਾਹੀ ਗੁਰਮੁਖ ਸਿੰਘ ਸਿੱਖਾਂ ਦੀ ਬਹਾਦਰੀ ਦੇ ਦ੍ਰਿਸ਼ ਆਪਣੀ ਜਾਨ ਤੇ ਖੇਡਦਿਆਂ ਨਾਲੋ ਨਾਲ ਭੇਜ ਰਿਹਾ ਸੀ। ਅਸਫ਼ਲ ਜੰਗ ਲੰਬੀ ਹੁੰਦੀ ਜਾਂਦੀ ਵੇਖ ਕੇ ਰੋਹ ਵਿਚ ਆ ਕੇ ਦੁਸ਼ਮਣ ਨੇ ਕਿਲੇ ਦੁਆਲ ਦੇ ਘਾਹ ਫੂਸ ਨੂੰ ਅੱਗ ਲਾ ਦਿੱਤੀ। ਧੂੰਏ ਦੀ ਆੜ ਵਿਚ ਇਕ ਅੰਨੇ ਮੋੜ ਤੋਂ ਜਿੱਥੋਂ ਗੋਲੀ ਅਸਰ ਨਹੀਂ ਕਰ ਸਕਦੀ ਸੀ, ਦੁਸ਼ਮਣ ਉਸ ਸਰਹੱਦ ਦੀ ਦੀਵਾਰ ਨੂੰ ਤੋੜਨ ਵਿਚ ਸਫ਼ਲ ਹੋ ਗਏ। ਹੁਣ ਜੰਗ ਆਹਮੋ ਸਾਹਮਣੇ ਹੱਥੋ ਹੱਥੀਂ ਤੇ ਆਣ ਪਹੁੰਚੀ।

**12 ਸਤੰਬਰ 'ਤੇ ਵਿਸ਼ੇਸ਼**

ਸਿੱਖ ਫੌਜੀ ਲਾਲ ਸਿੰਘ ਜੋ ਸ਼ੁਰੂ ਵਿਚ ਗੰਭੀਰ ਜ਼ਖਮੀ ਹੋ ਗਿਆ ਸੀ, ਗਾਰਦ ਸੁਰੱਖਿਆ ਕਮਰੇ ਵਿਚ ਤਾਇਨਾਤ ਸੀ। ਜਦ ਦੁਸ਼ਮਣ ਉਸ ਵੱਲ ਵਧੇ ਉਸ ਨੇ ਚਾਰ ਦੁਸ਼ਮਣਾਂ ਨੂੰ ਮਾਰ ਮੁਕਾਇਆ। ਸਿਪਾਹੀ ਗੁਰਮੁਖ ਸਿੰਘ ਕਿਲਾ ਲਾਕਹਾਰਟ ਤੇ ਬਹਾਦਰੀ ਦੇ ਦ੍ਰਿਸ਼ਨ ਭੇਜਦਾ ਰਿਹਾ। ਜਿੱਥੇ ਮੁਖੀ ਹਿਊਗਟਨ ਅਤੇ ਸਿੱਖ ਫੌਜੀ ਸਾਥੀਆਂ ਨੇ 36ਵੀਂ ਸਿੱਖ ਸੈਨਾ ਟੁਕੜੀ ਦੇ ਬਹਾਦਰੀ ਦੇ ਦ੍ਰਿਸ਼ ਵੇਖੇ ਸਨ। ਜਦ ਉੱਥੇ ਸਿਪਾਹੀ ਗੁਰਮੁਖ ਸਿੰਘ ਦੀਆਂ ਅੱਖਾਂ ਸਾਹਮਣੇ ਉਸ ਦੇ ਸਾਥੀ ਮਰਦੇ ਜਾ ਰਹੇ ਸਨ, ਅਸਲਾ ਵੀ ਖਤਮ ਹੁੰਦਾ ਜਾ ਰਿਹਾ ਸੀ। ਹੌਲਦਾਰ ਈਸ਼ਰ ਸਿੰਘ ਵੀ ਇਕ ਪਠਾਣ ਦੇ ਛੁਰੇ ਦਾ ਵਾਰ ਹੁੰਦਿਆਂ ਸ਼ਹੀਦੀ ਪਾ ਗਏ ਸਨ। ਉਸ ਨੇ ਆਖਰੀ ਸੰਦੇਸ਼ ਭੇਜਿਆ ਕਿ ਸਭ ਕੁਝ ਖਤਮ ਹੋ ਗਿਆ। ਮੈਨੂੰ ਸੰਦੇਸ਼ ਯੰਤਰ ਬੰਦ ਕਰਨ ਦੀ ਆਗਿਆ ਦਿੱਤੀ ਜਾਵੇ, ਉਸ ਨੇ ਯੰਤਰ ਨੂੰ ਬੜੇ ਸਲੀਕੇ ਨਾਲ ਸਾਂਭ ਕੇ ਪਾਸੇ ਰੱਖ ਦਿੰਤਾ ਅਤੇ ਰਾਇਫਲ ਚੁੱਕ ਕੇ ਉਸ ਨੂੰ ਦੁਸ਼ਮਣ ਨੂੰ ਵੰਗਾਰਿਆ। ਜਦ ਉਸ ਨੇ ਦੁਸ਼ਮਣ ਨੂੰ ਮਾਰ ਮੁਕਾਇਆ ਤਾਂ ਦੁਸ਼ਮਣ ਨੇ ਚੌਕੀ ਨੂੰ ਅੱਗ ਲਗਾ ਦਿੱਤਾ। ਜਿਸ ਵਿਚ ਆਖਰੀ ਗੋਲੀ ਆਖਰੀ ਜਵਾਨ ਤੱਕ ਲਗਭਗ 7 ਘੰਟੇ ਜੰਗ ਲੜੀ ਗਈ। ਜਿਸ ਵਿਚ 36ਵੀਂ ਸਿੱਖ ਸੈਨਾ ਟੁਕੜੀ ਦੀ ਰਣਨੀਤਕ ਜਿੱਤ ਹੋਈ ਕਿ 21 ਸਿੱਖ ਸੈਨਿਕਾਂ ਨੇ ਹਜ਼ਾਰਾਂ ਦਾ ਮੁਕਾਬਲਾ ਕੀਤਾ ਅਤੇ ਸੈਂਕੜੇ ਦੁਸ਼ਮਣ ਮਾਰ ਮੁਕਾਏ। ਬਾਅਦ ਦੁਪਹਿਰ 3.40 ਤੇ ਚੌਕੀ ਢਹਿ ਢੇਰੀ ਹੋ ਚੁੱਕੀ ਸੀ। ਅਗਲੀ ਸਵੇਰ ਰਾਹਤ ਸੈਨਾ ਟੁਕੜੀ ਸਾਰਾਗੜ੍ਹੀ ਚੌਕੀ ਤੇ ਪਹੁੰਚੀ। ਖਤਮ ਹੋਈ ਕਹਾਣੀ ਦੇ ਅੰਸ਼ ਦੇਖਣ ਨੂੰ ਮਿਲੇ। ਦੁਸ਼ਮਣ ਨੇ ਕਬੂਲ ਕੀਤਾ ਕਿ 600-1400 ਮਾਰੇ ਗਏ। ਕਈ ਜ਼ਖਮੀ ਵੀ ਹੋਏ ਹਨ। ਅੱਗ ਲੱਗਣ ਕਾਰਨ ਭਾਵੇਂ ਸਹੀ ਅੰਦਾਜ਼ਾ ਨਹੀਂ ਲੱਗਿਆ। ਬ੍ਰਿਟਿਸ਼ ਦੀ ਇਕ ਹੋਰ ਸੈਨਾ ਟੁਕੜੀ ਨੇ 14ਸਤੰਬਰ 1897 ਨੂੰ ਮੁੜ ਸਾਰਾਗੜ੍ਹੀ ਚੌਕੀ ਤੇ ਕਬਜਾ ਕਰ ਲਿਆ।

36ਵੀਂ ਸਿੱਖ ਸੈਨਾ ਟੁਕੜੀ ਨਾਲ ਇਕ ਗੈਰ ਸੈਨਿਕ ਸਫ਼ਾਈ ਕਰਮਚਾਰੀ ਦਾਦ ਨਾਉਂ ਦਾ ਮੁਸਲਮਾਨ ਵੀ ਸੀ। ਉਸ ਦੀ ਉਮਰ 40 ਸਾਲ ਸੀ। ਉਹ ਕਿਸੇ ਸ਼ਹੀਦ ਹੋਏ ਸੈਨਿਕ ਦੀ ਰਾਇਫ਼ਲ ਲੈ ਕੇ ਲੜਿਆ ਅਤੇ ਸ਼ਹੀਦ ਹੋਇਆ। ਇਸ ਤਰਾਂ ਸਾਰਾਗੜ੍ਹੀ ਦੀ ਜੰਗ ਵਿਚ 22 ਸ਼ਹੀਦ ਹੋਏ ਸਨ।

ਸਿੱਖ ਬਹਾਦਰੀ ਦੀ ਇਹ ਜੰਗ ਜਦੋਂ ਬ੍ਰਿਟਿਸ਼ ਸੰਸਦ ਵਿਚ ਸੁਣੀ ਗਈ ਤਾਂ ਮੈਂਬਰਾਂ ਨੇ ਖੜੇ ਹੋ ਕੇ ਸਰਹਾਨਾ ਕੀਤੀ। ਇਹ ਮਿਸਾਲ ਮਹਾਰਾਣੀ ਵਿਕਟੋਰੀਆ ਸਾਹਮਣੇ ਰੱਖੀ ਗਈ ਤਾਂ ਸਾਰੇ 21 ਸਿੱਖ ਬਹਾਦਰਾਂ ਨੂੰ ਇੰਡੀਅਨ ਆਰਡਰ ਆਫ਼ ਮੈਰਿਟ ਮਰਨ ਉਪਰੰਤ ਨਾਲ ਸਨਮਾਨਤ ਕੀਤਾ। ਉਸ ਸਮੇਂ ਦਾ ਭਾਰਤੀ ਸੈਨਿਕਾਂ ਨੂੰ ਦਿੱਤੇ ਗਏ ਸਨਮਾਨ ਤੋਂ ਵੱਡਾ ਸੀ ਜੋ ਅਜੋਕੇ ਸਮੇਂ ਵਿਚ ਵੀਰ ਚੱਕਰ ਦੇ ਬਰਾਬਰ ਸੀ। ਸਾਰੇ ਸੈਨਿਕਾਂ ਦੇ ਵਾਰਸਾਂ ਨੂੰ 50 ਏਕੜ ਜਮੀਨ ਅਤੇ 500 ਰੁਪਏ ਦੀ ਰਾਸ਼ੀ ਵੀ ਦਿੱਤੀ ਗਈ। ਇਹ ਭਾਰਤੀ ਇਤਿਹਾਸ ਦੀ ਅਨੂਠੀ ਜੰਗ ਸੀ।

ਸਾਰਾਗੜ੍ਹੀ ਵਿਖੇ ਲੋਕਹਾਰਟ ਕਿਲੇ ਦੇ ਬਾਹਰ 21 ਬਹਾਦਰ ਸੈਂਨਿਕਾਂ ਦੀ ਤਖਤੀ ਲੱਗੀ ਹੈ। ਜਿਸ ਤੇ ਹੁਣ ਪੰਜਾਬ ਅਤੇ ਉਰਦੂ ਵਿਚ ਨਾਉਂ ਲਿਖੇ ਹੋਏ ਹਨ ਅਤੇ ਅਬਾਰਤ ਲਿਖੀ ਗਈ ਹੈ ਕਿ :

ਭਾਰਤ ਸਰਕਾਰ ਨੇ ਬੰਗਾਲ ਪੈਦਲ ਫੌਜ 36ਵੀਂ ਸਿੱਖ ਸੈਨਾ ਟੁਕੜੀ ਦੇ ਬਹਾਦਰ ਸੈਨਿਕਾਂ ਦੇ ਨਾਉਂ ਉਕਰੇ ਹਨ ਜਿਨਾਂ ਨੇ ਬਹਾਦਰੀ ਦੀ ਮਿਸਾਲ ਕਾਇਮ ਕੀਤੀ ਹੈ ਜੋ 12 ਸਤੰਬਰ, 1897 ਨੂੰ ਕਿਲਾ ਸਾਰਾਗੜ੍ਹੀ ਦੀ ਰੱਖਿਆ ਕਰਦੇ, ਆਪਣਾ ਫਰਜ਼ ਨਿਭਾਉਂਦੇ ਸ਼ਹੀਦ ਹੋਏ ਹਨ। ਜਿਨਾਂ ਨੇ ਦੁਸ਼ਮਣ ਦੀ ਵੱਡੀ ਗਿਣਤੀ ਦਾ ਮੁਕਾਬਲਾ ਡਟ ਕੇ ਕੀਤਾ। ਇਸ ਤਰਾਂ ਉਨਾਂ ਨੇ ਭਾਰਤ ਦੀ ਰਾਣੀ ਅਤੇ ਪ੍ਰਭੂਸੱਤਾ ਪ੍ਰਤੀ ਆਪਣੀ ਵਫ਼ਾਦਾਰੀ ਅਤੇ ਸਮਰਪਣ ਸਾਬਤ ਕੀਤਾ ਹੈ। ਸਿੱਖੀ ਜੰਗੀ ਬਹਾਦਰੀ ਦੀਆਂ ਰਵਾਇਤਾਂ ਕਾਇਮ ਰੱਖਦੇ ਹੋਏ ਪੈਰ ਪਿੱਛੇ ਨਹੀਂ ਹਟਾਇਆ।

11 ਫਰਵਰੀ 1898 ਲੰਡਨ ਗਜ਼ਟ ਦਾ ਰਿਕਾਰਡ ਦੱਸਦਾ ਹੈ ਕਿ ਪ੍ਰੀਸ਼ਦ ਦੇ ਗਵਰਨਰ ਜਨਰਲ ਨੇ ਵਿਸ਼ੇਸ਼ ਤੌਰ 'ਤੇ 36ਵੀਂ ਸਿੱਖ ਸੈਨਾ ਟੁਕੜੀ ਨੇ ਕਿਲੇ ਗੁਲਿਸਤਾਨ ਦੀ ਸ਼ਾਨਦਾਰ ਰੱਖਿਆ ਕਰਦਿਆਂ ਅਤੇ ਈਸ਼ਰ ਸਿੰਘ ਹੌਲਦਾਰ ਦੀ ਅਗਵਾਈ ਹੇਠ ਸਾਰੇ ਸੈਨਿਕਾਂ ਵਲੋਂ ਸਾਰਾਗੜ ਦੀ ਜੰਗ ਲੜੀ, ਪ੍ਰਸ਼ੰਸਾ ਵਿਅਕਤ ਕਰਦਾ ਹਾਂ ਜੋ ਅੰਤਿਮ ਸਮੇਂ ਤੱਕ ਲੜਦੇ ਹੋਏ ਸ਼ਹੀਦ ਹੋਏ। ਇਕ ਬਹਾਦਰ ਵੀਰਤਾ ਦਾ ਪ੍ਰਦਰਸ਼ਨ ਕਰਦੇ ਹੋਏ ਭਾਰਤੀ ਸੈਨਾ ਦੀ ਬਹਾਦਰੀ ਦੇ ਸਾਰੇ ਰਿਕਾਰਡ ਮਾਤ ਪਾ ਦਿੱਤੇ ਹਨ।

ਕਮਾਂਡਰ ਇਨ ਚੀਫ਼ ਨੂੰ ਸਾਰਾਗੜ੍ਹੀ ਚੌਕੀ ਦੀ ਬਰਬਾਦੀ ਦਾ ਗਹਿਰਾ ਦੁੱਖ ਹੈ। ਜੋ 36ਵੀਂ ਸਿੱਖ ਸੈਨਾ ਟੁਕੜੀ ਦੇ 21 ਜਵਾਨਾਂ ਦਾ ਆਪਣੇ ਫਰਜ਼ ਲਈ ਬਹਾਦਰੀ ਨਾਲ ਸ਼ਹੀਦ ਹੋਣ ਦੀ ਪ੍ਰਸ਼ੰਸਾ ਕਰਦਾ ਹੈ। ਵੱਡੀ ਗਿਣਤੀ ਦੇ ਦੁਸ਼ਮਣਾਂ ਖਿਲਾਫ਼ ਲੜਦਿਆਂ ਸਿੱਖ ਜੰਗੀ ਬਹਾਦਰੀ ਰਵਾਇਤ ਨੂੰ ਕਾਇਮ ਰੱਖਿਆ ਹੈ। ਪ੍ਰਭੂਸੱਤਾ ਅਤੇ ਰਾਸ਼ਟਰੀ ਵਫ਼ਾਦਾਰੀ ਸਾਬਤ ਕੀਤੀ ਹੈ।

ਉਨਾਂ ਦੀ ਬਹਾਦਰੀ ਦੀ ਯਾਦ ਵਿਚ ਇਕ ਸਾਰਾਗੜ੍ਹੀ ਦੀ ਜੰਗ ਸਥਾਨ ਤੇ, ਦੂਸਰਾ ਸਾਰਾਗੜ੍ਹੀ ਯਾਦਗਾਰ ਗੁਰਦੁਆਰਾ ਫਿਰੋਜ਼ਪੁਰ ਛਾਉਣੀ, ਤੀਸਰਾ ਸਾਰਾਗੜ੍ਹੀ ਗੁਰਦੁਆਰਾ ਸਾਹਿਬ ਅੰਮ੍ਰਿਤਸਰ ਹੈ। ਇਹ ਜੰਗ ਪੂਰਬੀ ਫੌਜੀ ਸਭਿਅਤਾ, ਬ੍ਰਿਟਿਸ਼ ਸਾਮਰਾਜ ਫੌਜੀ ਇਤਿਹਾਸ ਅਤੇ ਸਿੱਖ ਇਤਿਹਾਸ ਦੀ ਪ੍ਰਤੀਕ ਹੈ। ਹੁਣ ਸਿੱਖ ਸੈਨਾ ਟੁਕੜੀ ਵਲੋਂ 12 ਸਤੰਬਰ ਨੂੰ ਸਾਰਾਗੜ੍ਹੀ ਜੰਗ ਦੇ ਦਿਨ ਨੂੰ ਯਾਦ ਕਰਦਿਆਂ ਇਹ ਦਿਨ ਮਨਾਉਂਦੀ ਹੈ।

ਸਾਰਾਗੜ੍ਹੀ ਦੀ ਜੰਗ ਸੰਯੁਕਤ ਰਾਸ਼ਟਰ ਸੰਘ ਵਲੋਂ ਪ੍ਰਕਾਸ਼ਤ ਸਮੂਹਿਕ ਬਹਾਦਰੀ ਦੀਆਂ 8 ਕਹਾਣੀਆਂ ਵਿਚੋਂ ਇਕ ਹੈ। ਇਸ ਦਾ ਜ਼ਿਕਰ ਦੁਨੀਆ ਵਿਚ ਆਪਣੀ ਕਿਸਮ ਦੀਆਂ ਪੰਜ ਸਭ ਤੋਂ ਮਹੱਤਵਪੂਰਨ ਘਟਨਾਵਾਂ ਵਿਚੋਂ ਇਕ ਵਜੋਂ ਕੀਤਾ ਗਿਆ ਹੈ। ਜਿਸ ਵਿਚ ਥਰਮੋਪਾਈਲੇ ਦੀ ਜੰਗ 480 ਈਸਾ ਪੂਰਬ ਵਿਚ ਜੇਰਕਸਸ ਦੀ ਸ਼ਕਤੀਸ਼ਾਲੀ ਫਾਰਸੀ ਫੌਜ ਦੇ ਵਿਰੁਧ ਇਕ ਛੋਟੀ ਯੂਨਾਨੀ ਫੌਜ ਦੇ ਬਹਾਦਰੀ ਦੇ ਕਾਰਨਾਮੇ ਨਾਲ ਜੁੜੀ ਹੋਈ ਹੈ।

36ਵੀਂ ਸਿੱਖ ਸੈਨਾ ਟੁਕੜੀ ਹੁਣ 4 ਦੀ ਸਥਾਪਨਾ 20 ਅਪ੍ਰੈਲ 1894 ਨੂੰ ਕਰਨਲ ਕੁੱਕ ਦੀ ਅਤੇ ਕੈਪਟਨ ਐਚ. ਆਰ. ਹੋਲਮੈਸ ਦੀ ਅਗਵਾਈ ਹੇਠ ਹੋਈ। ਅਗਸਤ 1897 ਵਿਚ ਲੈਫ਼ਟੀਨੈਂਟ ਕਰਨਲ ਜੌਹਨ ਹਿਊਟਨ ਦੇ ਅਧੀਨ 36ਵੀਂ ਸਿੱਖ ਸੈਨਾ ਦੀਆਂ ਪੰਜ ਟੁਕੜੀਆਂ ਬ੍ਰਿਟਿਸ਼ ਇੰਡੀਆ (ਖੈਬਰ ਖਪਤੂਨਖਵਾ) ਦੀ ਉੱਤਰੀ ਪੱਛਮੀ ਸਰਹੱਦ ਸੂਬਾ ਭੇਜੀਆਂ ਗਈਆਂ। ਉਨਾਂ ਨੂੰ ਸਮਾਣਾ ਪਹਾੜੀ ਚੋਟੀ, ਕੁਰਾਰਾ, ਸੰਗਰ, ਸਾਹਤੋਪ, ਧਰ ਅਤੇ ਸਾਰਾਗੜ੍ਹੀ ਤੇ ਤਾਇਨਾਤ ਕੀਤਾ ਗਿਆ ਸੀ।

ਸਾਰਾਗੜ੍ਹੀ ਦੀ ਜੰਗ ਵਿਚ ਸਿੱਖਾਂ ਦੀ ਰਣਨੀਤਕ ਜਿੱਤ ਹੋਈ ਜਿਸ ਨੇ ਸੰਸਾਰ ਵਿਚ ਬਹਾਦਰੀ ਦਾ ਲੋਹਾ ਮਨਵਾਇਆ। ਸਿੱਖਾਂ ਨੇ ਪ੍ਰਤੱਖ ਬਹਾਦਰੀ ਦੇ ਜੌਹਰ ਵਿਖਾਏ। ਮਰਦੇ ਦਮ ਤੱਕ ਹਥਿਆਰ ਨਹੀਂ ਸੁੱਟੇ। ਉਹ ਹਜ਼ਾਰਾਂ ਦੀ ਫੌਜ ਵੇਖ ਕੇ ਘਬਰਾਏ ਨਹੀਂ। ਜਿਵੇਂ ਜਿਵੇਂ ਵੈਰੀ ਚੜਦਾ ਆਇਆ, ਉਹ ਰੋਹ ਵਿਚ ਆ ਕੇ ਲੜੇ, ਦੁਸ਼ਮਣ ਦੀ ਪੇਸ਼ ਨਹੀਂ ਜਾਣ ਦਿੱਤੀ। ਕਈ ਘੰਟੇ ਤੁਰਕਾਂ ਨੂੰ ਸਖਤ ਮੁਕਾਬਲਾ ਦਿੱਤਾ। ਹਰ ਹਮਲੇ ਦਾ ਜਵਾਬ ਜਿੰਦਾਦਿਲੀ ਨਾਲ ਦਿੱਤਾ।

ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੇਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਅੰਮ੍ਰਿਤਸਰ ਟਾਈਮਜ਼ AMRITSAR TIMES

07 ਸਤੰਬਰ 2022 ਤੋਂ 13 ਸਤੰਬਰ 2022

# ਸ਼ਹੀਦਾਂ ਨੂੰ ਯਾਦ ਕਰਨ ਦੀ ਸਾਡੀ ਰਵਾਇਤ ਅਤੇ ਮੌਜੂਦਾ ਪਾੜਾ

ਖਾੜਕੂ ਸੰਘਰਸ਼ ਦੇ ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਅਤੇ ਉਨਾਂ ਦੇ ਸਾਥੀ ਚਰਨਜੀਤ ਸਿੰਘ ਚੰਨਾ ਦਾ ਸ਼ਹੀਦੀ ਦਿਹਾੜਾ ਸ੍ਰੀ ਦਰਬਾਰ ਸਾਹਿਬ ਵਿਖੇ ਮਨਾਇਆ ਗਿਆ। ਇਹ ਦੋਵੇਂ ਸਿੰਘ 4 ਸਤੰਬਰ 1991 ਨੂੰ ਪੁਲਿਸ ਨਾਲ ਹੋਏ ਇਕ ਮੁਕਾਬਲੇ ਦੌਰਾਨ ਸ਼ਹੀਦ ਹੋ ਗਏ ਸਨ। ਸਮਾਗਮ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਸ਼ਾਮਿਲ ਹੋਏ ਅਤੇ ਉਨਾਂ ਦੋਨਾਂ ਜੁਝਾਰੂਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਮਾਗਮ ਦਾ ਆਯੋਜਨ ਦਲ ਖਾਲਸਾ ਵੱਲੋਂ ਕੀਤਾ ਗਿਆ। ਸਮਾਗਮ ਵਿੱਚ ਦੋਵੇਂ ਖਾੜਕੂ ਸਿੰਘਾਂ ਦੇ ਪਰਿਵਾਰਕ ਮੈਂਬਰ ਵੀ ਹਾਜਰ ਹੋਏ, ਜਿਨਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਧਾਮੀ ਨੇ ਕਿਹਾ ਕਿ ਉਹ ਜਲਦ ਹੀ ਇਸ ਮਹੀਨੇ ਅੰਦਰ ਭਾਈ ਬਲਵਿੰਦਰ ਸਿੰਘ ਜਟਾਣਾ ਦੀ ਤਸਵੀਰ ਸਿੱਖ ਅਜਾਇਬਘਰ ਵਿੱਚ ਸੁਸ਼ੋਭਿਤ ਕਰਨਗੇ। ਜਿਕਰਯੋਗ ਹੈ ਕਿ ਭਾਈ ਬਲਵਿੰਦਰ ਸਿੰਘ ਜਟਾਣਾ ਅਤੇ ਉਨਾਂ ਦੇ ਸਾਥੀ ਰਹੇ ਸਿੰਘ ਭਾਈ ਚਰਨਜੀਤ ਸਿੰਘ ਚੰਨਾ ਦਾ ਗਾਇਕ ਸਿੱਧੂ ਮੂਸੇ ਵਾਲੇ ਦੀ ਮੌਤ ਤੋਂ ਬਾਅਦ ਜਾਰੀ ਹੋਏ ਗੀਤ ਐਸ.ਵਾਈ.ਐੱਲ ਵਿਚ ਜ਼ਿਕਰ ਹੋਇਆ ਸੀ। ਜਿਸ ਤੋਂ ਬਾਅਦ ਭਾਈ ਜਟਾਣਾ ਜੀ ਅਤੇ ਸਾਥੀ ਸਿੰਘਾਂ ਦੇ ਪੰਜਾਬ ਦੇ ਪਾਣੀਆਂ ਲਈ ਲੜੇ ਸੰਘਰਸ਼ ਲਈ ਕਾਫ਼ੀ ਚਰਚਾ ਹੋਈ ਹੈ।

ਸਾਡੀ ਪੰਥਕ ਰਵਾਇਤ ਹੈ ਕਿ ਅਸੀਂ ਆਪਣੇ ਸ਼ਹੀਦਾਂ ਨੂੰ ਯਾਦ ਕਰਦੇ ਹਾਂ, ਉਨਾਂ ਦੇ ਦਿਨ ਮਨਾਉਂਦੇ ਹਾਂ। ਸਿੱਖ ਸ਼ਹੀਦਾਂ ਬਾਰੇ, ਜਦੋਂ ਸਿੱਖ ਆਪਸ ਵਿੱਚ ਮਿਲਣ, ਗੱਲ ਹੋਣੀ ਚਾਹੀਦੀ ਹੈ, ਇਹ ਚੰਗੀ ਗੱਲ ਹੈ। ਪਰ ਜੇਕਰ ਅਸੀਂ ਨੇੜਲੇ ਇਤਿਹਾਸ ਦੀ ਗੱਲ ਕਰੀਏ ਤਾਂ ਸਰਕਾਰ ਦੇ ਦਮਨ ਚੱਕਰ ਤੋਂ ਬਾਅਦ ਇਹ ਗੱਲ ਅਸੀਂ ਗਵਾ ਲਈ ਹੈ। ਚੁੱਪ ਨੂੰ ਹੀ ਮੁਕੱਦਰ ਸਮਝ ਕੇ ਆਪਣੇ ਬੱਚਿਆਂ ਤੱਕ, ਅਗਲੀ ਪੀੜੀ ਤੱਕ, ਪਰਿਵਾਰਕ ਤੌਰ 'ਤੇ ਜਾਂ ਇਕੱਠ ਵਿਚ ਸ਼ਹੀਦਾਂ ਦੀ ਗੱਲ ਮਿਲ ਬੈਠ ਕੇ ਵਿਚਾਰਨੀ ਅਸੀਂ ਛੱਡ ਹੀ ਦਿੱਤੀ ਹੈ।

ਅਸੀਂ ਇੱਕ ਦਫ਼ਾ ਪਹਿਲਾਂ ਵੀ ਜਿਕਰ ਕੀਤਾ ਸੀ ਕਿ ਜਦੋਂ ਬਿਜਲ ਸੱਥ (ਸੋਸ਼ਲ ਮੀਡੀਆ) ਆਪਣੇ ਸ਼ੁਰੂਆਤੀ ਦੌਰ 'ਚ ਸੀ ਤਾਂ ਬਾਹਰ ਦੇ ਜਹਾਨ ਵਿਚ ਹੋਣ ਵਾਲੀ ਘਟਨਾ ਜਾਂ ਚੱਲ ਰਹੇ ਕਿਸੇ ਮਸਲੇ ਆਦਿ ਦੀ ਗੱਲ ਬਿਜਲ ਸੱਥ 'ਤੇ ਕੀਤੀ ਜਾਂਦੀ ਸੀ, ਹੁਣ ਹਲਾਤ ਇਹ ਬਣ ਗਏ ਹਨ ਕਿ ਬਿਜਲ ਸੱਥ 'ਤੇ ਜੋ ਵਾਪਰ ਰਿਹਾ ਹੈ ਉਸੇ ਦੀ ਹੀ ਗੱਲ ਬਾਹਰਲੇ ਜਹਾਨ 'ਚ ਵੱਧ ਚੱਲਦੀ ਰਹਿੰਦੀ ਹੈ। ਇੱਥੇ ਵੀ ਓਹੀ ਵੇਖਣ ਨੂੰ ਮਿਲਿਆ ਹੈ। ਜਦੋਂ ਬਿਜਲ ਸੱਥ ਉਪਰ ਇਹਨਾਂ ਸ਼ਹੀਦ ਸਿੰਘਾਂ ਦਾ ਜ਼ਿਕਰ ਹੋਇਆ, ਗੀਤ ਆਇਆ, ਗੱਲ ਚੱਲੀ ਤਾਂ ਜਾ ਕੇ ਅਸੀਂ ਸਿੰਘਾਂ ਦੀਆਂ ਕੁਰਬਾਨੀਆਂ ਨੂੰ ਥੋੜਾ ਬਹੁਤ ਯਾਦ ਕੀਤਾ ਹੈ। ਬਿਹਤਰ ਗੱਲ ਤਾਂ ਇਹ ਸੀ ਕਿ ਸਾਡੇ ਵਿੱਚ ਸਿੰਘਾਂ ਦੀਆਂ ਵਿਚਾਰਾਂ ਪਹਿਲਾਂ ਹੀ ਹੁੰਦੀਆਂ, ਅਸੀਂ ਇਹ ਗੱਲਾਂ ਆਪਣੀ ਅਗਲੀ ਪੀੜੀ ਤੱਕ ਪਹੁੰਚਾਉਂਦੇ।

ਬਿਜਲ ਸੱਥ ਆਉਣ ਤੋਂ ਬਾਅਦ ਗੱਲ ਕਹਿਣੀ ਜਿਸ ਤਰਾਂ ਸੌਖੀ ਹੋ ਗਈ ਹੈ, ਉਸ ਤੋਂ ਬਾਅਦ ਵੀ ਸ਼ਹੀਦਾਂ ਦੀ ਗੱਲ, ਸ਼ਹੀਦਾਂ ਦੇ ਕਿਰਦਾਰ ਬਾਰੇ, ਉਹਨਾਂ ਦੀ ਜੀਵਨੀ ਬਾਰੇ ਸੇਧ ਦਿੰਦੀਆਂ ਲਿਖਤਾਂ ਅਸੀਂ ਹਰੇਕ ਨਾਨਕ ਨਾਮਲੇਵਾ ਸੰਗਤ ਤੱਕ ਉਸ ਸਫਲਤਾ ਨਾਲ ਨਹੀਂ ਪਹੁੰਚਾ ਸਕੇ ਜਿਸ ਤਰਾਂ ਅਸੀਂ ਆਪਣੇ ਆਪਸੀ ਵਿਵਾਦ, ਅੰਦਰੂਨੀ ਕਲੇਸ਼ ਨੂੰ ਪੂਰਾ ਜ਼ੋਰ ਲਗਾ ਕੇ ਹਰੇਕ ਪ੍ਰਾਣੀ ਤੱਕ ਪਹੁੰਚਾਉਂਦੇ ਹਾਂ।

ਗੁਰੂ ਪਾਤਿਸ਼ਾਹ ਦੀ ਮਿਹਰ ਸਦਕਾ ਵਿਰਲੇ ਮਨੁੱਖ ਹੁੰਦੇ ਜਿਨਾਂ ਨੇ ਇਤਿਹਾਸ ਬਣਾਉਣਾ ਹੁੰਦਾ, ਬਾਕੀਆਂ ਨੇ ਉਹ ਗੱਲ ਅੱਗੇ ਲੈ ਕੇ ਜਾਣੀ ਹੁੰਦੀ ਹੈ। ਉਸ ਇਤਿਹਾਸ ਨੂੰ ਅਗਲੀ ਪੀੜੀ ਤੱਕ ਲੈ ਕੇ ਜਾਣਾ ਹੁੰਦਾ ਹੈ, ਲਿਖਣ ਵਾਲਿਆਂ ਨੇ ਲਿਖਣਾ ਹੁੰਦਾ ਹੈ, ਬੋਲਣ ਵਾਲਿਆਂ ਨੇ ਬੋਲਣਾ ਹੁੰਦਾ ਹੈ। ਸਾਡਾ ਰਵਾਇਤੀ ਤਰੀਕਾ ਰਿਹਾ ਹੈ ਕਿ ਅਸੀਂ ਸੰਗਤੀ ਰੂਪ 'ਚ ਮਿਲ ਬੈਠ ਕੇ ਆਪਣੇ ਇਤਿਹਾਸ ਰਾਹੀਂ ਸਿੱਖ ਯਾਦ ਨੂੰ ਤਾਜ਼ਾ ਕਰਦੇ ਹਾਂ। 17ਵੀਂ ਸਦੀ ਦੇ ਵਿੱਚ ਜਦੋਂ ਸਿੱਖ ਸਮੇਂ ਦੀ ਹਕੂਮਤ ਨਾਲ ਟਕਰਾਅ ਵਿਚ ਸਨ, ਹਕੂਮਤ ਦਾ ਹਰ ਪਾਸਿਓਂ ਜ਼ੁਲਮ ਸਹਿ ਰਹੇ ਸਨ ਤਦ ਵੀ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿੱਚ ਗਿਣਤੀ ਕੁ ਦੇ ਸਿੰਘ ਹਨੇਰੇ ਸਵੇਰੇ ਕਿਸੇ ਜਗਾ 'ਤੇ ਇਕੱਠੇ ਹੋ ਕੇ ਪਾਠ ਕਰਦੇ, ਸਿੰਘਾਂ ਨੂੰ ਯਾਦ ਕਰਦੇ ਅਤੇ ਦੇਗ ਵਰਤਾ ਕੇ ਛੱਕਦੇ। ਸਿੰਘਾਂ ਦੇ ਜੀਵਨ ਦੀਆਂ, ਸ਼ਹੀਦੀਆਂ ਦੀਆਂ ਇਹ ਸਭ ਬਾਤਾਂ ਜੋ ਉਸ ਵੇਲੇ ਸਿਰਫ ਬੋਲੀਆਂ ਤੇ ਸੁਣੀਆਂ ਸੁਣਾਈਆਂ ਜਾਂਦੀਆਂ ਸਨ ਬਾਅਦ ਵਿੱਚ ਹਲਾਤ ਸੁਖਾਵੇਂ ਹੋਣ ਤੋਂ ਬਾਅਦ ਹੀ ਭਾਈ ਰਤਨ ਸਿੰਘ ਭੰਗੂ, ਕਵੀ ਸੰਤੋਖ ਸਿੰਘ ਵੱਲੋਂ ਲਿਖੀਆਂ ਗਈਆਂ। ਗੱਲ ਗੌਰ ਕਰਨ ਵਾਲੀ ਹੈ ਕਿ 17ਵੀਂ ਸਦੀ ਵਿੱਚ ਇਤਿਹਾਸ ਸਿੱਖਾਂ ਨੇ ਨਹੀਂ ਲਿਖਿਆ। ਜੇਕਰ ਲਿਖਿਆ ਤਾਂ ਬਹੁਤ ਹੀ ਥੋੜਾ। ਉਸ ਵੇਲੇ ਨਾ ਕਿਸੇ ਕੋਲ ਲਿਖਣ ਦੀ ਬਹੁਤੀ ਸਹੂਲਤ ਸੀ ਅਤੇ ਨਾ ਹੀ ਵਖਤ ਸੀ ਪਰ ਉਨਾਂ ਸਿੱਖਾਂ ਨੇ ਇਤਿਹਾਸ ਆਪਣੇ ਚੇਤਿਆਂ ਵਿਚ ਲਿਖਿਆ। ਭਾਈ ਰਤਨ ਸਿੰਘ ਭੰਗੂ ਨੇ ਜੋ ਪੰਥ ਪ੍ਰਕਾਸ਼ ਗ੍ਰੰਥ ਲਿਖਿਆ ਹੈ ਉਸ ਦੀ ਭੂਮਿਕਾ ਵਿਚ ਭਾਈ ਸਾਹਿਬ ਵਲੋਂ ਜਿਕਰ ਹੈ ਕਿ ਇਹ ਸਭ ਇਤਿਹਾਸ ਜੋ ਅਸੀਂ ਆਪਣੇ ਪਿਓ, ਦਾਦਿਆਂ ਤੋਂ ਸੁਣਿਆ ਹੈ ਉਸੇ ਨੂੰ ਹੀ ਹੁਣ ਕਵਿਤਾ ਰੂਪ ਵਿਚ ਲਿਖ ਰਹੇ ਹਾਂ ਜੋ ਕਿ ਅੱਗਿਓਂ ਉਨਾਂ ਦੇ ਬਜ਼ੁਰਗਾਂ ਨੇ ਉਸ ਤੋਂ ਪਹਿਲਾਂ ਵਾਲੇ ਬਜ਼ੁਰਗਾਂ ਤੋਂ ਸੁਣਿਆ ਸੀ ਜਾਂ ਉਨਾਂ ਨਾਲ ਖੁਦ ਵਾਪਰਿਆ ਸੀ।

ਇਸ ਤੋਂ ਇਲਾਵਾ ਗੱਲ ਕਹਿਣ ਸੁਣਨ ਲਈ ਜੋ ਵੀ ਵਕਤੀ ਸਹੂਲਤਾਂ ਹੋਣ ਉਹ ਵੀ ਛੱਡਣੀਆਂ ਨਹੀਂ ਚਾਹੀਦੀਆਂ, ਇਸ ਲਈ ਸਾਡੇ ਕੋਲ ਹੁਣ ਬਿਜਲ ਸੱਥ ਹੈ ਪਰ ਯਾਦ ਰਹੇ ਕਿ ਇਥੇ ਵੀ ਗੱਲ ਕਹਿਣ ਦੀ ਸੌਖ ਦਾ ਸਮਾਂ ਹੁਣ ਲੰਘਦਾ ਜਾ ਰਿਹਾ ਹੈ। ਜੇਕਰ ਅਸੀਂ ਸੰਗਤੀ ਵਿਚਾਰਾਂ ਦੀ ਆਪਣੀ ਰਵਾਇਤ ਮੁਤਾਬਕ ਸ਼ਹੀਦਾਂ ਨੂੰ ਯਾਦ ਕਰਨਾ ਨਾ ਸਿਖਿਆ ਤਾਂ ਹਲਾਤ ਫੇਰ ਤੋਂ ਬਿਜਲ ਸੱਥ ਤੋਂ ਪਹਿਲਾਂ ਵਾਲੇ ਬਣ ਜਾਣੇ ਹਨ। ਨੇੜਲਾ ਇਤਿਹਾਸ ਅਤੇ ਇਸ ਵਿੱਚ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਸਿੰਘਾਂ ਦੀ ਯਾਦ ਜਾਂ ਵਿਚਾਰ ਸਾਡੇ ਕੁਝ ਕੁ ਘੇਰਿਆਂ ਵਿਚ ਹੀ ਸੀਮਤ ਹੈ। ਸਰਬੱਤ ਸਿੱਖ ਸੰਗਤ ਵਿਚ ਸ਼ਹੀਦਾਂ ਦੀ ਗੱਲ ਉਸ ਤਰਾਂ ਨਹੀਂ ਤੁਰ ਰਹੀ ਜਿਸ ਤਰਾਂ ਤੁਰਨੀ ਚਾਹੀਦੀ ਸੀ।

ਅਖੀਰ ਤੇ ਇਹੀ ਕਹਿਣਾ ਬਣਦਾ ਹੈ ਕਿ ਸ਼ਹੀਦਾਂ ਦੀ ਯਾਦ ਮਨਾਉਣ ਦਾ ਫਰਜ਼ ਸਿਰਫ ਸਿੱਖ ਸੰਸਥਾਵਾਂ ਅਤੇ ਜਥੇਬੰਦੀਆਂ ਦਾ ਨਹੀਂ ਹੈ ਅਤੇ ਇਹ ਵੀ ਜਰੂਰੀ ਨਹੀਂ ਕਿ ਇਹ ਯਾਦ ਸਿਰਫ ਇੱਕ ਦਿਨ ਹੀ ਮਨਾਈ ਜਾਵੇ ਅਤੇ ਰਸਮੀ ਰੂਪ ਵਿਚ ਹੀ ਮਨਾਈ ਜਾਵੇ। ਬਲਕਿ ਸੰਗਤ ਵਲੋਂ ਸ਼ਹੀਦਾਂ ਦੀ ਯਾਦ ਨੂੰ ਹਰ ਪਲ ਆਪਣੇ ਅੰਦਰ ਵਸਾਉਣਾ ਹੀ ਅਸਲ ਯਾਦ ਮਨਾਉਣਾ ਹੈ। ਸੋਸ਼ਲ ਮੀਡੀਆ ਦੋਇਮ ਪੱਧਰ 'ਤੇ ਹੋਣਾ ਚਾਹੀਦਾ ਹੈ। ਕਿੰਨਾ ਚੰਗਾ ਹੋਵੇਗਾ ਜੇਕਰ ਸ਼ਹੀਦਾਂ ਬਾਰੇ ਗੱਲ ਕਰਨ ਲਈ ਸਾਡੀ ਪਹਿਲੀ ਟੇਕ ਸੰਗਤ ਅਤੇ ਸਾਡਾ ਇਤਿਹਾਸ ਹੋਵੇ ਅਤੇ ਕੋਈ ਮੀਡੀਆ ਸਾਡੀਆਂ ਜਿੰਮੇਵਾਰੀਆਂ ਤੈਅ ਨਾ ਕਰਦਾ ਹੋਵੇ।

# ਵਿਕਦੇ ਵਿਧਾਇਕ, ਗੰਦੀ ਸਿਆਸਤ ਦਾ ਹਿੱਸਾ



ਗੁਰਮੀਤ ਸਿੰਘ ਪਲਾਹੀ
9815802070

ਇਹ ਕੁਰਸੀ ਦੀ ਖੇਡ ਹੈ। ਇਹ ਸੱਤਾ ਪ੍ਰਾਪਤੀ ਦੀ ਖੇਡ ਹੈ। ਜਾਣੀ ਝੂਠ ਦੀ ਖੇਡ। ਜਦ ਤੱਕ ਜਨਤਾ ਇਸ ਦੀ ਪਛਾਣ ਨਹੀਂ ਕਰੇਗੀ ਇਸ ਦੀ ਤਹਿ ਤੱਕ ਨਹੀਂ ਜਾਏਗੀ, ਇਹ ਖੇਡ ਇਸ ਤਰਾਂ ਹੀ ਚਲਦੀ ਰਹੇਗੀ। ਤਾਕਤਵਰ ਸਿਆਸੀ ਪਾਰਟੀਆਂ, ਦੂਜੀ ਪਾਰਟੀ ਦੇ ਵਿਧਾਇਕਾਂ ਨੂੰ ਖਰੀਦ ਦੀਆਂ ਰਹਿਣਗੀਆਂ, ਵਿਧਾਇਕ ਵਿਕਦੇ ਰਹਿਣਗੇ। ਜਨਤਾ ਸੱਤਾ ਬਦਲਕੇ ਇਹ ਸਮਝਦੀ ਹੈ ਕਿ ਮੋਢਿਆਂ ਦਾ ਭਾਰ ਹਲਕਾ ਹੋ ਗਿਆ ਹੈ, ਪਰ ਇਹੋ ਜਿਹਾ ਕੁਝ ਵੀ ਨਹੀਂ ਵਾਪਰਦਾ।

ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰਿਨ ਨੂੰ ਭਾਰਤੀ ਚੋਣ ਕਮਿਸ਼ਨ ਨੇ ਆਯੋਗ ਠਹਿਰਾ ਦਿੱਤਾ ਹੈ। ਉਸਦੀ ਵਿਧਾਇਕੀ ਦਾ ਫ਼ੈਸਲਾ ਰਾਜਪਾਲ ਨੇ ਲੈਣਾ ਹੈ। ਹਫ਼ਤੇ ਤੋਂ ਵੱਧ ਦਾ ਸਮਾਂ ਗੁਜ਼ਰ ਚੁੱਕਾ ਹੈ। ਉਹ ਕੋਈ ਫ਼ੈਸਲਾ ਨਹੀਂ ਲੈ ਰਹੇ। ਉਹ ਸ਼ਾਇਦ ਇਹ ਆਸ ਲਾਈ ਬੈਠੇ ਹਨ ਕਿ ਕਦੋਂ ਸੋਰਿਨ ਗਰੁੱਪ ਥੋੜਾ ਹਲਕਾ ਹੋਵੇ ਅਤੇ ਉਹ ਕੁਝ ਇਹੋ ਜਿਹਾ ਫ਼ੈਸਲਾ ਕਰਨ ਜਿਹੜਾ ਦਿੱਲੀ ਬੈਠੀ ਹਾਕਮ ਧਿਰ ਨੂੰ ਖੁਸ਼ ਵੀ ਕਰ ਸਕੇ ਅਤੇ ਉਹ ਤਾਕਤ ਵੀ ਹਥਿਆ ਸਕੇ। ਇਹੋ ਹੀ ਡਰ ਝਾਰਖੰਡ ਮੋਰਚੇ ਨੂੰ ਖਾ ਰਿਹਾ ਹੈ। ਉਥੇ ਗਠਬੰਧਨ ਹੈ। ਮੁਕਤੀ ਮੋਰਚੇ ਦੇ 30 ਵਿਧਾਇਕ ਹਨ, ਕਾਂਗਰਸ ਦੇ 16 ਅਤੇ ਰਜਦ ਦਾ ਇੱਕ ਵਿਧਾਇਕ ਹੈ, ਜੋ ਕਿਸੇ ਟੁੱਟ ਭੱਜ ਦੇ ਡਰੋਂ ਦੇਸ਼ ਦੇ ਵੱਖੋ-ਵੱਖਰੇ ਹਿੱਸਿਆਂ 'ਚ ਘੁੰਮ ਰਹੇ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਉਨਾਂ ਨੂੰ ਖ਼ਤਰਾ ਕਿਸ ਤੋਂ ਹੈ? ਦਰਅਸਲ ਉਹ ਕਿਸੇ ਸ਼ਕਤੀਸ਼ਾਲੀ ਪਾਰਟੀ ਤੋਂ ਬਚਕੇ ਇਧਰ-ਉਧਰ ਭੱਜਦੇ ਫਿਰਦੇ ਹਨ ਲੇਕਿਨ ਅਸਲ ਖ਼ਤਰਾ ਉਨਾਂ ਨੂੰ ਆਪਣੇ-ਆਪ ਤੋਂ ਹੈ। ਪਾਰਟੀਆਂ ਨੂੰ ਆਪਣੇ ਵਿਧਾਇਕਾਂ 'ਤੇ ਭਰੋਸਾ ਨਹੀਂ ਹੈ। ਪਤਾ ਨਹੀਂ ਕਦੋਂ ਕੌਣ ਕਿੰਨੇ 'ਚ ਵਿੱਕ ਜਾਵੇ। ਹੋ ਸਕਦਾ ਹੈ ਕਿ ਇਹੀ ਲੋਕ ਰਾਜ ਮੰਤਰੀ, ਕੈਬਨਿਟ ਮੰਤਰੀ ਜਾ ਹੋਰ ਕੀ ਕੁਝ ਬਣ ਜਾਣ? ਇਹੋ ਜਿਹੀਆਂ ਹਾਲਤਾਂ 'ਚ ਵਿਕਣ ਤੋਂ ਬਾਅਦ ਜਦੋਂ ਵਿਧਾਇਕ ਮੰਤਰੀ ਬਣੇਗਾ ਤਾਂ ਕਿੰਨੀ ਇਮਾਨਦਾਰੀ ਨਾਲ ਲੋਕਾਂ ਦੀ ਸੇਵਾ ਕਰੇਗਾ?

ਝਾਰਖੰਡ ਵਿਚ ਮਹਾਂ-ਗਠਬੰਧਨ ਦੇ ਕੋਲ 47 ਵਿਧਾਇਕ ਹਨ ਜੋ ਬਹੁਮਤ ਤੋਂ 5 ਜ਼ਿਆਦਾ ਹੈ, ਪਰ ਭੱਜ-ਟੁੱਟ ਦਾ ਡਰ ਉਨਾਂ ਨੂੰ ਸਤਾ ਰਿਹਾ ਹੈ। ਉਸਨੂੰ ਡਰ ਹੈ ਕਿ ਭਾਜਪਾ ਦੇ ਭੂਤ ਉਨਾਂ ਨੂੰ ਨਿਗਲ ਜਾਣਗੇ। ਭਾਜਪਾ ਕੋਸ਼ਿਸ਼ ਵਿੱਚ ਹੈ ਕਿ ਕਾਂਗਰਸ ਦੇ ਵਿਧਾਇਕਾਂ ਵਿੱਚੋਂ ਜੇਕਰ 10 ਉਹ ਤੋੜ ਲੈਂਦੇ ਹਨ ਤਾਂ ਉਹ ਝਾਰਖੰਡ 'ਚ ਆਪਣੀ ਸਰਕਾਰ ਬਣਾ ਲੈਣਗੇ। ਰਾਜਸਥਾਨ ਵਿੱਚ ਵੀ ਇਹ ਖੇਡ ਖੇਡਣ ਦਾ ਯਤਨ ਹੋਇਆ ਹੈ, ਭਾਜਪਾ ਕਾਮਯਾਬ ਨਹੀਂ ਹੋ ਸਕੀ। ਮਹਾਰਾਸ਼ਟਰ 'ਚ ਗਠਬੰਧਨ ਦੀ ਸਰਕਾਰ ਤੋੜ ਦਿੱਤੀ ਗਈ ਭਾਜਪਾ ਨੇ ਹਾਕਮ ਧਿਰ ਸ਼ਿਵ ਸੈਨਾ ਵਿੱਚ ਸੰਨ ਲਾਈ, ਵਿਧਾਇਕ ਤੋੜੇ, ਆਪਣੀ ਪਾਰਟੀ ਵਲੋਂ ਉਨਾਂ ਨੂੰ ਹਿਮਾਇਤ ਦਿੱਤੀ, ਸਿੱਟੇ ਵਜੋਂ ਭਾਜਪਾ ਅਤੇ ਸ਼ਿਵ ਸੈਨਾ ਦੇ ਬਾਗੀਆਂ ਦਾ ਗਰੁੱਪ ਸੱਤਾ ਉਤੇ ਬਿਰਾਜਮਾਨ ਹੋ ਗਿਆ। ਇਹੋ ਖੇਡ ਮੱਧ ਪ੍ਰਦੇਸ਼ ਵਿੱਚ ਖੇਡਿਆ ਗਿਆ ਸੀ, ਜਦੋਂ ਭਾਜਪਾ ਨੇ ਕਾਂਗਰਸ ਦੇ 22 ਵਿਧਾਇਕ ਤੋੜੇ, ਚੋਣਾਂ ਕਰਵਾਈਆਂ, ਆਪਣੀ ਜਿੱਤ ਦਰਜ਼ ਕੀਤੀ ਅਤੇ ਮੱਧ ਪ੍ਰਦੇਸ਼ ਦੀ ਮੁੱਖ ਮੰਤਰੀ ਦੀ ਕੁਰਸੀ ਅਤੇ ਰਾਜ ਸੱਤਾ ਉਤੇ ਲੋਕ ਲਾਜ, ਲੋਕ ਹਿੱਤਾਂ, ਦੀ ਪ੍ਰਵਾਹ ਨਾ ਕਰਦਿਆਂ ਕਬਜ਼ਾ ਕਰ ਲਿਆ। ਅਸਲ 'ਚ ਸਿਆਸਤ ਵਿੱਚ ਝੂਠ ਦੀ ਇਹ ਖੇਡ ਲਗਾਤਾਰ ਚਲ ਰਹੀ ਹੈ, ਜਿਥੇ ਵਿਧਾਇਕ ਪੈਸੇ ਦੇ ਲਾਲਚ ਨੂੰ ਵਿਕਦੇ ਹਨ, ਅਹੁਦਿਆਂ ਦੀ ਲਾਲਸਾ ਦੇ ਸ਼ਿਕਾਰ ਹੁੰਦੇ ਹਨ। ਇਹੋ ਖੇਡ ਕੇਜਰੀਵਾਲ ਸਰਕਾਰ ਦੀ ਦਿੱਲੀ ਵਿੱਚ ਦੁਹਰਾਉਣ ਦੀਆਂ ਖ਼ਬਰਾਂ ਆਈਆਂ, ਕੇਜਰੀਵਾਲ ਅਤੇ ਉਸਦੀ ਪਾਰਟੀ ਨੇ ਦੋਸ਼ ਲਾਇਆ ਕਿ ਉਨਾਂ ਦੇ ਵਿਧਾਇਕਾਂ ਨੂੰ 20 ਤੋਂ 25 ਕਰੋੜ ਦਿੱਤੇ ਜਾਣ ਦੀ ਪੇਸ਼ਕਸ਼ ਹੋਈ। ਕੇਜਰੀਵਾਲ ਨੇ ਇਸ ਖੇਡ ਨੂੰ ਨਕਾਰਾ ਕਰ ਦਿੱਤਾ, ਵਿਧਾਨ ਸਭਾ ਦਾ ਸੈਸ਼ਨ ਸੱਦਕੇ ਆਪਣਾ ਬਹੁਮਤ ਦਰਸਾ ਦਿੱਤਾ। ਗੋਆ ਅਤੇ ਹੋਰ ਛੋਟੇ ਰਾਜਾਂ 'ਚ ਇਸ ਕਿਸਮ ਦਾ ਸੱਤਾ ਪਰਿਵਰਤਨ ਆਮ ਹੈ।

ਵਿਧਾਇਕਾਂ ਦੀ ਵੇਚ-ਵੱਟਤ ਦਾ ਇਤਿਹਾਸ ਪੁਰਾਣਾ ਹੈ, ਉਨਾਂ ਹੀ ਜਿੰਨਾ ਬਦ-ਬਦਲੀ ਦਾ। ਹਰਿਆਣਾ 'ਚ ਆਇਆ ਰਾਮ ਗਿਆ ਰਾਮ ਦੀ ਸਿਆਸਤ ਦੇਸ਼ ਵਿੱਚ ਲੰਮਾ ਸਮਾਂ ਰਹੀ। ਦਿੱਲੀ ਦੇ ਹਾਕਮਾਂ ਵਲੋਂ ਵਿਰੋਧੀਆਂ ਧੀਰਾਂ ਦੀਆਂ ਸੂਬਿਆਂ 'ਚ ਸਰਕਾਰਾਂ ਡੇਗਣ ਦੀ ਪ੍ਰਵਿਰਤੀ ਤਾਂ ਆਜ਼ਾਦੀ ਤੋਂ ਬਾਅਦ ਆਮ ਦੇਖਣ ਨੂੰ ਮਿਲੀ, ਜਿਹੜੀ ਵਿਰੋਧੀ ਸਰਕਾਰ, ਕੇਂਦਰ ਦੇ ਅੱਖਾਂ 'ਚ ਰੜਕੀ, ਉਸਦਾ ਝਟਕਾ ਕਰ ਦਿੱਤਾ।

ਸੱਤਾ ਪ੍ਰਾਪਤੀ ਲਈ ਨਜਾਇਜ਼ ਕਬਜ਼ੇ ਦਾ ਇੱਕ ਗੈਰ-ਲੋਕਤੰਤਰਿਕ ਵਰਤਾਰਾ ਤਾਂ ਇਹੋ ਹੈ ਵਿਰੋਧੀ ਵਿਧਾਇਕਾਂ ਦੀ ਖ਼ਰੀਦ, ਪਰ ਦੂਜਾ ਤਰੀਕਾ ਵੀ ਪਾਰਟੀਆਂ ਵਰਤਣ ਤੋਂ ਗੁਰੇਜ਼ ਨਹੀਂ ਕਰਦੀਆਂ। ਇਹ ਤਰੀਕਾ ਕਹਿਣ ਨੂੰ ਤਾਂ ਲੋਕਤੰਤਰਿਕ ਹੈ, ਪਰ ਇਹ ਵੀ ਖਰੀਦੋ-ਫ਼ਰੋਖਤ ਦਾ ਇੱਕ ਨਮੂਨਾ ਹੈ। ਇਸ ਨਮੂਨੇ ਨੂੰ ਰਿਉੜੀਆਂ ਵੰਡਣਾ ਆਖਦੇ ਹਨ, ਚੋਣਾਂ ਦੇ ਦਿਨਾਂ 'ਚ ਇਹ ਰਿਉੜੀਆਂ ਵੱਧ ਚੜਕੇ ਵੰਡੀਆਂ ਜਾਂਦੀਆਂ ਹਨ। ਭਾਰਤ ਦੀ ਸਿਆਸਤ ਰਿਉੜੀਆਂ ਵੰਡਣ ਅਤੇ ਲੋਕ ਲੁਭਾਵਣੇ ਐਲਾਨਾਂ ਲਈ ਜਾਣੀ ਜਾਂਦੀ ਹੈ, ਜੋ ਸਿੱਧੇ ਤੌਰ 'ਤੇ ਵੋਟਰਾਂ ਨੂੰ ਖ਼ਰੀਦਣ ਦਾ ਯਤਨ ਹੁੰਦਾ ਹੈ। ਉਦਾਹਰਨ ਵੇਖੋ, ਵਿੱਤੀ ਸਾਲ 2022-23 ਵਿੱਚ ਕੇਂਦਰ ਸਰਕਾਰ ਦਾ ਸਬਸਿਡੀ ਬਿੱਲ ਲਗਭਗ 4.33 ਲੱਖ ਕਰੋੜ ਰੁਪਏ ਹੋਏਗਾ। ਇਸ ਤੋਂ ਬਿਨਾਂ 730 ਕੇਂਦਰੀ ਯੋਜਨਾਵਾਂ 'ਤੇ ਖ਼ਰਚਾ 11.81 ਲੱਖ ਕਰੋੜ ਰੁਪਏ ਆਏਗਾ। ਕੇਂਦਰ ਸਰਕਾਰ ਵਲੋਂ ਇਹ ਰਿਉੜੀਆਂ ਸਿਰਫ਼ ਆਪਣੇ ਹੱਕ ਰੱਖਣ ਲਈ, ਸੂਬਿਆਂ ਦੀਆਂ 130 ਯੋਜਨਾਵਾਂ ਘਟਾਕੇ ਸਿਰਫ਼ 70 ਕਰ ਦਿੱਤੀਆਂ। ਆਰ.ਬੀ.ਆਈ. ਦੀ ਇੱਕ ਰਿਪੋਰਟ ਅਨੁਸਾਰ ਪਿਛਲੇ ਸਾਲ ਸੂਬਿਆਂ ਦੀ ਆਮਦਨ 'ਚ ਸਿਰਫ ਇੱਕ ਫੀਸਦੀ ਦਾ ਵਾਧਾ ਹੋਇਆ ਜਦਕਿ ਸਬਸਿਡੀਆਂ ਦਾ ਹਿੱਸਾ ਵਧਕੇ 19.2 ਫ਼ੀਸਦੀ ਹੋ ਗਿਆ। ਮੁਫ਼ਤ ਤੋਹਫ਼ੇ, ਦੇਣ ਦੀ ਰਵਾਇਤ ਲਗਾਤਾਰ ਸੂਬਿਆਂ 'ਤੇ ਕੇਂਦਰੀ ਸਰਕਾਰਾਂ ਵਿੱਚ ਵਧ ਰਹੀ ਹੈ। ਇਹ ਲੋਕ ਲੁਭਾਉਣੇ ਫ਼ੈਸਲੇ ਜੋੜ-ਤੋੜ ਦਾ ਹੀ ਦੂਜਾ ਰੂਪ ਹਨ। ਅੱਜ ਕੱਲ ਬਿਜਲੀ ਮੁਫ਼ਤ ਦੇਣਾ, ਬਿਜਲੀ ਉਤੇ ਸਬਸਿਡੀ ਦੇਣਾ ਆਮ ਜਿਹੀ ਗੱਲ ਹੈ। ਸਾਲ 2020-21 ਵਿੱਚ 27 ਰਾਜਾਂ ਨੇ 1.32 ਲੱਖ ਕਰੋੜ ਰੁਪਏ ਬਿਜਲੀ ਸਬਸਿਡੀ ਦਿੱਤੀ। ਬਿਨਾਂ ਸ਼ੱਕ ਕੇਂਦਰ ਨੂੰ ਸਰਕਾਰੀ ਸਕੀਮਾਂ ਉਤੇ ਸਿੱਖਿਆ, ਸਿਹਤ ਅਤੇ ਵਾਤਾਵਰਨ ਦੀ ਗੁਣਵੱਤਾ ਵਧਾਉਣ ਲਈ ਯਤਨ ਕਰਨੇ ਚਾਹੀਦੇ ਹਨ। ਰੋਜ਼ਗਾਰ ਵਧਾਉਣ ਲਈ ਸਬਸਿਡੀ ਦੇਣਾ ਵੀ ਗੈਰ ਜ਼ਰੂਰੀ ਰਿਆਇਤ ਨਹੀਂ ਹੈ। ਪਰ ਮੁਫ਼ਤ ਸਾਈਕਲ, ਮੁਫ਼ਤ ਲੈਪਟੌਪ, ਮੁਫ਼ਤ ਭਾਂਡੇ ਅਤੇ ਫਿਰ ਇਨਾਂ ਉਤੇ ਮੁੱਖ ਮੰਤਰੀ, ਪ੍ਰਧਾਨ ਮੰਤਰੀ ਦੀ ਫੋਟੋ ਵੋਟਰਾਂ ਨੂੰ ਭ੍ਰਮਿਤ ਕਰਨ ਅਤੇ ਵੋਟਾਂ ਪ੍ਰਾਪਤੀ ਦਾ ਕੀ ਸੰਟਟ ਨਹੀਂ ਹੈ?

ਇਸੇ ਵਹਿਣ ਵਿੱਚ ਕਾਰਪੋਰੇਟ ਆਪਣਾ ਫਾਇਦਾ ਕਰਦਾ ਹੈ, ਵੱਡੀਆਂ ਸਬਸਿਡੀਆਂ, ਕਰਜ਼ੇ 'ਚ ਛੋਟਾਂ ਵੇਚ-ਵੱਟਤ ਦਾ ਸਿੱਟਾ ਹੋ ਨਿਬੜੀਆਂ ਹਨ, ਕਿਉਂਕਿ ਜਿਸ ਕਾਰਪੋਰੇਟੀ ਪੈਸੇ ਨਾਲ ਸਰਕਾਰਾਂ ਡੇਗੀਆਂ ਜਾਂਦੀਆਂ ਹਨ, ਗੋਦੀ ਮੀਡੀਆਂ 'ਚ ਹਾਕਮਾਂ ਦੇ ਹੱਕ 'ਚ ਪ੍ਰਚਾਰ ਹੁੰਦਾ ਹੈ, ਉਹੀ ਕਾਰਪੋਰੇਟ ਬਦਲੇ 'ਚ ਰਿਆਇਤਾਂ, ਛੋਟਾਂ ਪ੍ਰਾਪਤ ਕਰਦਾ ਹੈ। ਜਦਕਿ ਕੇਂਦਰੀ ਸਕੀਮਾਂ ਦੀ ਕੋਈ ਖੋਜ ਪੜਤਾਲ ਨਹੀਂ ਹੁੰਦੀ। ਕਾਰਪੋਰੇਟ ਨੂੰ ਦਿੱਤੀ ਸਬਸਿਡੀ ਦੇ ਇਵਜ਼ ਵਿੱਚ ਇਹ ਵੀ ਪਤਾ ਨਹੀਂ ਲਾਇਆ ਜਾਂਦਾ ਕਿ ਲੋਕਾਂ ਨੂੰ ਕਿੰਨਾ ਰੁਜ਼ਗਾਰ ਮਿਲਿਆ ਹੈ। ਲਾਗੂ ਸਬਸਿਡੀਆਂ ਦਾ ਆਮ ਲੋਕ ਕੀ ਫਾਇਦਾ ਉਠਾ ਰਹੇ ਹਨ। ਭਾਰਤ ਦੀ ਭ੍ਰਿਸ਼ਟ ਸਿਆਸਤ ਵਿੱਚ ਚੁਣੇ ਵਿਧਾਇਕਾਂ/ਮੈਂਬਰਾਂ ਦੀ ਵੇਚ-ਵੱਟਤ ਦੇਸ਼ ਲਈ ਵੱਡਾ ਕਲੰਕ ਹੈ। ਵਿਧਾਇਕਾਂ ਦੀ ਵੇਚ ਵੱਟਤ ਅਤੇ ਦਲ ਬਦਲੀ ਲਈ ਕਾਨੂੰਨ ਵੀ ਬਣੇ। ਸੁਪਰੀਮ ਕੋਰਟ, ਹਾਈ ਕੋਰਟਾਂ 'ਚ ਇਸ ਸਬੰਧੀ ਲੰਮੇਰੀ ਚਰਚਾ ਵੀ ਹੋਈ। ਸੁਪਰੀਮ ਕੋਰਟ ਵਲੋਂ ਲੁਭਾਉਣੇ ਫ਼ੈਸਲਿਆਂ ਸਬੰਧੀ ਕਈ ਫ਼ੈਸਲੇ ਵੀ ਲਏ ਗਏ, ਪਰ ਇਨਾਂ ਫ਼ੈਸਲਿਆਂ ਨੂੰ ਤਾਕਤਵਰ ਸਿਆਸਤਦਾਨ ਆਪਣੀ ਕੁਰਸੀ ਲਈ ਅੱਖੋ-ਪਰੋਖੇ ਕਰਦੇ ਰਹੇ, ਬਿਲਕੁਲ ਉਵੇਂ ਹੀ ਜਿਵੇਂ ਭਾਰਤ ਦੀ ਸੁਪਰੀਮ ਕੋਰਟ ਵਲੋਂ ਲਿਆ ਇਹ ਫ਼ੈਸਲਾ ਕਿ ਦੇਸ਼ ਦੀ ਪਾਰਲੀਮੈਂਟ ਵਿੱਚ ਕੋਈ ਅਪਰਾਧਿਕ ਵਿਅਕਤੀ ਨਹੀਂ ਬੈਠਣਾ ਚਾਹੀਦਾ ਅਤੇ ਇਸ ਸਬੰਧੀ ਚੋਣਾਂ ਵੇਲੇ ਵੋਟਰਾਂ ਨੂੰ ਇਸ ਗੱਲ ਦੀ ਜਾਣਕਾਰੀ ਮਿਲਣੀ ਜ਼ਰੂਰੀ ਹੈ ਕਿ ਕਿਸ ਕਿਸ ਉਤੇ, ਕਿਸ ਕਿਸ ਤਰਾਂ ਦੇ ਅਪਰਾਧਿਕ ਮਾਮਲੇ ਲੰਬਿਤ ਹਨ?

ਭਾਰਤ 'ਚ ਦਲ-ਬਦਲ ਵਿਰੋਧੀ ਕਾਨੂੰਨ ਸੰਸਦਾਂ ਅਤੇ ਵਿਧਾਇਕਾਂ ਨੂੰ ਇੱਕ ਪਾਰਟੀ ਤੋਂ ਦੂਜੀ ਪਾਰਟੀਆਂ 'ਚ ਸ਼ਾਮਲ ਹੋਣ ਲਈ ਸਜ਼ਾ ਦਿੰਦਾ ਹੈ। ਪਰ ਦਲ-ਬਦਲ ਵਿਧਾਇਕਾਂ ਨੂੰ ਥੋਕ ਵਿੱਚ ਖ਼ਰੀਦ-ਫਰੋਖ਼ਤ ਦਾ ਰਾਹ ਵੀ ਖੋਲਦਾ ਹੈ, ਜੋ ਕਿ ਸਪਸ਼ਟ ਰੂਪ ਵਿੱਚ ਲੋਕਤੰਤਰਿਕ ਵਿਵਸਥਾ ਅਤੇ ਲੋਕਾਂ ਦੇ ਫਤਵੇ ਦੇ ਉਲਟ ਮੰਨਿਆ ਜਾਂਦਾ ਹੈ। ਇਹ ਥੋਕ ਦਲ ਬਦਲ, (ਜਿਸਦੀ ਪ੍ਰਵਿਰਤੀ ਵਧਦੀ ਜਾ ਰਹੀ ਹੈ) ਇਕੋ ਵੇਲੇ ਕਈ ਚੁਣੇ ਵਿਧਾਇਕਾਂ/ਸੰਸਦਾਂ ਨੂੰ ਦਲ ਬਦਲੀ ਦੀ ਆਗਿਆ ਦਿੰਦਾ ਹੈ ਪਰੰਤੂ ਇੱਕ ਇੱਕ ਕਰਕੇ ਮੈਂਬਰਾਂ ਵਲੋਂ ਦਲ-ਬਦਲੀ ਦੀ ਆਗਿਆ ਨਹੀਂ ਦਿੰਦਾ।

ਦਲ-ਬਦਲ ਉਸ ਚੋਣ ਫ਼ਤਵੇ ਦਾ ਅਪਮਾਨ ਹੈ ਜੋ ਕਿ ਇੱਕ ਪਾਰਟੀ ਦੇ ਟਿਕਟ ਉਤੇ ਚੁਣੇ ਜਾਂਦੇ ਹਨ ਲੇਕਿਨ ਫਿਰ ਮੰਤਰੀ ਦਾ ਅਹੁਦਾ ਅਤੇ ਵਿੱਤੀ ਲਾਭ ਲੈਣ ਲਈ ਦੂਜੀ ਪਾਰਟੀ ਵੱਲ ਚਲੇ ਜਾਂਦੇ ਹਨ। ਲੋਕ ਜਦ ਤੱਕ ਸੱਚ ਨੂੰ ਨਹੀਂ ਪਛਾਣਦੇ, ਸੱਤਾ ਦੀਆਂ ਲਾਸ਼ਾਂ ਉਹ ਇਸੇ ਤਰਾਂ ਢੌਂਹਦੇ ਰਹਿਣਗੇ।

# ਭਗਵੇਂ ਸੰਗਠਨਾਂ ਦੇ ਨਿਸ਼ਾਨੇ ਉਪਰ ਘੱਟਗਿਣਤੀ ਕੌਮਾਂ ਬਨਾਮ ਵਿਰੋਧੀ ਧਿਰ ਦੀ ਖਮੋਸ਼ੀ

**ਅਭੈ ਕੁਮਾਰ**

ਸਾਰੇ ਭਾਰਤ ਵਿਚ ਕਥਿਤ ਹਿੰਦੂ ਸੰਗਠਨ ਮੁਸਲਮਾਨਾਂ ਵਲੋਂ ਜਨਤਕ ਥਾਵਾਂ 'ਤੇ ਨਮਾਜ਼ ਪੜਨ ਖ਼ਿਲਾਫ਼ ਮੁਹਿੰਮ ਚਲਾ ਰਹੇ ਹਨ। ਉਹ ਹਰ ਉਸ ਥਾਂ ਹਨੂੰਮਾਨ ਚਾਲੀਸਾ ਪੜਨਾ ਚਾਹੁੰਦੇ ਹਨ ਜਾਂ ਦੁਰਗਾ ਪੂਜਾ ਕਰਨਾ ਚਾਹੁੰਦੇ ਹਨ, ਜਿੱਥੇ ਮੁਸਲਮਾਨ ਨਮਾਜ਼ ਪੜਦੇ ਹੋਏ ਦੇਖੇ ਗਏ ਹੋਣ। ਇਹ ਮਸਲਾ ਦੱਖਣ ਤੋਂ ਲੈ ਕੇ ਉੱਤਰ ਤੱਕ ਅਤੇ ਈਦਗਾਹ ਤੋਂ ਲੈ ਕੇ 'ਮਾਲ' ਕਹੇ ਜਾਣ ਵਾਲੇ ਆਧੁਨਿਕ ਬਾਜ਼ਾਰਾਂ ਵਿਚੋਂ ਹੁੰਦਾ ਹੋਇਆ ਅਦਾਲਤਾਂ ਅਤੇ ਯੂਨਵਰਸਿਟੀਆਂ ਤੱਕ ਫੈਲ ਗਿਆ ਹੈ। ਪਹਿਲੀ ਨਜ਼ਰ ਵਿਚ ਹੀ ਸਾਫ਼ ਹੋ ਜਾਂਦਾ ਹੈ ਕਿ ਇਹ ਹਿੰਦੂ ਬਹੁਗਿਣਤੀਵਾਦ ਦਾ ਮੁਸਲਮਾਨਾਂ ਦੇ ਧਾਰਮਿਕ ਅਧਿਕਾਰਾਂ ਨੂੰ ਸੀਮਤ ਕਰਨ ਦੇ ਮਕਸਦ ਨਾਲ ਕੀਤਾ ਗਿਆ ਦੇਸ਼ ਵਿਆਪੀ ਹਮਲਾ ਹੈ।

ਤਕਨੀਕੀ ਨਜ਼ਰੀਏ ਨਾਲ ਕਹੀਏ ਤਾਂ ਭਾਰਤੀ ਜਨਤਾ ਪਾਰਟੀ ਅਤੇ ਉਸ ਦੀ ਸਰਕਾਰ ਇਸ ਹਮਲੇ ਵਿਚ ਹਿੱਸੇਦਾਰ ਨਹੀਂ ਹੈ, ਪਰ ਜੋ ਕਥਿਤ ਹਿੰਦੂ ਸੰਗਠਨ ਇਸ ਵਿਚ ਸਰਗਰਮ ਹਨ, ਉਨਾਂ ਦੇ ਵਰਕਰ ਪਲਕ ਝਪਕਦੇ ਹੀ ਭਾਜਪਾ ਦੇ ਵਰਕਰ ਬਣ ਜਾਂਦੇ ਹਨ। ਇਹੀ ਲੋਕ ਸੰਘ ਦੀਆਂ ਸ਼ਾਖਾਵਾਂ ਵਿਚ ਜਾਂਦੇ ਹਨ, ਬਜਰੰਗ ਦਲ 'ਚ ਕੰਮ ਕਰਦੇ ਹਨ ਅਤੇ ਤਰਾਂ-ਤਰਾਂ ਦੇ ਹਿੰਦੂ ਸੰਗਠਨ ਬਣਾ ਕੇ ਵੱਖ-ਵੱਖ ਮੋਰਚਿਆਂ 'ਤੇ ਜਨਤਕ ਜੀਵਨ ਵਿਚ ਅਤੇ ਜਨਤਕ ਵਿਚਾਰਾਂ 'ਤੇ ਹਮਲਾਵਰ ਢੰਗ ਨਾਲ ਦਖਲਅੰਦਾਜ਼ੀ ਕਰਦੇ ਹਨ। ਕੀ ਇਹ ਹਾਲਾਤ ਸਾਨੂੰ ਇਹ ਸਵਾਲ ਪੁੱਛਣ ਲਈ ਮਜਬੂਰ ਨਹੀਂ ਕਰਦੇ ਕਿ ਗ਼ੈਰ-ਭਾਜਪਾ ਵਿਰੋਧੀਆਂ ਦੀ ਇਸ ਪੂਰੇ ਘਟਨਾਕ੍ਰਮ ਵਿਚ ਕੀ ਭੂਮਿਕਾ ਹੈ ? ਕੀ ਉਨਾਂ ਦੇ ਕੋਲ ਇਸ ਮਸਲੇ 'ਤੇ ਹਿੰਦੂ ਸਮਾਜ ਜਾਂ ਮੁਸਲਿਮ ਸਮਾਜ ਦੇ ਨਾਲ ਸੰਵਾਦ ਕਰਨ ਦਾ ਕੋਈ ਜ਼ਰੀਆ ਜਾਂ ਪ੍ਰੋਗਰਾਮ ਹੈ ? ਜਾਂ ਕੀ ਉਹ ਸਿਰਫ਼ ਇਕ-ਦੋ ਬਿਆਨ ਦੇ ਕੇ ਪਾਸੇ ਖੜੇ ਹੋ ਕੇ ਦਰਸ਼ਕ ਬਣੇ ਰਹਿਣ ਲਈ ਮਜਬੂਰ ਹਨ ?

ਪੁੱਛਣ ਦੀ ਗੱਲ ਇਹ ਵੀ ਹੈ ਕਿ ਇਸ ਸਮੇਂ ਵਿਰੋਧੀ ਧਿਰ ਦਰਅਸਲ ਕਰ ਕੀ ਰਹੀ ਹੈ ? ਇਹ ਦੇਖ ਕੇ ਬੇਹੱਦ ਨਿਰਾਸ਼ਾ ਹੁੰਦੀ ਹੈ ਕਿ ਅਜਿਹੇ ਮਹੱਤਵਪੂਰਨ ਮਸਲਿਆਂ ਨੂੰ ਨਜ਼ਰ ਅੰਦਾਜ਼ ਕਰਕੇ ਉਹ 2024 'ਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਨਰਿੰਦਰ ਮੋਦੀ ਨੂੰ ਚੁਣੌਤੀ ਦੇਣ ਵਾਲੇ ਚਿਹਰੇ ਦੀ ਹਾਸੋਹੀਣੀ ਖ਼ੋਜ 'ਚ ਲੱਗੀ ਹੋਈ ਹੈ। ਜਦੋਂ ਤੋਂ ਨਿਤੀਸ਼ ਕੁਮਾਰ ਨੇ ਕੌਮੀ ਜਮੂਹਰੀ ਗੱਠਜੋੜ ਤੋਂ ਬਾਹਰ ਨਿਕਲ ਕੇ ਮਹਾਂਗਠਜੋੜ ਦੇ ਨਾਲ ਨਾਤਾ ਜੋੜਿਆ ਹੈ, ਉਨਾਂ ਨੂੰ 2024 ਵਿਚ ਨਰਿੰਦਰ ਮੋਦੀ ਦੇ ਸੰਭਾਵਿਤ ਵਿਰੋਧੀ ਦੇ ਰੂਪ ਵਿਚ ਦਿਖਾਇਆ ਜਾ ਰਿਹਾ ਹੈ। ਦੂਜੇ ਪਾਸੇ ਕੁਝ ਗ਼ੈਰ-ਭਾਜਪਾ ਨੇਤਾਵਾਂ ਵਲੋਂ ਮਮਤਾ ਬੈਨਰਜੀ ਅਤੇ ਕੇ. ਚੰਦਰਸ਼ੇਖਰ ਰਾਓ ਦੇ ਨਾਂਵਾਂ ਨੂੰ ਵੀ ਮੋਦੀ ਨੂੰ ਚੁਣੌਤੀ ਦੇ ਸਕਣ ਵਾਲੇ ਨੇਤਾਵਾਂ ਦੇ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਇਨਾਂ ਸਾਰਿਆਂ ਤੋਂ ਇਲਾਵਾ ਰਾਹੁਲ ਗਾਂਧੀ ਤਾਂ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਦੌੜ ਵਿਚ ਪਿਛਲੇ ਅੱਠ ਸਾਲ ਤੋਂ ਦੌੜ ਹੀ ਰਹੇ ਹਨ। ਇਹ ਇਕ ਅਜਿਹਾ ਨਜ਼ਾਰਾ ਹੈ, ਜੋ ਬਿਨਾਂ ਕਿਸੇ ਸ਼ੱਕ ਦੇ ਦੱਸਦਾ ਹੈ ਕਿ ਜੇਕਰ ਵਿਰੋਧੀ ਧਿਰਾਂ ਦੀ ਰਾਜਨੀਤੀ ਨੇ ਇਸ ਤਰਾਂ ਦੀ ਦਾਅਵੇਦਾਰੀ ਛੱਡ ਕੇ ਜਲਦੀ ਹੀ ਅੰਕਲਮੰਦੀ ਤੋਂ ਕੰਮ ਲੈਣਾ ਸ਼ੁਰੂ ਨਾ ਕੀਤਾ ਤਾਂ ਉਹ ਅਗਲੀਆਂ ਲੋਕ ਸਭਾ ਚੋਣਾਂ 'ਚ ਵੀ ਮੋਦੀ ਨੂੰ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਬਣਦੇ ਹੋਏ ਦੇਖਣਗੀਆਂ। ਇਸ 'ਚ ਇਕ ਵਾਰ ਫਿਰ ਇਹ ਸਾਬਤ ਹੋਵੇਗਾ ਕਿ ਭਾਜਪਾ ਵਿਰੋਧੀ, ਵਿਰੋਧੀ ਧਿਰਾਂ ਵਿਚ ਵਿਚਾਰਾਂ ਤੇ ਰਣਨੀਤੀ ਦੀ ਘਾਟ ਹੈ ਅਤੇ ਉਨਾਂ ਦੀ ਨਾਦਾਨੀ ਦਰਅਸਲ ਨਰਿੰਦਰ ਮੋਦੀ ਦੀ ਸਭ ਤੋਂ ਵੱਡੀ ਖ਼ੁਸ਼ਕਿਸਮਤੀ ਹੈ।

ਰਾਜਨੀਤਕ ਸਮੀਖਿਅਕਾਂ ਨੂੰ ਯਾਦ ਹੋਵੇਗਾ ਕਿ ਨੱਬੇ ਦੇ ਦਹਾਕੇ 'ਚ ਕੀ ਹੋਇਆ ਸੀ ? 1990 'ਚ ਮੰਡਲੀਕਰਨ, ਕਮੰਡਲੀਕਰਨ ਅਤੇ ਭੂਮੰਡਲੀਕਰਨ ਦੀ ਤੀਹਰੀ ਘਟਨਾ ਦੇ ਕਾਰਨ ਦੇਸ਼ ਦੀ ਰਾਜਨੀਤੀ ਅਤੇ ਸਮਾਜ ਦੇ ਨਾਲ ਉਸ ਦੇ ਸੰਬੰਧਾਂ 'ਚ ਜ਼ਬਰਦਸਤ ਪਰਿਵਰਤਨ ਹੋਇਆ ਸੀ। ਉਸ ਤਬਦੀਲੀ ਨੂੰ ਆਪਣੇ ਹੱਕ 'ਚ ਭੁਗਤਾਉਣ ਲਈ ਸਮਰੱਥ ਰਾਜਨੀਤਕ ਸ਼ਕਤੀਆਂ ਮੈਦਾਨ ਵਿਚ ਨਹੀਂ ਸਨ। ਕਾਂਗਰਸ ਭੂਮੰਡਲੀਕਰਨ ਦੀ ਅਗਵਾਈ ਜ਼ਰੂਰ ਕਰ ਰਹੀ ਸੀ, ਪਰ ਉਹ ਰਾਮ ਜਨਮ ਭੂਮੀ ਅੰਦੋਲਨ ਤੋਂ ਨਿਕਲੀ ਹਿੰਦੂ ਰਾਜਨੀਤੀ ਨੂੰ ਆਪਣੇ ਵੱਲ ਖਿੱਚਣ 'ਚ ਨਾਕਾਮ ਰਹੀ ਸੀ। ਨਾ ਹੀ ਉਹ ਪਛੜੀਆਂ ਜਾਤੀਆਂ ਦੇ ਰਾਜਨੀਤਕ ਉਭਾਰ ਦੀ ਲਾਭਪਾਤਰ ਬਣ ਸਕੀ ਸੀ। ਦਰਅਸਲ ਉਸ ਦਾ ਗ੍ਰਾਫ਼ ਲਗਾਤਾਰ ਡਿਗ ਰਿਹਾ ਸੀ। ਉਹ ਲਗਾਤਾਰ ਕਮਜ਼ੋਰ ਹੁੰਦੇ ਹਾਥੀ ਵਾਂਗ ਸੀ, ਜੋ ਗੱਠਜੋੜ ਰਾਜਨੀਤੀ ਦੇ ਦਾਇਰੇ ਵਿਚ ਪ੍ਰਵੇਸ਼ ਕਰਨ ਲਈ ਰਣਨੀਤਕ ਰਸਤਾ ਲੱਭ ਰਹੀ ਸੀ। ਭਾਰਤੀ ਜਨਤਾ ਪਾਰਟੀ ਵੀ ਆਪਣੇ ਦਮ 'ਤੇ ਇਨਾਂ ਨਵੀਆਂ ਹਾਲਤਾਂ ਦਾ ਫ਼ਾਇਦਾ ਉਠਾ ਸਕਣ ਲਾਇਕ ਸ਼ਕਤੀਸ਼ਾਲੀ ਨਹੀਂ ਸੀ। ਅਜਿਹੇ ਮਾਹੌਲ 'ਚ ਖੇਤਰੀ ਨੇਤਾਵਾਂ ਦੀ ਕਿਸਮਤ ਚਮਕ ਗਈ ਸੀ। ਦਸ ਨਵੰਬਰ, 1990 ਨੂੰ ਵਿਸ਼ਵਨਾਥ ਪ੍ਰਤਾਪ ਸਿੰਘ ਦਾ ਪ੍ਰਧਾਨ ਮੰਤਰੀ ਵਜੋਂ ਕਾਰਜਕਾਲ ਸਮਾਪਤ ਹੋ ਗਿਆ। ਇਸ ਤੋਂ ਬਾਅਦ ਦਹਾਕਾ ਖ਼ਤਮ ਹੁੰਦਿਆਂ-ਹੁੰਦਿਆਂ ਛੇ ਵਾਰ ਪ੍ਰਧਾਨ ਮੰਤਰੀ



ਬਦਲੇ ਗਏ। ਅਜਿਹਾ ਲਗਦਾ ਹੈ ਕਿ ਮੌਜੂਦਾ ਵਿਰੋਧੀ ਧਿਰ ਦੀ ਰਾਜਨੀਤੀ ਅੱਜ ਵੀ ਨੱਬੇ ਦੇ ਦਹਾਕੇ ਦੀ ਮਾਨਸਿਕਤਾ ਵਿਚ ਹੀ ਜੀਅ ਰਹੀ ਹੈ। ਉਹ ਮੰਨਣ ਲਈ ਤਿਆਰ ਹੀ ਨਹੀਂ ਹਨ ਕਿ ਉਦੋਂ ਤੋਂ ਹੁਣ ਤੱਕ ਰਾਜਨੀਤਕ ਹਾਲਾਤ ਪੂਰੀ ਤਰਾਂ ਨਾਲ ਬਦਲ ਚੁੱਕੇ ਹਨ।

ਅੱਜ ਸਥਿਤੀ ਇਹ ਹੈ ਕਿ ਕਾਂਗਰਸ ਆਪਣੇ ਰਾਜਨੀਤਕ ਨਿਘਾਰ ਵੱਲ ਹੈ। ਆਪਣਾ ਮਹੱਤਵ ਦੁਬਾਰਾ ਹਾਸਲ ਕਰਨ ਲਈ ਉਸ ਨੂੰ ਸਾਲ ਭਰ ਦੇ ਅੰਦਰ-ਅੰਦਰ ਕੁਝ ਚਮਤਕਾਰ ਜਿਹਾ ਕਰਕੇ ਦਿਖਾਉਣਾ ਹੋਵੇਗਾ। ਕਮਿਊਨਿਸਟ ਲਗਭਗ ਖ਼ਤਮ ਹੋ ਚੁੱਕੇ ਹਨ। ਦੱਖਣ ਅਤੇ ਪੂਰਬ 'ਵਿਚ ਕੁਝ ਖੇਤਰੀ ਸ਼ਕਤੀਆਂ ਅਜੇ ਵੀ ਮਜ਼ਬੂਤ ਹਨ, ਪਰ ਉਨਾਂ ਦੀ ਤਾਕਤ ਆਪਣੇ-ਆਪਣੇ ਦਾਇਰੇ 'ਚ ਹੀ ਸੀਮਤ ਹੈ। ਸਿਰਫ਼ ਆਮ ਆਦਮੀ ਪਾਰਟੀ ਹੀ ਇਕ ਅਜਿਹੀ ਤਾਕਤ ਹੈ, ਜਿਸ ਨੇ ਇਕ ਸੂਬੇ ਦੀਆਂ ਹੱਦਾਂ ਨੂੰ ਟੱਪ ਕੇ ਦੂਜੇ ਹੋਰ ਜ਼ਿਆਦਾ ਵੱਡੇ ਸੂਬਿਆਂ 'ਚ ਆਪਣਾ ਦਬਦਬਾ ਬਣਾਉਣ ਦੀ ਸਮਰੱਥਾ ਦਿਖਾਈ ਹੈ। ਦਰਅਸਲ, ਅੱਜ ਦਾ ਰਾਜਨੀਤਕ ਯਥਾਰਥ ਭਾਜਪਾ-ਕੇਂਦਰਿਤ ਹੈ। ਬਾਵਜੂਦ ਇਸ ਦੇ ਕਿ ਭਾਜਪਾ ਦੀ ਰਾਜਨੀਤੀ ਰਾਜਾਂ ਦੀ ਪੱਧਰ 'ਤੇ ਅਨਿਸਚਿਤਤਾ ਦੀ ਸ਼ਿਕਾਰ ਰਹਿੰਦੀ ਹੈ। ਕੇਂਦਰ ਦੀ ਰਾਜਨੀਤੀ 'ਚ ਉਹ ਬਿਨਾਂ ਕਿਸੇ ਸ਼ੱਕ ਦੇ ਪ੍ਰਭਾਵਸ਼ਾਲੀ ਹੈ। ਜੋ ਨੇਤਾ ਪ੍ਰਦੇਸ਼ ਦੇ ਪੱਧਰ 'ਤੇ ਉਸ ਨੂੰ ਹਰਾ ਦਿੰਦੇ ਹਨ, ਉਨਾਂ 'ਚੋਂ ਜ਼ਿਆਦਾਤਰ ਲੋਕ ਸਭਾ ਦੀਆਂ ਚੋਣਾਂ 'ਚ ਉਨਾਂ ਤੋਂ ਪਿੱਛੇ ਹੀ ਨਹੀਂ ਰਹਿ ਜਾਂਦੇ, ਸਗੋਂ ਬੁਰੀ ਤਰਾਂ ਨਾਲ ਹਾਰ ਵੀ ਜਾਂਦੇ ਹਨ। ਪ੍ਰਧਾਨ ਮੰਤਰੀ ਦੇ ਅਹੁਦੇ ਦੇ ਸੰਦਰਭ 'ਚ ਦੇਖੀਏ ਤਾਂ ਨਰਿੰਦਰ ਮੋਦੀ ਦੀ ਮੌਜੂਦਗੀ ਨੇ ਖੇਤਰੀ ਨੇਤਾਵਾਂ ਦੀ ਖੇਡ ਪੂਰੀ ਤਰਾਂ ਨਾਲ ਖ਼ਤਮ ਕਰ ਦਿੱਤੀ ਹੈ। ਦਿੱਲੀ ਦੀ ਕੁਰਸੀ ਲਈ ਅਜਿਹੇ ਲੋਕਾਂ ਦੀ ਚਰਚਾ ਹਾਸੋਹੀਣੀ ਹੋ ਚੁੱਕੀ ਹੈ।

ਵਿਰੋਧੀ ਦਲਾਂ ਨੂੰ ਬਿਨਾਂ ਕੋਈ ਦੇਰ ਕੀਤਿਆਂ ਨੱਬੇ ਦੇ ਦਹਾਕੇ ਦੀ ਮਾਨਸਿਕਤਾ ਤੋਂ ਪੱਲਾ ਛੁਡਾ ਲੈਣਾ ਚਾਹੀਦਾ ਹੈ। ਬਜਾਏ ਇਸ ਦੇ ਕਿ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਇੱਧਰ-ਉੱਧਰ ਦੇ ਨਾਂ ਉਛਾਲ ਕੇ ਉਹ ਆਪਣਾ ਮਜ਼ਾਕ ਬਣਾਵੇ, ਉਨਾਂ ਨੂੰ ਪਹਿਲਾਂ ਇਹ ਸਮਝਣਾ ਚਾਹੀਦਾ ਹੈ ਕਿ ਰਾਜਾਂ ਦੀਆਂ ਚੋਣਾਂ 'ਚ ਭਾਜਪਾ ਨੂੰ ਹਰਾਉਣ ਖਾਤਰ ਉਹ ਲੋਕ ਸਭਾ ਦੀ ਜਿੱਤ ਦੇ ਦਾਅਵੇਦਾਰ ਨਹੀਂ ਬਣ ਸਕਣੇ। ਅਜਿਹਾ ਪਹਿਲਾਂ ਹੁੰਦਾ ਸੀ। ਹੁਣ ਵੋਟਰ ਲੋਕ ਸਭਾ ਵਿਚ ਕਿਸੇ ਹੋਰ ਪਾਰਟੀ ਨੂੰ ਅਤੇ ਰਾਜ ਵਿਧਾਨ ਸਭਾ 'ਚ ਕਿਸੇ ਹੋਰ ਪਾਰਟੀ ਨੂੰ ਵੋਟ ਦੇਣ ਦਾ ਫ਼ੈਸਲਾ ਕਰਨ ਦੀ ਤਮੀਜ਼ ਰੱਖਦਾ ਹੈ। ਅਜਿਹਾ ਕਈਆਂ ਚੋਣਾਂ 'ਚ ਦੇਖਿਆ ਜਾ ਚੁੱਕਾ ਹੈ। ਓਡੀਸ਼ਾ ਦੀ ਚੋਣ ਵਿਚ ਅਜਿਹਾ ਹੋ ਚੁੱਕਾ ਹੈ। ਪੱਛਮੀ ਬੰਗਾਲ ਵਿਚ ਕਈ ਵਾਰ ਇਸ ਤਰਾਂ ਹੋਇਆ ਹੈ। ਮੱਧ ਪ੍ਰਦੇਸ਼ ਰਾਜਸਥਾਨ, ਦਿੱਲੀ ਅਤੇ ਛੱਤੀਸਗੜ ਵਿਚ ਭਾਜਪਾ ਨੂੰ ਹਰਾਉਣ ਵਾਲੀ ਜਨਤਾ ਨੇ ਲੋਕ ਸਭਾ 'ਚ ਮੋਦੀ ਅਤੇ ਭਾਜਪਾ ਨੂੰ ਉਤਸ਼ਾਹ ਨਾਲ ਆਪਣਾ ਸਮਰਥਨ ਦਿੱਤਾ ਸੀ। ਵਿਰੋਧੀ ਧਿਰ ਦੇ ਸੂਬਾ ਪੱਧਰ 'ਤੇ ਪ੍ਰਭਾਵੀ ਨੇਤਾਵਾਂ ਨੂੰ ਸਭ ਤੋਂ ਪਹਿਲਾਂ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਵਿਧਾਨ ਸਭਾ ਦੀ ਉਚ ਪੱਧਰ 'ਤੇ ਜਿੱਤਣ ਤੋਂ ਬਾਅਦ ਉਹ ਲੋਕ ਸਭਾ ਦੀ ਚੋਣ ਵਿਚ ਮੋਦੀ ਨੂੰ ਜਿੱਤਣ ਤੋਂ ਰੋਕ ਸਕਣ। ਜੇਕਰ ਪੂਰੀ ਤਰਾਂ ਨਾਲ ਹਰਾ ਨਹੀਂ ਸਕਦੇ, ਤਾਂ ਘੱਟ ਤੋਂ ਘੱਟ ਲੋਕ ਸਭਾ ਦੀਆਂ ਸੀਟਾਂ ਨੂੰ ਅੱਧਾ-ਅੱਧਾ ਤਾਂ ਵੰਡ ਹੀ ਸਕਦੇ ਹਨ। ਅਜਿਹਾ ਨਾ ਕਰ ਸਕਣ ਦੀ ਸਥਿਤੀ ਵਿਚ ਉਨਾਂ ਦਾ ਵਿਧਾਨ ਸਭਾ ਚੋਣਾਂ ਜਿੱਤਣਾ ਕੌਮੀ ਰਾਜਨੀਤੀ ਨੂੰ ਪ੍ਰਭਾਵਿਤ ਕਰਨ ਵਿਚ ਅਸਫਲ ਹੋ ਜਾਂਦਾ ਹੈ।

ਪਿਛਲੀਆਂ ਦੋ ਚੋਣਾਂ ਨੇ ਦਿਖਾਇਆ ਹੈ ਕਿ ਦੇਸ਼ ਦੇ ਇਕ ਵੱਡੇ ਹਿੱਸੇ 'ਚ ਬਹੁਤ ਜ਼ਿਆਦਾ ਜਿੱਤਣ ਅਤੇ ਦੂਜੇ ਹਿੱਸਿਆਂ ਵਿਚ ਕਿਤੇ ਘੱਟ ਜਾਂ ਬਿਲਕੁਲ ਨਾ ਜਿੱਤਣ ਦੇ ਬਾਵਜੂਦ ਮੋਦੀ ਨੂੰ ਬਹੁਮਤ ਮਿਲ ਸਕਦਾ ਹੈ। ਕੀ ਵਿਰੋਧੀ ਧਿਰ ਅਜਿਹੇ ਨਤੀਜਿਆਂ ਦੇ ਦੁਹਰਾਅ ਨੂੰ ਗੜਬੜਾ ਸਕਦੀ ਹੈ ? ਇਸ ਸਵਾਲ ਦਾ ਉੱਤਰ ਗ਼ੈਰ-ਭਾਜਪਾ ਸ਼ਕਤੀਆਂ ਨੂੰ ਹੀ ਦੇਣਾ ਪਵੇਗਾ।

# ਦੇਸ ਵੰਡ ਦਾ ਸਿਖਿਆ ਤੇ ਪੰਜਾਬੀ ਭਾਸ਼ਾ ਨੂੰ ਵੱਡਾ ਹੋਇਆ ਨੁਕਸਾਨ

**ਡਾਕਟਰ ਧਰਮ ਸਿੰਘ**

ਅੱਜ ਇਹ ਬਹਿਸ ਬੇਲੋੜੀ ਹੈ ਕਿ ਹਿੰਦੁਸਤਾਨ ਦੀ ਦੋ ਦੇਸ਼ਾਂ ਭਾਰਤ ਅਤੇ ਪਾਕਿਸਤਾਨ ਦਰਮਿਆਨ ਵੰਡ ਜਾਇਜ਼ ਸੀ ਜਾਂ ਨਾਜਾਇਜ਼ ਪਰ ਇਸ ਗੱਲ ਦਾ ਮੁਲਾਂਕਣ ਜ਼ਰੂਰ ਕੀਤਾ ਜਾ ਸਕਦਾ ਹੈ ਕਿ ਇਸ ਵੰਡ ਨਾਲ ਕੀ ਨੁਕਸਾਨ ਹੋਇਆ ? ਅੱਜ ਜਿਸ ਸੰਕਲਪ ਜਾਂ ਵਰਤਾਰੇ ਨੂੰ ਬਹੁ-ਸੱਭਿਆਚਾਰਵਾਦ ਦਾ ਨਾਂਅ ਦਿੱਤਾ ਜਾਂਦਾ ਹੈ। ਉਹ ਤਾਂ ਪੰਜਾਬ ਵਿਚ ਸਦੀਆਂ ਤੋਂ ਪ੍ਰਚੱਲਿਤ ਸੀ। ਇਸ ਬਹੁ-ਸੱਭਿਆਚਾਰਵਾਦ ਨੂੰ ਵਿਕਸਿਤ ਕਰਨ ਵਿਚ ਗੁਰੂ ਸਾਹਿਬਾਨ, ਸੰਤਾਂ-ਭਗਤਾਂ, ਸੂਫ਼ੀ-ਦਰਵੇਸ਼ਾਂ, ਉਦਾਰਚਿਤ ਦਾਨਿਸ਼ਵਰਾਂ ਅਤੇ ਕਲਾਕਾਰਾਂ ਨੇ ਬਣਦਾ ਯੋਗਦਾਨ ਪਾਇਆ ਹੈ। ਬਹੁ-ਸੱਭਿਆਚਾਰਕ ਵਰਤਾਰੇ ਵਿਚ ਰਹਿਣਾ ਪੰਜਾਬੀ ਭਾਸ਼ਾ ਅਤੇ ਰਹਿਣੀ-ਬਹਿਣੀ ਦਾ ਇਕ ਗੌਲਣਯੋਗ ਲੱਛਣ ਜਾਂ ਗੁਣ ਹੈ। ਇਸੇ ਲਈ ਪੰਜਾਬ ਦੀ ਭਾਸ਼ਾ ਵਿਚ ਮਿਸ਼ਰਣ ਹੈ। ਪੰਜਾਬ ਦੀ ਵੰਡ ਨੇ ਪੰਜਾਬੀ ਭਾਸ਼ਾ ਸਾਹਿਤ ਅਤੇ ਸੱਭਿਆਚਾਰ ਨੂੰ ਕੀ ਨੁਕਸਾਨ ਪਹੁੰਚਾਇਆ ਹੈ ? ਇਹ ਇਕ ਵਿਸਤ੍ਰਿਤ ਵਿਸ਼ਾ ਹੈ। ਹਾਲ ਦੀ ਘੜੀ ਅਸੀਂ ਗੱਲ ਪੰਜਾਬੀ ਭਾਸ਼ਾ ਦੇ ਨੁਕਸਾਨ ਦੀ ਹੀ ਕਰਨੀ ਹੈ।

ਪੰਜਾਬ ਆਪਣੇ-ਆਪ ਵਿਚ ਇਕ ਮਿੱਸਾ ਸ਼ਬਦ ਹੈ, ਪੰਜ+ਆਬ ਪੰਜ ਸੰਸਕ੍ਰਿਤ ਸ਼ਬਦ 'ਪੰਚ' ਦਾ ਤਦਭਵ ਹੈ ਅਤੇ ਆਬ ਫਾਰਸੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਪਾਣੀ। ਅਸੀਂ ਪਾਣੀ ਦਾ ਅਰਥ ਦਰਿਆ ਕਰਕੇ ਪੰਜਾਬ ਨੂੰ ਪੰਜਾਂ ਦਰਿਆਵਾਂ ਦੀ ਧਰਤੀ ਦਾ ਲਕਬ ਦੇ ਦਿੱਤਾ ਹੈ। ਪੰਜਾਬੀ ਵਿਚ ਸੰਸਕ੍ਰਿਤੀ (ਹਿੰਦੀ) ਅਤੇ ਅਰਬੀ-ਫਾਰਸੀ ਦੇ ਸੈਂਕੜੇ ਨਹੀਂ, ਹਜ਼ਾਰਾਂ ਸ਼ਬਦ ਹਨ ਜੋ ਸਾਧਾਰਨ ਲੋਕ ਆਪਣੀ ਆਮ ਬੋਲਚਾਲ ਦੀ ਜ਼ਬਾਨ ਵਿਚ ਵਰਤਦੇ ਹਨ। ਦੇਸ਼ ਵੰਡ ਦਾ ਸਭ ਤੋਂ ਵੱਡਾ ਨੁਕਸਾਨ ਪੰਜਾਬੀ ਭਾਸ਼ਾ ਨੂੰ ਇਹ ਹੋਇਆ ਕਿ ਅਜਿਹੀ ਸਾਰੀ ਸ਼ਬਦਾਵਲੀ, ਮੁਸਲਮਾਨਾਂ ਦੇ ਪੂਰਬੀ ਪੰਜਾਬ ਨੂੰ ਛੱਡ ਜਾਣ ਕਰਕੇ ਅਲੋਪ ਹੋ ਗਈ ਹੈ ਅਤੇ ਲਗਾਤਾਰ ਅਲੋਪ ਹੋ ਰਹੀ ਹੈ। ਮੁਸਲਮਾਨੀ ਸੱਭਿਆਚਾਰ ਦੀ ਉਹ ਸ਼ਬਦਾਵਲੀ ਜੋ ਪੰਜਾਬੀ ਲੋਕ ਉੱਠਦੇ ਬੈਠਦੇ ਸਿੱਖ ਅਤੇ ਸਮਝ ਲੈਂਦੇ ਸਨ, ਅੱਜ ਉਸ ਨੂੰ ਸਮਝਣ ਲਈ ਸ਼ਬਦ ਕੋਸ਼ਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ। ਉਦਾਹਰਨ ਲਈ ਮੁਸਲਮਾਨ ਕਿਸ ਨੂੰ ਕਿਹਾ ਜਾਂਦਾ ਹੈ ? ਇਹ ਸਵਾਲ ਇਕ ਵਾਰੀ ਮੈਂ ਆਪਣੇ ਐਮ.ਏ. ਜਮਾਤ ਦੇ ਵਿਦਿਆਰਥੀਆਂ ਨੂੰ ਕੀਤਾ ਪਰ ਕਿਸੇ ਕੋਲ ਇਸ ਦਾ ਕੋਈ ਉੱਤਰ ਨਹੀਂ ਸੀ। ਤੌਹੀਦ, ਕਲਮਾ, ਹੱਜ, ਜ਼ਕਾਤ ਅਤੇ ਮੁਸਲਮਨੀ ਰਹਿਣੀ ਰਹਿਣੀ ਨਾਲ ਸੰਬੰਧਿਤ ਸੈਂਕੜੇ ਸ਼ਬਦਾਂ ਤੋਂ ਅੱਜ ਦੇ ਵਿਦਿਆਰਥੀ ਅਨਜਾਣ ਹਨ ਅਤੇ ਦਿਲਚਸਪ ਗੱਲ ਇਹ ਹੈ ਕਿ ਇਹ ਵਰਤਾਰਾ ਇਕਪਾਸੜ ਨਹੀਂ, ਸਗੋਂ ਦੁਪਾਸੜ ਜਾਂ ਦੁਵੱਲਾ ਹੈ। ਗੁਰਬਾਣੀ ਅਤੇ ਭਗਤੀ ਲਹਿਰ ਦੇ ਕਵੀਆਂ ਨੇ ਭਾਰਤੀ ਸੰਕਲਪਾਤਮਿਕ ਸ਼ਬਦਾਵਲੀ ਜੋ ਵਰਤੀ ਹੈ, ਉਹ ਪੱਛਮੀ ਪੰਜਾਬ ਦੇ ਵਿਦਿਆਰਥੀਆਂ ਲਈ ਅਸਲੋਂ ਓਪਰੀ ਹੈ। ਸੰਸਕ੍ਰਿਤ, ਹਿੰਦੀ, ਅਰਬੀ, ਫ਼ਾਰਸੀ ਅਤੇ ਹੋਰਨਾਂ ਕਈ ਭਾਸ਼ਾਵਾਂ ਦੇ ਸ਼ਬਦ ਤਦਭਵ ਹੋ ਕੇ ਪੰਜਾਬੀ ਵਿਚ ਸਮਾਏ ਹੋਏ ਹਨ। ਇਸੇ ਲਈ ਪ੍ਰਸਿੱਧ ਉਰਦੂ ਵਿਦਵਾਨ ਹਾਫਿਜ਼ ਮਹਿਮੂਦ ਸ਼ੀਰਲੀ ਦਾ ਮੰਨਣਾ ਹੈ ਕਿ ਉਰਦੂ ਵਿਚ ਸੱਠ ਫ਼ੀਸਦੀ ਤੋਂ ਵੱਧ ਸ਼ਬਦ ਪੰਜਾਬੀ ਵਿਚੋਂ ਆਏ ਹਨ ਜਾਂ ਪੰਜਾਬੀ ਮੂਲ ਦੇ ਹਨ। ਸ਼ੀਰਲੀ ਪੰਜਾਬ ਨੂੰ ਹੀ ਉਰਦੂ ਦੀ ਜਨਮ-ਭੂਮੀ ਮੰਨਦਾ ਹੈ। ਦੇਸ਼ ਵੰਡ ਨੇ ਪੰਜਾਬੀ ਨੂੰ ਦੋ ਭਾਗਾਂ ਵਿਚ ਵੰਡ ਦਿੱਤਾ ਹੈ, ਪੂਰਬੀ ਪੰਜਾਬੀ ਅਤੇ ਪੱਛਮੀ ਪੰਜਾਬੀ। ਪੂਰਬੀ ਪੰਜਾਬੀ ਭਾਰਤੀ ਪੰਜਾਬ ਵਿਚ ਵਰਤੀ ਜਾਣ ਵਾਲੀ ਜ਼ਬਾਨ ਹੈ ਜਦ ਕਿ ਪੱਛਮੀ ਪੰਜਾਬੀ ਜਿਸ ਨੂੰ ਕੁਝ ਮੁੱਤਅਬੀ ਜਾਂ 'ਪਾਕ ਪੰਜਾਬੀ' ਵੀ ਕਹਿੰਦੇ ਹਨ, ਲਹਿੰਦੇ ਜਾਂ ਪਾਕਿਸਤਾਨੀ ਪੰਜਾਬ ਵਿਚ ਬੋਲੀ ਜਾਣ ਵਾਲੀ ਹੈ। ਭਾਰਤੀ ਪੰਜਾਬੀ ਪਾਕਿਸਤਾਨੀਆਂ ਦੀ ਸਮਝ ਤੋਂ ਬਾਹਰ ਹੋ ਰਹੀ ਹੈ ਜਦ ਕਿ ਪੱਛਮੀ ਪੰਜਾਬ ਦੀ ਭਾਸ਼ਾ ਭਾਰਤ ਵਿਚ ਵੱਸਣ ਵਾਲਿਆਂ ਲਈ ਓਪਰੀ ਹੋ ਰਹੀ ਹੈ। ਸਿਰਜਣਾਤਮਕ ਸਾਹਿਤ ਨਾਲੋਂ ਇਹ ਦੁਸ਼ਵਾਰੀ ਆਲੋਚਨਾਤਮਿਕ ਜਾਂ ਖੋਜਾਤਮਕ ਸਾਹਿਤ ਨੂੰ ਸਮਝਣ ਵਿਚ ਵਧੇਰੇ ਹੈ।

ਅੱਜ ਇਹ ਮੁਸ਼ਕਿਲ ਸ਼ਬਦਾਂ ਨੂੰ ਸਮਝਣ ਤੱਕ ਨਹੀਂ, ਵਿਆਕਰਣ ਤੱਕ ਵੀ ਫੈਲ ਗਈ ਹੈ। ਉਰਦੂ ਵਿਆਕਰਣ ਵਿਚ ਬਹੁ-ਵਚਨ/ਆਤ/ਪਿਛੇਤਰ ਲਾ ਕੇ ਬਣਦਾ ਹੈ ਜਿਵੇਂ ਜਜ਼ਬਾ ਤੋਂ ਜਜ਼ਬਾਤ, ਵਾਕਿਆ ਤੋਂ ਵਾਕਿਆਤ, ਹਾਲਤ ਤੋਂ ਹਾਲਾਤ, ਇਮਕਾਨ ਤੋਂ ਇਮਕਾਨਾਤ ਆਦਿ ਪਰ ਪੰਜਾਬੀ ਲਿਖਾਰੀਆਂ ਅਤੇ ਬੁਲਾਰਿਆਂ ਵਿਚ ਇਹ ਗ਼ਲਤੀ ਅਕਸਰ ਵੇਖਣ ਨੂੰ ਮਿਲਦੀ ਹੈ ਕਿ ਉਹ ਮੂਲ ਸ਼ਬਦ ਤਾਂ ਫ਼ਾਰਸੀ/ਉਰਦੂ ਦਾ ਰਹਿਣ ਦਿੰਦੇ ਹਨ ਪਰ ਬਹੁਵਚਨ ਪੰਜਾਬੀ ਵਿਆਕਰਣ ਨੇਮਾਂ ਅਨੁਸਾਰ ਬਣਾ ਲੈਂਦੇ ਹਨ ਜਿਵੇਂ ਜਜ਼ਬਾਤਾਂ, ਹਾਲਤਾਂ, ਵਾਕਿਆਤਾਂ ਆਦਿ। ਭਾਸ਼ਾ ਵਿਗਿਆਨ ਦੀ ਦ੍ਰਿਸ਼ਟੀ ਤੋਂ ਇਹ ਵੱਡੀ ਉਕਾਈ ਹੈ ਅਤੇ ਸ਼ਬਦ ਵਿਗਾੜ ਹੈ। ਕਈ ਸੱਜਣ ਅਕਸਰ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਪਾਕਿਸਤਾਨ ਵਿਚਲੀ ਪੰਜਾਬੀ ਵਧੇਰੇ ਸਰਲ ਅਤੇ ਠੇਠ ਹੈ। ਬੋਲਣ ਦੀ ਹੱਦ ਤੱਕ ਤਾਂ ਇਹ ਗੱਲ ਮੰਨੀ ਜਾ ਸਕਦੀ ਹੈ ਪਰ ਲਿਖਤ ਜਾਂ ਕਹਿ ਲਵੋ ਕਿ ਕਿਸੇ ਜ਼ੁਬਾਨ ਤੋਂ ਜਦੋਂ ਕੋਈ ਵੱਡਾ ਕੰਮ ਲੈਣ ਦਾ ਉਪਰਾਲਾ ਕੀਤਾ ਜਾਂਦਾ ਹੈ ਤਾਂ ਉਥੇ ਇਹ ਸਰਲਤਾ ਜਾਂ ਠੇਠਤਾ ਕਾਇਮ ਨਹੀਂ ਰਹਿੰਦੀ। ਉਦਾਹਰਨ ਪਾਕਿਸਤਾਨ ਰੇਡੀਓ ਅਤੇ ਟੈਲੀਵਿਜ਼ਨ ਉੱਪਰ ਪ੍ਰਸਾਰਿਤ ਹੋਣ ਵਾਲੀਆਂ ਖ਼ਬਰਾਂ ਤੋਂ ਵੇਖੀ ਜਾਂ ਸੁਣੀ ਜਾ ਸਕਦੀ ਹੈ। ਖ਼ਬਰਾਂ ਦਾ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਾਧਿਅਮ ਅੰਗਰੇਜ਼ੀ ਹੁੰਦਾ ਹੈ ਅਤੇ ਜਿਥੇ ਕਿਧਰੇ ਉਸ ਦੇ ਪੰਜਾਬੀ ਸਮਾਨਾਰਥਕ ਸ਼ਬਦਾਂ ਦੀ ਲੋੜ ਹੁੰਦੀ ਹੈ, ਉਥੇ ਉਹ ਪੰਜਾਬੀ ਸ਼ਬਦਾਵਲੀ ਲੱਭਣ ਦੀ ਬਜਾਏ ਉਰਦੂ/ਫ਼ਾਰਸੀ ਦੇ ਬਣੇ ਬਣਾਏ ਜਾਂ ਘੜੇ-ਘੜਾਏ ਸ਼ਬਦ ਵਰਤ ਲੈਂਦੇ ਹਨ। ਪੰਜਾਬੀ ਖ਼ਬਰਾਂ ਵਿਚ ਹੜ ਨੂੰ ਸੈਲਾਬ ਜਾਂ ਤੁਗਿਆਨੀ ਅਤੇ ਹੁਣ ਪੀੜਤਾਂ ਨੂੰ ਸੈਲਾਬ ਜ਼ਦਗਾਨ, ਦਿਸ਼ਾ ਨੂੰ ਸਿਮਤ, ਪੂਰਬ ਨੂੰ ਮਸ਼ਰਿਕ ਅਤੇ ਪੱਛਮ ਨੂੰ ਮਗਰਬ ਕਹਿ ਕੇ ਸਾਰ ਲੈਂਦੇ ਹਨ। ਉਚਾਰਨ ਵਿਚ ਤਾਂ ਹੋਰ ਵੀ ਮੰਦਾ ਹਾਲ ਹੈ। ਪੰਜਾਬੀ ਵਿਚ ਬਿੰਦੀ ਵਾਲੇ ਅੱਖਰ ਉਰਦੂ/ਫ਼ਾਰਸੀ ਧੁਨੀਆਂ ਲਈ ਵਰਤੇ ਜਾਂਦੇ ਸਨ ਪਰ ਅੱਜ ਇਹ ਅੱਖਰ ਨਾ ਕੋਈ ਸ਼ੁੱਧ ਰੂਪ ਵਿਚ ਉਚਾਰਦਾ ਹੈ ਅਤੇ ਨਾ ਹੀ ਬਿੰਦੀ ਵਾਲੇ ਅੱਖਰ ਵਰਤਦਾ ਹੈ। ਵਿਰਲੇ ਟਾਵੇਂ ਸ਼ਬਦਾਂ ਵਿਚ ਹੀ ਇਹ ਵਰਤੋਂ ਵੇਖਣ ਵਿਚ ਆਉਂਦੀ ਹੈ। ਜੇਕਰ ਦੇਸ਼ ਦੀ ਵੰਡ ਨਾ ਹੁੰਦੀ ਅਤੇ ਸਾਰਾ ਮੁਲਕ ਇਕੱਠਿਆਂ ਰਹਿੰਦਾ ਤਾਂ ਇਹ ਸਮੱਸਿਆਵਾਂ ਨਹੀਂ ਸਨ ਪੈਦਾ ਹੋਣੀਆਂ।

ਦੇਸ਼ ਵੰਡ ਦਾ ਦੂਜਾ ਵੱਡਾ ਨੁਕਸਾਨ ਪੰਜਾਬ ਦੀ ਸਿੱਖਿਆ ਨੂੰ ਹੋਇਆ ਹੈ। ਅਣਵੰਡੇ ਪੰਜਾਬ ਵਿਚ ਲਾਹੌਰ ਸ਼ਹਿਰ ਵਿੱਦਿਆ ਦਾ ਵੱਡਾ ਕੇਂਦਰ ਸੀ। ਕਿਸੇ ਵੇਲੇ ਲਾਹੌਰ ਨੂੰ ਆਕਸਫੋਰਡ ਆਫ ਏਸ਼ੀਆ ਵੀ ਕਿਹਾ ਜਾਂਦਾ ਸੀ ਕਿਉਂਕਿ ਅੰਗਰੇਜ਼ਾਂ ਨੇ ਨਵੀਂ ਵਿਦਿਅਕ ਪ੍ਰਣਾਲੀ ਸਭ ਤੋਂ ਪਹਿਲਾਂ ਇਸੇ ਸ਼ਹਿਰ ਵਿਚ ਪ੍ਰਚੱਲਿਤ ਕੀਤੀ ਸੀ। ਮੱਧਕਾਲੀ ਪੰਜਾਬ ਵਿਚ ਪਹਿਲਾਂ ਸਾਡੇ ਕੋਲ ਮਦਰੱਸੇ, ਮਸੀਤਾਂ, ਪਾਠਸ਼ਾਲਾਵਾਂ, ਗੁਰਦੁਆਰੇ, ਮੰਦਰ ਅਤੇ ਹੋਰ ਧਾਰਮਿਕ ਸਥਾਨ ਵਿੱਦਿਆ ਦੇ ਕੇਂਦਰ ਹੁੰਦੇ ਸਨ ਪਰ ਅੰਗਰੇਜ਼ਾਂ ਨੇ ਸਕੂਲ, ਕਾਲਜ ਲਾਹੌਰ ਵਿਚ ਕਾਇਮ ਕੀਤੇ ਤੇ ਇਥੇ ਹੀ 1882 ਈ. ਵਿਚ ਪੰਜਾਬ ਯੂਨੀਵਰਸਿਟੀ ਕਾਇਮ ਕੀਤੀ। ਕਾਲਜ ਅਤੇ ਯੂਨੀਵਰਸਿਟੀ ਬਣਨ ਨਾਲ ਵਿੱਦਿਆ ਪ੍ਰਸਾਰ ਵਿਚ ਇਕ ਨਵੀਂ ਕ੍ਰਾਂਤੀ ਆਈ। ਪੱਛਮੀ ਵਿੱਦਿਆ ਤਤਕਾਲ ਦੀ ਲੋੜ ਵੀ ਸੀ ਅਤੇ ਰੁਜ਼ਗਾਰ ਪ੍ਰਾਪਤੀ ਦਾ ਮੌਕਾ ਵੀ। ਵੰਡ ਪਿੱਛੋਂ ਪੂਰਬੀ ਪੰਜਾਬ ਵਿਚ ਵਿੱਦਿਆ ਦਾ ਪ੍ਰਸਾਰ ਤਾਂ ਸ਼ੁਰੂ ਹੋ ਗਿਆ ਪਰ ਇਸ ਦੀ ਰਫ਼ਤਾਰ ਮੱਠੀ ਪੈ ਗਈ। ਲਾਇਲਪੁਰ ਦਾ ਖ਼ਾਲਸਾ ਕਾਲਜ, ਜਲੰਧਰ ਵਿਚ ਬਣਿਆ ਅਤੇ ਲਾਇਲਪੁਰ ਵਿਚ ਛੱਡ ਆਏ ਐਗਰੀਕਲਚਰ ਕਾਲਜ ਨੂੰ ਲੁਧਿਆਣੇ ਪੰਜਾਬ ਐਗਲੀਕਲਚਰ ਯੂਨੀਵਰਸਿਟੀ ਦੇ ਰੂਪ ਵਿਚ ਕਾਇਮ ਕੀਤਾ ਗਿਆ। ਦੇਸ਼ ਵੰਡ ਨਾ ਹੁੰਦੀ ਤਾਂ ਪੰਜਾਬ ਵਿਚ ਵਿੱਦਿਆ ਦਾ ਪ੍ਰਚਾਰ, ਪ੍ਰਸਾਰ ਅੱਜ ਨਾਲੋਂ ਕਈ ਗੁਣਾ ਵਧ ਹੁੰਦਾ।

ਬਾਕੀ ਸਫ਼ਾ 30 'ਤੇ

# ਅਕਾਲੀ ਦਲ ਦੇ ਵਿਕਾਸ ਲਈ ਜਥੇਬੰਦਕ ਤਬਦੀਲੀਆਂ ਦੇ ਐਲਾਨ ਤੋਂ ਨਿਰਾਸ਼ ਹਨ ਬਾਦਲ ਵਿਰੋਧੀ

## ✪ ਇੱਕ ਪਰਿਵਾਰ ਨੂੰ ਇੱਕ ਹੀ ਟਿਕਟ ਦੇਣ ਦਾ ਫ਼ੈਸਲਾ ✪ 50 ਫ਼ੀਸਦ ਟਿਕਟਾਂ 50 ਸਾਲ ਤੋਂ ਘੱਟ ਉਮਰ ਦੇ ਵਰਕਰਾਂ ਨੂੰ ਦਿੱਤੀਆਂ ਜਾਣਗੀਆਂ : ਸੁਖਬੀਰ ਬਾਦਲ ✪ ਅਕਾਲੀ ਆਗੂਆਂ ਵੱਲੋਂ ਝੂੰਦਾ ਕਮੇਟੀ ਰਿਪੋਰਟ ਲਾਗੂ ਕਰਨ ਦੀ ਸ਼ਲਾਘਾ

**ਚੰਡੀਗੜ੍ਹ/ਏ.ਟੀ.ਨਿਊਜ਼ :-** ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਨੇ ਝੂੰਦਾ ਕਮੇਟੀ ਦੀਆਂ ਕਈ ਸਿਫ਼ਾਰਸ਼ਾਂ ਮੰਨ ਕੇ ਪਾਰਟੀ ਦੀ ਅੰਦਰੂਨੀ ਜਮਹੂਰੀਅਤ ਵੱਲ ਕਦਮ ਉਠਾਉਣ ਦਾ ਐਲਾਨ ਕੀਤਾ ਹੈ। ਜੁਲਾਈ ਵਿਚ ਹੀ ਪਾਰਟੀ ਦੀ ਕੋਰ ਕਮੇਟੀ ਨੇ ਝੂੰਦਾਂ ਕਮੇਟੀ ਦੀਆਂ ਸਿਫ਼ਾਰਿਸ਼ਾਂ ਮਨਜ਼ੂਰ ਕਰਨ ਅਤੇ ਕੁਝ ਸਮੇਂ ਬਾਅਦ ਜਨਤਕ ਕਰਨ ਦੀ ਗੱਲ ਕੀਤੀ ਸੀ। ਫਿਲਹਾਲ ਰਿਪੋਰਟ ਤਾਂ ਜਨਤਕ ਨਹੀਂ ਕੀਤੀ ਗਈ ਪਰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਕਹਿਣ ਮੁਤਾਬਿਕ ਪ੍ਰਧਾਨ ਦੋ ਵਾਰੀਆਂ, ਭਾਵ ਦਸ ਸਾਲ ਤੋਂ ਵੱਧ ਲਗਾਤਾਰ ਆਪਣੇ ਅਹੁਦੇ ਉੱਤੇ ਨਹੀਂ ਰਹੇਗਾ। ਇਕ ਪਰਿਵਾਰ ਨੂੰ ਇਕੋ ਟਿਕਟ ਦਿੱਤੀ ਜਾਣੀ ਹੈ। ਬੂਥ ਪੱਧਰ ਦੇ ਆਗੂ ਚੁਣੇ ਜਾਣਗੇ ਅਤੇ ਇਸ ਤੋਂ ਅੱਗੇ ਜ਼ਿਲ੍ਹਾ ਜਥੇਦਾਰਾਂ ਤੱਕ ਚੋਣ ਹੋਵੇਗੀ। ਜ਼ਿਲ੍ਹਾ ਅਤੇ ਸਰਕਲ ਜਥੇਦਾਰ ਚੋਣ ਨਹੀਂ ਲੜ ਸਕਣਗੇ, ਜੇ ਚੋਣ ਲੜੀ ਤਾਂ ਜਥੇਦਾਰ ਦਾ ਅਹੁਦਾ ਛੱਡਣਾ ਪਵੇਗਾ। ਪਾਰਟੀ ਨੇ ਪੰਥਕ ਮੁਹਾਂਦਰੇ ਦੀ ਬਹਾਲੀ ਲਈ ਸਟੂਡੈਂਟਸ ਆਰਗੇਨਾਈਜੇਸ਼ਨ ਆਫ ਇੰਡੀਆ (ਐੱਸਓਆਈ) ਦੇ ਨਾਲ ਨਾਲ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਬਹਾਲ ਕਰਨ ਦਾ ਐਲਾਨ ਵੀ ਕੀਤਾ ਹੈ।

ਪਾਰਟੀ ਦਾ ਪਾਰਲੀਮਾਨੀ ਬੋਰਡ ਬਣਾਉਣ, ਕੋਰ ਕਮੇਟੀ ਵਿਚ 50 ਸਾਲ ਤੋਂ ਹੇਠਲੇ ਆਗੂਆਂ ਨੂੰ ਜਗ੍ਹਾ ਦੇਣ, ਪ੍ਰਧਾਨ ਨੂੰ ਸਲਾਹ ਦੇਣ ਵਾਸਤੇ ਬੁੱਧੀਜੀਵੀਆਂ ਦਾ ਸਲਾਹਕਾਰ ਬੋਰਡ ਬਣਾਉਣ ਸਮੇਤ ਹੋਰ ਕਈ ਐਲਾਨ ਕੀਤੇ ਗਏ ਹਨ। ਇਹ ਐਲਾਨ ਲਾਗੂ ਕਰਨ ਲਈ 30 ਨਵੰਬਰ ਤੱਕ ਦਾ ਸਮਾਂ ਤੈਅ ਕੀਤਾ ਹੈ।

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਦਾ ਮੰਨਣਾ ਹੈ ਕਿ ਸਿਧਾਂਤਕ ਤੌਰ ਉੱਤੇ ਸਵਾਲ ਖੜ੍ਹਾ ਹੈ ਕਿ ਇਕ ਵਿਅਕਤੀ ਇਕ ਅਹੁਦੇ ਵਾਲਾ ਜੋ ਅਸੂਲ ਸਰਕਲ ਅਤੇ ਜ਼ਿਲ੍ਹਾ ਪ੍ਰਧਾਨ ਉੱਤੇ ਲਾਗੂ ਹੋਵੇਗਾ, ਉਹ ਪਾਰਟੀ ਪ੍ਰਧਾਨ ਉੱਤੇ ਲਾਗੂ ਕਿਉਂ ਨਹੀਂ ਹੋਵੇਗਾ? ਬਾਬਾ ਬੇਦੀ ਨੇ ਕਿਹਾ ਕਿ ਇਹ ਪਰਿਵਾਰ ਵਾਦ ਦੀ ਖੇਡ ਹੈ। ਪੰਥ ਹੁਣ ਬਾਦਲਾਂ ਨੂੰ ਹੁੰਗਾਰਾ ਨਹੀਂ ਭਰੇਗਾ। ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਦਾ ਕਹਿਣਾ ਹੈ ਕਿ ਹੈਰਾਨੀ ਇਹ ਵੀ ਹੈ ਕਿ ਪਾਰਟੀ ਪ੍ਰਧਾਨ ਉੱਤੇ ਦਸ ਸਾਲਾ ਕਾਰਜਕਾਲ ਦਾ ਅਸੂਲ ਪਿਛਾਂਹ ਤੋਂ ਨਹੀਂ, ਅਗਲੇ ਸਮੇਂ ਤੋਂ ਲਾਗੂ ਹੋਵੇਗਾ। ਝੂੰਦਾ ਕਮੇਟੀ ਨੇ ਉੱਪਰਲੇ ਸਾਰੇ ਆਗੂਆਂ ਦੀ ਤਬਦੀਲੀ ਦੀ ਸਿਫ਼ਾਰਿਸ਼ ਕੀਤੀ ਸੀ।ਪਰ ਤਬਦੀਲੀ ਕਿਤੇ ਵੀ ਨਹੀਂ ਹੋਈ। ਪਾਰਟੀ ਦੇ ਅਕਸ ਨੂੰ ਧੱਕਾ ਲੱਗਣ ਦਾ ਇਕ ਅਹਿਮ ਕਾਰਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਉਸ ਤੋਂ ਪਿੱਛੋਂ ਵਾਪਰੇ ਬਹਿਬਲ ਕਲਾਂ ਕਾਂਡ ਨੂੰ ਮੰਨਿਆ ਗਿਆ ਹੈ। ਅਕਾਲੀ ਦਲ ਦੀ ਸਮੁੱਚੀ ਟੀਮ ਨੂੰ ਪਛਤਾਵਾ ਕਰਨ ਲਈ ਅਕਾਲ ਤਖ਼ਤ ਸਾਹਿਬ ਉੱਤੇ ਭੁੱਲ ਬਖ਼ਸ਼ਾਉਣ ਦੀ ਸਿਫ਼ਾਰਿਸ਼ ਵੀ ਸ਼ਾਮਿਲ ਮੰਨੀ ਗਈ ਹੈ। ਪਰ ਬਾਦਲ ਪਰਿਵਾਰ ਨੇ ਅਜੇ ਤੱਕ ਗਲਤੀ ਨਹੀਂ ਮੰਨੀ।

ਉਨਾਂ ਕਿਹਾ ਕਿ ਕਾਂਗਰਸ ਪਾਰਟੀ ਕੌਮੀ ਪੱਧਰ 'ਤੇ ਇਸੇ ਸਮੱਸਿਆ ਨਾਲ ਜੂਝ ਰਹੀ ਹੈ। ਸੁਖਬੀਰ ਸਿੰਘ ਬਾਦਲ ਦੇ ਇਹ ਨਵੇਂ ਐਲਾਨ ਪੰਥ ਨੂੰ ਪ੍ਰਭਾਵਿਤ ਨਹੀਂ ਕਰ ਸਕਣਗੇ। ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਦਾ ਕਹਿਣਾ ਹੈ ਕਿ ਬਾਦਲ ਪਰਿਵਾਰ ਅਕਾਲੀ ਦਲ ਦੀ ਪ੍ਰਤੀਨਿਧਤਾ ਨਹੀਂ ਕਰ ਸਕਦਾ। ਸੁਖਬੀਰ ਬਾਦਲ ਕੋਲ ਪੰਥ ਤੇ ਪੰਜਾਬ ਲਈ ਵਿਜ਼ਨ ਨਹੀਂ ਹੈ।ਤਾਨਾਸ਼ਾਹ ਰੁਚੀਆਂ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਹਰ ਕਿਸਮ ਦੇ ਜ਼ੁਲਮ ਖਿਲਾਫ਼ ਖੜਨ ਵਾਲੇ ਅਕਾਲੀ ਦਲ ਨੂੰ ਆਪਣੀ ਪੁਰਾਣਾ ਵਕਾਰ ਬਹਾਲ ਕਰਨ ਦੀ ਚੁਣੌਤੀ ਦਰਪੇਸ਼ ਹੈ ਪਰ ਬਾਦਲ ਪਰਿਵਾਰ ਇਸ ਚੁਣੌਤੀ ਨਾਲ ਨਿਬੜਨ ਲਈ ਅਸਪੱਸ਼ਟ ਹੈ।

ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਵਲੋਂ ਸ਼੍ਰੋਮਣੀ ਅਕਾਲੀ ਦਲ ਵਲੋਂ ਝੂੰਦਾ ਕਮੇਟੀ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ ਦੀਆਂ ਖ਼ਬਰਾਂ ਸੰਬੰਧੀ ਅਪਣਾ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਹੋਰ ਦਸ ਵਰਿਆਂ ਲਈ, ਆਪਣੇ-ਆਪ ਆਪਣੀ ਪ੍ਰਧਾਨਗੀ ਦੀ ਸਵੈ-ਨਿਯੁਕਤੀ ਦਾ ਸਵੈ-ਐਲਾਨ ਕਰ ਦਿੱਤਾ ਹੈ। ਇੰਜ ਉਨਾਂ ਨੇ ਇਕ ਤਰੀਕੇ ਨਾਲ ਬੜੀ ਹੁਸ਼ਿਆਰੀ ਤੋਂ ਕੰਮ ਲੈਂਦਿਆਂ ਹੋਇਆਂ, ਪੰਜਾਬ ਅਸੈਂਬਲੀ ਦੀਆਂ ਚੋਣਾਂ ਵਿਚ, ਸ਼੍ਰੋਮਣੀ ਅਕਾਲੀ ਦਲ ਦੀ ਹੋਈ, ਨਮੋਸ਼ੀਜਨਕ ਹਾਰ ਦੇ ਕਾਰਨਾਂ ਦੀ ਸਮੀਖਿਆ ਕਰਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪੁਨਰ ਉਥਾਨ ਲਈ ਸੁਝਾਓ ਦੇਣ ਵਾਸਤੇ ਬਣਾਈ ਗਈ, ਬਹੁ-ਚਰਚਿਤ 'ਝੂੰਦਾ ਕਮੇਟੀ' ਦਾ ਰਸਮੀ ਤੌਰ 'ਤੇ ਭੋਗ ਪਾ ਦਿੱਤਾ ਹੈ। ਉਨਾਂ ਕਿਹਾ ਕਿ ਉਨਾਂ ਦੀ ਜਾਣਕਾਰੀ ਅਨੁਸਾਰ ਇਸ ਕਮੇਟੀ ਦੀ ਸਭ ਤੋਂ ਮੁੱਢਲੀ ਤੇ ਅਤਿ ਗੰਭੀਰ ਸਿਫ਼ਾਰਿਸ਼ ਤਾਂ ਸ਼੍ਰੋਮਣੀ ਅਕਾਲੀ ਦਲ ਦੀ ਸਿਖਰਲੀ ਲੀਡਰਸ਼ਿਪ ਵਿਚ ਤਬਦੀਲੀ ਕਰਨ ਦੀ ਸੀ, ਪਰ ਉਸ ਮੁੱਦੇ 'ਤੇ ਸੁਖਬੀਰ ਸਿੰਘ ਬਾਦਲ ਨਾ ਸੁਨਣ ਲਈ ਤਿਆਰ ਹਨ ਤੇ ਨਾ ਹੀ ਕਿਸੇ ਸੂਰਤ ਵਿਚ, ਮੰਨਣ ਲਈ ਤਿਆਰ ਹਨ।

### ਮਜੀਠੀਆ ਤੇ ਹੋਰਨਾਂ ਵਲੋਂ ਸੁਖਬੀਰ ਬਾਦਲ ਦੀ ਸ਼ਲਾਘਾ

ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ, 'ਸ਼੍ਰੋਮਣੀ ਅਕਾਲੀ ਦਲ ਵੱਲੋਂ ਇਕ ਪਰਿਵਾਰ ਇਕ ਉਮੀਦਵਾਰ ਦੇ ਫ਼ੈਸਲੇ ਦਾ ਉਹ ਸਵਾਗਤ ਕਰਦੇ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਦਲਜੀਤ ਸਿੰਘ ਚੀਮਾ, ਬੀਬੀ ਜਾਗੀਰ ਕੌਰ ਬਲਵਿੰਦਰ ਸਿੰਘ ਭੂੰਦੜ, ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਲਾਗੂ ਕੀਤੀ ਝੂੰਦਾ ਕਮੇਟੀ ਦੀ ਰਿਪੋਰਟ ਦਾ ਸਵਾਗਤ ਕੀਤਾ ਗਿਆ। ਉਨਾਂ ਕਿਹਾ ਕਿ ਇਕ ਪਰਿਵਾਰ ਵਿਚੋਂ ਇਕ ਟਿਕਟ ਦੇਣ ਦੇ ਫ਼ੈਸਲੇ ਨਾਲ ਹੋਰ ਯੋਗ ਉਮੀਦਵਾਰਾਂ ਨੂੰ ਅੱਗੇ ਆਉਣ ਦਾ ਮੌਕਾ ਮਿਲੇਗਾ।

### ਤਬਦੀਲੀਆਂ ਦੇ ਹਾਮੀ ਅਕਾਲੀ ਆਗੂ ਨਿਰਾਸ਼, ਕੀਤੀ ਬੈਠਕ

ਅਕਾਲੀ ਦਲ 'ਚ ਤਬਦੀਲੀਆਂ ਦੇ ਹਾਮੀ ਬਾਦਲ ਪਰਿਵਾਰ ਤੋਂ ਨਿਰਾਸ਼ ਆਗੂਆਂ ਵਲੋਂ ਬੀਤੇ ਦਿਨੀਂ ਲੁਧਿਆਣਾ ਵਿਖੇ ਅਕਾਲੀ ਵਿਧਾਇਕ ਦਲ ਦੇ ਆਗੂ ਸ. ਮਨਪ੍ਰੀਤ ਸਿੰਘ ਇਯਾਲੀ ਦੇ ਨਿਵਾਸ ਸਥਾਨ 'ਤੇ ਦਲ ਦੇ ਪ੍ਰਧਾਨ ਵਲੋਂ ਪਾਰਟੀ ਢਾਂਚੇ ਵਿਚ ਤਜਵੀਜ਼ ਕੀਤੀਆਂ ਤਬਦੀਲੀਆਂ ਅਤੇ ਝੂੰਦਾਂ ਕਮੇਟੀ ਦੀ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਲਈ ਪਾਰਟੀ ਪੱਧਰ 'ਤੇ ਹੁਣ ਤਕ ਚੁੱਕੇ ਗਏ ਕਦਮਾਂ ਅਤੇ ਦੂਜੇ ਪੰਥਕ ਮਸਲਿਆਂ 'ਤੇ ਖੁੱਲ ਕੇ ਵਿਚਾਰ ਵਟਾਂਦਰੇ ਕੀਤੇ ਗਏ। ਮੀਟਿੰਗ ਵਿਚ ਸਾਬਕਾ ਸਪੀਕਰ ਸ. ਚਰਨਜੀਤ ਸਿੰਘ ਅਟਵਾਲ ਤੇ ਸ. ਜਗਮੀਤ ਸਿੰਘ ਬਰਾੜ ਤੇ ਸੰਤਾ ਸਿੰਘ ਉਮੈਦਪੁਰ ਸਮੇਤ ਕੋਈ ਅੱਧੀ ਦਰਜਨ ਆਗੂ ਹਾਜ਼ਰ ਸਨ। ਸੂਚਨਾ ਅਨੁਸਾਰ ਇਸ ਧੜੇ ਦੇ ਆਗੂਆਂ ਵਲੋਂ ਸ਼੍ਰੋਮਣੀ ਕਮੇਟੀ ਦੀਆਂ ਆਉਂਦੀਆਂ ਚੋਣਾਂ ਸੰਬੰਧੀ ਵੀ ਵਿਚਾਰ ਵਟਾਂਦਰੇ ਹੋਏ, ਪਰ ਮੀਟਿੰਗ ਦੀ ਸਮੁੱਚੀ ਕਾਰਵਾਈ ਨੂੰ ਗੁਪਤ ਰੱਖਿਆ ਗਿਆ। ਹਾਲਾਂਕਿ ਪਾਰਟੀ ਦੇ ਕਈ ਆਗੂਆਂ ਦਾ ਕਹਿਣਾ ਹੈ ਕਿ ਵਰਕਿੰਗ ਕਮੇਟੀ ਸਮੇਤ ਪਾਰਟੀ ਦੇ ਕਈ ਵਿੰਗਾਂ ਨੂੰ ਭੰਗ ਕਰਨ ਦਾ ਦਲ ਦੇ ਪ੍ਰਧਾਨ ਨੂੰ ਪਾਰਟੀ ਵਿਧਾਨ ਅਨੁਸਾਰ ਅਧਿਕਾਰ ਹੀ ਨਹੀਂ ਹੈ। ਇਸੇ ਤਰਾਂ ਦਲ ਦੇ ਪ੍ਰਧਾਨ ਵਲੋਂ ਪਾਰਟੀ ਢਾਂਚੇ ਵਿਚ ਜੋ ਤਬਦੀਲੀਆਂ ਦਾ ਐਲਾਨ ਕੀਤਾ ਗਿਆ ਹੈ, ਜਿਸ ਅਨੁਸਾਰ ਇਕ ਪਰਿਵਾਰ ਨੂੰ ਇਕ ਚੋਣ ਵਿਚ ਇਕ ਟਿਕਟ ਦੇਣ ਦਾ ਫ਼ੈਸਲਾ ਲਿਆ ਗਿਆ ਹੈ, ਆਗੂਆਂ ਦਾ ਕਹਿਣਾ ਹੈ ਕਿ ਪ੍ਰਧਾਨਗੀ ਦੀਆਂ ਦੋ ਮਿਆਦਾਂ (ਟਰਮਾਂ) ਸਮੇਤ ਸਾਰੇ ਫ਼ੈਸਲਿਆਂ ਨੂੰ ਲਾਗੂ ਕਰਨ ਲਈ ਪਾਰਟੀ ਦੇ ਜਨਰਲ ਹਾਊਸ ਦੀ ਪ੍ਰਵਾਨਗੀ ਦੀ ਲੋੜ ਹੋਵੇਗੀ, ਕਿਉਂਕਿ ਇਕੱਲਾ ਪ੍ਰਧਾਨ ਇਸ ਸੰਬੰਧੀ ਫ਼ੈਸਲਾ ਨਹੀਂ ਲੈ ਸਕਦਾ। ਅਕਾਲੀ ਦਲ ਦੇ ਦੋ ਵਿਧਾਨਾਂ ਦਾ ਮਾਮਲਾ ਭਾਵੇਂ ਪਹਿਲਾਂ ਹੀ ਅਦਾਲਤ ਵਿਚ ਹੈ ਪਰ ਆਉਂਦੇ ਦਿਨਾਂ ਦੌਰਾਨ ਪਾਰਟੀ ਦਾ ਢਾਂਚਾ ਤੋੜਨ ਵਰਗੇ ਕੁਝ ਹੋਰ ਮਾਮਲੇ ਵੀ ਅਦਾਲਤ ਵਿਚ ਜਾ ਸਕਦੇ ਹਨ। ਅਕਾਲੀ ਦਲ ਵਲੋਂ ਝੂੰਦਾਂ ਕਮੇਟੀ ਦੀ ਰਿਪੋਰਟ ਨੂੰ ਜਨਤਕ ਕਰਨ ਨੂੰ ਲੈ ਕੇ ਵੀ ਕਾਫ਼ੀ ਵਿਵਾਦ ਚੱਲ ਰਿਹਾ ਹੈ ਅਤੇ ਬਹੁਤ ਸਾਰੇ ਆਗੂ ਇਸ ਰਿਪੋਰਟ ਵਿਚ ਪਾਰਟੀ ਦੀ ਮੁੜ ਸੁਰਜੀਤੀ ਲਈ ਕੀਤੀਆਂ ਸਿਫ਼ਾਰਸ਼ਾਂ ਨੂੰ ਜਨਤਕ ਕਰਨਾ ਚਾਹੁੰਦੇ ਹਨ ਤਾਂ ਜੋ ਕਮੇਟੀ ਵਲੋਂ ਕੀਤੀ ਗਈ ਮਿਹਨਤ ਨੂੰ ਪਾਰਟੀ ਪੱਧਰ 'ਤੇ ਚੰਗੀ ਤਰਾਂ ਵਿਚਾਰਿਆ ਜਾ ਸਕੇ। ਇਹ ਵੀ ਪਤਾ ਲੱਗਾ ਹੈ ਕਿ ਤਬਦੀਲੀਆਂ ਦੇ ਹਾਮੀ ਅਕਾਲੀ ਆਗੂਆਂ ਵਲੋਂ ਆਪਣੀਆਂ ਮੀਟਿੰਗਾਂ ਦਾ ਸਿਲਸਿਲਾ ਜਾਰੀ ਰੱਖਦਿਆਂ ਆਉਂਦੇ ਕੁਝ ਦਿਨਾਂ ਦੌਰਾਨ ਦੁਬਾਰਾ ਮੀਟਿੰਗ ਰੱਖਣ ਦਾ ਵੀ ਫ਼ੈਸਲਾ ਲਿਆ ਗਿਆ ਹੈ।



# ਸ਼੍ਰੋਮਣੀ ਅਕਾਲੀ ਦਲ ਦੇ ਡੂੰਘੇ ਸੰਕਟ ਦੇ ਹਨ ਅਨੇਕਾਂ ਕਾਰਨ

ਵੀਹਵੀਂ ਸਦੀ ਦੇ ਪਹਿਲੇ ਦਹਾਕੇ ਦੀ ਸਿੱਖ ਲਹਿਰ ਨੂੰ ਗੁਰਦੁਆਰਾ ਸੁਧਾਰ ਲਹਿਰ ਜਾਂ ਅਕਾਲੀ ਲਹਿਰ ਵਜੋਂ ਜਾਣਿਆ ਜਾਂਦਾ ਹੈ। ਇਸੇ ਲਹਿਰ ਨੇ ਗੁਰਧਾਮਾਂ ਦੀ ਪਵਿੱਤਰਤਾ ਨੂੰ ਬਹਾਲ ਕੀਤਾ ਤੇ ਸੇਵਾ ਸੰਭਾਲ ਖਾਲਸਾ ਪੰਥ ਨੂੰ ਬਖ਼ਸ਼ੀ। ਇਸ ਸਦਕਾ ਹੀ ਸ਼੍ਰੋਮਣੀ ਕਮੇਟੀ ਹੋਂਦ ਵਿਚ ਆਈ। ਰਾਜਸੀ ਸਰਗਰਮੀਆਂ ਸਬੰਧੀ 14 ਦਸੰਬਰ 1920 ਨੂੰ ਗਠਿਤ ਹੋਇਆ ਅਕਾਲੀ ਦਲ ਇਸੇ ਲਹਿਰ ਦੀ ਦੇਣ ਹੈ। ਜਨਵਰੀ 1922 ਵਿਚ ਚਾਬੀਆਂ ਦਾ ਮੋਰਚਾ ਜਿੱਤਿਆ ਤਾਂ ਮਹਾਤਮਾ ਗਾਂਧੀ ਨੇ ਕਿਹਾ ਕਿ ਸਾਡੀ ਪਹਿਲੀ ਜੰਗ ਜਿੱਤੀ ਗਈ ਹੈ। ਗੁਰੂ ਕੇ ਬਾਗ ਦੇ ਮੋਰਚੇ ਦੀ ਆਵਾਜ਼ ਸਾਰੀ ਦੁਨੀਆ ਵਿਚ ਮਚੀ ਤੇ ਮਈ 1923 ਵਿਚ ਮੁੱਕੇ ਮੋਰਚੇ ਦੇ ਚਸ਼ਮਦੀਦ ਗਵਾਹ ਪਾਦਰੀ ਨੇ ਕਿਹਾ ਕਿ ਮੈਂ ਹਜ਼ਾਰਾਂ ਹੀ ਈਸਾ ਸੂਲੀ ਚੜਦੇ ਵੇਖੇ ਹਨ। ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਤਖ਼ਤ ਤੋਂ ਉਤਾਰ ਦੇਣ ਦੇ ਵਿਰੋਧ ਵਿਚ 25-26 ਸਤੰਬਰ 1923 ਨੂੰ ਜੈਤੋਂ ਦਾ ਮੋਰਚਾ ਲੱਗਾ ਤਾਂ ਅਕਤੂਬਰ 1923 ਵਿਚ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਨੂੰ ਬਾਗੀ ਕਰਾਰ ਦੇ ਦਿੱਤਾ। ਛੇ ਅਗਸਤ 1925 ਨੂੰ ਮੋਰਚਾ ਜਿੱਤਿਆ।

ਅਕਾਲੀ ਦਲ ਦੇ ਵੱਡੇ ਆਗੂਆਂ ਨੇ ਆਜ਼ਾਦੀ ਤੋਂ ਪਹਿਲਾਂ ਸਿਫ਼ਤੀ ਭੂਮਿਕਾ ਨਿਭਾਈ। ਪਰ ਭਾਰਤ ਦੀ ਵੰਡ ਸਮੇਂ ਵੱਡੀ ਦੁਬਿਧਾ ਦਾ ਸ਼ਿਕਾਰ ਹੋ ਗਏ ਕਿ ਖ਼ੁਦਮੁਖਤਾਰੀ ਵਾਲੇ ਖਿੱਤੇ ਵਿਚ ਰਹਿਣਾ ਹੈ ਜਾਂ ਵੱਖਰਾ ਸਿੱਖ ਰਾਜ ਲੈਣਾ ਹੈ। ਦਰਅਸਲ 1947 ਵਿਚ ਹੋਈ ਵੰਡ ਪੰਜਾਬ ਅਤੇ ਬੰਗਾਲ ਦੀ ਸੀ। ਲਗਭਗ 10 ਲੱਖ ਮਰਨ ਵਾਲੇ ਲੋਕਾਂ ਵਿਚ 8 ਲੱਖ ਪੰਜਾਬੀ ਸਨ। ਅਕਾਲੀ ਦਲ ਨੇ ਪੰਡਿਤ ਜਵਾਹਰ ਲਾਲ ਨਹਿਰੂ ਹੋਰਾਂ ਦੇ ਵਾਅਦਿਆਂ 'ਤੇ ਵਿਸ਼ਵਾਸ ਕੀਤਾ ਕਿ ਭਾਰਤ ਦੇ ਉੱਤਰ ਵਿਚ ਇਕ ਅਜਿਹਾ ਖਿੱਤਾ ਮਿਲ ਜਾਵੇਗਾ ਜਿਸ ਵਿਚ ਸਿੱਖ ਆਜ਼ਾਦੀ ਦਾ ਨਿੱਘ ਮਾਣ ਸਕਣਗੇ। ਸੰਨ 1948 ਵਿਚ ਅਕਾਲੀ ਦਲ ਨੂੰ ਕਾਂਗਰਸ ਵਿਚ ਹੀ ਸ਼ਾਮਲ ਕਰ ਦਿੱਤਾ ਗਿਆ। ਮਾਸਟਰ ਤਾਰਾ ਸਿੰਘ ਨੇ ਛੇਤੀ ਹੀ ਮੁੜ ਅਕਾਲੀ ਦਲ ਨੂੰ ਸੁਰਜੀਤ ਕਰ ਲਿਆ। ਸਾਰੇ ਹਾਲਾਤ 'ਤੇ ਝਾਤ ਮਾਰੀਏ ਤਾਂ ਕਹਿ ਸਕਦੇ ਹਾਂ ਕਿ ਸੰਨ 1950 ਤੋਂ ਬਾਅਦ ਦੀ ਅਕਾਲੀ ਲੀਡਰਸ਼ਿਪ ਨਵੇਂ ਹਾਲਾਤ ਦੀ ਭੂਮਿਕਾ ਸਮਝਣ ਵਿਚ ਅਸਮਰੱਥ ਜਿਹੀ ਹੋ ਗਈ। ਕੇਵਲ ਮੋਰਚਿਆਂ ਨੂੰ ਮੰਜ਼ਿਲ ਸਮਝਦੇ ਰਹੇ ਪਰ ਨਤੀਜੇ ਮਨਫ਼ੀ ਸਨ। ਪੰਜਾਬੀ ਸੂਬਾ ਬਣਨਾ ਚੰਗਾ ਕਦਮ ਤਾਂ ਸੀ ਪਰ ਇਸ ਨਾਲ ਪੰਜਾਬ ਬੁਰੀ ਤਰਾਂ ਛਾਂਗਿਆ ਗਿਆ। ਪੰਜਾਬੀ ਬੋਲਦੇ ਇਲਾਕੇ ਅਤੇ ਚੰਡੀਗੜ੍ਹ ਦੀ ਮੰਗ ਨੂੰ ਲੈ ਕੇ ਸੰਤ ਫਤਹਿ ਸਿੰਘ ਵੱਲੋਂ ਮਰਨ ਵਰਤ ਅਤੇ ਆਤਮਦਾਹ ਦੇ ਐਲਾਨ ਨਾਲ ਸਾਬਿਤ ਹੋ ਗਿਆ ਕਿ ਹੁਣ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਸੂਬੇ ਦੀ ਮੰਗ ਤਕ ਹੀ ਸਿੱਖਾਂ ਨੂੰ ਸੀਮਤ ਕਰ ਦਿੱਤਾ ਹੈ। ਅਕਾਲੀ ਦਲ ਉੱਤੇ ਸੱਤਾ ਹਥਿਆਉਣ ਦਾ ਪਰਛਾਵਾਂ ਪੈ ਗਿਆ। ਪੰਜਾਬੀ ਸੂਬੇ ਦੇ ਪੁਨਰਗਠਨ ਤੋਂ ਬਾਅਦ 1967 ਵਿਚ ਹੋਈ ਪਹਿਲੀ ਵਿਧਾਨ ਸਭਾ ਚੋਣ ਦੀਆਂ 102 ਸੀਟਾਂ ਵਿੱਚੋਂ ਮਾਸਟਰ ਤਾਰਾ ਸਿੰਘ ਦਲ ਨੂੰ 2 ਅਤੇ ਸੰਤ ਫਤਹਿ ਸਿੰਘ ਦਲ ਨੂੰ 24 ਸੀਟਾਂ ਮਿਲੀਆਂ। ਇਸ ਦੇ ਬਾਵਜੂਦ ਅਕਾਲੀ ਦਲ ਨੇ ਗ਼ੈਰ-ਕਾਂਗਰਸੀ ਦਲਾਂ ਨਾਲ ਮਿਲ ਕੇ ਸਰਕਾਰ ਬਣਾ ਲਈ। ਮਾਸਟਰ ਜੀ ਦੀ ਮੌਤ ਤੋਂ ਬਾਅਦ ਇਕੱਠੇ ਹੋ ਚੁੱਕੇ ਅਕਾਲੀ ਦਲ ਨੇ 1969 ਦੀਆਂ ਮੱਧਕਾਲੀ ਚੋਣਾਂ ਵਿਚ 103 ਵਿੱਚੋਂ 67 ਸੀਟਾਂ ਜਿੱਤੀਆਂ ਤੇ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਵਿਚ ਸਰਕਾਰ ਬਣਾਈ। ਪਰ ਅੰਦਰੂਨੀ ਧੜੇਬੰਦੀ ਨੇ ਮਾਰਚ 1970 ਵਿਚ ਹੀ ਪ੍ਰਕਾਸ਼ ਸਿੰਘ ਬਾਦਲ ਨੂੰ ਮੁੱਖ ਮੰਤਰੀ ਬਣਾ ਦਿੱਤਾ। ਹੁਣ ਸਤ ਸੰਤੋਖ ਦੀ ਥਾਂ ਸੱਤਾ ਦੀ ਕਸ਼ਮਕਸ਼ ਵਿਚ ਜਾਗੀਰਦਾਰ ਲੋਕਾਂ ਦਾ ਬੋਲਬਾਲਾ ਵਧ ਗਿਆ। ਇਕ ਤੋਂ ਵੱਧ ਅਕਾਲੀ ਦਲ ਗਠਿਤ ਹੁੰਦੇ ਰਹੇ। ਸੰਤ ਚੰਨਣ ਸਿੰਘ ਦੇ ਨਵੰਬਰ 1972 ਵਿਚ ਅਕਾਲ ਚਲਾਣਾ ਕਰਨ ਤੋਂ ਪਹਿਲਾਂ ਉਨਾਂ ਰਾਹੀਂ ਏਕਤਾ ਦੇ ਯਤਨ ਢਿੱਲੇ ਹੀ ਰਹੇ। ਗੰਧਲੀ ਰਾਜਨੀਤੀ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਜਾਨ ਵੀ ਨਿਗਲ ਲਈ। ਮੋਰਚਿਆਂ ਅਤੇ ਮਤਿਆਂ ਦੀ ਆੜ ਵਿਚ ਲੋਕਾਂ ਦੇ ਪੁੱਤ ਮਰਵਾ ਕੇ ਰਾਜ-ਭਾਗ ਦੇ ਦਾਅ ਲਾਉਣੇ ਪੰਥ ਦੇ ਲੀਡਰ ਬਣ ਗਏ।

ਏਥੋਂ ਤੱਕ ਕਿ ਅਕਾਲੀ ਦਲ ਦੇ ਉਸ ਵਿਧਾਨ ਨੂੰ ਗ੍ਰਹਿਣ ਲੱਗ ਗਿਆ ਜੋ ਕੇਵਲ ਸੱਚੇ-ਸੁੱਚੇ ਅਤੇ ਗੁਰਮਤਿ ਦੇ ਧਾਰਨੀ ਸਿੱਖਾਂ ਨੂੰ ਹੀ ਮੈਂਬਰ ਬਣਾਉਂਦਾ ਸੀ। ਸੰਨ 1989 ਵਿਚ ਪ੍ਰਕਾਸ਼ ਸਿੰਘ ਬਾਦਲ ਨੇ ਅਕਾਲੀ ਦਲ ਦੀ ਸਰਬਸੰਮਤੀ ਬਿਨਾਂ ਭਾਰਤ ਦੇ ਚੋਣ ਕਮਿਸ਼ਨਰ ਨੂੰ ਝੂਠਾ ਹਲਫ਼ਨਾਮਾ ਪੇਸ਼ ਕਰ ਦਿੱਤਾ ਕਿ ਅਕਾਲੀ ਪਾਰਟੀ ਧਰਮ ਨਿਰਪੱਖ ਜਮਹੂਰੀ ਅਤੇ ਸਮਾਜਵਾਦੀ ਕਦਰਾਂ-ਕੀਮਤਾਂ ਦੀ ਧਾਰਨੀ ਬਣ ਗਈ ਹੈ। ਜਦਕਿ ਇਹ ਪਾਰਟੀ ਲਗਾਤਾਰ ਸ਼੍ਰੋਮਣੀ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਉਮੀਦਵਾਰ ਖੜੇ ਕਰਦੀ ਹੈ।

ਸੰਨ 1996 ਦੀ ਮੋਗਾ ਰੈਲੀ ਦੌਰਾਨ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਦੇ ਰੂਪ ਵਿਚ ਪੇਸ਼ ਕਰ ਦਿੱਤਾ। ਧੋਖਾਧੜੀ ਦਾ ਸਿਖ਼ਰ ਕਿਹਾ ਜਾ ਸਕਦਾ ਕਿ ਸੰਨ 2003 ਵਿਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜਨ ਵਾਸਤੇ 1974 ਵਾਲਾ ਮੂਲ ਵਿਧਾਨ ਗੁਰਦੁਆਰਾ ਚੋਣ ਕਮਿਸ਼ਨ ਕੋਲ ਪੇਸ਼ ਕਰਦੇ ਹਨ। ਇਸੇ ਕਰਕੇ ਅੱਜ ਅਦਾਲਤੀ ਕਟਹਿਰੇ ਵਿਚ ਹਨ। ਅਕਾਲੀ ਦਲ ਉੱਪਰ ਬਾਦਲ ਦਲ ਦੇ ਕਬਜ਼ੇ ਕਾਰਨ ਸ਼੍ਰੋਮਣੀ ਸਿੱਖ ਸੰਸਥਾਵਾਂ, ਪੰਜਾਬ ਦੇ ਕੁਦਰਤੀ ਸਰੋਤਾਂ ਅਤੇ ਆਰਥਿਕ ਵਸੀਲਿਆਂ ਦਾ ਭਾਰੀ ਨੁਕਸਾਨ ਹੋ ਚੁੱਕਾ ਹੈ। ਸ਼ਹੀਦਾਂ ਦੀ ਰੱਤ ਵਿਚੋਂ ਪੈਦਾ ਹੋਇਆ ਅਕਾਲੀ ਦਲ ਡੂੰਘੇ ਸੰਕਟ ਵਿਚ ਹੈ। ਸੰਨ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਦੀ ਕਰਾਰੀ ਹਾਰ ਦੀ ਸਮੀਖਿਆ ਸਬੰਧੀ ਆਪਣੀ ਬਣਾਈ ਕਮੇਟੀ ਦੀਆਂ ਸਿਫ਼ਾਰਸ਼ਾਂ ਮੰਨਣ ਤੋਂ ਬਾਦਲ ਬਾਗੀ ਹਨ। ਵਿਸ਼ਵ ਭਰ ਦੇ ਸਿੱਖ ਚਿੰਤਕ ਮਹਾਨ ਜਥੇਬੰਦੀ ਨੂੰ ਜਿਉਂਦਾ ਦੇਖਣ ਲਈ ਚਿੰਤਨ ਕਰ ਰਹੇ ਹਨ। ਚਿੰਤਾ ਹੈ ਕਿ ਅਯੋਗ ਲੀਡਰਸ਼ਿਪ ਲਾਂਭੇ ਨਾ ਹੋਈ ਤਾਂ ਅਕਾਲੀ ਦਲ ਨੂੰ ਖ਼ੁਦਾ ਵੀ ਨਹੀਂ ਬਚਾ ਸਕੇਗਾ।'

**ਬਲਵੰਤ ਸਿੰਘ ਖੇੜਾ**
**ਮੋਬਾਈਲ : 94170-46112**

# ਰਾਹੁਲ ਗਾਂਧੀ ਨੇ ਮੋਦੀ ਸਰਕਾਰ ਵਿਰੁੱਧ ਖੋਲਿਆ ਮੋਰਚਾ

## ✪ ਅਖੇ ਭਾਜਪਾ ਨੇ ਦੇਸ਼ ਵਿਚ ਨ਼ਫਰਤ ਤੇ ਡਰ ਦਾ ਮਾਹੌਲ ਬਣਾਇਆ ✪ ਮਹਿੰਗਾਈ ਤੇ ਬੇਰੁਜ਼ਗਾਰੀ ਦੇ ਮੁੱਦੇ 'ਤੇ ਮੋਦੀ ਸਰਕਾਰ ਨੂੰ ਘੇਰਿਆ : ਮੀਡੀਆ, ਚੋਣ ਕਮਿਸ਼ਨ ਤੇ ਨਿਆਂਪਾਲਿਕਾ ਦੇ ਦਬਾਅ ਵਿਚ ਹੋਣ ਦਾ ਦਾਅਵਾ

**ਸਵਾਲ ਪੈਦਾ ਹੁੰਦਾ ਹੈ ਕਿ ਕਾਂਗਰਸ ਵੱਲੋਂ ਕੀਤੀ ਜਾਣ ਵਾਲੀ ਯਾਤਰਾ ਪਾਰਟੀ ਵਿਚ ਚੋਣ ਜਿੱਤਣ ਦੀ ਭਾਵਨਾ ਨੂੰ ਉਤਸ਼ਾਹਿਤ ਕਰੇਗੀ ਜਾਂ ਨਹੀਂ। ਸਿਆਸੀ ਪਾਰਟੀਆਂ ਦਾ ਵਜੂਦ ਚੋਣਾਂ ਵਿਚ ਹਾਰ ਅਤੇ ਜਿੱਤ ਨਾਲ ਨੇੜਿਉਂ ਜੁੜਿਆ ਹੁੰਦਾ ਹੈ। 'ਭਾਰਤ ਜੋੜੋ' ਵਰਗੇ ਪ੍ਰੋਗਰਾਮ ਹਾਂ-ਪੱਖੀ ਨਤੀਜੇ ਦੇ ਸਕਦੇ ਹਨ ਪਰ ਉਹ ਇਕੱਲੇ ਕਾਫ਼ੀ ਨਹੀਂ ਹੁੰਦੇ। ਕਾਂਗਰਸ ਸਮੇਤ ਹੋਰ ਸਿਆਸੀ ਪਾਰਟੀਆਂ ਨੂੰ ਅੰਦਰੂਨੀ ਜਮਹੂਰੀਅਤ ਦੀ ਬਹਾਲੀ ਦੇ ਨਾਲ ਨਾਲ ਆਪਣੇ ਆਗੂਆਂ ਵਿਚ ਇਕਸੁਰਤਾ ਬਣਾਉਣ ਦੀ ਕੋਸ਼ਿਸ਼ ਵੀ ਕਰਨੀ ਪਵੇਗੀ। ਗੁਲਾਮ ਨਬੀ ਆਜ਼ਾਦ ਨੇ ਜੰਮੂ ਵਿਚ ਰੈਲੀ ਕਰਕੇ ਨਵੀਂ ਪਾਰਟੀ ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਵਿਰੋਧੀ ਧਿਰਾਂ ਨੂੰ ਇਕ ਏਜੰਡੇ ਉੱਤੇ ਇਕਜੁੱਟ ਕਰਨਾ ਅਤੇ ਉਨਾਂ ਦੇ ਆਗੂਆਂ ਦੀ ਹਉਮੈ ਨੂੰ ਨਜਿੱਠਣਾ ਆਸਾਨ ਕਾਰਜ ਨਹੀਂ ਹੈ। ਇਸ ਸਮੇਂ ਸਿਆਸੀ ਮੈਦਾਨ ਵਿਚ ਭਾਜਪਾ ਦਾ ਪਲੜਾ ਭਾਰੀ ਹੈ। ਨਵਾਂ ਬਿਰਤਾਂਤ ਸਿਰਜਣ ਅਤੇ ਲੋਕਾਂ ਦੀ ਉਸ ਦੁਆਲੇ ਲਾਮਬੰਦੀ ਵਿਰੋਧੀਆਂ ਲਈ ਵੱਡੀ ਚੁਣੌਤੀ ਹੈ।**

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਭਾਰਤੀ ਜਨਤਾ ਪਾਰਟੀ ਨਾਲ ਵਿਚਾਰਧਾਰਕ, ਜਥੇਬੰਦਕ ਅਤੇ ਸੱਤਾ ਦੀ ਲੜਾਈ ਲੜਨ ਦੀ ਵੱਡੀ ਚੁਣੌਤੀ ਦਾ ਸਾਹਮਣਾ ਕਰਨ ਲਈ ਵਿਰੋਧੀ ਧਿਰਾਂ ਸਰਗਰਮ ਹੁੰਦੀਆਂ ਜਾਪਦੀਆਂ ਹਨ। ਕਾਂਗਰਸ ਨੇ 7 ਸਤੰਬਰ ਤੋਂ ਕੰਨਿਆ ਕੁਮਾਰੀ ਤੋਂ ਕਸ਼ਮੀਰ ਤੱਕ 3500 ਕਿਲੋਮੀਟਰ ਲੰਮੀ ਪੈਦਲ ਯਾਤਰਾ ਕਰਨ ਦਾ ਐਲਾਨ ਕੀਤਾ ਹੋਇਆ ਹੈ। ਦਿੱਲੀ ਵਿਚ ਕੀਤੀ ਮਹਿੰਗਾਈ ਵਿਰੋਧੀ ਰੈਲੀ ਦੌਰਾਨ ਰਾਹੁਲ ਗਾਂਧੀ ਨੇ ਭਾਜਪਾ ਅਤੇ ਰਾਸ਼ਟਰੀ ਸਵੈਮਸੇਵਕ ਸੰਘ ਉੱਤੇ ਦੇਸ਼ ਵਿਚ ਡਰ, ਮਹਿੰਗਾਈ, ਬੇਰੁਜ਼ਗਾਰੀ, ਗ਼ਰੀਬੀ ਅਤੇ ਨ਼ਫਰਤ ਫੈਲਾ ਕੇ ਦੇਸ਼ ਨੂੰ ਕਮਜ਼ੋਰ ਕਰਨ ਦਾ ਦੋਸ਼ ਲਗਾਇਆ ਹੈ : ਉਸ ਨੇ ਵਿਚਾਰਧਾਰਾ ਨਾਲ ਲੜਾਈ ਵਾਸਤੇ ਵਿਰੋਧੀ ਧਿਰਾਂ ਨੂੰ ਇਕਜੁੱਟ ਹੋਣ ਦਾ ਸੱਦਾ ਵੀ ਦਿੱਤਾ ਹੈ। ਕਾਂਗਰਸ ਆਗੂ ਰਾਹੁਲ ਗਾਂਧੀ ਨੇ ਮਹਿੰਗਾਈ ਤੇ ਬੇਰੁਜ਼ਗਾਰੀ ਦੇ ਮੁੱਦੇ 'ਤੇ ਕੇਂਦਰ ਦੀ ਭਾਜਪਾ ਸਰਕਾਰ ਨੂੰ ਘੇਰਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਡਰ ਤੇ ਨਫਰਤ ਦਾ ਪ੍ਰਚਾਰ ਪਾਸਾਰ ਕਰਕੇ ਦੇਸ਼ ਨੂੰ ਕਮਜ਼ੋਰ ਕਰ ਰਹੇ ਹਨ, ਜਿਸ ਦਾ ਫਾਇਦਾ ਦੇਸ਼ ਦੇ ਦੁਸ਼ਮਣਾਂ ਨੂੰ ਮਿਲੇਗਾ। ਰਾਹੁਲ ਨੇ ਕਿਹਾ ਕਿ ਭਾਜਪਾ ਦੇ ਸੱਤਾ ਵਿੱਚ ਆਉਣ ਮਗਰੋਂ ਮੀਡੀਆ, ਨਿਆਂਪਾਲਿਕਾ, ਚੋਣ ਕਮਿਸ਼ਨ ਉੱਤੇ ਵੱਡਾ ਦਬਾਅ ਹੈ ਤੇ ਸਰਕਾਰ ਇਨਾਂ ਨੂੰ ਕਮਜ਼ੋਰ ਕਰ ਰਹੀ ਹੈ। ਸਾਬਕਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੋ ਵੱਡੇ ਸਨਅਤਕਾਰਾਂ ਅੰਡਾਨੀ ਅੰਬਾਨੀ ਨੂੰ ਲਾਭ ਪਹੁੰਚਾਉਣ ਲਈ 24 ਘੰਟੇ ਕੰਮ ਕਰਦੇ ਹਨ। ਰਾਹੁਲ ਨੇ ਕਿਹਾ ਕਿ ਉਹ ਈਡੀ ਤੋਂ ਨਹੀਂ ਡਰਦੇ ਤੇ ਜਾਂਚ ਏਜੰਸੀ ਉਨਾਂ ਤੋਂ 55 ਘੰਟੇ ਦੀ ਥਾਂ ਭਾਵੇਂ 500 ਘੰਟੇ ਪੁੱਛ-ਪੜਤਾਲ ਕਰ ਲਵੇ। ਉਧਰ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਕਿਹਾ ਕਿ ਭਾਜਪਾ ਵਿਚਲੇ ਲੋਕ ਫਾਸ਼ੀਵਾਦੀ ਹਨ, ਜਿਨਾਂ ਚਿਹਰੇ 'ਤੇ ਜਮਹੂਰੀਅਤ ਦਾ ਮੁਖੌਟਾ ਪਾਇਆ ਹੋਇਆ ਹੈ। ਵਿਰੋਧੀ ਧਿਰ ਦੇ ਆਗੂ ਮਲਿਕਾਰਜੁਨ ਖੜਗੇ ਨੇ ਵੀ ਭਾਜਪਾ ਸਰਕਾਰ 'ਤੇ ਹਮਲੇ ਕੀਤੇ।

ਇਥੇ ਰਾਮਲੀਲਾ ਮੈਦਾਨ ਵਿੱਚ 'ਮਹਿੰਗਾਈ ਪਰ ਹੱਲਾ ਬੋਲ' ਰੈਲੀ ਰਾਹੀਂ ਮੋਦੀ ਸਰਕਾਰ ਨੂੰ ਰਗੜੇ ਲਾਉਂਦਿਆਂ ਰਾਹੁਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਦੋ ਭਾਰਤ ਸਿਰਜੇ ਗਏ ਹਨ, ਇਨਾਂ ਵਿੱਚੋਂ ਇਕ ਗਰੀਬਾਂ ਦਾ ਹੈ, ਜਿੱਥੇ ਕੋਈ ਸੁਫ਼ਨੇ ਪੂਰੇ ਨਹੀਂ ਹੋ ਸਕਦੇ, ਅਤੇ ਦੂਜਾ ਕੁਝ ਮੁੱਠੀ ਭਰ ਵੱਡੇ ਕਾਰੋਬਾਰੀਆਂ ਲਈ ਹੈ, ਜਿੱਥੇ ਹਰੇਕ ਸੁਪਨਾ ਪੂਰਾ ਕੀਤਾ ਜਾ ਸਕਦਾ ਹੈ। ਉਨਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਜਿੱਥੇ ਦੇਸ਼ ਨੂੰ ਵੰਡ ਕੇ ਵੱਡੇ ਕਾਰੋਬਾਰੀਆਂ ਨੂੰ ਫਾਇਦਾ ਪਹੁੰਚਾਉਣਾ ਚਾਹੁੰਦੇ ਹਨ, ਉਥੇ ਕਾਂਗਰਸ ਦੀ ਵਿਚਾਰਧਾਰਾ ਸਾਰਿਆਂ, ਖਾਸ ਕਰਕੇ ਗਰੀਬਾਂ ਤੇ ਦੱਬੇ ਕੁਚਲਿਆਂ ਨੂੰ, ਬਰਾਬਰ ਦੇ ਲਾਭ ਦੇਣ ਦੀ ਵਕਾਲਤ ਕਰਦੀ ਹੈ।

ਰਾਹੁਲ ਗਾਂਧੀ ਨੇ ਕਿਹਾ ਕਿ ਸਰਕਾਰ ਵਿਰੋਧੀ ਧਿਰ ਨੂੰ ਸੰਸਦ ਵਿੱਚ ਬੋਲਣ ਦੀ ਇਜਾਜ਼ਤ ਨਹੀਂ ਦਿੰਦੀ ਅਤੇ ਜਿਸ ਕਰਕੇ 'ਸਾਡੇ ਕੋਲ ਇਕੋ ਇਕ ਰਾਹ ਲੋਕਾਂ ਨਾਲ ਸਿੱਧਾ ਰਾਬਤਾ ਕਰਨ ਤੇ ਉਨਾਂ ਨੂੰ ਦੇਸ਼ ਦੀ ਅਸਲ ਸਚਾਈ ਬਾਰੇ ਦੱਸਣਾ ਹੈ।' ਇਹੀ ਵਜਾ ਹੈ ਕਿ ਕਾਂਗਰਸ ਪਾਰਟੀ ਵੱਲੋਂ ਇਸ ਹ਼ਫਤੇ 'ਭਾਰਤ ਜੋੜੋ' ਯਾਤਰਾ ਸ਼ੁਰੂ ਕੀਤੀ ਜਾ ਰਹੀ ਹੈ। ਕਾਂਗਰਸ ਆਗੂ ਨੇ ਕਿਹਾ ਕਿ ਇਸ ਯਾਤਰਾ ਸਦਕਾ ਲੋਕਾਂ ਨਾਲ ਸਿੱਧੀ ਗੱਲਬਾਤ ਕਰਨ ਤੇ ਉਨਾਂ ਦੇ ਮੁੱਦੇ ਵਿਚਾਰਨ ਵਿੱਚ ਮਦਦ ਮਿਲੇਗੀ।

ਰਾਹੁਲ ਗਾਂਧੀ ਨੇ ਕਿਹਾ ਕਿ ਕਾਂਗਰਸ ਨੇ 27 ਕਰੋੜ ਲੋਕਾਂ ਨੂੰ ਗਰੀਬੀ ਵਿਚੋਂ ਕੱਢਿਆ ਸੀ, ਪਰ ਪਿਛਲੇ ਅੱਠ ਸਾਲਾਂ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ '23 ਕਰੋੜ' ਲੋਕਾਂ ਨੂੰ ਮੁੜ ਗਰੀਬੀ ਦੀ ਦਲਦਲ' ਵਿਚ ਧੱਕ ਦਿੱਤਾ। ਉਨਾਂ ਕਿਹਾ, 'ਅਸੀਂ ਜਿਹੜੇ ਕੰਮ 10 ਸਾਲਾਂ ਵਿੱਚ ਕੀਤੇ, ਉਨਾਂ 8 ਸਾਲਾਂ ਵਿੱਚ ਉਹ ਤਬਾਹ ਕਰ ਛੱਡੇ। ਨਰਿੰਦਰ ਮੋਦੀ ਭਾਰਤ ਨੂੰ ਪਿਛਾਂਹ ਵੱਲ ਲਿਜਾ ਰਹੇ ਹਨ। ਨਰਿੰਦਰ ਮੋਦੀ ਜੀ ਨ਼ਫਰਤ ਤੇ ਡਰ ਫੈਲਾ ਰਹੇ ਹਨ। ਇਸ ਦਾ ਫਾਇਦਾ ਦੇਸ਼ ਦੇ ਦੁਸ਼ਮਣਾਂ ਨੂੰ ਮਿਲੇਗਾ, ਇਸ ਦਾ ਲਾਭ ਚੀਨ ਤੇ ਪਾਕਿਸਤਾਨ ਨੂੰ ਹੋਵੇਗਾ, ਪਰ ਭਾਰਤ ਨੂੰ ਨਹੀਂ। ਜਿੰਨੀ ਵੱਧ ਨਫਰਤ ਫੈਲਾਓਗੇ, ਓਨਾ ਦੇਸ਼ ਕਮਜ਼ੋਰ ਹੋਵੇਗਾ।'

ਰਾਹੁਲ ਨੇ ਕਿਹਾ ਕਿ ਮੋਦੀ ਸਰਕਾਰ ਰੁਜ਼ਗਾਰ ਮੁਹੱਈਆ ਕਰਵਾਉਣ ਵਿੱਚ ਨਾਕਾਮ ਰਹੀ ਹੈ।" ਰਾਹੁਲ ਨੇ ਦਾਅਵਾ ਕੀਤਾ ਕਿ 'ਸਿਰ਼ਫ ਕਾਂਗਰਸ ਦੀ ਵਿਚਾਰਧਾਰਾ ਹੀ ਦੇਸ਼ ਨੂੰ ਤਰੱਕੀ ਦੇ ਰਾਹ ਪਾ ਸਕਦੀ ਹੈ।' ਖੜਗੇ ਨੇ ਕਿਹਾ ਕਿ ਸਰਕਾਰ ਵਿਚਾਰ ਚਰਚਾ ਲਈ ਉਦੋਂ ਹੀ ਤਿਆਰ ਹੋਈ ਜਦੋਂ ਰਾਹੁਲ ਗਾਂਧੀ ਦੀ ਅਗਵਾਈ ਵਿਚ 'ਸੰਸਦ ਤੋਂ ਸੜਕ' ਤੱਕ ਲੜਾਈ ਲੜੀ ਗਈ, ਪਰ ਪੰਜ ਘੰਟੇ ਦੀ ਵਿਚਾਰ ਚਰਚਾ ਦੌਰਾਨ ਕਾਂਗਰਸ ਨੂੰ ਸਿਰ਼ਫ 28 ਮਿੰਟ ਦਿੱਤੇ ਗਏ। ਉਨਾਂ ਕਿਹਾ ਕਿ ਦਹੀਂ ਜਿਹੀਆਂ ਨਿੱਤ ਵਰਤੋਂ ਦੀਆਂ ਵਸਤਾਂ 'ਤੇ ਜੀਐੱਸਟੀ ਵਧਾ ਦਿੱਤਾ ਗਿਆ ਹੈ। ਬੇਰੁਜ਼ਗਾਰੀ ਤੇ ਮਹਿੰਗਾਈ ਲਗਾਤਾਰ ਵਧ ਰਹੀ ਹੈ ਤੇ ਦੂਜੇ ਪਾਸੇ ਡਾਲਰ ਦੇ ਮੁਕਾਬਲੇ ਰੁਪਈਆ ਲਗਾਤਾਰ ਡਿੱਗ ਰਿਹਾ ਹੈ। ਖੜਗੇ ਨੇ ਕਿਹਾ, 'ਮੈਂ ਮੋਦੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਬੇਰੁਜ਼ਗਾਰੀ ਤੇ ਮਹਿੰਗਾਈ ਵਧ ਰਹੀ ਹੈ ਤੇ ਚੀਨ ਸਾਡੇ 'ਤੇ ਹਮਲੇ ਕਰ ਰਿਹੈ, ਅਜਿਹੇ ਵਿਚ ਤੁਸੀਂ ਕੀ ਕਰ ਰਹੇ ਹੋ। ਪਰ ਉਹ ਇਨਾਂ ਮੁੱਦਿਆਂ ਵੱਲ ਨਹੀਂ ਆਉਂਦੇ।'

### ਕਾਂਗਰਸ ਨੇ ਫੁਟ ਕਾਰਨ ਗਵਾਏ ਕਈ ਮਹਾਰਥੀ ਲੀਡਰ, ਫਿਰ ਵੀ ਨਹੀਂ ਮੁੱਕਿਆ 'ਕਲੇਸ਼'

ਘਪਲਿਆਂ ਦੇ ਦੋਸ਼ਾਂ ਕਾਰਣ ਕੈਪਟਨ ਤੋਂ ਇਲਾਵਾ ਕਾਂਗਰਸ ਆਗੂ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸਾਬਕਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੀ ਸਰਕਾਰ ਦੇ ਰਾਡਾਰ 'ਤੇ

**ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਟੱਕਰ ਦੇਣ ਲਈ ਸਾਂਝਾ ਮੁਹਾਜ਼ ਬਣਾਉਣ ਦਾ ਹੈ। ਅਗਾਮੀ ਵਿਧਾਨ ਸਭਾ ਚੋਣਾਂ ਵਿਚੋਂ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਸਭ ਤੋਂ ਜ਼ਿਆਦਾ ਮਹੱਤਵਪੂਰਨ ਹਨ। ਇਨਾਂ ਦੋਵੇਂ ਰਾਜਾਂ ਵਿਚ ਭਾਜਪਾ ਅਤੇ ਕਾਂਗਰਸ ਦਰਮਿਆਨ ਮੁਕਾਬਲਾ ਹੁੰਦਾ ਰਿਹਾ ਹੈ, ਇਸ ਵਾਰ ਆਮ ਆਦਮੀ ਪਾਰਟੀ ਦੋਵੇਂ ਰਾਜਾਂ ਦੇ ਚੋਣ ਮੈਦਾਨ ਵਿਚ ਸਰਗਰਮੀ ਨਾਲ ਕੁੱਦੀ ਹੋਈ ਹੈ ਅਤੇ ਉਹ ਕਿਸੇ ਹੋਰ ਪਾਰਟੀ ਨਾਲ ਗੱਠਜੋੜ ਨਹੀਂ ਕਰੇਗੀ।**

ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਲਾਹੁਣ ਲਈ ਸ਼ੁਰੂ ਹੋਈ ਕਾਂਗਰਸ ਦੀ ਅੰਦਰੂਨੀ ਲੜਾਈ ਕਾਰਨ ਜਿੱਥੇ ਕਾਂਗਰਸ ਨੇ ਕਈ ਵੱਡੇ ਆਗੂ ਗਵਾ ਲਏ ਉੱਥੇ ਸੱਤਾ ਹੱਥੋਂ ਖੁੱਸਣ ਦੇ ਬਾਅਦ ਵੀ ਪਾਰਟੀ ਦਾ ਅੰਦਰੂਨੀ ਕਲੇਸ਼ ਖ਼ਤਮ ਨਹੀਂ ਹੋ ਸਕਿਆ। ਸੂਬੇ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਮਗਰੋਂ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਸਾਬਕਾ ਮੰਤਰੀਆਂ ਖ਼ਿਲਾ਼ਫ ਚੱਲ ਰਹੀ ਵਿਜੀਲੈਂਸ ਕਾਰਵਾਈ ਦੇ ਚੱਲਦੇ ਜਿੱਥੇ ਵਿਰੋਧੀ ਧਿਰ ਵਿਚ ਹੁੰਦੇ ਹੋਏ ਕਾਂਗਰਸ ਫ਼ਿਲਹਾਲ ਆਪਣੀ ਹੋਂਦ ਦੀ ਲੜਾਈ ਲੜ ਰਹੀ ਨਜ਼ਰ ਆ ਰਹੀ ਹੈ ਉੱਥੇ ਕਾਂਗਰਸ ਦੇ ਸੀਨੀਅਰ ਆਗੂਆਂ ਅਤੇ ਸਾਬਕਾ ਮੰਤਰੀਆਂ ਖ਼ਿਲਾ਼ਫ ਵਿਜੀਲੈਂਸ ਕਾਰਵਾਈ ਨੇ ਵਰਕਰਾਂ ਦੇ ਕਾਡਰ ਨੂੰ ਵੱਡੀ ਢਾਹ ਤਾਂ ਲਾਈ ਹੀ ਹੈ ਉੱਥੇ ਵਰਕਰਾਂ ਵਿਚ ਭੈਅ ਦਾ ਮਾਹੌਲ ਵੀ ਦੇਖਣ ਨੂੰ ਮਿਲ ਰਿਹਾ ਹੈ ।ਕੁਝ ਕਾਂਗਰਸੀ ਵਰਕਰਾਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਮੁਖ ਮੰਤਰੀ ਰਹਿੰਦਿਆਂ ਪਾਰਟੀ ਦੇ ਸੀਨੀਅਰ ਆਗੂਆਂ ਵਿਚ ਸ਼ੁਰੂ ਹੋਈ ਕੁਰਸੀ ਦੀ ਲੜਾਈ ਨੇ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਨੂੰ ਵੱਡੀ ਹਾਰ ਦਿੱਤੀ ਹੈ। ਉਨਾਂ ਕਿਹਾ ਕਿ ਇਹ ਲੜਾਈ ਅਤੇ ਖਿੱਚੋਤਾਣ ਅਜੇ ਵੀ ਕੀਤੇ ਨਾ ਕੀਤੇ ਦਿਖਾਈ ਦੇ ਰਹੀ ਹੈ ਜਿਸ ਦੇ ਚੱਲਦੇ ਆਮ ਵਰਕਰ ਨੂੰ ਕੋਈ ਰਸਤਾ ਦਿਸਣਾ ਤਾਂ ਦੂਰ ਵਰਕਰਾਂ ਵਿਚ ਬੇਵਜਾ ਕਿਸੇ ਨਾ ਕਿਸੇ ਕੇਸ ਵਿਚ ਕਾਰਵਾਈ ਨੂੰ ਲੈ ਕੇ ਡਰ ਦਾ ਮਾਹੌਲ



ਹੈ। ਜ਼ਿਕਰਯੋਗ ਹੈ ਕਿ ਕਾਂਗਰਸ ਦੀ ਅੰਦਰੂਨੀ ਲੜਾਈ ਦੇ ਚੱਲਦਿਆਂ ਜਿੱਥੇ ਪਾਰਟੀ ਨੇ ਕੈਪਟਨ ਅਮਰਿੰਦਰ ਸਿੰਘ ਵਰਗੇ ਦਿੱਗਜ ਆਗੂ ਨੂੰ ਗਵਾ ਲਿਆ, ਉੱਥੇ ਇਸੇ ਲੜਾਈ ਦੇ ਚੱਲਦਿਆਂ ਸੁਨੀਲ ਜਾਖੜ ਨੂੰ ਪੰਜਾਬ ਕਾਂਗਰਸ ਪ੍ਰਧਾਨ ਦੇ ਅਹੁਦੇ ਤੋਂ ਲਾਂਭੇ ਕਰ ਦਿੱਤਾ ਗਿਆ। ਜਾਖੜ ਜੋ ਕੈਪਟਨ ਨੂੰ ਹਟਾਉਣ ਮਗਰੋਂ ਮੁੱਖ ਮੰਤਰੀ ਬਣਦੇ-ਬਣਦੇ ਰਹਿ ਗਏ, ਵਿਧਾਨ ਸਭਾ ਚੋਣਾਂ ਮਗਰੋਂ ਮਾਯੂਸੀ ਵਿਚ ਪਾਰਟੀ ਨੂੰ ਅਲਵਿਦਾ ਕਹਿ ਕੇ ਭਾਜਪਾ ਵਿਚ ਸ਼ਾਮਿਲ ਹੋ ਗਏ । ਇਸੇ ਦੌਰ ਵਿਚ ਕੈਪਟਨ ਦੇ ਕਰੀਬੀ ਸਾਬਕਾ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ, ਰਾਜ ਕੁਮਾਰ ਵੇਰਕਾ, ਬਲਬੀਰ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਕਾਂਗੜ ਅਤੇ ਸੁੰਦਰ ਸ਼ਾਮ ਅਰੋੜਾ ਅਤੇ ਫਤਿਹਜੰਗ ਬਾਜਵਾ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਗਏ। ਕਾਂਗਰਸ ਦੀ ਅੰਦਰੂਨੀ ਲੜਾਈ ਦਾ ਦਿਲਚਸਪ ਪੱਖ ਇਹ ਵੀ ਹੈ ਕਿ ਕੈਪਟਨ ਖ਼ਿਲਾ਼ਫ ਝੰਡਾ ਬੁਲੰਦ ਕਰਨ ਵਾਲੇ ਨਵਜੋਤ ਸਿੰਘ ਸਿੱਧੂ ਨਾ ਖ਼ੁਦ ਮੁੱਖ ਮੰਤਰੀ ਬਣ ਸਕੇ ਨਾ ਹੀ ਵਿਧਾਨ ਸਭਾ ਚੋਣਾਂ ਜਿੱਤ ਸਕੇ। ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੇ ਟਕਰਾਅ ਦੌਰਾਨ ਅੰਦਰਖਾਤੇ ਉੱਭਰੀ ਆਮ ਆਦਮੀ ਪਾਰਟੀ ਨੇ ਦੇਸ਼ ਦੀ ਸਭ ਤੋਂ ਪੁਰਾਣੀ ਸਿਆਸੀ ਪਾਰਟੀ ਕਾਂਗਰਸ ਦੀ ਹੋਂਦ ਨੂੰ ਖ਼ਤਰੇ ਵਿਚ ਪਾ ਦਿੱਤਾ ਹੈ। ਇੰਨਾ ਕੁਝ ਹੋਣ ਦੇ ਬਾਵਜੂਦ ਕਾਂਗਰਸੀ ਆਗੂ ਇਕ ਵਾਰ ਫਿਰ ਆਪਸ ਵਿਚ ਉਲਝੇ ਨਜ਼ਰ ਆ ਰਹੇ ਹਨ। ਹਾਈਕਮਾਂਡ ਦਾ ਵੀ ਪੰਜਾਬ ਵੱਲ ਬਹੁਤਾ ਧਿਆਨ ਨਹੀਂ ਨਜ਼ਰ ਆ ਰਿਹਾ ਹੈ।ਅਜਿਹੇ ਵਿਚ ਪੰਜਾਬ 'ਚ ਕਾਂਗਰਸ ਲਈ ਆਪਣੀ ਹੋਂਦ ਬਚਾਉਣੀ ਵੱਡੀ ਚੁਣੌਤੀ ਬਣ ਗਈ ਹੈ ।

### ਕਈ ਹੋਰ ਕਾਂਗਰਸ ਆਗੂ ਸਰਕਾਰ ਦੇ ਰਾਡਾਰ 'ਤੇ

ਕਾਂਗਰਸ ਦੇ ਸਾਬਕਾ ਮੰਤਰੀਆਂ ਖ਼ਿਲਾ਼ਫ ਵਿਜੀਲੈਂਸ ਕਾਰਵਾਈ ਨੂੰ ਲੈ ਕੇ ਪਾਰਟੀ ਕਾਡਰ ਵਿਚ ਵੱਡੀ ਬੇਚੈਨੀ ਦੇਖਣ ਨੂੰ ਮਿਲ ਰਹੀ ਹੈ । ਉਧਰ ਸਰਕਾਰ ਇਸ ਮਾਮਲੇ ਵਿਚ ਕਿਸੇ ਵੀ ਦਬਾਅ ਵਿਚ ਆਉਂਦੀ ਨਜ਼ਰ ਨਹੀਂ ਆ ਰਹੀ । ਆਪਣੀ ਪਾਰਟੀ ਬਣਾ ਕੇ ਭਾਜਪਾ ਦਾ ਸਾਥ ਦੇਣ ਵਾਲੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਇਲਾਵਾ ਕਾਂਗਰਸ ਆਗੂ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸਾਬਕਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੀ ਸਰਕਾਰ ਦੇ ਰਾਡਾਰ 'ਤੇ ਦੱਸੇ ਜਾ ਰਹੇ ਹਨ, ਜਿਨਾਂ ਖ਼ਿਲਾ਼ਫ ਆਉਂਦੇ ਸਮੇਂ ਦੌਰਾਨ ਕਾਰਵਾਈ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email:asrtimes@gmail.com




# ਬਿਨਾਂ ਮੁੱਠੇ ਵਾਲੀ ਫੱਟੀ

**ਜਗਜੀਤ ਸਿੰਘ ਝੱਤਰਾ**

ਤਲੀਮ ਲੈਣੀ ਜੀਵਨ ਦਾ ਪਹਿਲਾ ਪਹਿਲੂ ਸ਼ੁਰੂਆਤ ਹੈ, ਜਿਸ ਨਾਲ ਮਨੁੱਖੀ ਪਟੜੀ 'ਤੇ ਚੱਲਣ 'ਤੇ ਭਰਪੂਰ ਖੁਸ਼ੀ, ਸਕੂਨ ਤੇ ਉਤਸ਼ਾਹ ਪ੍ਰਾਪਤ ਹੁੰਦਾ ਹੈ। ਮਨੁੱਖੀ ਬਚਪਨ ਵਿੱਚ ਹਰ ਵਸਤੂ ਵਿਚਾਰ, ਚੰਗੇ ਮਾੜੇ ਤੋਂ ਅਣਜਾਣ ਹੁੰਦਾ ਹੈ। ਸਮਾਜ ਵਿੱਚ ਵਿਚਰਣ ਤੋਂ ਪਹਿਲਾਂ ਮਾਪਿਆਂ ਤੋਂ ਮੁੱਢਲੀ ਤਲੀਮ ਲੈਂਦਾ ਹੈ। ਏਦਾਂ ਉਸ ਨੂੰ ਆਸੇ-ਪਾਸੇ ਦੀ ਸੋਝੀ ਰਹਿਣ ਸਹਿਣ ਦਾ ਤਰੀਕਾ, ਵਰਤ ਵਰਤਾਉ ਦਾ ਪਤਾ ਚਲ ਜਾਂਦਾ ਹੈ।

ਮਾਤਾ-ਪਿਤਾ ਦੇ ਕਹੇ ਬਚਪਨ ਗੁਜ਼ਾਰਿਆ, ਉਹਨਾਂ ਦੇ ਦੇਖ-ਰੇਖ 'ਚ ਬਤੀਤ ਕੀਤਾ ਪਲ ਸੁਨਹਿਰੀ ਬਣਾਉਂਦਾ ਹੈ। ਏਸੇ ਤਰਾਂ ਹੀ ਮੇਰੇ ਬਚਪਨ ਦੇ ਦਿਨਾਂ ਵਿੱਚ ਗੁਜ਼ਰੀ ਘਟਨਾ ਨੇ ਸ਼ਬਦਾਂ ਨਾਲ ਜੋੜ ਕੇ ਕਾਗਜ਼ ਦੀ ਹਿੱਕ ਉੱਪਰ ਵਾਹੁਣ ਲਈ ਮਜ਼ਬੂਰ ਕੀਤਾ, ਕਲਮ ਚੱਲਣ ਲੱਗੀ ਇਉਂ ਬਿਆਨੀ ਅੱਖਰਾਂ ਦਾ ਸੁਮੇਲ ਸੁਭਾਗ ਹੋਇਆ। ਮੈਂ ਜਦ ਪਹਿਲੀ ਜਮਾਤ ਵਿਚ ਦੇ ਸਕੂਲ ਜੋ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਸਰਕਾਰੀ ਪ੍ਰਾਇਮਰੀ ਸਕੂਲ ਝੱਤਰਾ 'ਚ ਮੇਰੇ ਤਾਇਆ (ਜਿਸ ਨੂੰ ਪਰਿਵਾਰ ਇਕੱਠਾ ਹੋਣ ਕਾਰਨ ਬਾਪੂ) ਕਰਨੈਲ ਸਿੰਘ ਦਾਖਲ ਕਰਾ ਆਇਆ ਤੇ ਉਸ ਸਮੇਂ ਸਕੂਲਾਂ ਦੀਆਂ ਸਰਕਾਰੀ ਇਮਾਰਤਾਂ ਬਹੁਤ ਘੱਟ ਸਨ। ਬਾਪੂ ਕਰਨੈਲ ਸਿੰਘ ਨੇ ਇਕ ਪਿੰਡ ਦੀ ਹੱਟੀ ਤੋਂ ਕਾਇਦਾ ਲੈ ਦਿੱਤਾ ਤੇ ਕਿਹਾ ਲੈ ਕਾਕਾ ਤੂੰ ਸਕੂਲ ਪੜਨਾ ਹੈ, ਸ਼ਰਾਰਤਾਂ ਨਹੀਂ ਕਰਨੀਆਂ, ਸਿੱਧਾ ਸਕੂਲ ਹੀ ਆਉਣਾ ਹੈ ਤੇ ਪੜ ਕੇ ਸਕੂਲੋਂ ਘਰ ਆਉਣਾ ਹੈ ਤੇ ਫੇਰ ਘਰ ਆ ਕੇ ਘਰ ਦੇ ਕੰਮਾਂ ਵਿੱਚ ਸਾਡੀ ਮਦਦ ਕਰਨੀ ਹੈ।

ਉਸ ਵੇਲੇ ਸਾਡੇ ਪਿੰਡ ਈਸ਼ਰ ਦਾਸ ਅਧਿਆਪਕ ਸਕੂਲ ਪੜਾਉਂਦਾ ਸੀ। ਬਹੁਤ ਮਿਹਨਤੀ ਸ਼ਖਸ ਸੀ, ਹੱਥ ਵਿਚ ਡੰਡਾ ਰੱਖਦਾ ਸੀ। ਕਿਸੇ ਕੰਮੋਂ ਕੋਈ ਕਸਰ ਬਾਕੀ ਨਹੀਂ ਸੀ ਰਹਿਣ ਦਿੰਦਾ। ਬਾਕੀ ਹਰ ਇਕ ਵਿਦਿਆਰਥੀ ਨੂੰ ਆਪਣਾ ਬੇਟਾ ਸਮਝ ਕੇ ਜੀਵਨ ਜਾਂਚ ਦੀ ਸੇਧ ਦਿੰਦਾ ਸੀ। ਗੁਰੂਆਂ-ਪੀਰਾਂ, ਬਹਾਦਰਾਂ ਦੀਆਂ ਕਹਾਣੀਆਂ ਸੁਣਾਉਂਦਾ ਸੀ, ਭਗਤ ਸਿੰਘ, ਰਾਜਗੁਰੂ, ਸੁਖਦੇਵ, ਸਰਾਭੇ ਵਰਗਿਆ ਦੇਸ਼ ਤੋਂ ਜਾਨਾਂ ਵਾਰਨ ਵਾਲੇ ਸ਼ਹੀਦਾਂ ਦੀਆਂ ਜੀਵਨੀਆਂ ਬਾਰੇ ਵਰਨਣ ਕਰਨਾ ਉਹਨਾਂ ਦਾ ਪਹਿਲੂ ਸੀ। ਸਾਨੂੰ ਹਮੇਸ਼ਾਂ ਹੀ ਸਚਿਆਈ ਦੀ ਜਿੱਤ ਮਿਹਨਤ, ਸਬਰ, ਸ਼ਹਿਣਸ਼ੀਲਤਾ, ਸੱਚਾ ਸੰਵਾਦ, ਦ੍ਰਿੜਤਾ ਜਿਹੇ ਗੁਣਾਂ ਬਾਰੇ ਸਿੱਖਿਆ ਦਿੰਦੇ ਸਨ।

ਨਫਰਤ ਨੂੰ ਪਿੱਛੇ ਛੱਡੋ, ਹਰ ਇਕ ਨਾਲ ਪਿਆਰ ਕਰੋ, ਵੱਧ ਤੋਂ ਵੱਧ ਕੋਸ਼ਿਸ਼ ਕਰੋ ਪੜੋ-ਲਿਖੋ, ਭਾਰਤ ਦੇ ਸੁਲਝੇ ਨਾਗਰਿਕ ਬਣੋ।

ਜਮਾਤ ਦੇ ਸਾਰਿਆਂ ਬੱਚਿਆਂ ਕੋਲ ਫੱਟੀਆਂ ਸਨ, ਮੇਰੇ ਇਕੱਲੇ ਕੋਲ ਲੱਕੜ ਦੀ ਫੱਟੀ ਨਹੀਂ ਸੀ। ਮੈਂ ਆਪਣੇ ਨਾਲਦਿਆਂ ਦੀ ਫੱਟੀ ਵਾਰੀ ਵਾਰੀ ਰੋਜ਼ ਲਿਖਕੇ ਅਧਿਆਪਕ ਨੂੰ ਦਿਖਾ ਦਿੰਦਾ ਸੀ। ਮੇਰੀ ਸ਼ੁਰੂਆਤ ਵਿਚ ਪੰਜਾਬੀ ਦੀ ਲਿਖਾਈ ਬਹੁਤ ਸੁੰਦਰ ਸੀ।



ਈਸ਼ਰ ਦਾਸ ਅਧਿਆਪਕ ਮੇਰੀ ਲਿਖਾਈ ਦੇਖ ਕੇ ਸਾਬਾਸ਼ ਦਿੰਦੇ ਸਨ। ਇਸ ਤਰਾਂ 7-8 ਮਹੀਨੇ ਬਿਨਾਂ ਫੱਟੀ ਤੋਂ ਦੂਸਰਿਆਂ ਦੀਆਂ ਫੱਟੀਆਂ ਲਿਖਦਾ ਰਿਹਾ। ਸਮਾਂ ਲੰਘਦਾ ਗਿਆ ਪਰ ਫੱਟੀ ਮੈਂ ਸਾਰਿਆਂ ਤੋਂ ਪਿੱਛੋਂ ਦਿਖਾਉਂਦਾ ਸੀ। ਜਲਦੀ ਨਾਲ ਪੋਚ ਕੇ ਸੋਹਣੀ ਲਿਖ ਕੇ ਦਿਖਾਂਦਾ ਸੀ। ਹੱਥ ਵਿਚ ਫੜਕੇ ਚੋਰੀ ਸੁਕਾ ਲੈਂਦਾ ਸੀ।

ਹੌਲੀ-ਹੌਲੀ ਮਾਸਟਰ ਈਸ਼ਰ ਦਾਸ ਨੂੰ ਪਤਾ ਲੱਗ ਗਿਆ ਕਿ ਇਹ ਬੱਚਾ ਸਾਰਿਆਂ ਤੋਂ ਲੇਟ ਫੱਟੀ ਦਿਖਾਉਂਦਾ ਹੈ, ਕੋਈ ਕਾਰਨ ਹੈ। ਵਧੀਆ ਲਿਖਾਈ ਕਰਕੇ ਪਹਿਲਾਂ ਅਧਿਆਪਕ ਸੋਚਦਾ ਸੀ ਕਿ ਲਿਖਾਈ ਹੋਲੀ ਸਹਿਜੇ ਲਿਖਦਾ ਤਾਂ ਹੀ ਸਾਰੇ ਬੱਚਿਆਂ ਤੋਂ ਪਿੱਛੋਂ ਦਿਖਾਉਂਦਾ ਹੈ।

ਪਰ ਪਤਾ ਲੱਗ ਗਿਆ ਕਿ ਜਗਜੀਤ ਸਿੰਘ ਕੋਲ ਤਾਂ ਫੱਟੀ ਨਹੀਂ ਇਹ ਤਾਂ ਦੂਸਰਿਆ ਦੀ ਫੱਟੀ ਪੋਚ ਕੇ ਦੁਬਾਰਾ ਲਿਖਕੇ ਦਿਖਾ ਜਾਂਦਾ ਹੈ, ਪੂਰਾ ਪਤਾ ਲੱਗਣ ਤੇ ਮੈਨੂੰ ਜਮਾਤ ਵਿਚ ਖੜਾ ਕਰ ਲਿਆ। ਮੈਨੂੰ ਪੁੱਛਿਆ ਕਾਕਾ ਫੱਟੀ ਤੇਰੀ ਕਿੱਥੇ ਹੈ, ਮੈਂ ਜਵਾਬ ਦਿੱਤਾ ਕਿ ਮੇਰੇ ਕੋਲ ਤਾਂ ਫੱਟੀ ਨਹੀਂ ਹੈ। ਅਧਿਆਪਕ ਨੇ ਕਿਹਾ ਕੱਲ ਫੱਟੀ ਲੈ ਕੇ ਆਉਣਾ ਨਹੀਂ ਡੰਡੇ ਖੜਕਣਗੇ। ਦੂਸਰੇ ਦਿਨ ਵੀ ਮੈਂ ਫੱਟੀ ਬਗੈਰ ਚਲਾ ਗਿਆ, ਫਿਰ ਪੁੱਛਿਆ ਕਿਉਂ ਨਹੀਂ ਲੈ ਕੇ ਆਇਆ, ਮੈਂ ਕਿਹਾ ਮੇਰਾ ਬਾਪੂ ਕਹਿੰਦਾ ਕੱਲ ਨੂੰ ਲੈ ਦੇਵਾਂਗਾ। ਆਪਣੇ ਕੋਲ ਪੈਸੇ ਨਹੀਂ ਹਨ। ਅਧਿਆਪਕ ਨੇ ਫੇਰ ਮੈਨੂੰ ਡਾਂਟਿਆ ਕੱਲ ਲੈ ਕੇ ਆਉਣਾ ਨਹੀਂ ਤੂੰ ਸਕੂਲ ਨਹੀਂ ਆਉਣਾ। ਘਰ ਆ ਕੇ ਬਾਪ ਨੂੰ ਕਿਹਾ ਫੱਟੀ ਲਿਆ ਕੇ ਦਿਓ, ਮੈਨੂੰ ਮਾਸਟਰ ਈਸ਼ਰ ਦਾਸ ਜੀ ਝਿੜਕ ਦਿੰਦੇ ਹਨ। ਅੱਧਾ ਸਾਲ ਬਿਨਾਂ ਫੱਟੀ ਤੋਂ ਬਿਨਾਂ ਲੰਘਾ ਦਿੱਤਾ।

ਮੇਰੇ ਬਾਪ ਨੇ ਸਾਡੇ ਪਿੰਡੋਂ ਹੀ ਪੁਰਾਣੀ ਫੱਟੀ ਕਿਸੇ ਘਰੋਂ ਬਿਨਾਂ ਮੁੱਠੇ ਤੋਂ ਲਿਆ ਦਿੱਤੀ। ਦੂਸਰੇ ਦਿਨ ਮੈਂ ਬਿਨਾਂ ਮੁੱਠੇ ਵਾਲੀ ਫੱਟੀ ਲਿਖਕੇ ਵਿਖਾਈ। ਮਾਸਟਰ ਜੀ ਖੁਸ਼ ਹੋ ਗਏ। ਮੇਰੀ ਮਜ਼ਬੂਰੀ ਨੂੰ ਸਮਝ ਗਏ ਕਿ ਜਗਜੀਤ ਸਿੰਘ ਦੇ ਬਾਪ ਦੇ ਕੋਲ ਪੈਸੇ ਨਹੀਂ ਹਨ। ਮੈਂ ਬਿਨਾਂ ਮੁੱਠੇ ਵਾਲੀ ਫੱਟੀ 'ਤੇ ਪੜ ਗਿਆ। ਵਧੀਆ ਨੰਬਰ ਲੈਂਦਾ ਰਿਹਾ, ਚੰਗੀ ਉਚੇਰੀ ਪੜਾਈ ਕਰਕੇ ਨੌਕਰੀ ਕਰਕੇ ਘਰ ਵੀ ਆ ਗਿਆ ਪਰ ਬਿਨਾਂ ਮੁੱਠੇ ਵਾਲੀ ਫੱਟੀ ਸੋਹਣੀ ਲਿਖਾਈ ਤੇ ਜੀਵਨ ਲਈ ਵਰਦਾਨ ਸਿੱਧ ਹੋਈ।

# ਫੱਟੀ, ਕਲਮ ਤੇ ਦਵਾਤ ਪੰਜਾਬੀ ਵਿਰਸੇ ਦਾ ਅਨਿੱਖੜਵਾਂ ਅੰਗ

**ਰਵਨਜੋਤ ਕੌਰ ਸਿੱਧੂ ਰਾਵੀ**

*'ਸੂਰਜਾ-ਸੂਰਜਾ ਫੱਟੀ ਸੁਕਾ,*
*ਨਹੀਂ ਸੁਕਾਉਣੀ ਗੰਗਾ ਜਾ,*
*ਗੰਗਾ ਜਾ ਕੇ ਪਿੰਨੀਆਂ ਵਟਾ,*
*ਇੱਕ ਪਿੰਨੀ ਟੁੱਟ ਗਈ ਸਾਰੀ ਫੱਟੀ ਸੁੱਕ ਗਈ।*

ਇਹ ਸਤਰਾਂ ਫੱਟੀ ਦੀ ਯਾਦ ਤਾਜ਼ਾ ਕਰ ਦਿੰਦੀਆਂ ਹੈ। ਫੱਟੀ ਦਾ ਨਾਂ ਜ਼ਿਹਨ ਵਿਚ ਆਉਂਦਿਆਂ ਹੀ ਕਈਆਂ ਨੂੰ ਆਪਣਾ ਬਚਪਨ ਤੇ ਉਸ ਬਚਪਨ ਦੀ ਖ਼ੁਸ਼ਬੂ ਯਾਦ ਤਾਜ਼ਾ ਹੋ ਗਈਆਂ ਹੋਣੀਆਂ। ਫੱਟੀ ਮਹਿਜ਼ ਲੱਕੜ ਦਾ ਟੋਟਾ ਨਹੀਂ ਸਗੋਂ ਸਿੱਖਿਆ ਦੀ ਦੁਨੀਆ ਵਿੱਚ ਰੱਖਿਆ ਪਹਿਲਾ ਕਦਮ ਹੁੰਦਾ ਸੀ। ਜਦੋਂ ਕਾਪੀ ਪੈਂਸਲਾਂ ਨਾਲ ਨਾਤਾ ਨਹੀਂ ਜੁੜਿਆ ਸੀ, ਉਦੋਂ ਫੱਟੀ ਤੇ ਕਲਮ ਨਾਲ ਲਿਖਣਾ ਕਿਸੇ ਰੋਮਾਂਚ ਤੋਂ ਘੱਟ ਨਹੀਂ ਹੁੰਦਾ ਸੀ। ਉਸਤੋਂ ਵੀ ਵੱਧ ਮਜੇਦਾਰ ਹੁੰਦਾ ਸੀ ਫੱਟੀ ਨੂੰ ਲਿਖਣ ਲਈ ਤਿਆਰ ਕਰਨ ਦਾ ਤਰੀਕਾ, ਗਾਚਨੀ ਨਾਲ ਫੱਟੀ ਪੋਚਣੀ, ਧੁੱਪ ਵਿਚ ਹਿਲਾ-ਹਿਲਾ ਕੇ ਸੁਕਾਉਣੀ, ਕਾਨਿਆਂ ਦੀ ਵਰਤੋਂ ਕਰ ਕੇ ਬਲੇਡ ਜਾਂ ਚਾਕੂ ਨਾਲ ਕਲਮ ਬਣਾਉਣੀ ਤੇ ਕਾਲੀ ਸਿਆਹੀ ਦੇ ਛੋਟੇ-ਛੋਟੇ ਪੈਕਟ ਦਵਾਤ ਵਿਚ ਪਾ ਕੇ ਪਾਣੀ ਮਿਲਾ ਕੇ ਸਿਆਹੀ ਤਿਆਰ ਕਰਨੀ ਤੇ ਕਈ ਵਾਰ ਸਿਆਹੀ ਨੂੰ ਗੂੜੀ ਬਣਾਉਣ ਲਈ ਉਸ ਵਿਚ ਛੋਟੀ ਜਿਹੀ ਗੁੜ ਦੀ ਡਲੀ ਪਾ ਦੇਣੀ। ਫੱਟੀਆਂ ਸੁੱਕ ਜਾਣ ਉਤੇ ਮਾਸਟਰ ਜੀ ਉਨਾਂ ਉੱਪਰ ਪੈਨਸਲ ਨਾਲ ਸਿੱਧੀਆਂ ਲਕੀਰਾਂ ਮਾਰ ਦਿੰਦੇ ਸਨ ਤੇ ਫਿਰ ਖ਼ਾਨਿਆਂ ਵਿਚ ਟੋਕਵੀਂ ਗਿਣਤੀ ਤੇ ਟੋਕਵੇਂ ਸ਼ਬਦ, ਸੁੰਦਰ ਲਿਖਾਈ ਜਾਂ ਸਕੂਲ ਦਾ ਕੰਮ ਕਰਵਾਉਂਦੇ ਹੁੰਦੇ ਸਨ। ਫੱਟੀ ਲਕੜ ਤੋਂ ਬਣੀ ਹੁੰਦੀ ਹੈ। ਇਸਦਾ ਆਕਾਰ ਚੌਰਸ਼ ਅਤੇ ਇਸ ਨੂੰ ਫੜਨ ਲਈ ਇਸਦੇ ਇੱਕ ਪਾਸੇ ਲੱਕੜ ਦੀ ਹੱਥੀਂ ਬਣੀ ਹੁੰਦੀ ਹੈ। ਕੁੱਝ ਵਰੇ ਪਹਿਲਾਂ ਤਕ ਪ੍ਰਾਇਮਰੀ ਸਕੂਲਾਂ ਵਿਚ ਬੱਚੇ ਖ਼ੁਸ਼ੀ-ਖ਼ੁਸ਼ੀ ਫੱਟੀਆਂ, ਕਲਮਾਂ ਤੇ ਸਿਆਹੀ ਦੀਆਂ ਦਵਾਤਾਂ



ਦੀ ਵਰਤੋਂ ਕਰਦੇ ਹੁੰਦੇ ਸਨ। ਫੱਟੀ ਨੂੰ ਸਕੂਲ ਦੇ ਨੇੜੇ ਚਲਦੇ ਖ਼ਾਲੇ ਜਾਂ ਹੋਰ ਪਾਣੀ ਦੇ ਸੋਮੇ ਕੋਲ ਜਾ ਕੇ ਸਾਰੇ ਬੱਚੇ ਜਮਾਤ ਅਨੁਸਾਰ ਫੱਟੀਆਂ ਧੋ ਲੈਂਦੇ ਸਨ। ਸਚਮੁੱਚ ਫੱਟੀ, ਕਲਮ ਤੇ ਦਵਾਤ ਨਾਲ ਲਿਖੀ ਸੁੰਦਰ ਲਿਖਾਈ ਤੇ ਬਣੀ ਬਣਤਰ ਦੀ ਰੀਸ ਨਹੀਂ ਸੀ ਹੁੰਦੀ। ਉਦੋਂ ਸਕੂਲਾਂ ਵਿਚ ਅੱਜ ਵਾਂਗ ਬੱਚਿਆਂ ਨੂੰ ਦੁਪਹਿਰ ਦਾ ਭੋਜਨ ਨਹੀਂ ਸੀ ਮਿਲਦਾ ਹੁੰਦਾ ਸਗੋਂ ਖਾਣ ਵਾਲੀ ਪੰਜੀਰੀ ਮਿਲਦੀ ਹੁੰਦੀ ਸੀ। ਛੁੱਟੀ ਹੋਣ ਵੇਲੇ ਇਸੇ ਫੱਟੀ ਉਤੇ ਦੋ-ਦੋ, ਤਿੰਨ-ਤਿੰਨ ਮੁੱਠਾਂ ਪੰਜੀਰੀ ਪਾ ਕੇ ਬੱਚੇ ਪੰਜੀਰੀ ਖਾਂਦੇ-ਖਾਂਦੇ ਖ਼ੁਸ਼ੀ-ਖ਼ੁਸ਼ੀ ਘਰਾਂ ਨੂੰ ਜਾਂਦੇ ਹੁੰਦੇ ਸਨ। ਫੱਟੀ ਨਾਲ ਸਾਡੀਆਂ ਧਾਰਮਿਕ ਭਾਵਨਾਵਾਂ ਵੀ ਜੁੜੀਆਂ ਹੋਈਆਂ ਹਨ। ਕਹਿੰਦੇ ਨੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਪੰਡਤ ਕੋਲ ਪੜਨ ਲਈ ਗਏ ਸਨ, ਤਾਂ ਉਨਾਂ ਕੋਲ ਫੱਟੀ ਸੀ ਜਿਸ ਤੇ ਉਨਾਂ ਓਮ ਦੇ ਅੱਗੇ ਇੱਕ ਲਗਾ ਕੇ ਇੱਕ ਓਂਕਾਰ ਲਿੱਖਿਆ ਸੀ।

ਅੱਜ ਸਮਾਂ ਬਦਲ ਚੁਕਾ ਹੈ, ਅੱਜ ਬੱਚਿਆਂ ਦੇ ਬਸਤੇ ਮੋਟੀਆਂ-ਮੋਟੀਆਂ ਕਿਤਾਬਾਂ, ਕਾਪੀਆਂ ਤੇ ਭਾਂਤ-ਭਾਂਤ ਦੀ ਲਿਖਣ ਸਮੱਗਰੀ ਮਿਲਦੀ ਹੈ। ਫੱਟੀ ਵਾਰੇ ਤਾਂ ਅੱਜ ਜੇ ਬੱਚਿਆਂ ਨੂੰ ਪਤਾ ਹੀ ਨਹੀ ਕੀ ਫੱਟੀ ਹੁੰਦੀ ਕੀ ਹੈ। ਫੱਟੀ, ਕਲਮ ਤੇ ਦਵਾਤ ਦੀ ਮਨੁੱਖ ਦੇ ਜੀਵਨ ਵਿਚ ਬਹੁਤ ਅਹਿਮੀਅਤ ਰਹੀ ਹੈ।ਪਰ ਜਿਨਾਂ ਪੰਜਾਬੀਆਂ ਨੇ ਇਸਦਾ ਇਸਤੇਮਾਲ ਕੀਤਾ ਹੈ ਉਨਾਂ ਦੇ ਦਿਲਾਂ ਅਤੇ ਯਾਦਾਂ 'ਚ ਅੱਜ ਵੀ ਵੱਸਦੀ ਹੈ ਫੱਟੀ। ਸਾਨੂੰ ਪੰਜਾਬੀਆਂ ਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਇਸ ਵਿਰਸੇ ਤੋਂ ਜ਼ਰੂਰ ਜਾਣੂ ਕਰਵਾਈਏ।

*ਸੂਰਜਾ ਸੂਰਜਾ ਫੱਟੀ ਸੁਕਾ,*
*ਨਹੀਂ ਸੁਕਾਉਣੀ ਬੰਬੇ ਜਾਹ,*
*ਬੰਬੇ ਜਾ ਕੇ ਰੇਲ ਚਲਾ,*
*ਰੇਲ ਗਈ ਟੁੱਟ,*
*ਫੱਟੀ ਗਈ ਸੁੱਕ।*

# ਭਾਵਨਾਤਮਕ ਬੁੱਧੀ ਦੀ ਬਚਪਨ ਤੋਂ ਸ਼ੁਰੂਆਤ



ਭਾਵਨਾਤਮਕ ਬੁੱਧੀ ਬਚਪਨ ਤੋਂ ਸਿੱਖਣ ਦੇ ਭਾਗਾਂ ਵਿੱਚੋਂ ਇੱਕ ਦਾ ਹਿੱਸਾ। ਇੱਕ ਬਹੁਤ ਹੀ ਛੋਟੀ ਉਮਰ ਤੱਕ ਇੱਕ ਚੰਗਾ ਭਾਵਨਾਤਮਕ ਪ੍ਰਦਰਸ਼ਨ ਹੋਣ ਦੇ ਅਨੁਸਾਰ, ਇਸ ਨੂੰ ਬਣਾਉਣ ਜਾਵੇਗਾ ਬਿਹਤਰ ਰਹਿਣ ਦੀਆਂ ਸਥਿਤੀਆਂ ਅਤੇ ਅਨੁਕੂਲਤਾ ਸਮਾਜ ਵਿੱਚ ਕਿਵੇਂ ਕੰਮ ਕਰਨਾ ਹੈ, ਸਮਝਣਾ ਅਤੇ ਰਹਿਣਾ ਹੈ।

ਭਾਵਨਾਵਾਂ ਸਾਡੇ ਰੋਜ਼ਾਨਾ ਜੀਵਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੀਆਂ ਹਨ। ਕੋਈ ਵੀ ਫੈਸਲਾ ਹਮੇਸ਼ਾ ਮਹੱਤਵਪੂਰਨ ਹੁੰਦਾ ਹੈ ਸਾਡੀਆਂ ਭਾਵਨਾਵਾਂ ਦੁਆਰਾ, ਭਾਵੇਂ ਸਾਨੂੰ ਇਸਦਾ ਅਹਿਸਾਸ ਨਾ ਹੋਵੇ। ਕਿਸੇ ਵੀ ਪਹੁੰਚ, ਸੰਕਲਪ ਜਾਂ ਫੈਸਲੇ ਦਾ ਹਮੇਸ਼ਾ ਸਾਡੀ ਭਾਵਨਾਤਮਕ ਬੁੱਧੀ ਦੁਆਰਾ ਘੱਟ ਜਾਂ ਵੱਧ ਡਿਗਰੀ ਦਾ ਮੁਲਾਂਕਣ ਕੀਤਾ ਜਾਵੇਗਾ। ਹਾਲਾਂਕਿ, ਇਹ ਸੰਕਲਪ ਹੋਰ ਸੰਕਲਪਾਂ ਨਾਲ ਸਬੰਧਤ ਹੈ ਅਤੇ ਇਸਦੇ ਲਈ ਅਸੀਂ ਹੇਠਾਂ ਉਨਾਂ ਦਾ ਵੇਰਵਾ ਦੇਵਾਂਗੇ।

ਭਾਵਨਾਤਮਕ ਬੁੱਧੀ ਕੀ ਹੈ ?

ਭਾਵਨਾਤਮਕ ਬੁੱਧੀ (59) ਹੈ ਭਾਵਨਾਵਾਂ ਨੂੰ ਕਾਬੂ ਕਰਨ ਲਈ ਇੱਕ ਵਿਅਕਤੀ ਦੀ ਯੋਗਤਾ, ਇਸ ਨੂੰ ਸਮਝਣ ਅਤੇ ਇਸ ਨੂੰ ਵਧੀਆ ਢੰਗ ਨਾਲ ਵਰਤਣ ਦੇ ਯੋਗ ਹੋਣਾ ਇਸਦੀ ਵੱਡੀ ਸਮਰੱਥਾ ਹੋਵੇਗੀ। ਉੱਚ ਭਾਵਨਾਤਮਕ ਬੁੱਧੀ ਹੋਣ ਨਾਲ ਬਹੁਤ ਅੱਗੇ ਵਧੇਗਾ ਮਜ਼ਬੂਤ ਫੈਸਲੇ ਕਰੋ, ਮੁਸ਼ਕਲ ਸਥਿਤੀਆਂ ਦਾ ਸਾਹਮਣਾ ਕਰਨਾ ਅਤੇ ਵਧੇਰੇ ਸਥਿਰਤਾ ਦੇ ਨਾਲ ਸਮਾਜਿਕ ਜੀਵਨ ਨਾਲ ਸਬੰਧਤ ਹੋਣਾ।

**La IE** ਆਪਣੇ ਲਈ ਇੱਕ ਬਿਹਤਰ ਸੰਸਾਰ ਬਣਾਉਣ ਵਿੱਚ ਮਦਦ ਕਰੋ, ਜ਼ਿੰਦਗੀ ਨੂੰ ਸਮਝਣ ਅਤੇ ਲੋਕਾਂ ਨਾਲ ਜੁੜਨ ਦਾ ਤਰੀਕਾ ਹੈ। ਪਰ, ਕੀ ਇਸਦਾ ਬੌਧਿਕ ਹਿੱਸੇ ਅਤੇ ਉਨਾਂ ਦੀ ਪੜਾਈ ਲਈ ਸਫਲ ਸਮਰੱਥਾ ਨਾਲ ਕੋਈ ਸਬੰਧ ਹੈ ?

ਆਈਕਿਊ ਇਹ ਹਮੇਸ਼ਾ ਉਸ ਵਿਅਕਤੀ ਦੇ ਜੀਵਨ ਵਿੱਚ ਬੌਧਿਕ ਸਫਲਤਾ ਨੂੰ ਜਾਣਨ ਲਈ ਮਾਪਿਆ ਗਿਆ ਹੈ, ਜੇ ਤੁਸੀਂ ਇੱਕ ਖੁਫੀਆ ਪ੍ਰੀਖਿਆ ਲੈਂਦੇ ਹੋ ਅਤੇ ਇੱਕ ਉੱਚ ਨਤੀਜਾ ਪ੍ਰਾਪਤ ਕਰਦੇ ਹੋ, ਤਾਂ ਤੁਸੀਂ ਹਮੇਸ਼ਾ ਹੋਣ ਨਾਲ ਜੁੜੇ ਰਹੋਗੇ ਇੱਕ ਚੰਗਾ ਅਕਾਦਮਿਕ ਪੱਧਰ ਅਤੇ ਪੇਸ਼ੇਵਰ ਸਫਲਤਾ ਪ੍ਰਾਪਤ ਕਰੋਗੇ।

**ਐਲੀਸਿਆ ਟੋਮੇਰੋ**

# ਡਾਕਟਰ ਸਰਵਪੱਲੀ ਰਾਧਾਕ੍ਰਿਸ਼ਨਨ



ਗਗਨਦੀਪ ਕੌਰ ਧਾਲੀਵਾਲ
ਝਲੂਰ (ਬਰਨਾਲਾ)

ਸਮਾਜ ਵਿੱਚ ਅਧਿਆਪਕ ਕਿੱਤਾ ਬਹੁਤ ਸਨਮਾਨ ਯੋਗ ਹੈ। ਵਿਸ਼ਵ ਪੱਧਰ 'ਤੇ ਅਧਿਆਪਕ ਵਰਗ ਨੂੰ ਵੱਡਾ ਮਾਣ-ਸਨਮਾਨ ਤੇ ਸਤਿਕਾਰ ਮਿਲਦਾ ਹੈ। ਵਿਦਿਆਰਥੀ ਨੂੰ ਜ਼ਿੰਮੇਵਾਰ ਨਾਗਰਿਕ ਬਣਾਉਣ, ਨੈਤਿਕ ਕਦਰਾਂ ਕੀਮਤਾਂ ਸਿਖਾਉਣ, ਸਹੀ ਸੇਧ ਦੇਣ, ਕਾਮਯਾਬੀ ਦਾ ਰਾਸਤਾ ਤੇ ਮੰਜਿਲ ਦਿਖਾਉਣ ਦਾ ਕੰਮ ਇੱਕ ਸੱਚਾ ਅਧਿਆਪਕ ਹੀ ਕਰਦਾ ਹੈ। ਅਜਿਹਾ ਅਧਿਆਪਕ ਆਦਰਸ਼ ਅਧਿਆਪਕ ਹੋਣ ਦਾ ਮਾਣ ਹਾਸਿਲ ਕਰਦਾ ਹੈ। ਬਿਲਕੁਲ ਇਹ ਸਾਰੇ ਹੁਣ ਡਾ. ਰਾਧਾਕ੍ਰਿਸ਼ਨਨ ਵਿੱਚ ਮੌਜੂਦ ਸਨ। ਉਨਾਂ ਨੇ ਆਪਣੀ ਡਿਊਟੀ ਦੌਰਾਨ ਸੰਜੀਦਗੀ ਤੇ ਇਮਾਨਦਾਰੀ ਨਾਲ ਵਿਦਿਆਰਥੀਆਂ ਨੂੰ ਮਿਆਰੀ ਅਤੇ ਕਦਰਾਂ ਕੀਮਤਾਂ 'ਤੇ ਆਧਾਰਿਤ ਸਿੱਖਿਆ ਪ੍ਰਦਾਨ ਕੀਤੀ। ਆਓ ਜਾਣੀਏ ਆਦਰਸ਼ ਅਧਿਆਪਕ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਜੀ ਬਾਰੇ। ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਜੀ ਦਾ ਜਨਮ 5 ਸਤੰਬਰ 1888 ਨੂੰ ਹੋਇਆ। ਦੱਖਣ ਭਾਰਤ ਦੇ ਤਿਰੁਤਾਨੀ ਵਿੱਚ ਡਾ. ਰਾਧਾਕ੍ਰਿਸ਼ਨਨ ਦਾ ਜਨਮ ਹੋਇਆ ਸੀ। ਉਨਾਂ ਦੇ ਪਿਤਾ ਦਾ ਨਾਮ ਸਰਵਪੱਲੀ ਵੀ ਰਾਮਾਸਵਾਮੀ ਅਤੇ ਮਾਤਾ ਦਾ ਨਾਮ ਸ੍ਰੀਮਤੀ ਸੀਤੱਮਾ ਸੀ।ਰਾਮਾਸਵਾਮੀ ਇੱਕ ਗਰੀਬ ਬ੍ਰਹਾਮਣ ਸਨ। ਡਾ ਰਾਧਾ ਕ੍ਰਿਸ਼ਨਨ ਆਪਣੇ ਪਿਤਾ ਦੀ ਦੂਜੀ ਸੰਤਾਨ ਸਨ।ਉਨਾਂ ਦੇ ਚਾਰ ਭਰਾ ਅਤੇ ਇੱਕ ਛੋਟੀ ਭੈਣ ਸੀ। 1903 ਵਿੱਚ 16 ਸਾਲ ਦੀ ਉਮਰ ਵਿੱਚ ਹੀ ਉਨਾਂ ਦਾ ਵਿਆਹ ਹੋ ਗਿਆ।ਉਸ ਸਮੇਂ ਉਨਾਂ ਦੀ ਪਤਨੀ ਦੀ ਉਮਰ ਸਿਰਫ 10 ਸਾਲ ਸੀ। ਉਨਾਂ ਦਾ ਵਿਆਹ ਸਿਵਾਕਾਮੂ ਰਾਧਾਕ੍ਰਿਸ਼ਨਨ ਨਾਲ ਹੋਇਆ। ਉਨਾਂ ਦੇ ਘਰ 5 ਲੜਕੀਆਂ ਤੇ 1 ਲੜਕੇ ਨੇ ਜਨਮ ਲਿਆ। ਡਾ. ਰਾਧਾਕ੍ਰਿਸ਼ਨ ਦੀ ਉਮਰ ਕੇਵਲ 20 ਸਾਲ ਦੀ ਸੀ ਜਦੋਂ ਉਨਾਂ ਦਾ ਥੀਸਿਜ਼ ਪ੍ਰਕਾਸ਼ਿਤ ਹੋਇਆ ਸੀ। ਰਾਧਾਕ੍ਰਿਸ਼ਨਨ ਜੀ 17 ਅਪ੍ਰੈਲ 1975 (ਉਮਰ 86) ਨੂੰ ਚੇਨੱਈ (ਭਾਰਤ ਵਿਖੇ) ਇਸ ਦੁਨੀਆਂ ਨੂੰ ਛੱਡ ਕੇ ਪ੍ਰਮਾਤਮਾ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ। ਉਹ ਭਾਰਤ ਦੇ ਪਹਿਲੇ ਉਪ-ਰਾਸ਼ਟਰਪਤੀ (1952-1962) ਅਤੇ ਦੂਜੇ ਰਾਸ਼ਟਰਪਤੀ ਰਹੇ। ਡਾ. ਰਾਧਾਕ੍ਰਿਸ਼ਨਨ ਨੇ ਬਤੌਰ ਅਧਿਆਪਕ ਸਫਰ 1909 ਵਿਚ ਮਦਰਾਸ ਪ੍ਰੈਜੀਡੈਂਸੀ ਕਾਲਜ ਤੋਂ ਸ਼ੁਰੂ ਕੀਤਾ। ਉਨਾਂ ਦਾ ਜਨਮ ਦਿਨ (5 ਸਤੰਬਰ) ਭਾਰਤ ਵਿੱਚ ਅਧਿਆਪਕ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਉਨਾਂ ਦੇ ਜਨਮ ਦਿਨ ਵਾਲੇ ਦਿਨ ਅਧਿਆਪਕ ਦਿਵਸ ਇਸ ਲਈ ਮਨਾਇਆ ਜਾਂਦਾ ਹੈ।ਜਦੋਂ ਉਹ ਭਾਰਤ ਦੇ ਰਾਸ਼ਟਰਪਤੀ ਬਣੇ ਤਾਂ ਉਨਾਂ ਦੇ ਕੁੱਝ ਵਿਦਿਆਰਥੀਆਂ ਅਤੇ ਦੋਸਤਾਂ ਨੇ ਉਨਾਂ ਨੂੰ 5 ਸਤੰਬਰ ਨੂੰ ਆਪਣਾ ਜਨਮਦਿਨ ਮਨਾਉਣ ਦੀ ਆਗਿਆ ਦੇਣ ਦੀ ਬੇਨਤੀ ਕੀਤੀ। ਉਨਾਂ ਨੇ ਜਵਾਬ ਦਿੱਤਾ, ਮੇਰਾ ਜਨਮ ਦਿਨ ਮਨਾਉਣ ਦੀ ਬਜਾਏ, ਇਹ ਮੇਰੇ ਲਈ ਮਾਣ ਵਾਲੀ ਗੱਲ ਹੋਵੇਗੀ ਜੇ 5 ਸਤੰਬਰ ਨੂੰ ਅਧਿਆਪਕ ਦਿਵਸ ਵਜੋਂ ਮਨਾਇਆ ਜਾਵੇ। ਉਨਾਂ ਨੇ ਆਪਣਾ ਜਨਮ ਦਿਨ ਅਧਿਆਪਕ ਦਿਵਸ ਦੇ ਰੂਪ ਵਿੱਚ ਮਨਾਣ ਦੀ ਇੱਛਾ ਵਿਅਕਤ ਕੀਤੀ ਸੀ। ਉਦੋਂ ਤੋਂ ਹੀ ਸਾਰੇ ਦੇਸ਼ ਵਿੱਚ ਡਾਕਟਰ ਰਾਧਾਕ੍ਰਿਸ਼ਨਨ ਦਾ ਜਨਮ ਦਿਨ 5 ਸਤੰਬਰ ਨੂੰ ਅਧਿਆਪਕ ਦਿਵਸ ਦੇ



ਰੂਪ ਵਿੱਚ ਮਨਾਇਆ ਜਾਂਦਾ ਹੈ। ਅਧਿਆਪਕ ਦਾ ਕੰਮ ਸਿਰਫ ਕਿਤਾਬੀ ਗਿਆਨ ਦੇਣਾ ਹੀ ਨਹੀਂ ਸਗੋਂ ਵਿਦਿਆਰਥੀਆਂ ਨੂੰ ਸਹੀ ਦਿਸ਼ਾ ਦੇਣ ਲਈ ਸਮਾਜਿਕ ਹਾਲਾਤਾਂ ਨਾਲ ਜਾਣੂ ਕਰਵਾਉਣਾ ਵੀ ਹੁੰਦਾ ਹੈ। ਅਧਿਆਪਕ ਖ਼ੁਦ ਬਲ ਕੇ ਰੌਸ਼ਨੀ ਕਰਦਾ ਹੈ। ਸਰਵਪੱਲੀ ਰਾਧਾਕ੍ਰਿਸ਼ਨਨ ਜੀ ਇੱਕ ਬਿਹਤਰੀਨ ਅਧਿਆਪਕ ਸਨ। ਸਿੱਖਿਆ ਅਤੇ ਰਾਜਨੀਤੀ ਵਿੱਚ ਉਚੇਚਾ ਯੋਗਦਾਨ ਦੇਣ ਦੇ ਲਈ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਜਿੰਦਰ ਪ੍ਰਸਾਦ ਨੇ ਮਹਾਨ ਫਿਲਾਸਫਰ ਅਤੇ ਲੇਖਕ ਡਾ.ਸਰਵਪੱਲੀ ਰਾਧਾਕ੍ਰਿਸ਼ਨਨ ਨੂੰ ਦੇਸ਼ ਦਾ ਸਰਵ ਉੱਚ ਪੁਰਸਕਾਰ ਭਾਰਤ ਰਤਨ ਪ੍ਰਦਾਨ ਕੀਤਾ।

**5 ਸਤੰਬਰ ਅਧਿਆਪਕ ਦਿਵਸ 'ਤੇ ਵਿਸ਼ੇਸ਼**

ਡਾ ਸਰਵਪੱਲੀ ਰਾਧਾਕ੍ਰਿਸ਼ਨਨ ਦੇ ਮਰਨ ਉਪਰੰਤ ਉਨਾਂ ਨੂੰ ਮਾਰਚ 1975 ਵਿੱਚ ਅਮਰੀਕੀ ਸਰਕਾਰ ਵੱਲੋਂ ਟੈਂਪਲਟਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਰਾਧਾਕ੍ਰਿਸ਼ਨ ਦੁਆਰਾ ਰਚੀਆਂ ਪੁਸ਼ਤਕਾਂ ਦੇ ਨਾਂ 'ਇੰਡੀਅਨ ਫਿਲਾਸ਼ਫੀ, ਏ ਹਿੰਦੂ ਵਿਊ ਆਫ਼ ਲਾਈਫ, ਦਿ ਫਿਲਾਸ਼ਫੀ ਆਫ਼ ਰਵਿੰਦਰ ਨਾਥ ਟੈਗੋਰ, ਐਨ ਆਈਡਿਅਲਿਸਟ ਵਿਊ ਆਫ਼ ਲਾਈਫ, ਦਿ ਕਾਨਸੈਪਟ ਆਫ਼ ਮੈਨ, ਈਸਟਰਨ ਰਿਲੀਜ਼ਨ ਐਂਡ ਵੈਸਟਰਨ ਥੌਟ ਅਤੇ ਮਾਈ ਸਰਚ ਫਾਰ ਟਰੁੱਥ ਅਦੋ ਜੋ ਕਿ ਅੱਜ ਵੀ ਭਾਰਤੀ ਦਰਸ਼ਨ- ਸਾਸ਼ਤਰ ਵਿਚ ਅਹਿਮ ਸਥਾਨ ਰੱਖਦੀਆਂ ਹਨ। ਰਾਧਾਕ੍ਰਿਸ਼ਨਨ ਨਵ ਵੇਦਾਂਤ ਦਾ ਜੋਸ਼ੀਲਾ ਹਮਾਇਤੀ ਸੀ। ਉਸ ਦੇ ਤੱਤ-ਮੀਮਾਂਸਾ ਦੀਆਂ ਜੜਾਂ ਅਦਵੈਤ ਵੇਦਾਂਤ ਵਿੱਚ ਸੀ, ਪਰ ਉਸ ਨੇ ਸਮਕਾਲੀ ਸਮਝ ਲਈ ਅਦਵੈਤ ਵੇਦਾਂਤ ਦੀ ਪੁਨਰਵਿਆਖਿਆ ਕੀਤੀ। ਉਨਾਂ ਨੇ 'ਪੱਛਮੀ ਆਲੋਚਨਾ' ਦਾ ਵਿਰੋਧ ਕੀਤਾ, ਪਰ ਨਾਲ ਹੀ ਪੱਛਮੀ ਦਾਰਸ਼ਨਿਕ ਅਤੇ ਧਾਰਮਿਕ ਵਿਚਾਰਾਂ ਨੂੰ ਭਾਰਤੀ ਚਿੰਤਨ ਵਿੱਚ ਜੋੜਿਆ। 5 ਸਤੰਬਰ ਨੂੰ ਸਾਰੇ ਹੀ ਦੇਸ਼ ਵਿੱਚ ਅਧਿਆਪਕ ਦਿਵਸ ਦੇ ਮੌਕੇ 'ਤੇ ਡਾਕਟਰ ਰਾਧਾ ਕ੍ਰਿਸ਼ਨਨ ਜੀ ਨੂੰ ਸੱਚੀ ਸ਼ਰਧਾਂਜਲੀ ਦਿੱਤੀ ਜਾਂਦੀ ਹੈ।

---

# ਮੇਰੇ ਅਧਿਆਪਕ



ਗੁਰਪ੍ਰੀਤ ਸਿੰਘ ਧਨੋਆ
ਮੋ. 9988001972

ਜ਼ਿਲਾ ਬਠਿੰਡਾ ਦੀ ਤਹਿਸੀਲ ਰਾਮਪੁਰਾ ਫੂਲ ਦੀ ਹਦੂਦ ਅੰਦਰ ਪੈਂਦੇ, ਪਿੰਡ ਕੋਠਾਗੁਰੂ ਦੇ ਮੇਨ ਬੱਸ ਸਟੈਂਡ ਉਪਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਇਮਾਰਤ ਬਣੀ ਹੋਈ ਹੈ, ਉਸਦਾ ਜਿਕਰ ਮੈ ਜਦੋਂ ਵੀ ਬਠਿੰਡਾ ਤੋਂ ਪਿੰਡ ਜਾਵਾਂ, ਮੇਰੇ ਨਾਲ ਕਿਸੇ ਵੀ ਵਹੀਕਲ ਤੇ ਬੈਠੇ ਹੋਏ ਵਿਅਕਤੀ/ਬੱਚਿਆਂ ਆਦਿ ਨਾਲ ਨਾ ਕਰਾਂ, ਸ਼ਾਇਦ ਇਹ ਕਦੇ ਵੀ ਨਹੀ ਹੋਇਆ। ਜਿੱਥੇ ਸਾਲ 1989-1993 ਤੱਕ ਅੰਗਰੇਜ਼ੀ ਦੇ ਅੱਖਰ 'ਐਲ' ਨੁਮਾ ਬਣੀ ਇਮਾਰਤ ਵਿੱਚ ਬਣੇ ਉਨਾਂ ਕਮਰਿਆਂ ਦੇ ਅੱਗੇ ਖਾਲੀ ਜਗਾ (ਪਾਰਕ) ਵਿੱਚ ਪੀਰੀਅਡ ਖਤਮ ਹੋਣ ਤੋਂ ਬਾਅਦ ਬੈਠੇ ਉਨਾਂ ਸਤਿਕਾਰਯੋਗ ਅਧਿਆਪਕ ਸਾਹਿਬਾਨਾਂ ਨੂੰ ਜਦੋਂ ਅੱਜ 29 ਸਾਲ ਬਾਅਦ ਵੀ ਜਿਹਨ ਵਿੱਚ ਯਾਦ ਕਰਦੇ ਹਾਂ ਤਾਂ ਮਨ ਨੂੰ ਬਹੁਤ ਨਿੱਘਾ ਸਕੂਨ ਮਿਲਦਾ ਹੈ ਅਤੇ ਮੈਂ ਆਪਣੇ ਆਪ ਨੂੰ ਬਹੁਤ ਭਾਗਾਂ ਵਾਲਾ ਸਮਝਦਾ ਹਾਂ ਕਿ ਮੈ ਉਨਾਂ ਸਾਰੇ ਹੀ ਵਿਲੱਖਣ ਸੂਝ-ਬੂਝ ਦੇ ਧਾਰਨੀ, ਚਾਨਣ ਦੇ ਮੁਨਾਰਿਆਂ ਪਾਸੋਂ ਜਿੰਦਗੀ ਵਿੱਚ ਅਗਾਂਹਵਧੂ, ਹੌਸਲਾਮਈ ਸੋਚ ਦੀ ਪ੍ਰੇਰਨਾ ਹਾਸਲ ਕੀਤੀ ਹੈ। ਸਭ ਤੋਂ ਪਹਿਲਾਂ ਇਨਾਂ ਚਾਨਣ ਦੇ ਮੁਨਾਰੇ, ਗਿਆਨ ਗੁਰੂ ਜੋ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਗਏ ਹਨ, ਨੂੰ ਮੇਰੇ ਵੱਲੋਂ ਦਿਲੋਂ ਸਿਜਦਾ ਕੀਤਾ ਜਾਂਦਾ ਹੈ। ਸਾਡੇ ਮਨਾਂ ਵਿੱਚ ਸਦਾ ਅਮਿੱਟ ਛਾਪ ਛੱਡਣ ਵਾਲੀਆਂ ਇਨਾਂ ਸਤਿਕਾਰਤ ਸ਼ਖਸੀਅਤਾਂ ਨੂੰ ਅੱਜ ਦੇ ਦਿਨ ਅਧਿਆਪਕ ਦਿਵਸ ਉਪਰ ਯਾਦ ਕਰਨਾ ਹਰ ਸਿਖਿਆਰਥੀ ਲਈ ਬੜੇ ਫਖਰ ਵਾਲੀ ਗੱਲ ਹੈ।

ਕਿਸ ਗਿਆਨ ਗੁਰੂ ਦੀ ਵਿਆਖਿਆ ਪਹਿਲਾਂ ਸ਼ੁਰੂ ਕਰਾਂ ਇਹ ਵੀ ਇੱਕ ਵੱਡਾ ਸਵਾਲ ਹੈ, ਕਿਉਂਕਿ ਪੰਜਾਬ ਦੇ ਬਸ਼ਿੰਦੇ ਹਾਂ ਇਸ ਲਈ ਗੱਲ ਵੀ ਪਹਿਲਾਂ ਪੰਜਾਬੀ ਦੀ ਹੀ ਕਰਨੀ ਬਣਦੀ ਹੈ, ਇਸ ਲਈ ਪਹਿਲਾਂ ਯਾਦ ਹੀ ਗਿਆਨੀ ਇੰਦਰ ਸਿੰਘ ਵਾਸੀ ਘਣੀਆਂ ਜ਼ਿਲਾ ਫਰੀਦਕੋਟ ਅਤੇ ਪੰਜਾਬੀ ਤੋਂ ਬਾਅਦ ਅੰਗਰੇਜ਼ੀ ਦੇ ਅਧਿਆਪਕ ਸ੍ਰੀ ਜਸਵੰਤ ਸਿੰਘ ਵਾਸੀ ਪਿੰਡ ਘਣੀਆਂ ਜ਼ਿਲਾ ਫਰੀਦਕੋਟ ਜੀ ਨੂੰ ਕਰਨਾ ਬਣਦਾ ਹੈ। ਗਿਆਨੀ ਇੰਦਰ ਸਿੰਘ ਜੀ ਇੱਕ ਸਾਦਗੀ ਭਰਪੂਰ ਅਤੇ ਸ਼ਾਂਤ ਸੁਭਾਅ ਦੇ ਮਾਲਕ ਸਨ ਅਤੇ ਸ੍ਰੀ ਜਸਵੰਤ ਸਿੰਘ ਥੋੜਾ ਸਖਤ ਲਹਿਜੇ ਵਾਲੇ ਸਨ। ਦੋਨਾਂ ਨੇ ਪਿੰਡ ਘਣੀਆਂ ਤੋਂ ਇਕੱਠੇ ਆਉਣਾ ਹੁੰਦਾ ਸੀ, ਇਸ ਲਈ ਕਦੇ ਚੇਤਕ ਸਕੂਟਰ ਤਾਂ ਕਦੇ ਰਾਜਦੂਤ ਦੀ ਅਵਾਜ ਸੁਣਨ ਨੂੰ ਮਿਲਦੀ ਸੀ। ਪਿੰਡ ਕੋਠਾ ਗੁਰੂ ਦੇ ਸਕੂਲ ਵਿੱਚੋਂ ਘਣੀਆਂ ਤੋਂ ਵਾਇਆ ਮਲੂਕਾ, ਕੋਠਾ ਗੁਰੂ ਆਉਣ ਵਾਲੀ ਸੜਕ ਰਾਹੀਂ ਹੀ ਇਹ ਦੋਨੋਂ ਅਧਿਆਪਕ ਸਾਹਿਬਾਨ ਕਦੇ ਅਲੱਗ-ਅਲੱਗ ਵਹੀਕਲਾਂ ਤੇ ਅਤੇ ਕਦੇ-ਕਦੇ ਦੋਨੋਂ ਇੱਕ ਹੀ ਵਹੀਕਲ ਆਉਂਦੇ ਸਨ, ਮੇਰੇ ਵਰਗੇ ਸਿਖਿਆਰਥੀ ਅਕਸਰ ਵੇਖਦੇ ਹੁੰਦੇ ਸੀ ਕਿ ਕੀ ਅੱਜ ਦੋਨੋਂ ਅਧਿਆਪਕ ਸਾਹਿਬਾਨ ਆ ਰਹੇ ਹਨ ਜਾਂ ਇੱਕ ਹੀ ਨੇ, ਕਿਉਂਕਿ ਉਸ ਸਮੇਂ ਉਮਰ ਹੀ ਅਜਿਹੀ ਹੁੰਦੀ ਸੀ, ਜੇਕਰ ਕਿਸੇ ਦਿਨ ਇੱਕ ਹੀ ਅਧਿਆਪਕ ਸਾਹਿਬ ਆਉਂਦੇ ਵਿਖ ਜਾਂਦੇ ਤਾਂ ਇੰਝ ਲਗਦਾ ਸੀ ਪਤਾ ਨਹੀ ਕਿ ਮਿਲ ਗਿਆ ਹੋਵੇ। ਠੀਕ ਹੈ ਕਿ ਅੱਜ ਗਿਆਨੀ ਇੰਦਰ ਸਿੰਘ ਜੀ ਪੰਜਾਬੀ ਅਧਿਆਪਕ ਜੀ ਦੁਆਰਾ ਦਿੱਤੀ ਗਈ ਸਿੱਖਿਆ ਦੀ ਬਦੌਲਤ ਪੰਜਾਬੀ ਲਿੱਪੀ ਦੀਆਂ ਮਾਤਰਾਵਾਂ, ਬਿੰਦੀ, ਟਿੱਪੀ ਆਦਿ ਦੀ ਜਾਣਕਾਰੀ ਹੈ ਪਰ ਇਸਦੇ ਉਲਟ ਸ੍ਰੀ ਜਸਵੰਤ ਸਿੰਘ ਵਰਗੇ ਮਿਹਨਤੀ ਅਧਿਆਪਕ ਸਾਹਿਬ ਜੀ ਦੀ ਮਿਹਨਤ ਦੇ ਬਾਵਜੂਦ ਮੈਂ ਉਨਾਂ ਦੀ ਮਿਹਨਤ ਤੇ ਪੂਰਨ ਤੌਰ 'ਤੇ ਖਰਾ ਨਹੀਂ ਉੱਤਰ ਸਕਿਆ ਹਾਂ, ਫਿਰ ਵੀ ਅੱਜ ਦੇ ਸਮੇਂ ਦੇ ਕਾਰਨ ਅਜੋਕੇ ਸਮੇਂ ਦੀ ਬਹੁਤ ਚਰਚਿਤ ਭਾਸ਼ਾ ਨੂੰ ਸਮਝਣ ਵਿੱਚ ਕੁਝ ਹੱਦ ਤੱਕ ਪਰਪੱਕ ਹੋ ਪਾਇਆ ਹਾਂ।

ਗਣਿਤ ਵਿਸ਼ੇ ਨਾਲ ਸਬੰਧਤ ਅਧਿਆਪਕ ਸ੍ਰੀ ਆਤਮਤੇਜ ਸ਼ਰਮਾ ਜੀ ਦੇ ਸੁਭਾਅ ਦੀ ਕਿੱਥੋਂ ਸ਼ੁਰੂਆਤ ਕਰਾਂ, ਇਹ ਵੀ ਇੱਕ ਮੁਸ਼ਕਲ ਪ੍ਰਸ਼ਨ ਹੈ। ਮਿਠਾਸ ਅਤੇ ਸਾਦਗੀ ਉਨਾਂ ਦੀ ਸ਼ਖਸੀਅਤ ਨੂੰ ਚਾਰ ਚੰਨ ਲਾਉਂਦੀ ਸੀ ਅਤੇ ਅੱਜ ਵੀ ਲਾਉਂਦੀ ਹੈ। ਉਨਾਂ ਦੁਆਰਾ ਕਲਾਸ ਅੰਦਰ ਪੜਾਉਣ ਸਮੇ ਵਰਤੇ ਜਾਂਦੇ ਸ਼ਬਦ ਸੱਜਣ ਅਤੇ ਬੱਚੂ ਅੱਜ ਵੀ ਜਦੋਂ ਯਾਦ ਆਉਂਦੇ ਹਨ ਤਾਂ ਧੁਰ ਅੰਦਰ ਤੱਕ ਵਿਲੱਖਣ ਤਰੰਗ ਛਿੜਦੀ ਹੈ। ਜਦੋਂ ਉਨਾਂ ਦੁਆਰਾ ਕੋਈ ਪ੍ਰਸ਼ਨ ਸਮਝਾਏ ਜਾਣ ਤੇ ਬਹੁਤੇ ਵਿਦਿਆਰਥੀਆਂ ਵੱਲੋਂ ਅਣਗੌਲਿਆਂ ਕਰਨ ਦੀ ਗੱਲ ਉਨਾਂ ਵੱਲੋਂ ਵੇਖੀ ਜਾਂਦੀ ਤਾਂ ਉਨਾਂ ਵੱਲੋਂ ਆਪਣੇ ਕੋਲ ਬੁਲਾਉਣਾ ਅਤੇ ਗੱਲਾਂ ਕਰਦੇ ਹੀ ਦੋਨੋਂ ਹੱਥ ਇਕੱਠੇ ਕਦੋਂ ਗੱਲਾਂ ਤੇ ਆ ਵਜਦੇ ਸਨ ਦਾ ਕਦੇ ਭੋਰਾ ਵੀ ਅੰਦਾਜ਼ਾ ਨਹੀਂ ਸੀ ਲੱਗਦਾ। ਸ਼ਾਇਦ ਅਸੀਂ ਉਸ ਸਜ਼ਾ ਦੇ ਉਸ ਸਮੇਂ ਹੱਕਦਾਰ ਵੀ ਹੁੰਦੇ ਸੀ ਇਸ ਲਈ ਦਿੱਤੀ ਗਈ ਸਜ਼ਾ ਦਾ ਕਦੇ ਵੀ ਅਫਸੋਸ ਨਹੀਂ ਹੈ। ਅੱਜ ਪਤਾ ਲੱਗਦਾ ਕਿ ਬਦਾਮ ਜਾਂ ਦਿਮਾਗੀ ਸ਼ਕਤੀ ਤੇਜ ਕਰਨ ਲਈ ਵਰਤੀਆਂ ਜਾਂਦੀਆਂ ਦਵਾਈਆਂ ਆਦਿ ਉਕਤ ਸਜ਼ਾ ਦੀ ਗੂੰਜ ਤੋਂ ਕਿਤੇ ਥੱਲੇ ਹਨ। ਮਾਸਟਰ ਜੀ ਅਤੇ ਮੇਰਾ ਪਿੰਡ



ਇੱਕ ਹੀ ਸੀ, ਇਸ ਲਈ ਅਕਸਰ ਗਾਹੇ-ਵਗਾਹੇ ਉਨਾਂ ਨਾਲ ਮੇਲ ਹੁੰਦਾ ਰਹਿੰਦਾ ਹੈ। ਅੱਜ ਤੱਕ ਕਦੇ ਅਜਿਹਾ ਸਮਾਂ ਨਹੀਂ ਆਇਆ ਕਿ ਮਾਸਟਰ ਜੀ ਸਾਹਮਣੇ ਹੋਣ, ਉਨਾਂ ਦਾ ਧਿਆਨ ਮੇਰੇ ਵਿੱਚ ਹੋਵੇ ਜਾਂ ਨਾ ਹੋਵੇ, ਮੇਰੇ ਕਦਮ ਉਨਾਂ ਵੱਲ ਜਾਣ ਨੂੰ ਝਿਜਕੇ ਹੋਣ। ਮੈਂ ਮਾਸਟਰ ਜੀ ਦੀ ਲੰਬੀ ਉਮਰ ਦੀ ਕਾਮਨਾ ਕਰਦਾ ਹਾਂ।

ਵਿਗਿਆਨ ਵਿਸ਼ੇ ਨਾਲ ਸਬੰਧਤ ਅਧਿਆਪਕ ਸ੍ਰੀ ਜਗਦੀਸ਼ ਰਾਏ ਜੀ ਦਾ ਵਿਗਿਆਨ ਵਿਸ਼ੇ ਨੂੰ ਪੜਾਉਣ ਦਾ ਇੱਕ ਵੱਖਰਾ ਹੀ ਤਰੀਕਾ ਸੀ। ਉਹ ਵਿਦਿਆਰਥੀਆਂ ਨੂੰ ਅਕਸਰ ਹੀ ਲੈਬ ਅੰਦਰ ਲਿਆ ਕੇ ਵਿਗਿਆਨ ਦੀ ਬਾਰੀਕੀਆਂ ਬਾਰੇ ਜਾਣੂ ਕਰਵਾਉਂਦੇ ਰਹਿੰਦੇ ਹਨ। ਅੱਜ ਕੱਲ ਉਹ ਆਪਣੇ ਬੇਟਿਆਂ ਕੋਲ ਬਠਿੰਡਾ ਵਿਖੇ ਰਹਿੰਦੇ ਹਨ ਪ੍ਰੰਤੂ ਬਾਵਜੂਦ ਮੈਂ ਖੁਦ ਬਠਿੰਡਾ ਦਾ ਵਸਨੀਕ ਹੋਣ ਦੇ ਉਨਾਂ ਨੂੰ ਕਦੇ ਜਿੰਦਗੀ ਦੇ ਰੁਝੇਵਿਆਂ ਕਾਰਨ ਮਿਲ ਨਹੀ ਸਕਿਆ, ਕੋਸ਼ਿਸ਼ ਕਰਾਂਗਾ ਕਿ ਰੁਝੇਵਿਆਂ ਨੂੰ ਥੋੜਾ ਵਿਰਾਮ ਦੇ ਕੇ ਉਨਾਂ ਨਾਲ ਮੁਲਾਕਾਤ ਕਰਕੇ ਉਨਾਂ ਦੀ ਸਿਹਤ ਆਦਿ ਬਾਰੇ ਜਾਣ ਸਕਾਂ।

ਹਿੰਦੀ ਵਿਸ਼ੇ ਨਾਲ ਸਬੰਧਤ ਮਾਸਟਰ ਮਨੋਹਰ ਲਾਲ ਜੀ ਹਿੰਦੀ ਅਧਿਆਪਕ ਜੋ ਅੱਜ ਇਸ ਦੁਨੀਆਂ ਵਿੱਚ ਨਹੀ ਰਹੇ, ਹੱਸਮੁੱਖ ਸੁਭਾਅ ਦੇ ਮਾਲਕ ਸਨ। ਮੇਰਾ ਨਿੱਜੀ ਤੌਰ 'ਤੇ ਹਿੰਦੀ ਵਿਸ਼ੇ ਨਾਲ ਉਸ ਸਮੇਂ ਕਾਫੀ ਲਗਾਵ ਸੀ, ਜਿਸ ਕਾਰਨ ਬਹੁਤ ਘੱਟ ਮੌਕੇ ਅਜਿਹੇ ਹੋਣਗੇ ਕਿ ਮੇਰੇ ਹਿੰਦੀ ਵਿਸ਼ੇ ਵਿੱਚੋਂ ਨੰਬਰ 70-80 ਦੇ ਦਰਮਿਆਨ ਨਾ ਆਏ ਹੋਣ। ਮੈਨੂੰ ਇਸ ਗੱਲ ਦਾ ਹਮੇਸ਼ਾ ਅਫਸੋਸ ਰਹੇਗਾ ਕਿ ਪਿਛਲੇ ਸਾਲ ਉਨਾਂ ਦੀ ਅੰਤਿਮ ਅਰਦਾਸ ਵਿੱਚ ਵੀ ਸ਼ਾਮਲ ਨਹੀ ਹੋ ਸਕਿਆ।

ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਨਾਲ ਸਬੰਧਤ ਅਧਿਆਪਕਾ ਸ੍ਰੀਮਤੀ ਮਲਕੀਤ ਕੌਰ ਜੀ ਜੋ ਕਿ ਕੈਂਸਰ ਵਰਗੀ ਨਾ ਮੁਰਾਦ ਬਿਮਾਰੀ ਨੂੰ ਦਲੇਰਾਨਾ ਢੰਗ ਨਾਲ ਹਰਾਉਣ ਉਪਰੰਤ, ਇੱਕ ਵਾਰ ਫਿਰ ਤੋਂ ਇਸ ਨਾ-ਮੁਰਾਦ ਬਿਮਾਰੀ ਦੇ ਕਲੇਵੇ ਵਿੱਚ ਆ ਜਾਣ ਕਾਰਨ ਕੁਝ ਹੀ ਸਮੇਂ ਅੰਦਰ ਜਨਵਰੀ 2021 ਦੌਰਾਨ ਕੈਨੇਡਾ ਦੀ ਧਰਤੀ ਤੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਚੁੱਕੇ ਹਨ। ਜਦੋਂ ਅਸੀ ਛੇਵੀਂ ਕਲਾਸ ਵਿੱਚ ਦਾਖਲ ਹੋਏ ਤਾਂ ਉਸੇ ਹੀ ਸਮੇਂ ਇਨਾਂ ਵੱਲੋਂ ਸਾਡੇ ਸਕੂਲ ਵਿਖੇ ਜੁਆਇਨ ਕੀਤਾ ਗਿਆ। ਸੁਭਾਅ ਕਾਫੀ ਸਖਤ ਸੀ, ਪੜਾਉਣ ਦਾ ਜਜ਼ਬਾ ਲਾ-ਜਵਾਬ ਸੀ ਪ੍ਰੰਤੂ ਸਮਾਜਿਕ ਸਿੱਖਿਆ ਦੇ ਵੱਡੇ ਵੱਡੇ ਪ੍ਰਸ਼ਨ ਅਕਸਰ ਦਿਮਾਗ ਦੇ ਬਾਹਰੋਂ ਹੀ ਗੁਜਰ ਜਾਂਦੇ ਸੀ ਅਤੇ ਮੈਡਮ ਦੀ ਸਜ਼ਾ ਦਾ ਡਰ ਅਕਸਰ ਬਣਿਆ ਰਹਿੰਦਾ ਸੀ। ਅੱਜ ਵੀ ਉਹ ਸਜ਼ਾ ਦਿਮਾਗ ਨੂੰ ਤਰੋਤਾਜ਼ਾ ਕਰ ਦਿੰਦੀ ਹੈ। ਪੜਾਈ ਲਿਖਾਈ ਦੇ ਨਾਲ ਨਾਲ ਸਿਹਤ ਦੀ ਗੱਲ ਕਰਨੀ ਵੀ ਜ਼ਰੂਰੀ ਹੈ ਇਸ ਲਈ ਸਰੀਰਕ ਸਿੱਖਿਆ ਦੇ ਵਿਸ਼ੇ ਨਾਲ ਸਬੰਧਤ ਅਧਿਆਪਕ ਸ੍ਰੀ ਗੁਰਮੇਲ ਸਿੰਘ ਪੀ.ਟੀ.ਆਈ ਵਾਸੀ ਜਲਾਲ ਇੱਕ ਕੜਕ ਰੋਹਬ ਵਾਲੇ ਅਧਿਆਪਕ ਸਨ, ਜਦੋਂ ਸਵੇਰ ਵੇਲੇ ਪ੍ਰਾਰਥਨਾ ਸਭਾ ਹੁੰਦੀ ਸੀ ਤਾਂ ਕਿਸੇ ਵਿਦਿਆਰਥੀ ਦੀ ਹਿੰਮਤ ਨਹੀ ਸੀ ਕਿ ਲਾਈਨ ਨੂੰ ਟੇਢੀ ਕਰ ਦੇਵੇ, ਪ੍ਰਾਰਥਨਾ ਸਮੇਂ ਅਕਸਰ ਲਾਈਨਾਂ ਵਿਚਕਾਰ ਚੱਕਰ ਲਗਾਉਂਦੇ ਰਹਿੰਦੇ ਸਨ। ਕਈ ਵਾਰ ਅਜਿਹਾ ਸਮਾਂ ਵੀ ਹੁੰਦਾ ਸੀ ਕਿ ਕੁੱਝ ਅਧਿਆਪਕ ਵੱਖ ਵੱਖ ਕਾਰਨਾਂ ਕਰਕੇ ਛੁੱਟੀ ਤੇ ਹੁੰਦੇ ਸਨ ਤਾਂ ਉਹ ਕਮਰਿਆਂ ਦੇ ਅੱਗੇ ਖਾਲੀ ਥਾਂ ਵਿੱਚ ਬਣੇ ਪਾਰਕ ਵਿੱਚ ਬੈਠ ਜਾਂਦੇ ਸਨ, ਛੇਵੀ ਕਲਾਸ ਤੋਂ ਦਸਵੀਂ ਕਲਾਸ ਦੇ ਕਿਸੇ ਵੀ ਕਮਰੇ ਵਿੱਚੋਂ ਉੱਚੀ ਅਵਾਜ਼ ਤਾਂ ਕੀ ਆਉਣੀ ਹੁੰਦੀ ਸੀ, ਲਗਦਾ ਹੁੰਦਾ ਸੀ ਕਿ ਜਿਵੇਂ ਕਿਸੇ ਕਮਰੇ ਅੰਦਰ ਕੋਈ ਵਿਦਿਆਰਥੀ ਹੀ ਨਾ ਹੋਵੇ, ਕਿਉਂਕਿ

ਬਾਕੀ ਸਫ਼ਾ 30 'ਤੇ

# ਸਿੱਖ ਕੌਮ ਦਾ ਮਹਾਨ ਯੋਧਾ, ਅਮਰ ਸ਼ਹੀਦ ਬਾਬਾ ਜੀਵਨ ਸਿੰਘ

## ਧੰਨ ਜੈਤੇ ਸਿੱਖਾ ਤੂੰ ਰੱਖੀ ਸਿੱਖੀ, ਖੰਡਿਓਂ ਤਿੱਖੀ ਵਾਲੋਂ ਨਿੱਕੀ, ਤੁਮ ਰੰਘਰੇਟੇ ਗੁਰੂ ਕੇ ਬੇਟੇ ਰਹੇ ਪੰਥ ਕੇ ਸੰਗ ਅਮੇਟੇ

**ਹਰਮਨ ਵਜੀਦਕੇ**
**ਮੋ.95692 43000**

ਪੰਜਾਬ ਦੀ ਧਰਤੀ ਮਹਾਨ ਗੁਰੂਆਂ, ਸੂਰਬੀਰਾਂ ਅਤੇ ਯੋਧਿਆਂ ਦੀ ਧਰਤੀ ਹੈ। ਇੱਥੋਂ ਦੇ ਲੋਕਾਂ ਨੂੰ ਮੱਧਕਾਲ ਤੋਂ ਹੀ ਦੇਸੀ ਵਿਦੇਸ਼ੀ ਹਾਕਮਾਂ ਵੱਲੋਂ ਕੀਤੇ ਜਾਂਦੇ ਜ਼ੁਲਮਾਂ ਦਾ ਸਾਹਮਣਾ ਕਰਨਾ ਪਿਆ ਹੈ । ਇੱਥੋਂ ਦੇ ਲੋਕਾਂ ਨੇ ਆਪਣੇ ਜਾਨ ਮਾਲ ਦੀ ਪ੍ਰਵਾਹ ਨਾ ਕਰਦੇ ਹੋਏ ਜ਼ੁਲਮਾਂ ਦਾ ਟਾਕਰਾ ਕੀਤਾ ਹੈ। ਸਿੱਖ ਇਤਿਹਾਸ ਅਨੇਕਾਂ ਸੂਰਬੀਰਾਂ, ਮਹਾਂਪੁਰਸ਼ਾਂ ਯੋਧਿਆਂ ਦੀਆਂ ਕੁਰਬਾਨੀਆਂ ਨਾਲ ਭਰਿਆ ਪਿਆ ਹੈ, ਅਜਿਹੇ ਸ਼ਹੀਦਾਂ ਵਿੱਚੋਂ ਸ਼ਹੀਦ ਬਾਬਾ ਜੀਵਨ ਸਿੰਘ ਵੀ ਇੱਕ ਹਨ। ਬਾਬਾ ਜੀਵਨ ਸਿੰਘ ਦੇ ਵੰਸ਼ਜ ਗਗੋਂ ਮਾਹਲ ਦੇ ਰਹਿਣ ਵਾਲੇ ਸਨ। ਗੱਗੋਮਾਹਲ ਵਿਖੇ ਹੀ ਭਾਈ ਸਦਾ ਨੰਦ ਦੇ ਘਰ 05 ਸਤੰਬਰ 1649 ਈਸਵੀ ਨੂੰ ਬੀਬੀ ਪ੍ਰੇਮੋ ਦੀ ਕੁੱਖੋਂ ਭਾਈ ਜੈਤਾ ਜੀ ਦਾ ਜਨਮ ਹੋਇਆ । ਸੰਮਤ 1766 ਵਿਚ ਭਾਈ ਗੁਰਬਖਸ਼ ਸਿੰਘ ਦੀ ਪ੍ਰੇਰਨਾ ਸਦਕਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਪਾਨ ਕਰ ਕੇ ਭਾਈ ਜੈਤਾ ਜੀ ਤੋਂ ਬਾਬਾ ਜੀਵਨ ਸਿੰਘ ਜੀ ਬਣ ਗਏ। ਆਪ ਜੀ ਆਨੰਦਪੁਰ ਸਾਹਿਬ ਜਾਣ ਤੋਂ ਪਹਿਲਾਂ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਜੀ , ਸ੍ਰੀ ਹਰਕ੍ਰਿਸ਼ਨ ਅਤੇ ਸ੍ਰੀ ਹਰਿ ਰਾਇ ਜੀ ਦੀ ਸੇਵਾ ਕਰਦੇ ਰਹੇ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਮਾਖੋਵਾਲ (ਆਨੰਦਪੁਰ ਸਾਹਿਬ) ਰਹਿਣ ਲੱਗ ਪਏ ਤਾਂ ਭਾਈ ਜੈਤਾ ਜੀ ਵੀ ਉਨ੍ਹਾਂ ਦੀ ਛਤਰ ਛਾਇਆ ਵਿੱਚ ਉੱਥੇ ਹੀ ਰਹਿਣ ਲੱਗ ਪਏ ਸਨ। ਸੰਮਤ 1732 ਵਿਚ ਮੁਗਲ ਸਮਰਾਟਾਂ ਦੇ ਜ਼ੁਲਮਾਂ ਤੋਂ ਤੰਗ ਆਏ ਕਸ਼ਮੀਰੀ ਪੰਡਤਾਂ ਦੀ ਰੱਖਿਆ ਲਈ ਮੁਗਲ ਸਰਦਾਰ ਦੇ ਬੁਲਾਉਣ ਤੇ ਜਦੋਂ ਨੌਂਵੇ ਪਾਤਸ਼ਾਹ ਦਿੱਲੀ ਗਏ ਤਾਂ ਉਸ ਸਮੇਂ ਭਾਈ ਜੈਤਾ ਜੀ, ਭਾਈ ਗੁਰਦਿੱਤਾ ਨਾਲ ਦਿੱਲੀ ਚਲੇ ਗਏ ਸਨ। ਭਾਈ ਗੁਰਦਿੱਤਾ ਜੀ ਨੇ ਭਾਈ ਜੈਤਾ ਜੀ ਨੂੰ ਗੁਰੂ ਤੇਗ ਬਹਾਦਰ ਜੀ ਸ਼ਹੀਦੀ ਤਕ ਉੱਥੇ ਠਹਿਰਨ ਲਈ ਕਿਹਾ । 23 ਦਸੰਬਰ ਮੱਘਰ ਸੁਦੀ 04 ਸੰਮਤ 1732 ਵਿੱਚ ਦਿੱਲੀ ਦੇ ਚਾਂਦਨੀ ਚੌਕ ਵਿੱਚ ਸ੍ਰੀ ਤੇਗ ਬਹਾਦਰ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਇਸ ਤੋਂ ਬਾਅਦ ਦਿੱਲੀ ਵਿਖੇ ਰਹਿੰਦੇ ਭਾਈ ਜੈਤਾ ਜੀ ਨੇ ਆਪਣੇ ਪਿਤਾ ਸਦਾਨੰਦ ਅਤੇ ਤਾਇਆ ਆਗਿਆ ਰਾਮ ਨਾਲ ਸਲਾਹ ਮਸ਼ਵਰਾ ਕਰਕੇ ਦਿੱਲੀ ਚਾਂਦਨੀ ਚੌਕ ਦੇ ਕੋਤਵਾਲ ਖਵਾਜਾ ਅਬਦੁੱਲਾ ਨਾਲ ਗੁਪਤ ਵਿਉਂਤਬੰਦੀ ਕਰਕੇ ਸੀਸ ਬਦਲੇ ਸੀਸ ਰੱਖਣ ਦਾ ਮਤਾ ਪਾਸ ਕਰ ਦਿੱਤਾ । ਸੋ ਇਸ ਤਰਾਂ ਭਾਈ ਜੈਤਾ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੀਸ ਦੀ ਥਾਂ 'ਤੇ ਆਪਣੇ ਪਿਤਾ ਭਾਈ ਸਦਾ ਨੰਦ ਜੀ ਦੀ ਇੱਛਾ ਅਨੁਸਾਰ ਉਨ੍ਹਾਂ ਦਾ ਸੀਸ ਆਪਣੇ ਹੱਥੀਂ ਕੱਟ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੀਸ ਨਾਲ ਬਦਲ ਕੇ ਚੁੱਕ ਲਿਆ ਅਤੇ ਬੜੀ ਬਹਾਦਰੀ, ਸੂਰਮਗਤੀ ਦਿਖਾਉਂਦੇ ਹੋਏ 322 ਮੀਲ ਦਾ ਜੰਗਲੀ ਪੈਂਡਾ ਤੈਅ ਕਰਦਿਆਂ, ਦੁਸ਼ਮਣਾਂ ਤੋਂ ਅੱਖ ਬਚਾਉਂਦਿਆਂ ਆਪਣੀ ਯੋਗਤਾ ਤੇ ਬਹਾਦਰੀ ਨਾਲ ਉਹ 15 ਨਵੰਬਰ ਨੂੰ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਆਨੰਦਪੁਰ ਸਾਹਿਬ ਬਾਲ ਗੋਬਿੰਦ ਰਾਏ ਜੀ ਕੋਲ ਪਹੁੰਚੇ। ਉਨ੍ਹਾਂ ਦੀ ਇਸ ਲਾਸਾਨੀ ਕੁਰਬਾਨੀ ਨੂੰ ਦੇਖਦੇ ਹੋਏ ਦਸਵੇਂ ਗੁਰੂ ਜੀ ਨੇ ਭਾਈ ਜੈਤਾ ਜੀ ਨੂੰ ਗਲਵੱਕੜੀ ਵਿੱਚ ਲੈ ਕੇ 'ਰੰਘਰੇਟਾ ਗੁਰੂ ਕਾ ਬੇਟਾ' ਮਾਣ ਦਿੱਤਾ ਅਤੇ ਉਨ੍ਹਾਂ ਨੂੰ ਫ਼ੌਜ ਦਾ ਜਰਨੈਲ ਬਣਾ ਕੇ ਅਨੰਦਗੜ੍ਹ ਕਿਲੇ ਵਿਖੇ ਆਪਣੇ ਬਿਲਕੁਲ ਨਾਲ ਉਨ੍ਹਾਂ ਦੀ ਰਿਹਾਇਸ਼ ਰੱਖੀ। ਭਾਈ ਜੀਵਨ ਸਿੰਘ ਯੁੱਧ ਨੀਤੀ ਵਿਚ ਮਾਹਰ ਯੋਧੇ ਸਨ ਅਤੇ ਉਨ੍ਹਾਂ ਵੱਲੋਂ ਰਚਿਤ ਇਕ ਗ੍ਰੰਥ 'ਸ੍ਰੀ ਗੁਰੂ ਕਥਾ' ਵਿੱਚ ਉਨ੍ਹਾਂ ਵੱਲੋਂ ਦਸਵੇਂ ਗੁਰੂ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਛਤਰ ਛਾਇਆ ਹੇਠ ਬਿਤਾਏ ਸਮੇਂ ਦਾ ਜ਼ਿਕਰ ਵੀ ਕੀਤਾ ਗਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਦੀ ਲਾਸਾਨੀ ਕੁਰਬਾਨੀ ਦਾ ਮਾਣ ਕਰਦੇ ਹੋਏ ਉਨ੍ਹਾਂ ਨੂੰ ਕਿਹਾ ਸੀ ਕਿ 'ਤੁਸੀਂ ਆਪਣੇ ਇਸ਼ਟ ਦੇ ਪੱਕੇ, ਮਜ਼ਬ ਦੇ ਪੱਕੇ ਹੋ ਅਤੇ ਮਜ਼ਬੀ ਸਿੰਘ ਰੰਘਰੇਟੇ ਹੋ ਅਤੇ ਇਸ ਤਰਾਂ ਉਨ੍ਹਾਂ ਨੂੰ ਗੁਰੂ ਕੇ ਬੇਟੇ ਦਾ ਮਾਣ ਬਖਸ਼ਿਆ ਗਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਗੱਦੀ ਤੇ ਬੈਠੇ ਅਤੇ ਉਨ੍ਹਾਂ ਨੇ ਸੰਮਤ 1741 ਵਿੱਚ ਰਣਜੀਤ ਨਗਾਰਾ ਬਣਾਇਆ ਅਤੇ ਭਾਈ ਜੈਤਾ ਜੀ ਨੇ ਸੰਮਤ 1742 ਤੋਂ 1762 ਤੱਕ ਬਤੌਰ ਨਗਾਰਚੀ ਇਹ ਸੇਵਾ ਵੀ ਨਿਭਾਈ ਸੀ। ਭਾਈ ਜੈਤਾ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਸ਼ਸਤਰ ਵਿੱਦਿਆ ਵੀ ਸਿਖਾਈ ਸੀ । ਭਾਈ ਜੀਵਨ ਸਿੰਘ ਜੀ ਦਾ ਵਿਆਹ, ਭਾਈ ਸੁਜਾਨ ਸਿੰਘ ਰਿਆੜਕੀ ਪਰਗਾਨਾ ਪੱਟੀ ਦੀ ਪੁੱਤਰੀ ਮਾਤਾ ਰਾਜ ਕੌਰ ਨਾਲ ਹੋਇਆ। ਭਾਈ ਜੀਵਨ ਸਿੰਘ ਦੇ ਘਰ ਮਾਤਾ ਰਾਜ ਕੌਰ ਦੀ ਕੁੱਖੋਂ ਚਾਰ ਪੁੱਤਰ ਗੁਰਦਿਆਲ ਸਿੰਘ, ਗੁਲਜਾਰ ਸਿੰਘ, ਸੁੱਖਾ ਸਿੰਘ ਅਤੇ ਸੇਵਾ ਸਿੰਘ ਪੈਦਾ ਹੋਏ । ਮਾਤਾ ਰਾਜ ਕੌਰ ਸੰਮਤ 1745 ਤੋਂ 1760 ਤੱਕ ਆਪਣੇ ਪਤੀ ਨਾਲ ਅਨੰਦਪੁਰ ਰਹੇ। ਅਨੰਦਪੁਰ ਦਾ ਯੁੱਧ ਛਿੜਨ ਤੋਂ ਪਹਿਲਾਂ ਬਾਬਾ ਜੀ ਨੇ ਮਾਤਾ ਰਾਜ ਕੌਰ ਨੂੰ ਬੱਚਿਆਂ ਸਮੇਤ ਪਿੰਡ ਝੰਡੇ ਰਾਮਦਾਸਪੁਰ ਭੇਜ ਦਿੱਤਾ । ਭਾਈ ਜੀਵਨ ਸਿੰਘ ਜੀ ਨੇ ਗੁਰੂ ਸਾਹਿਬ ਦੇ ਨਾਲ ਰਹਿ ਕੇ ਕਈ ਜੰਗਾਂ ਲੜੀਆਂ। ਉਨ੍ਹਾਂ ਦੀ ਬਹਾਦਰੀ, ਯੋਗਤਾ ਅਤੇ ਕਾਰਜ ਕੁਸ਼ਲਤਾ ਨੂੰ ਵੇਖਦੇ ਹੋਏ ਸੂਬਾ ਸਰਹੰਦ ਅਤੇ ਪਹਾੜੀ ਰਾਜਿਆਂ ਵੱਲੋਂ ਆਨੰਦਪੁਰ ਸਾਹਿਬ ਤੇ ਹਮਲਾ ਕਰਨ ਸਮੇਂ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਆਨੰਦਪੁਰ ਛੱਡ ਕੇ ਸਰਸਾ ਨਦੀ ਵੱਲ ਵਧੇ ਤਾਂ ਸਰਸਾ ਲੰਘ ਕੇ ਗੁਰੂ ਜੀ ਚਮਕੌਰ ਸਾਹਿਬ ਪੁੱਜੇ ਅਤੇ ਚਮਕੌਰ ਦੀ ਗੜ੍ਹੀ ਵਿਚ ਸ਼ਰਨ ਲਈ ।ਇੱਥੇ ਵਰਨਣਯੋਗ ਹੈ ਕਿ ਮੁਗਲ ਫ਼ੌਜਾਂ ਵੱਲੋਂ ਅਨੰਦਗੜ੍ਹ ਕਿਲੇ ਨੂੰ ਜਦੋਂ ਤਕਰੀਬਨ ਨੌਂ ਮਹੀਨੇ ਘੇਰਾ ਪਾਈ ਰੱਖਿਆ ਤਾਂ ਭੁੱਖ ਨਾ ਸਹਾਰਦੇ ਹੋਏ ਚਾਲੀ ਸਿੱਖ ਮਹਾਂ ਸਿੰਘ ਦੀ ਅਗਵਾਈ ਹੇਠ ਜਦੋਂ ਗੁਰੂ ਸਾਹਿਬ ਨੂੰ ਬੇਦਾਵਾ ਲਿਖ ਕੇ ਛੱਡ ਗਏ ਸਨ ਤਾਂ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਆਪਣੇ ਪੂਰੇ ਪਰਿਵਾਰ ਸਮੇਤ ਉੱਥੇ ਗੁਰੂ ਜੀ ਨਾਲ ਸਿੱਖੀ ਸਿਦਕ ਨਿਭਾਉਂਦੇ ਹੋਏ ਹਾਜ਼ਰ ਰਹੇ। ਬਾਬਾ ਜੀ ਦੀ ਯੁੱਧ ਰਣਨੀਤੀ ਵਿੱਚ ਕਾਰਜ ਕੁਸ਼ਲਤਾ ਨੂੰ ਵੇਖਦੇ ਹੋਏ 22 ਦਸੰਬਰ ਦੀ ਰਾਤ ਨੂੰ ਗੁਰੂ ਜੀ ਆਪਣੀ ਕਲਗੀ ਤੇ ਪੁਸ਼ਾਕਾ ਬਾਬਾ ਜੀਵਨ ਸਿੰਘ ਜੀ ਨੂੰ ਸੌਂਪ ਕੇ ਗੜ੍ਹੀ ਛੱਡ ਕੇ ਚਲੇ ਗਏ। ਚਮਕੌਰ ਦੀ ਗੜ੍ਹੀ ਵਿੱਚ ਬਾਬਾ ਜੀਵਨ ਸਿੰਘ ਜੀ ਰਾਤ ਨੂੰ ਦੋਵੇਂ ਬੰਦੂਕਾਂ ਦੁਸ਼ਮਣਾਂ ਵੱਲ ਚਲਾਉਂਦੇ ਰਹੇ ਤਾਂ ਕਿ ਦੁਸ਼ਮਣ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਚਮਕੌਰ ਦੀ ਗੜ੍ਹੀ ਦੇ ਅੰਦਰ ਹੋਣ ਦਾ ਭੁਲੇਖਾ ਦਿੱਤਾ ਜਾ ਸਕੇ । ਅੰਤ 23 ਦਸੰਬਰ 1704 ਈਸਵੀ ਨੂੰ ਬਾਬਾ ਜੀਵਨ ਸਿੰਘ ਜੀ ਆਪਣੇ ਦੋ ਪੁੱਤਰਾਂ ਭਾਈ ਸੁੱਖਾ ਸਿੰਘ ਅਤੇ ਭਾਈ ਸੇਵਾ ਸਿੰਘ ਸਹਿਤ ਦੁਸ਼ਮਣ ਦਾ ਟਾਕਰਾ ਕਰਦੇ ਹੋਏ ਸ਼ਹੀਦ ਹੋ ਗਏ। ਸਿੱਖ ਇਤਿਹਾਸ ਵਿੱਚ ਬਾਬਾ ਜੀਵਨ ਸਿੰਘ ਜੀ ਦੀ ਕੁਰਬਾਨੀ ਅਮੁੱਲ ਹੈ, ਉਨ੍ਹਾਂ ਵੱਲੋਂ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਤੋਂ ਸੇਧ ਲੈਂਦਿਆਂ ਸਿੱਖ ਪੰਥ ਲਈ ਪਰਿਵਾਰ ਵਾਰਨ ਦੀ ਤਰਾਂ ਹੀ ਆਪਣੇ ਪੁੱਤਰਾਂ ਅਤੇ ਆਪਣੇ ਪਿਤਾ ਜੀ ਨੂੰ ਸਿੱਖ ਕੌਮ ਲਈ ਕੁਰਬਾਨ ਕੀਤਾ ਉੱਥੇ ਹੀ ਸਾਰੀ ਉਮਰ ਸਿੱਖੀ ਸਿਦਕ ਤੇ ਅਡੋਲ ਰਹਿੰਦਿਆਂ ਸ੍ਰੀ ਗੁਰੂ ਤੇਗ ਬਹਾਦਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਛਤਰ ਛਾਇਆ ਹੇਠ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਕੰਮ ਕੀਤਾ। ਉਨ੍ਹਾਂ ਦੀ ਅਨੋਖੀ ਸ਼ਖ਼ਸੀਅਤ, ਸਮਾਜਿਕ ਧਾਰਮਿਕ ਅਤੇ ਰਾਜਸੀ ਇਨਕਲਾਬ ਦੀ ਮੁੱਦਈ ਸੀ। ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਪੈਰੋਕਾਰਾਂ ਦਾ ਵੀ ਭਾਰਤੀ ਇਤਿਹਾਸ ਤੇ ਰਾਜਨੀਤਕ ਜੀਵਨ ਵਿੱਚ ਵਿਸ਼ੇਸ਼ ਸਥਾਨ ਹੈ। ਇਨ੍ਹਾਂ ਰੰਘਰੇਟਿਆਂ ਨੂੰ ਸਮਾਜ ਵਿੱਚ ਬਣਦਾ ਸਥਾਨ ਦੇਣਾ ਚਾਹੀਦਾ ਹੈ । ਅਫ਼ਸੋਸ ਦੀ ਗੱਲ ਹੈ ਕਿ ਸਿੱਖ ਧਰਮ ਦੇ ਕੁਝ ਅਖੌਤੀ ਚੌਧਰੀਆਂ ਵੱਲੋਂ ਅਜੋਕੇ ਸਮੇਂ ਵਿੱਚ ਸ਼ਹੀਦ ਬਾਬਾ ਜੀਵਨ ਸਿੰਘ ਦੀ ਕੌਮ ਮਜ਼ਬੀ ਸਿੱਖਾਂ ਨੂੰ ਬਣਦਾ ਮਾਣ ਸਤਿਕਾਰ ਨਾ ਦਿੱਤੇ ਜਾਣ ਕਾਰਨ ਇਸ ਕੌਮ ਦੇ ਕੁਝ ਅਣਭੋਲ ਲੋਕਾਂ ਨੂੰ ਕੁਝ ਦੂਸਰੇ ਧਰਮਾਂ ਦੇ ਲੋਕਾਂ ਵੱਲੋਂ ਬਹਿਲਾ ਫੁਸਲਾ ਕੇ ਇਨ੍ਹਾਂ ਯੋਧਿਆਂ ਦੀ ਕੌਮ ਦਾ ਧਰਮ ਪਰਿਵਰਤਨ ਕਰਵਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਸਿੱਖ ਕੌਮ ਅਤੇ ਸਮੁੱਚੀ ਇਨਸਾਨੀਅਤ ਲਈ ਸ਼ਹੀਦ ਬਾਬਾ ਜੀਵਨ ਸਿੰਘ ਦੇ ਯੋਗਦਾਨ ਨੂੰ ਵੇਖਦੇ ਹੋਏ ਜਿੱਥੇ ਮਜ਼ਬੀ ਸਿੱਖ/ ਬਾਲਮੀਕ ਭਾਈਚਾਰੇ ਦੀ ਭਲਾਈ ਲਈ ਵੱਡੇ ਪੱਧਰ ਤੇ ਯਤਨ ਕਰਨੇ ਚਾਹੀਦੇ ਹਨ ਉੱਥੇ ਹੀ ਮਾਲਵੇ ਦੇ ਮੋਗਾ-ਫ਼ਰੀਦਕੋਟ ਇਲਾਕੇ ਵਿੱਚ ਸ਼ਹੀਦ ਬਾਬਾ ਜੀਵਨ ਸਿੰਘ ਦੇ ਨਾਮ ਤੇ ਇਕ ਵਿਸ਼ਵ ਪੱਧਰੀ ਯੂਨੀਵਰਸਿਟੀ ਵੀ ਬਣਾਈ ਜਾਵੇ । ਇਸ ਤੋਂ ਇਲਾਵਾ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਆਪਣੇ ਅਰਬਾਂ ਰੁਪਏ ਦੇ ਬਜਟ ਵਿੱਚੋਂ ਜਿੱਥੇ ਬਾਬਾ ਜੀ ਜੀਵਨ ਸਿੰਘ ਦੀ ਕੌਮ ਮਜ਼ਬੀ ਸਿੱਖ/ਬਾਲਮੀਕ ਭਾਈਚਾਰੇ ਲਈ ਵਿਸ਼ੇਸ਼ ਤੌਰ 'ਤੇ ਧਾਰਮਿਕ ਅਤੇ ਦੁਨਿਆਵੀ ਸਿੱਖਿਆ ਦਾ ਪ੍ਰਬੰਧ ਕਰਨਾ ਚਾਹੀਦਾ ਹੈ, ਉੱਥੇ ਮਾਝਾ ਇਲਾਕੇ ਵਿਚ ਸ਼ਹੀਦ ਬਾਬਾ ਜੀਵਨ ਸਿੰਘ ਦੇ ਨਾਮ ਤੇ ਇਕ ਮੈਡੀਕਲ ਕਾਲਜ ਅਤੇ ਹਸਪਤਾਲ ਵੀ ਖੋਲਿਆ ਜਾਵੇ ਤਾਂ ਜੋ ਬਾਬਾ ਜੀਵਨ ਸਿੰਘ ਦੀ ਕੌਮ ਦੇ ਲੋਕ ਆਪਣੇ ਸ਼ਹੀਦ ਦੀ ਕੀਤੀ ਕੁਰਬਾਨੀ ਨੂੰ ਯਾਦ ਰੱਖਣ ਅਤੇ ਉਨ੍ਹਾਂ ਉਪਰ ਫ਼ਖ਼ਰ ਮਹਿਸੂਸ ਕਰਨ। ਦੁੱਖ ਦੀ ਗੱਲ ਇਹ ਹੈ ਕਿ ਸ਼ਹੀਦ ਬਾਬਾ ਜੀਵਨ ਸਿੰਘ ਦੀ ਕੌਮ ਦੇ ਵਾਰਸ ਮਜ਼ਬੀ ਸਿੱਖ/ਬਾਲਮੀਕ ਭਾਈਚਾਰੇ ਦੇ ਲੋਕ ਅੱਜ ਪੰਜਾਬ ਵਿੱਚ ਆਰਥਿਕ ਅਤੇ ਵਿੱਦਿਅਕ ਪੱਖੋਂ ਸਭ ਤੋਂ ਜ਼ਿਆਦਾ ਪਛੜੇ ਹੋਏ ਹਨ। ਪੰਜਾਬ ਸਰਕਾਰ ਵੱਲੋਂ ਜਦ ਹੁਣ ਪੰਜਾਬ ਦੇ ਵੱਖ-ਵੱਖ ਬੋਰਡਾਂ/ਕਾਰਪੋਰੇਸ਼ਨਾਂ ਦੇ ਚੇਅਰਮੈਨ ਲਗਾਏ ਜਾ ਰਹੇ ਹਨ ਤਾਂ ਇਸ ਭਾਈਚਾਰੇ ਦੇ ਲੋਕਾਂ ਨੂੰ ਵੀ ਇਨ੍ਹਾਂ ਬੋਰਡਾਂ ਕਾਰਪੋਰੇਸ਼ਨਾਂ ਦੀਆਂ ਚੇਅਰਮੈਨੀਆਂ ਵਿੱਚ ਬਣਦਾ ਸਥਾਨ ਦਿੱਤਾ ਜਾਵੇ ਅਤੇ ਇਸ ਤੋਂ ਇਲਾਵਾ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਦੀ ਅਸਾਮੀ ਜੋ ਪਿਛਲੇ ਲੰਬੇ ਸਮੇਂ ਤੋਂ ਖਾਲੀ ਪਈ ਹੈ ਉਸ ਅਸਾਮੀ ਉੱਪਰ ਵੀ ਇਸ ਭਾਈਚਾਰੇ ਵਿੱਚੋਂ ਕੋਈ ਚੇਅਰਮੈਨ ਬਣਾਇਆ ਜਾਵੇ ਤਾਂ ਇਸ ਭਾਈਚਾਰੇ ਦਾ ਸਮਾਜਿਕ ਤੇ ਆਰਥਿਕ ਪੱਧਰ ਉੱਚਾ ਹੋ ਸਕੇ। ਇਨ੍ਹਾਂ ਦੀ ਭਲਾਈ ਲਈ ਸ਼੍ਰੋਮਣੀ ਕਮੇਟੀ ਅਤੇ ਪੰਜਾਬ ਸਰਕਾਰ ਨੂੰ ਉਚਿਤ ਯਤਨ ਕਰਨੇ ਚਾਹੀਦੇ ਹਨ।

ਬਾਕੀ ਸਫ਼ਾ 30 'ਤੇ

# ਉਦਾਸੀਨ ਸੰਪਰਦਾਇ ਦੇ ਬਾਨੀ ਬਾਬਾ ਸ੍ਰੀਚੰਦ



**ਸਵਾਮੀ ਸ਼ਾਂਤਾਨੰਦ**

ਉਦਾਸੀਨ ਸੰਪਰਦਾਇ ਦੇ ਬਾਨੀ ਬਾਬਾ ਸ੍ਰੀਚੰਦ ਜੀ ਦਾ ਜਨਮ 8 ਸਤੰਬਰ, 1494 ਈਸਵੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਦੇ ਗ੍ਰਹਿ ਵਿਖੇ ਸੁਲਤਾਨਪੁਰ ਲੋਧੀ ਜ਼ਿਲਾ ਕਪੂਰਥਲਾ ਪੰਜਾਬ ਵਿਚ ਹੋਇਆ। ਉਨ੍ਹਾਂ ਨੇ ਸ਼ੁਰੂਆਤੀ ਸਿੱਖਿਆ ਆਪਣੇ ਦਾਦਾ ਦੇ ਕੋਲ ਰਹਿੰਦੇ ਹੋਏ ਉਥੋਂ ਦੇ ਵਿਦਵਾਨ ਪੰਡਿਤ ਹਰਦਿਆਲ ਤੋਂ ਪ੍ਰਾਪਤ ਕੀਤੀ ਤੇ ਫਿਰ ਉੱਚ ਸਿੱਖਿਆ ਦੀ ਪ੍ਰਾਪਤੀ ਲਈ ਕਸ਼ਮੀਰ ਚਲੇ ਗਏ। ਉਥੇ ਉਨ੍ਹਾਂ ਸੱਤ ਸਾਲ ਤੱਕ ਪੰਡਿਤ ਪੁਰਸ਼ੋਤਮ ਕੌਲ ਦੇ ਗੁਰੂਕੁਲ ਵਿਚ ਰਹਿ ਕੇ ਵੈਦਿਕ ਸਿੱਖਿਆ ਪ੍ਰਾਪਤ ਕੀਤੀ। ਇਥੇ ਹੀ ਉਨ੍ਹਾਂ ਕਾਸ਼ੀ ਦੇ ਉਸ ਸਮੇਂ ਦੇ ਮਹਾਨ ਵਿਦਵਾਨ ਪੰਡਿਤ ਸੋਮਨਾਥ ਤ੍ਰਿਪਾਠੀ ਦਾ ਹੰਕਾਰ ਤੋੜਿਆ। ਕਸ਼ਮੀਰ ਵਿਚ ਹੀ ਸੰਨ 1757 ਈਸਵੀ ਵਿਚ ਬਾਬਾ ਸ੍ਰੀਚੰਦ ਜੀ ਦੀ ਮੁਲਾਕਾਤ ਮਾਊਂਟ ਆਬੂ ਤੋਂ ਅਮਰਨਾਥ ਦੀ ਯਾਤਰਾ ਲਈ ਨਿਕਲੇ ਉਸ ਵੇਲੇ ਦੇ ਮਹਾਨ ਉਦਾਸੀਨ ਸੰਤ ਗੁਰੂ ਅਵਿਨਾਸ਼ੀ ਮੁਨੀ ਨਾਲ ਹੋਈ। ਮੁਨੀ ਰੋਜ਼ਾਨਾ ਸਵੇਰੇ ਸ਼ਾਮ ਆਪਣੀ ਸੰਧਿਆ ਪੂਜਾ ਤੋਂ ਬਾਅਦ ਸਤਿਸੰਗ ਕਰਦੇ ਸਨ।

ਉਨ੍ਹਾਂ ਦੇ ਸਤਿਸੰਗ ਤੋਂ ਪ੍ਰਭਾਵਿਤ ਹੋ ਕੇ ਇਕ ਦਿਨ ਬਾਬਾ ਜੀ ਨੇ ਉਨ੍ਹਾਂ ਕੋਲੋਂ ਗੁਰੂ-ਦੀਖਿਆ ਲੈਣ ਦੀ ਇੱਛਾ ਪ੍ਰਗਟ ਕੀਤੀ। ਗੁਰੂ-ਦੀਖਿਆ ਦੇ ਕੇ ਗੁਰੂ ਅਵਿਨਾਸ਼ੀ ਮੁਨੀ ਨੇ ਉਨ੍ਹਾਂ ਨੂੰ ਮਨੁੱਖਤਾ ਦੇ ਉਧਾਰ ਦੇ ਉਦੇਸ਼ ਨਾਲ ਸਾਰੇ ਵਿਸ਼ਵ ਦਾ ਚੱਕਰ ਲਗਾਉਣ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਦੀ ਆਗਿਆ ਨੂੰ ਮੰਨਦਿਆਂ ਬਾਬਾ ਸ੍ਰੀਚੰਦ ਜੀ ਨੇ ਜਨਤਾ ਦੇ ਕਲਿਆਣ ਦੇ ਉਦੇਸ਼ ਨਾਲ ਦੂਰ-ਦੂਰ ਤਕ ਪੈਦਲ ਯਾਤਰਾ ਕੀਤੀ।

ਆਪਣੀਆਂ ਯਾਤਰਾਵਾਂ ਦੌਰਾਨ ਉਨ੍ਹਾਂ ਨੇ ਉਸ ਸਮੇਂ ਦੇ ਜ਼ਾਲਮ ਹਾਕਮਾਂ ਨੂੰ ਆਪਣੇ ਉਪਦੇਸ਼ਾਂ ਨਾਲ ਪ੍ਰੇਰਤ ਕਰਕੇ 'ਰਾਜ ਧਰਮ ਕੀ ਹੁੰਦਾ ਹੈ', ਬਾਰੇ ਸਮਝਾਇਆ। ਕਸ਼ਮੀਰ ਦੇ ਸ੍ਰੀਨਗਰ ਵਿਚ ਉਸ ਸਮੇਂ ਯਾਕੂਬ ਖਾਂ ਦਾ ਰਾਜ ਸੀ। ਦੂਜੇ ਧਰਮ ਦੇ ਲੋਕ ਆਪਣੀ ਪਰੰਪਰਾ ਅਨੁਸਾਰ ਪੂਜਾ ਅਰਚਨਾ ਨਹੀਂ ਕਰ ਸਕਦੇ ਸਨ। ਬਾਬਾ ਸ੍ਰੀਚੰਦ ਨੂੰ ਇਸ ਅਸਥਾਨ ਉੱਤੇ ਪਹੁੰਚਣ 'ਤੇ ਜਦੋਂ ਇਨ੍ਹਾਂ ਪਾਬੰਦੀਆਂ ਬਾਰੇ ਪਤਾ ਲੱਗਿਆ ਤਾਂ ਉਹ ਯਾਕੂਬ ਖਾਂ ਨੂੰ ਮਿਲੇ। ਉਹ ਬਾਬਾ ਸ੍ਰੀਚੰਦ ਜੀ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਹ ਉਨ੍ਹਾਂ ਦੇ ਚਰਨਾਂ ਵਿਚ ਨਤਮਸਤਕ ਹੋਇਆ। ਬਾਬਾ ਸ੍ਰੀਚੰਦ ਜੀ ਨੇ ਉਪਦੇਸ਼ ਦਿੱਤਾ-ਯਾਕੂਬ ! ...ਰਾਜਾ ਜਨਤਾ ਦਾ ਪਿਤਾ ਹੁੰਦਾ ਹੈ। ਰਾਜੇ ਨੂੰ ਜਨਤਾ ਦੇ ਹਰ ਵਰਗ ਦੇ ਲੋਕਾਂ ਨਾਲ ਇਕੋ ਜਿਹਾ ਸੰਬੰਧ ਰੱਖਣਾ ਚਾਹੀਦਾ ਹੈ। ਧਾਰਮਿਕ ਅਜ਼ਾਦੀ ਹਰ ਮਨੁੱਖ ਦਾ ਅਧਿਕਾਰ ਹੈ। ਅੱਜ ਤੋਂ ਹਰ ਤਰ੍ਹਾਂ ਦੀਆਂ ਪਾਬੰਦੀਆਂ ਨੂੰ ਹਟਾ ਦੇਵੋ। ਯਾਕੂਬ ਖਾਂ ਨੇ ਬਾਬਾ ਸ੍ਰੀਚੰਦ ਜੀ ਨੂੰ ਨਤਮਸਤਕ ਹੋ ਕੇ ਭਵਿੱਖ ਵਿਚ ਸਾਰਿਆਂ ਨੂੰ ਧਾਰਮਿਕ ਅਜ਼ਾਦੀ ਦੇਣ ਦਾ ਵਚਨ ਦਿੱਤਾ। ਜਿਸ ਸਥਾਨ 'ਤੇ ਇਹ ਵਾਰਤਾਲਾਪ ਹੋਈ, ਅੱਜ ਵੀ ਉਹ ਅਸਥਾਨ 'ਸ੍ਰੀਚੰਦ ਚਿਨਾਰ' ਦੇ ਨਾਂ ਨਾਲ ਪ੍ਰਸਿੱਧ ਹੈ।

ਬਾਬਾ ਸ੍ਰੀਚੰਦ ਮਹਾਰਾਜ ਕਾਬੁਲ, ਕੰਧਾਰ ਅਫ਼ਗਾਨਿਸਤਾਨ, ਭੂਟਾਨ ਆਦਿ ਸਥਾਨਾਂ 'ਤੇ ਵੀ ਗਏ। ਕਹਿੰਦੇ ਨੇ ਕਿ ਬਾਬਾ ਜੀ ਨੇ ਪਿਸ਼ਾਵਰ ਵਿਖੇ ਜਾ ਕੇ ਪੰਜ ਜੋਤਾਂ ਜਗਾਈਆਂ। ਇਸੇ ਤਰ੍ਹਾਂ ਬਾਬਾ ਸ੍ਰੀਚੰਦ



ਪਾਕਿਸਤਾਨ ਦੇ ਸਿੰਧ ਦੇ ਨਗਰ ਠੱਠਾ ਵਿਚ ਵੀ ਉਥੋਂ ਦੇ ਲੋਕਾਂ ਦੀ ਪੁਕਾਰ ਸੁਣ ਕੇ ਗਏ ਤੇ ਉਥੋਂ ਦੇ ਹਾਕਮਾਂ ਨੂੰ ਵੀ ਕਿਸੇ ਵੀ ਤਰ੍ਹਾਂ ਦਾ ਲੋਕਾਂ ਨੂੰ ਕਸ਼ਟ ਨਾ ਦੇਣ ਦਾ ਆਦੇਸ਼ ਦਿੱਤਾ। ਉਂਝ ਤਾਂ ਬਾਬਾ ਸ੍ਰੀਚੰਦ ਜੀ ਨਿਰੰਤਰ ਯਾਤਰਾਵਾਂ 'ਤੇ ਹੀ ਰਹੇ ਪ੍ਰੰਤੂ ਉਨ੍ਹਾਂ ਦੇ ਕੁਝ ਸਥਾਨ ਇਸ ਤਰ੍ਹਾਂ ਦੇ ਹਨ ਜਿਥੇ ਉਨ੍ਹਾਂ ਨੇ ਕੁਝ ਸਮਾਂ ਰਹਿ ਕੇ ਤਪੱਸਿਆ ਕੀਤੀ। ਜਿਸ ਤਰ੍ਹਾਂ ਪੰਜਾਬ ਦੇ ਗੁਰਦਾਸਪੁਰ ਜ਼ਿਲੇ ਵਿਚ ਬਾਰਠ ਨਾਂ ਦਾ ਪਿੰਡ ਹੈ। ਬਾਰਠ ਪਿੰਡ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਨਕਾ ਪਿੰਡ ਹੈ। ਬਚਪਨ ਵਿਚ ਇਸ ਸਥਾਨ 'ਤੇ ਤਪੱਸਿਆ ਦੇ ਕਾਰਨ ਆਪ ਦਾ ਇਸ ਪਿੰਡ ਨਾਲ ਪ੍ਰੇਮ ਹੋ ਗਿਆ ਅਤੇ ਆਪ ਜੀ ਜਦੋਂ ਵੀ ਕਿਸੇ ਯਾਤਰਾ 'ਤੇ ਜਾਂਦੇ ਤਾਂ ਵਾਪਸ ਆ ਕੇ ਇਸ ਸਥਾਨ 'ਤੇ ਅਰਾਮ ਕਰਦੇ। ਇਤਿਹਾਸਕਾਰਾਂ ਦੇ ਮਤ ਅਨੁਸਾਰ ਜੀਵਨ ਦੇ ਲਗਭਗ 36 ਸਾਲ ਬਾਬਾ ਜੀ ਇਸ ਪਿੰਡ ਵਿਚ ਰਹੇ। ਬਾਬਾ ਜੀ ਦਾ ਇਹ ਤਪ ਅਸਥਾਨ ਅੱਜ ਵੀ ਬਿਰਾਜਮਾਨ ਹੈ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਹੈ। ਹਰ ਮੱਸਿਆ 'ਤੇ ਭਾਰੀ ਮੇਲਾ ਲਗਦਾ ਹੈ। ਸ੍ਰੀਚੰਦ ਨੌਮੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਤਿਹਾਸਕ ਮਾਨਤਾ ਅਨੁਸਾਰ ਤੀਸਰੇ, ਚੌਥੇ, ਪੰਜਵੇਂ ਅਤੇ ਛੇਵੇਂ ਗੁਰੂ ਸਾਹਿਬਾਨ ਇਸ ਅਸਥਾਨ 'ਤੇ ਆਪ ਜੀ ਨੂੰ ਮਿਲਣ ਆਏ ਸਨ।

ਬਾਰਠ ਪਿੰਡ ਦੇ ਨੇੜੇ ਹੀ ਪਠਾਨਕੋਟ ਜ਼ਿਲੇ ਵਿਚ ਬਾਬਾ ਸ੍ਰੀਚੰਦ ਜੀ ਦਾ ਇਕ ਹੋਰ ਅਸਥਾਨ ਹੈ ਮਮੂਨ ਸਾਹਿਬ। ਆਪ ਜੀ ਨੇ ਇਥੇ ਆਪਣੀ ਬਾਣੀ 'ਮਾਤਰਾ ਬਾਣੀ' ਰਾਹੀਂ ਮਨੁੱਖ ਮਾਤਰ ਨੂੰ ਆਪਸੀ ਵਾਦ-ਵਿਵਾਦ ਤੋਂ ਉੱਪਰ ਉੱਠ ਕੇ ਮੇਲ-ਮਿਲਾਪ ਨਾਲ ਰਹਿਣ ਦਾ ਸੰਦੇਸ਼ ਦਿੱਤਾ। ਸਮੁੱਚਾ ਜੀਵਨ ਜਨਤਾ ਦੇ ਕਲਿਆਣ ਲਈ ਬਤੀਤ ਕਰਕੇ ਚੰਬਾ ਵਿਚ ਰਾਵੀ ਨਦੀ ਦੇ ਕਿਨਾਰੇ ਆਪ ਪ੍ਰਲੋਕ ਸਿਧਾਰ ਗਏ।

# ਧੰਨੁ ਧੰਨੁ ਰਾਮਦਾਸ ਗੁਰੁ

ਗੁਰਗੱਦੀ ਦਿਵਸ 'ਤੇ ਵਿਸ਼ੇਸ਼

ਪ੍ਰਗਟ ਸਿੰਘ

ਸਿੱਖ ਧਰਮ ਵਿਚ ਗੁਰਿਆਈ ਇਕ ਅਧਿਆਤਮਿਕ ਉੱਚਤਾ ਤੇ ਵਿਹਾਰਕ ਸੁੱਚਤਾ ਦਾ ਨਾਂ ਹੈ। ਸੇਵਾ, ਸਿਮਰਨ, ਪਰਉਪਕਾਰ ਤੇ ਹੁਕਮ ਅਨੁਸਾਰੀ ਬਿਰਤੀ ਗੁਰਿਆਈ ਤਕ ਦੇ ਸਫ਼ਰ ਨੂੰ ਸੁਖਾਲਾ ਬਣਾਉਂਦੀ ਰਹੀ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਗੁਰਿਆਈ ਦੀ ਬਖ਼ਸ਼ਿਸ਼ ਲਈ ਸੇਵਾ-ਭਾਵਨਾ ਤੇ ਹਉਮੈ ਰਹਿਤ ਵਿਹਾਰ ਨੂੰ ਤਰਜੀਹ ਦਿੱਤੀ ਗਈ ਹੈ। ਬਾਕੀ ਦੇ ਗੁਰੂ ਸਾਹਿਬਾਨ ਵੱਲੋਂ ਵੀ ਆਪੋ ਆਪਣੇ ਸਮੇਂ ਵਿਚ ਇਸ ਤਰਜੀਹ ਨੂੰ ਕਾਇਮ ਰੱਖਿਆ ਗਿਆ। 'ਤਖਤਿ ਬਹੈ ਤਖਤੈ ਕੀ ਲਾਇਕ' ਦੀ ਧਾਰਨਾ ਮੁਤਾਬਕ ਗੁਰੂ ਨਾਨਕ ਦਰਬਾਰ ਦਾ ਵਾਰਿਸ ਹਮੇਸ਼ਾ ਉਸ ਨੂੰ ਬਣਾਇਆ ਜਾਂਦਾ ਰਿਹਾ ਹੈ ਜਿਹੜਾ ਇਸ ਵਿਰਾਸਤ ਲਈ ਵਿਸ਼ੇਸ਼, ਵਿਲੱਖਣ ਤੇ ਸਰਵਪ੍ਰਵਾਣਿਤ ਯੋਗਤਾ ਰੱਖਦਾ ਰਿਹਾ ਹੈ। ਇਸ ਤਰਾਂ ਦੀ ਹੀ ਯੋਗਤਾ ਤੀਸਰੇ ਨਾਨਕ ਸ੍ਰੀ ਗੁਰੂ ਅਮਰਦਾਸ ਜੀ ਨੂੰ ਭਾਈ ਜੇਠਾ ਜੀ ਵਿਚ ਦਿਖਾਈ ਦਿੱਤੀ, ਜਿਸ ਕਾਰਨ ਉਨਾਂ ਨੇ ਭਾਈ ਜੇਠਾ ਜੀ ਨੂੰ ਭਾਦੋਂ ਸੁਦੀ 15, ਮੁਤਾਬਕ 1 ਸਤੰਬਰ 1574 ਨੂੰ ਗੁਰਿਆਈ ਬਖ਼ਸ਼ਿਸ਼ ਕਰ ਕੇ ਸੋਢੀ ਪਾਤਸ਼ਾਹ ਗੁਰੂ ਰਾਮਦਾਸ ਬਣਾ ਦਿੱਤਾ ਸੀ।

ਸ੍ਰੀ ਗੁਰੂ ਰਾਮਦਾਸ ਜੀ ਦਾ ਬਚਪਨ ਦਾ ਨਾਂ ਭਾਈ ਜੇਠਾ ਸੀ। ਉਨਾਂ ਦਾ ਜਨਮ 24 ਸਤੰਬਰ 1534 ਨੂੰ ਚੂਨਾ ਮੰਡੀ ਲਾਹੌਰ ਦੇ ਵਸਨੀਕ ਭਾਈ ਹਰਿਦਾਸ ਜੀ ਤੇ ਮਾਤਾ ਦਇਆ ਕੌਰ ਜੀ ਦੇ ਘਰ ਹੋਇਆ। ਪਲੇਠਾ ਪੁੱਤਰ ਹੋਣ ਕਰਕੇ ਉਨਾਂ ਦਾ ਨਾਂ ਭਾਈ ਜੇਠਾ ਜੀ ਹੋ ਗਿਆ। ਭਾਈ ਜੇਠਾ ਜੀ ਅਜੇ ਬਚਪਨ ਦੀ ਦਹਿਲੀਜ਼ 'ਤੇ ਹੀ ਵਿਚਰ ਰਹੇ ਸਨ ਕਿ ਪਹਿਲਾਂ ਮਾਤਾ ਜੀ ਤੇ ਫਿਰ ਪਿਤਾ ਜੀ ਦੁਨੀਆ ਤੋਂ ਕੂਚ ਕਰ ਗਏ। ਆਪ ਜੀ ਦੀ ਨਾਨੀ ਆਪ ਨੂੰ ਪਿੰਡ ਬਾਸਰਕੇ ਲੈ ਆਈ। ਭਾਈ ਜੇਠਾ ਜੀ ਆਪਣੇ ਨਾਨਕੇ ਘਰ ਰਹਿ ਕੇ ਘੁੰਙਣੀਆਂ ਵੇਚਣ ਦੀ ਕਾਰ ਕਰਿਆ ਕਰਦੇ ਸਨ ਤੇ ਇਨਾਂ ਦੀ ਵੱਟਕ ਨਾਲ ਗੁਜ਼ਾਰਾ ਕਰਦੇ ਸਨ। ਸ੍ਰੀ (ਗੁਰੂ) ਅਮਰਦਾਸ ਜੀ ਜਦੋਂ ਖਡੂਰ ਸਾਹਿਬ ਤੋਂ ਬਾਸਰਕੇ ਆਉਂਦੇ ਤਾਂ ਉਹ ਭਾਈ ਜੇਠਾ ਜੀ ਨੂੰ ਜ਼ਰੂਰ ਮਿਲਦੇ।

ਜਦੋਂ ਗੋਂਦੇ ਖੱਤਰੀ ਦੀ ਬੇਨਤੀ 'ਤੇ ਗੁਰੂ ਅਮਰਦਾਸ ਜੀ ਨੇ ਦਰਿਆ ਬਿਆਸ ਦੇ ਕਿਨਾਰੇ ਗੋਇੰਦਵਾਲ ਸਾਹਿਬ ਨਗਰ ਵਸਾਇਆ ਤਾਂ ਉਨਾਂ ਦੇ ਕਈ ਰਿਸ਼ਤੇਦਾਰ ਤੇ ਸਨੇਹੀ ਵੀ ਗੋਇੰਦਵਾਲ ਸਾਹਿਬ ਆ ਗਏ। ਗੁਰੂ ਦਰਸ਼ਨਾਂ ਦੀ ਤਾਂਘ ਭਾਈ ਜੇਠਾ ਜੀ ਨੂੰ ਵੀ ਇਥੇ ਲੈ ਆਈ। ਉਸ ਵਕਤ ਉਨਾਂ ਦੀ ਆਯੂ ਕਰੀਬ 12 ਸਾਲ ਸੀ। ਅਵਸਥਾ ਭਾਵੇਂ ਬਾਲਪਨ ਵਾਲੀ ਸੀ ਪਰ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਭਾਵ ਸਦਕਾ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰਬਾਰ ਦੀ ਰੰਗਤ ਭਾਈ ਜੇਠਾ ਜੀ 'ਤੇ ਖ਼ੂਬ ਚੜਨ ਲੱਗੀ। ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ 10-12 ਸਾਲ ਆਪਣੀ ਨਿਗਰਾਨੀ 'ਵਿਚ ਰੱਖਿਆ ਤੇ ਉਨਾਂ ਸਾਰੇ ਗੁਣਾਂ ਨੂੰ ਵਾਚਿਆ ਜੋ ਕਿਸੇ ਉਚੇਰੀ ਜ਼ਿੰਮੇਵਾਰੀ ਲਈ ਜ਼ਰੂਰੀ ਹੁੰਦੇ ਹਨ। ਗੁਰੂ ਸਾਹਿਬ ਨੇ ਇਨਾਂ ਗੁਣਾਂ ਦੀ ਕਦਰ ਕਰਦਿਆਂ 22 ਫੱਗਣ ਸੰਮਤ 1610 ਨੂੰ ਆਪਣੀ ਲਾਡਲੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿੱਤਾ।

1557 ਵਿਚ ਜਦੋਂ ਗੁਰੂ ਅਮਰਦਾਸ ਜੀ ਨੇ ਸਮਾਜਿਕ ਬਰਾਬਰੀ ਨੂੰ ਲਾਗੂ ਕਰਨ ਲਈ ਸਮਾਜ ਵਿੱਚੋਂ ਛੂਤ-ਛਾਤ ਖ਼ਤਮ ਕਰਨ ਦਾ ਬੀੜਾ ਚੁੱਕਿਆ ਤਾਂ ਗੁਰੂ-ਘਰ ਦੇ ਦੋਖੀਆਂ ਕੋਲੋਂ ਇਹ ਗੱਲ ਬਰਦਾਸ਼ਤ ਨਾ ਹੋਈ। ਕਿਸੇ ਨੇ ਅਕਬਰ ਬਾਦਸ਼ਾਹ ਕੋਲ ਜਾ ਕੇ ਗੁਰੂ ਦਰਬਾਰ ਦੇ ਖ਼ਿਲਾਫ਼ ਕੰਨ ਭਰੇ। ਆਪਣੀ ਤਸੱਲੀ ਲਈ ਬਾਦਸ਼ਾਹ ਨੇ ਗੁਰੂ ਦਰਬਾਰ ਵੱਲ ਸੱਦਾ-ਪੱਤਰ ਭੇਜਿਆ। ਬਿਰਧ ਹੋਣ ਕਰਕੇ ਤੀਸਰੇ ਪਾਤਸ਼ਾਹ ਨੇ ਗੁਰੂ-ਘਰ ਦੀ ਵਕਾਲਤ ਲਈ ਭਾਈ ਜੇਠਾ ਜੀ ਨੂੰ ਇਹ ਜ਼ਿੰਮੇਵਾਰੀ ਦਿੱਤੀ। ਭਾਈ ਜੇਠਾ ਜੀ ਨੇ ਸਿੱਖੀ ਦੇ ਸਿਧਾਂਤਾਂ ਦੀ ਇੰਨੇ ਸੁਚੱਜੇ ਢੰਗ ਨਾਲ ਵਿਆਖਿਆ ਕੀਤੀ ਤੇ ਅਕਬਰ ਦੇ ਭਰਮ-ਭੁਲੇਖੇ ਦੂਰ ਕੀਤੇ।

ਸ੍ਰੀ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਸਾਹਿਬ ਦੇ ਨਿਰਮਾਣ ਸਮੇਂ ਭਾਈ ਜੇਠਾ ਜੀ ਇਕ ਨਿਮਾਣੇ ਸਿੱਖ ਵਾਂਗ ਸਿਰ 'ਤੇ ਟੋਕਰੀ ਢੋਅ ਕੇ ਸੇਵਾ ਕਰਿਆ ਕਰਦੇ ਸਨ। ਇਕ ਦਿਨ ਜਦੋਂ ਉਹ ਤਨ-ਮਨ ਨਾਲ ਸੇਵਾ ਵਿਚ ਲੀਨ ਸਨ ਤਾਂ ਲਾਹੌਰ ਤੋਂ ਉਨਾਂ ਦੇ ਸ਼ਰੀਕੇ-ਭਾਈਚਾਰੇ ਦੇ ਕੁਝ ਲੋਕ ਤੀਰਥ ਅਸਥਾਨਾਂ ਦੇ ਦਰਸ਼ਨਾਂ ਲਈ ਜਾਂਦੇ ਹੋਏ ਸ੍ਰੀ ਗੋਇੰਦਵਾਲ ਵਿਖੇ ਆ ਗਏ। ਜਦੋਂ ਉਨਾਂ ਨੇ ਤੱਕਿਆ ਕਿ ਭਾਈ ਜੇਠਾ ਜੀ ਮਜ਼ਦੂਰਾਂ ਵਾਂਗੂ ਸਿਰ 'ਤੇ ਟੋਕਰੀ ਚੁੱਕੀ ਜਾ ਰਹੇ ਹਨ ਤਾਂ ਉਹ ਕ੍ਰੋਧਿਤ ਹੋ ਉੱਠੇ ਤੇ ਸ਼ਿਸ਼ਟਾਚਾਰ ਦਾ ਪੱਲਾ ਛੱਡ ਬੈਠੇ। ਉਹ ਭਰੇ-ਪੀਤੇ ਗੁਰੂ ਅਮਰਦਾਸ ਜੀ ਨੂੰ ਕਹਿਣ ਲੱਗੇ, 'ਸਾਡੇ ਭਰਾ ਜੇਠੇ ਕੋਲੋਂ ਮਜ਼ਦੂਰੀ ਕਰਵਾ ਕੇ ਤੁਸੀਂ ਸਾਡੇ ਮਾਣ-ਸਤਿਕਾਰ ਨੂੰ ਢਾਹ ਲਾਈ ਹੈ। ਤੁਹਾਡੇ ਇਸ ਵਤੀਰੇ ਨਾਲ ਸਾਨੂੰ ਬੜੀ ਨਮੋਸ਼ੀ ਹੋਈ ਹੈ।'

ਸ਼ਰੀਕੇ-ਭਾਈਚਾਰੇ ਦੀਆਂ ਖਰਵੀਆਂ ਗੱਲਾਂ ਕਾਰਨ ਭਾਈ ਜੇਠਾ ਜੀ ਨੇ ਗੁਰੂ ਅਮਰਦਾਸ ਪਾਤਸ਼ਾਹ ਕੋਲੋਂ ਹੱਥ ਜੋੜ ਕੇ ਮਾਫ਼ੀ ਮੰਗੀ ਤੇ ਕਹਿਣ ਲੱਗੇ, 'ਸੱਚੇ ਪਾਤਸ਼ਾਹ ਇਹ ਅਣਜਾਣ ਹਨ, ਇਨਾਂ ਦੀਆਂ ਕੌੜੀਆਂ-ਕੁਸੈਲੀਆਂ ਤੇ ਮਨ ਦੀ ਮੈਲੀਆਂ ਗੱਲਾਂ ਨੂੰ ਲੇਖੇ ਵਿਚ ਨਾ ਲਿਆਉਣਾ।' ਇਸ ਤਰਾਂ ਉਨਾਂ ਨੇ ਜਿੱਥੇ ਆਪਣੇ ਸ਼ਰੀਕੇ ਦੀ ਰੱਖ ਦਿਖਾਈ ਉੱਥੇ ਗੁਰੂ ਸਾਹਿਬ ਦੀ ਪ੍ਰਸੰਨਤਾ ਦੇ ਪਾਤਰ ਵੀ ਬਣੇ।

ਆਪ ਦੇ ਘਰ ਤਿੰਨ ਪੁੱਤਰਾਂ ਬਾਬਾ ਪ੍ਰਿਥੀ ਚੰਦ, ਬਾਬਾ ਮਹਾਦੇਵ ਤੇ (ਗੁਰੂ) ਅਰਜਨ ਦੇਵ ਜੀ ਨੇ ਜਨਮ ਲਿਆ। ਬਾਬਾ ਪ੍ਰਿਥੀ ਚੰਦ ਭਾਵੇਂ ਘਰ ਦਾ ਵੱਡਾ ਪੁੱਤਰ ਸੀ ਪਰ ਲਾਲਚੀ ਤੇ ਵਡਿਆਈਖ਼ੋਰੇ ਸੁਭਾਅ ਕਾਰਨ ਆਪਣੇ ਗੁਰੂ-ਪਿਤਾ ਦੀਆਂ ਖ਼ੁਸ਼ੀਆਂ ਲੈਣ ਤੋਂ ਵਾਂਝਾ ਰਹਿ ਗਿਆ। ਇਸੇ ਕਾਰਨ ਉਹ ਸਾਰੀ ਹਯਾਤੀ ਈਰਖਾ ਤੇ ਦਵੈਤ ਦੀ ਅੱਗ 'ਚ ਸੜਦਾ ਰਿਹਾ ਤੇ ਸੰਗਤਾਂ ਦੇ ਤ੍ਰਿਸਕਾਰ ਦਾ ਪਾਤਰ ਬਣਦਾ ਰਿਹਾ।

ਗੁਰੂ ਨਾਨਕ ਦੇਵ ਜੀ ਦੁਆਰਾ ਲਗਾਇਆ ਸਿੱਖੀ ਦਾ ਬੂਟਾ ਜਿਵੇਂ-ਜਿਵੇਂ ਜੋਬਨ 'ਤੇ ਆ ਰਿਹਾ ਸੀ, ਇਸ ਦੀ ਮਹਿਕ ਦੂਰ-ਦੁਰਾਡੇ ਫੈਲ ਰਹੀ ਸੀ। ਇਸੇ ਕਾਰਨ ਸਿੱਖੀ ਦਾ ਪ੍ਰਚਾਰ ਕੇਂਦਰ ਸ੍ਰੀ ਗੋਇੰਦਵਾਲ ਸਾਹਿਬ ਤੋਂ ਗੁਰੂ ਕੇ ਚੱਕ (ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਲੈ ਜਾਣ ਦੀ ਵਿਉਂਤਬੰਦੀ ਕੀਤੀ ਗਈ। ਇਸ ਨੂੰ ਅਮਲੀ ਰੂਪ ਦੇਣ ਦੀ ਜ਼ਿੰਮੇਵਾਰੀ ਭਾਈ ਜੇਠਾ ਜੀ ਨੂੰ ਦਿੱਤੀ ਗਈ। ਆਪ ਜੀ ਨੇ ਇਹ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਈ।

ਗੁਰੂ ਅਮਰਦਾਸ ਜੀ ਹੁਣ ਸਰੀਰਕ ਤੌਰ 'ਤੇ ਕਾਫ਼ੀ ਬਿਰਧ ਹੋ ਚੁੱਕੇ ਸਨ। ਸੱਚਖੰਡ ਵਾਪਸੀ ਦਾ ਸਮਾਂ ਨੇੜੇ ਆਇਆ ਜਾਣ ਕੇ ਉਨਾਂ ਨੇ ਸੰਮਤ 1631 ਦੇ ਭਾਦੋਂ ਮਹੀਨੇ ਸਮੂਹ ਸੰਗਤ ਅਤੇ ਆਪਣੇ ਪਰਿਵਾਰ ਦੇ ਸਨਮੁਖ ਭਾਈ ਜੇਠਾ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਘਰ ਦਾ ਚੌਥਾ ਵਾਰਿਸ ਥਾਪ ਕੇ ਸ੍ਰੀ ਗੁਰੂ ਰਾਮਦਾਸ ਜੀ ਬਣਾ ਦਿੱਤਾ।

ਗੁਰਿਆਈ ਦੀ ਬਖ਼ਸ਼ਿਸ਼ ਛੋਟੀ ਜਾਂ ਸਧਾਰਨ ਗੱਲ ਨਹੀਂ ਸੀ, ਕਿਉਂਕਿ ਗੁਰੂ ਰਾਮਦਾਸ ਨੂੰ ਉਸ ਰੱਬੀ ਤਖ਼ਤ ਦੀ ਪ੍ਰਾਪਤੀ ਹੋ ਗਈ ਸੀ, ਜਿਸ ਦੇ ਅੱਗੇ ਰਾਜੇ-ਮਹਾਰਾਜਿਆਂ ਦਾ ਸੀਸ ਝੁਕਦਾ ਆ ਰਿਹਾ ਸੀ। ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰਬਾਰ ਵਿੱਚੋਂ ਇਕ ਨਿਮਾਣੇ ਸਿੱਖ ਨੂੰ ਮਿਲੇ ਮਾਣ ਨੂੰ ਦੇਖ ਕੇ ਆਪ ਵੈਰਾਗ ਵਿਚ ਆ ਗਏ ਤੇ ਉਚਾਰਣ ਕੀਤਾ :

ਜੋ ਹਮਰੀ ਬਿਧਿ ਹੋਤੀ, ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ।

ਹਮ ਰੁਲਤੇ ਫਿਰਤੇ, ਕੋਈ ਬਾਤ ਨ ਪੁਛਤਾ, ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ।

ਗੁਰੂ ਰਾਮਦਾਸ ਜੀ ਦੀ ਕਿਰਪਾ ਨਾਲ ਮਾਝੇ ਦਾ ਇਲਾਕਾ ਬੌਧਿਕ ਅਤੇ ਰੂਹਾਨੀ ਤੌਰ 'ਤੇ ਜਾਗ ਪਿਆ। ਇਸ ਜਾਗ੍ਰਿਤੀ ਕਾਰਨ ਗੁਰੂ ਸਾਹਿਬ ਨੇ ਸੋਚਿਆ ਕਿ ਇਸ ਕੇਂਦਰੀ ਸਥਾਨ (ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਇਕ ਸ਼ਾਨਦਾਰ ਧਾਰਮਿਕ ਸਥਾਨ ਉਸਾਰਿਆ ਜਾਵੇ, ਜੋ ਸੰਗਤ ਦੀਆਂ ਰੂਹਾਨੀ ਜ਼ਰੂਰਤਾਂ ਪੂਰੀਆਂ ਕਰ ਸਕੇ। ਇਸ ਪਵਿੱਤਰ ਅਸਥਾਨ 'ਤੇ ਸਰੋਵਰ ਬਣਾਉਣ ਦੀ ਤਜਵੀਜ਼ ਵੀ ਬਣਾਈ ਗਈ। ਸ੍ਰੀ ਅੰਮ੍ਰਿਤਸਰ ਵਿਖੇ ਪਹਿਲਾਂ ਸਰੋਵਰ ਅਤੇ ਬਾਅਦ ਵਿਚ 'ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਮੁਕੰਮਲ ਹੋਈ। ਇਨਾਂ ਦੋ ਮਹਾਨ ਉਪਰਾਲਿਆਂ ਨਾਲ ਸਿੱਖ ਧਰਮ ਦੇ ਨਕਸ਼-ਨੁਹਾਰ ਹੋਰ ਵੀ ਨਿਖਰਨ ਲੱਗੇ। ਜਿਵੇਂ ਤੀਸਰੇ ਪਾਤਸ਼ਾਹ ਨੇ ਸਿੱਖੀ ਦੇ ਪ੍ਰਚਾਰ ਲਈ 22 ਮੰਜੀਆਂ ਅਤੇ 52 ਪੀੜ੍ਹੀਆਂ ਦੀ ਸਥਾਪਨਾ ਕੀਤੀ ਸੀ, ਉਸ ਨੂੰ ਅੱਗੇ ਵਧਾਉਂਦਿਆਂ ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਆਰੰਭ ਕੀਤੀ। ਇਹ ਮਸੰਦ ਦੂਰ-ਦੁਰਾਡੇ ਇਲਾਕਿਆਂ ਵਿਚ ਸਿੱਖੀ-ਸਿਧਾਂਤਾਂ ਦਾ ਪ੍ਰਚਾਰ ਕਰਦੇ ਅਤੇ ਸਿੱਖੀ ਦੇ ਬੂਟੇ ਨੂੰ ਆਪਣੀ ਸੇਵਾ ਨਾਲ ਸਿੰਜਦੇ ਸਨ। ਭਾਵੇਂ ਗੁਰੂ ਰਾਮਦਾਸ ਜੀ ਕੋਲ ਬਹੁਤ ਸਾਰੇ ਰੁਝੇਵੇਂ ਸਨ ਪਰ ਉਨਾਂ ਦੀ ਤਰਜੀਹ ਹਮੇਸ਼ਾ ਕਾਰ-ਸੇਵਾ ਵਿਚ ਬਣੀ ਰਹਿੰਦੀ। ਵਕਤ ਮਿਲਣ 'ਤੇ ਆਪ ਟੋਕਰੀ ਚੁੱਕ ਲੈਂਦੇ ਅਤੇ ਇੱਟਾਂ, ਗਾਰੇ ਤੇ ਚੂਨੇ ਆਦਿ ਦੀ ਹੱਥੀਂ ਸੇਵਾ ਕਰਦੇ। ਇਹ ਸਭ ਕੁਝ ਉਹ ਕਿਰਤ ਦੇ ਸਿਧਾਂਤ ਨੂੰ ਵਡਿਆਉਣ ਤੇ ਪਕਿਆਉਣ ਲਈ ਵੀ ਕਰਦੇ ਸਨ। ਇਸ ਤਰਾਂ ਕਰਦਿਆਂ ਇਕ ਦਿਨ ਉਹ ਵੀ ਆ ਗਿਆ ਜਿਸ ਦਿਨ ਗੁਰੂ ਰਾਮਦਾਸ ਜੀ ਅਤੇ ਉਨਾਂ ਦੇ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੁਚੱਜੀ ਅਗਵਾਈ ਤੇ ਸੰਗਤਾਂ ਬਾਕੀ ਸਫ਼ਾ 30 'ਤੇ

# ਕੁਝ ਲਾਹਨਤਾਂ ਅਤੇ ਕੁਝ ਪ੍ਰਸੰਸਾ ਲੈ ਕੇ ਤੁਰ ਗਿਆ ਗੋਰਬਾਚੋਵ

## ✪ ਕੀ ਉਹ ਇਤਿਹਾਸ ਦਾ ਟਰੈਜਿਕ ਹੀਰੋ ਹੈ ? ✪ ਸੋਵੀਅਤ ਯੂਨੀਅਨ ਨੂੰ, 'ਬਲੈਕ ਹੋਲ' ਵਿਚ ਸੁੱਟਣ ਦਾ ਦੋਸ਼ੀ ਸੀ ਉਹ ?



ਕਰਮਜੀਤ ਸਿੰਘ ਚੰਡੀਗੜ
ਮੋ. 9915091063

ਦੋਸਤੋ ! ਗੋਰਬਾਚੋਵ ਦੀ ਮੌਤ ਨੂੰ ਕਿਨਾਂ ਸ਼ਬਦਾਂ ਨਾਲ ਯਾਦ ਕੀਤਾ ਜਾਵੇ ? ਅਸਲ ਵਿੱਚ ਢੁੱਕਵੇਂ ਸ਼ਬਦਾਂ ਦਾ ਕਾਲ ਪੈ ਗਿਆ ਹੈ।ਦਾਸਤੋਵਸਕੀ ਅਤੇ ਟਾਲਸਟਾਏ ਦਾ ਦੇਸ਼ ਉਸ ਨੂੰ ਕਿਵੇਂ ਯਾਦ ਕਰਦਾ ਹੈ ? ਅਤੇ 'ਪੱਛਮ ਵਾਲੇ' ਕਿਵੇਂ ਸੋਚਦੇ ਹਨ ? ਵੈਸੇ ਇਤਿਹਾਸ ਦਾ ਪੈਂਡੂਲਮ ਦੋਵੇਂ ਪਾਸੇ ਘੁੰਮਦਾ ਨਜ਼ਰ ਆ ਰਿਹਾ ਹੈ।ਅਜ ਦੀ ਰੂਸੀ ਜਵਾਨੀ ਨੂੰ ਬਹੁਤ ਘੱਟ ਪਤਾ ਹੈ ਕਿ ਉਹ ਕੌਣ ਸੀ।ਹਾਲਾਤ ਕਿੰਨੇ ਬਦਲ ਗਏ ਹਨ ਕਿ ਉਹ ਆਪਣੇ ਹੀ ਮੁਲਕ ਵਿਚ ਅਜਨਬੀ ਹੋ ਕੇ ਰਹਿ ਗਿਆ ਹੈ।

ਗੋਰਬਾਚੋਵ ਨੂੰ ਰੱਜ ਕੇ ਪ੍ਰਸੰਸਾ ਵੀ ਅਤੇ ਲਾਹਨਤਾਂ ਵੀ ਮਿਲਦੀਆਂ ਰਹੀਆਂ। ਇਹੋ ਉਸ ਦੀ ਤਕਦੀਰ ਵਿੱਚ ਲਿਖਿਆ ਗਿਆ ਸੀ। ਉਸ ਨੇ ਇੱਕ ਝਟਕੇ ਨਾਲ ਸੱਤ ਦਹਾਕਿਆਂ ਦੀ ਇਕ ਤਾਕਤਵਰ ਸਲਤਨਤ ਨੂੰ ਅਸਮਾਨ ਤੋਂ ਚੁੱਕ ਕੇ ਧਰਤੀ ਉੱਤੇ ਪਟਕਾ ਮਾਰਿਆ। ਦੂਜੇ ਸ਼ਬਦਾਂ ਵਿਚ ਹੱਥੀਂ ਕੰਮ ਕਰਨ ਵਾਲੇ ਕਿਰਤੀਆਂ ਦਾ ਜਿਹੜਾ ਇਨਕਲਾਬ 1917 ਵਿਚ ਇਸ ਦੁਨੀਆਂ ਨੇ ਵੇਖਿਆ ਉਹ ਇਤਿਹਾਸ ਦੇ ਬਲੈਕ ਹੋਲ ਨੇ 1991 ਵਿੱਚ ਆਪਣੇ ਅੰਦਰ ਖਿੱਚ ਲਿਆ। ਦੋਸਤੋ, ਇਤਿਹਾਸ ਦੀਆਂ ਉਲਟ ਬਾਜ਼ੀਆਂ ਦਾ ਵੀ ਕੀ ਕਹਿਣਾ, ਕਦੋਂ ਇਸ ਨੇ ਕਿਸ ਨੂੰ ਸਿਰ ਉਤੇ ਚੜਾਉਣਾ ਹੈ ਅਤੇ ਕਦੋਂ ਮੂਧੜੇ ਮੂੰਹ ਸੁਟ ਦੇਣਾ ਹੈ, ਅਤੇ ਇਸ ਦਾ ਸਿਹਰਾ ਅਤੇ ਸਰਾਪ ਗੋਰਬਾਚੋਵ ਦੇ ਹਿੱਸੇ ਆਇਆ।

ਕਿਰਤੀਆਂ ਦੇ ਇਨਕਲਾਬ ਦੀ ਗਲ ਚਲੀ ਹੈ ਤਾਂ ਡਿੱਗਦੀਆਂ,ਢਹਿੰਦੀਆਂ ਚੜਦੀਆਂ,ਸਭਿਅਤਾਵਾਂ ਦਾ ਵੱਡਾ ਥੰਮ ਯਾਨੀ 'ਅਸਮਾਨ ਕਦ' ਇਤਿਹਾਸਕਾਰ ਆਰਨਲਡ ਟਾਇਨਬੀ ਯਾਦ ਆ ਗਿਆ ਹੈ। ਪਿਛਾਂਹ ਵੱਲ ਦੂਰ ਤੱਕ ਝਾਕ ਸਕਣ ਦੀ ਉਸ ਦੀ ਰੱਬੀ ਨਿਗਾਹ ਨੇ **(a study of history)** ਐਲਾਨ ਕੀਤਾ ਕਿ ਨਹੀਂ, ਕਿਰਤੀਆਂ ਦਾ ਪਹਿਲਾ ਇਨਕਲਾਬ ਅਸਲ ਵਿੱਚ ਗੁਰੂ ਗੋਬਿੰਦ ਸਿੰਘ ਦੀ ਅਗਵਾਈ ਵਿਚ 1999 ਵਾਲੇ ਸਾਲ ਨੂੰ ਅਨੰਦਪੁਰ ਸਾਹਿਬ ਦੀ ਧਰਤੀ ਉੱਤੇ ਉਤਰਿਆ ਸੀ। ਇਹੋ ਰਾਜ਼ ਪੰਜਾਬ ਦੇ ਕਾਮਰੇਡਾਂ ਨੂੰ ਅੱਜ ਤੱਕ ਵੀ ਸਮਝ ਨਹੀਂ ਲੱਗਿਆ ਅਤੇ ਵਰਤਮਾਨ ਖ਼ਾਲਸੇ ਅੰਦਰ ਵੀ ਉਥੋਂ ਹਾਸਲ ਕੀਤੀ 'ਪਹਿਲ ਤਾਜ਼ਗੀ' ਮੁਰਝਾਉਂਦੀ ਨਜ਼ਰ ਆ ਰਹੀ ਹੈ।ਕੀ ਨਹੀਂ ?

ਦੋਸਤੋ, ਇੱਕ ਵਾਰ ਫਿਰ ਇਤਿਹਾਸ ਦੇ ਨਾਇਕ/ ਖਲਨਾਇਕ ਗੋਰਬਾਚੋਵ ਨੂੰ ਮਿਲਦੇ ਹਾਂ। ਉਸ ਦੀ ਜ਼ਿੰਦਗੀ ਦੇ ਸਫ਼ਰ ਦੀ ਕਹਾਣੀ ਉਤੇ ਉਡਦੀ ਝਾਤ ਮਾਰਦੇ ਹਾਂ।

ਉਨੀ ਸੌ ਇਕੱਤੀ ਵਿੱਚ ਗਰੀਬ ਕਿਸਾਨ ਦੇ ਘਰ ਜੰਮਿਆ, ਵੱਡਾ ਹੋਇਆ, ਇੱਕੀ ਸਾਲ ਦੀ ਉਮਰ ਵਿਚ ਕਮਿਊਨਿਸਟ ਪਾਰਟੀ ਦਾ ਮੈਂਬਰ ਬਣ ਗਿਆ ਤੇ ਅਗਲੇ ਸਾਲ ਹੀ ਕਾਨੂੰਨ ਦੀ ਪੜਾਈ ਕਰਦਿਆਂ ਰੈਜਾ ਨਾਂ ਦੀ ਔਰਤ ਨਾਲ ਪਿਆਰ ਤੇ ਉਸੇ ਨਾਲ ਵਿਆਹ ਵੀ। 54 ਸਾਲ ਦੀ ਉਮਰ ਵਿਚ ਕਮਿਊਨਿਸਟ ਪਾਰਟੀ ਦਾ ਜਨਰਲ ਸਕੱਤਰ ਬਣਿਆ ਯਾਨੀ ਸਭ ਤੋਂ ਉੱਚੇ ਅਹੁਦੇ ਤੇ ਜਾ ਪਹੁੰਚਿਆ। ਰਾਜ ਪ੍ਰਬੰਧ ਵਿੱਚ ਸੁਧਾਰਾਂ ਦੀ ਮੁਹਿੰਮ ਦਾ ਨਾਇਕ ਬਣਿਆ ਅਤੇ ਹਰ ਖੇਤਰ ਵਿੱਚ ਜਮਹੂਰੀਅਤ ਲਾਗੂ ਕਰਨ ਦਾ ਚਾਅ ਠਾਠਾਂ ਮਾਰਨ ਲੱਗ ਪਿਆ।

ਵੈਸੇ ਲੋਕ ਪਹਿਲਾਂ ਹੀ ਸਟਾਲਿਨ ਦੇ ਜ਼ੁਲਮਾਂ ਤੋਂ ਤੰਗ ਆ ਗਏ ਸਨ। ਕਿੰਨੂੰ ਸਾਰੀਆਂ ਪ੍ਰਮਾਣੀਕ ਪੁਸਤਕਾਂ ਪੜਨ ਪਿੱਛੋਂ ਗੁਰਦਿਆਲ ਬੱਲ ਦੀ ਡੂੰਘੀ ਖੋਜ ਦੱਸਦੀ ਹੈ ਕਿ ਸਟਾਲਿਨ ਨੇ ਪਾਰਟੀ ਦੇ ਅੰਦਰ ਤੇ ਪਾਰਟੀ ਤੋਂ ਬਾਹਰ ਜਿਨਾਂ ਬੰਦਿਆਂ ਦਾ ਕਤਲ ਕੀਤਾ ਉਸ ਦੀ ਗਿਣਤੀ ਇਕ ਕਰੋੜ ਤੋਂ ਵੀ ਵੱਧ ਹੈ।

ਦੋਸਤੋ, 1989 ਵਿੱਚ ਹਾਲਾਤ ਖ਼ਰਾਬ ਹੋ ਗਏ। ਲੋਕਾਂ ਨੂੰ ਰੋਟੀ ਵੀ ਨਸੀਬ ਨਹੀਂ ਸੀ ਹੋ ਰਹੀ। ਬਰੈਡ ਹਾਸਲ ਕਰਨ ਲਈ ਲੰਮੀਆਂ ਲੰਮੀਆਂ ਕਤਾਰਾਂ ਲੱਗ ਗਈਆਂ। ਅਮੀਰ ਅਤੇ ਸ਼ਕਤੀਸ਼ਾਲੀ ਮੁਲਕ ਸੱਚਮੁੱਚ ਇਕ ਤਰਾਂ ਨਾਲ ਮੰਗਤਾ ਬਣ ਗਿਆ। ਉਧਰ ਪਠਾਣਾਂ ਨੇ ਆਪਣੇ ਦੇਸ਼ ਅਫ਼ਗਾਨਿਸਤਾਨ ਵਿੱਚ ਕਬਜ਼ਾ ਕੀਤੀ ਰੂਸੀ ਫ਼ੌਜ ਨੂੰ ਨੱਕ ਰਾਹੀਂ ਚਣੇ ਚਬਾਏ। ਰੂਸ ਦੀ ਹਾਲਤ ਨੂੰ ਵੇਖ ਕੇ ਅੰਦਰੋਂ-ਬਾਹਰੋਂ ਪੱਛਮ ਦੇ ਮੁਲਕ ਤੇ ਖ਼ਾਸ ਤੌਰ 'ਤੇ ਅਮਰੀਕਾ ਬਾਗੋ-ਬਾਗ ਹੋ ਰਿਹਾ ਸੀ ਕਿਉਂਕਿ ਸ਼ਰੀਕ ਮਰ ਰਿਹਾ ਸੀ। ਫੇਰ 1990 ਦਾ ਸਾਲ ਆਣ ਲੱਥਾ। ਗੋਰਬਾਚੋਵ ਨੇ ਟੀ ਵੀ ਚੈਨਲਾਂ ਨੂੰ ਅਰਥਾਤ ਗੋਦੀ ਮੀਡੀਆ ਨੂੰ ਆਜ਼ਾਦ ਕਰ ਦਿੱਤਾ। ਹੁਣ ਰਾਜਨੀਤਕ ਬਹਿਸਾਂ ਨੇ ਆਪਣਾ ਘਰ ਵਸਾ ਲਿਆ। ਕਮਿਊਨਿਸਟ ਪਾਰਟੀ ਗੋਰਬਾਚੋਵ ਦੀਆਂ ਹਰਕਤਾਂ ਤੋਂ ਦੁਖੀ ਹੋ ਗਈ, 1991 ਵਿੱਚ ਰਾਜਪਲਟੇ ਦੀ ਕੋਸ਼ਿਸ਼ ਹੋਈ ਪਰ ਅਸਫ਼ਲ।

ਫਿਰ 25 ਦਸੰਬਰ 1991 ਦੀ ਸ਼ਗਨਾਂ ਭਰੀ ਸਵੇਰ ਚੜੀ। ਗੋਰਬਾਚੋਵ ਨੇ ਰਾਸ਼ਟਰਪਤੀ ਦੇ ਪਦ ਤੋਂ ਅਸਤੀਫਾ ਦੇ ਦਿੱਤਾ ਤੇ ਸੋਵੀਅਤ ਯੂਨੀਅਨ ਦਾ ਭੋਗ ਪੈ ਗਿਆ। ਸੋਵੀਅਤ ਯੂਨੀਅਨ ਦਾ ਅਸਲ ਨਾਂ ਇੱਕ ਵਾਰ ਮੁੜ 'ਰੂਸ' ਹੋ ਗਿਆ।ਰੂਸ ਵਿੱਚੋਂ ਹੀ ਪੰਦਰਾਂ ਹੋਰ ਮੁਲਕ ਬਾਹਰ ਨਿਕਲ ਕੇ ਆਜ਼ਾਦ ਹੋ ਗਏ।ਬਰਲਿਨ ਦੀ ਦੀਵਾਰ ਪਹਿਲਾਂ ਹੀ ਢਹਿ ਗਈ ਸੀ। ਉਸ ਵਿੱਚ ਵੀ ਗੋਰਬਾਚੋਵ ਦਾ ਹੱਥ ਸੀ। ਰੂਸੀ ਫੌਜ ਅਫ਼ਗਾਨਿਸਤਾਨ ਵਿੱਚੋਂ ਨਿਕਲ ਗਈ ਸੀ।ਠੰਢੀ ਜੰਗ ਦਾ ਖਾਤਮਾ ਹੋ ਗਿਆ ਸੀ ਅਤੇ ਦੋ ਖੰਭਿਆਂ **(two polar)** ਉੱਤੇ ਟਿਕੀ ਦੁਨੀਆਂ ਨੂੰ ਹੁਣ ਇਕੋ ਖੰਭੇ **(unipolar)** ਦਾ ਆਸਰਾ ਸੀ ਅਤੇ ਇਸ ਖੰਭੇ ਦਾ ਮਾਲਕ ਹੁਣ ਅਮਰੀਕਾ ਹੀ ਰਹਿ ਗਿਆ ਸੀ।ਵੈਸੇ ਹੁਣ ਇਹ ਇਕ ਖੰਭਾ ਵੀ ਸੁੱਕ ਮੁਰਝਾ ਗਿਆ ਹੈ ਅਤੇ ਦੁਨੀਆ ਬਿਨਾਂ ਕਿਸੇ ਖੰਭੇ ਤੋਂ ਟਿਕੀ ਹੋਈ ਹੈ। ਉਂਜ ਚੀਨ ਦਾ ਦਾਅਵਾ ਹੈ ਕਿ ਇਸ ਖੰਭੇ ਉੱਤੇ ਹੁਣ ਸਾਡਾ ਕਬਜ਼ਾ ਹੋਵੇਗਾ। ਦਿਲ ਭਾਰਤ ਦਾ ਵੀ ਕਰਦੈ ਕਿ ਇਹ ਖੰਭਾ ਉਸ ਨੂੰ ਹਾਸਿਲ ਹੋਵੇ ਪਰ ਅਜੇ ਦਿਲੀ ਦੂਰ ਹੈ।

ਗੋਰਬਾਚੋਵ ਨੂੰ ਹੁਣ ਕੋਈ ਨਹੀਂ ਸੀ ਪੁੱਛਦਾ। ਉਹ ਇੱਕ ਤਰਾਂ ਨਾਲ ਆਪਣੇ ਘਰ ਵਿੱਚ ਹੀ ਕੈਦ ਸੀ। ਇਕੱਲੇਪਣ ਦਾ ਜਸ਼ਨ ਮਨਾ ਰਿਹਾ ਸੀ। ਉਸ ਦੀ ਆਪਣੀ ਘਰ ਵਾਲੀ 1999 ਵਿੱਚ ਹੀ ਇਸ ਸੰਸਾਰ ਨੂੰ ਅਲਵਿਦਾ ਕਹਿ ਗਈ ਸੀ ਜਿਸ ਨੂੰ ਉਹ ਬੇਹੱਦ ਪਿਆਰ ਕਰਦਾ ਸੀ। ਉਸ ਨੇ ਆਪਣੀਆਂ ਯਾਦਾਂ ਵਿਚ ਉਸ ਬਾਰੇ ਲਿਖਿਆ ਹੈ ਕਿ ਉਸ ਦੇ ਵਿਛੋੜੇ ਨੇ ਉਸ ਦੀ ਜ਼ਿੰਦਗੀ ਦੇ ਅਰਥ ਹੀ ਬਦਲ ਦਿੱਤੇ। ਕੋਈ ਵੀ ਉਸ ਨੂੰ ਪਿਆਰ ਨਹੀਂ ਸੀ ਕਰਦਾ। 2019 ਦੀ ਗੱਲ ਹੈ ਜਦੋਂ ਉਸ ਨੇ ਇਕ ਵਿਦੇਸ਼ੀ ਪੱਤਰਕਾਰ ਨਾਲ ਆਪਣਾ ਦਰਦ ਸਾਂਝਾ ਕੀਤਾ। ਪਹਿਲਾਂ ਉਹ ਪੁਤਿਨ ਦੀ ਪ੍ਰਸੰਸਾ ਕਰਦਾ ਸੀ ਕਿਉਂਕਿ ਉਸ ਨੇ ਰੂਸ ਦਾ ਡਿਗਦਾ ਗੌਰਵ ਅਤੇ ਗਵਾਚੀ ਇੱਜ਼ਤ ਨੂੰ ਮੁੜ ਬਹਾਲ ਕੀਤਾ ਸੀ। ਪਰ ਹੁਣ ਉਸ ਦੇ ਤਾਨਾਸ਼ਾਹੀ ਵਤੀਰੇ ਤੋਂ ਪ੍ਰੇਸ਼ਾਨ ਰਹਿੰਦਾ ਸੀ।

ਗੋਰਬਾਚੋਵ ਨੂੰ ਸੰਗੀਤ ਨਾਲ ਪਿਆਰ ਸੀ, ਪਰ ਸ਼ਾਇਦ ਉਹ ਆਪਣੇ ਲੋਕਾਂ ਦੇ ਰਾਜਨੀਤਕ ਸੰਗੀਤ ਨੂੰ ਸਮਝ ਨਹੀਂ ਸੀ ਸਕਿਆ ।

ਗੋਰਬਾਚੋਵ ਚਲਾ ਗਿਆ ਹੈ, ਕੁਝ ਲੋਕਾਂ ਦਾ ਕਹਿਣਾ ਹੈ ਕਿ ਉਹ ਅਸਲ ਵਿੱਚ ਉਨੀ ਸੌ ਇਕੱਨਵੇਂ ਵਿੱਚ ਹੀ ਚਲਾ ਗਿਆ ਸੀ। ਪਰ ਉਸ ਦੇ ਜਾਣ ਪਿੱਛੋਂ ਰਾਜਨੀਤਕ ਸੰਸਾਰ ਸੱਚਮੁੱਚ ਬਦਲ ਗਿਆ ਸੀ। ਕਮਿਊਨਿਸਟ ਵਿਚਾਰਧਾਰਾ ਉੱਤੇ ਪਤਝੜ ਦੀ ਰੁੱਤ ਆ ਗਈ ਸੀ। ਧਰਮ ਉੱਤੇ ਵੀ ਉਦਾਸੀਆਂ ਦੇ ਡੂੰਘੇ ਪ੍ਰਛਾਵੇਂ ਪੈ ਗਏ ਹਨ। ਮਹਾਨ ਬੰਦੇ ਇਸ ਧਰਤੀ ਤੋਂ ਅਲੋਪ ਹੋ ਗਏ ਕੋਈ ਕੋਈ 'ਹਰਿਓ ਬੂਟ' ਜੁਗਨੂੰ ਦੀ ਲੋਅ ਕਰਦਾ ਹੈ। ਟਾਇਨਬੀ ਭਵਿੱਖਬਾਣੀ ਕਰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਆਉਣ ਵਾਲੇ ਸਮੇਂ ਵਿੱਚ ਇਸ ਸੰਸਾਰ ਨੂੰ ਕੋਈ 'ਵਿਸ਼ੇਸ਼ ਗੱਲ' ਦੱਸਣਗੇ ਪਰ ਉਸ ਦੀ ਕੌਮ ਵਿੱਚ 'ਖਾਸਮਖਾਸ' ਗੱਲ ਦੱਸਣ ਵਾਲੇ ਨਜ਼ਰ ਹੀ ਨਹੀਂ ਆ ਰਹੇ।

# ਨਸਲਵਾਦ ਤੇ ਬਸਤੀਵਾਦ ਦੇ ਖ਼ਿਲਾਫ਼ ਸ਼ਹਾਦਤਾਂ ਦੇਣ ਵਾਲੇ ਗ਼ਦਰੀ ਯੋਧੇ ਸ਼ਹੀਦ ਭਾਈ ਭਾਗ ਸਿੰਘ ਤੇ ਸ਼ਹੀਦ ਭਾਈ ਬਤਨ ਸਿੰਘ



**ਡਾ. ਗੁਰਵਿੰਦਰ ਸਿੰਘ**
**ਫੋਨ : 604 825 1550**

ਦੁਨੀਆਂ ਦੀਆਂ ਮਹਾਨ ਕੌਮਾਂ ਆਪਣੇ ਵਿਰਸੇ ਨੂੰ ਸੰਭਾਲਦੀਆਂ ਅਤੇ ਉਸ ਤੋਂ ਸੇਧ ਲੈ ਕੇ ਵਰਤਮਾਨ ਵਿਚ ਜੂਝਦੀਆਂ ਅਤੇ ਭਵਿੱਖ ਲਈ ਨਵੇਂ ਦਿਸਹੱਦੇ ਕਾਇਮ ਕਰਦੀਆਂ ਹਨ। ਸੰਸਾਰ ਪ੍ਰਸਿੱਧ ਲਿਖਾਰੀ ਰਸੂਲ ਹਮਜ਼ਾਤੋਵ 'ਮੇਰਾ ਦਾਗਿਸਤਾਨ' 'ਚ ਲਿਖਦਾ ਹੈ ਕਿ ਜੇਕਰ ਬੀਤੇ 'ਤੇ ਪਿਸਤੌਲ ਨਾਲ ਗੋਲ਼ੀ ਚਲਾਓਗੇ, ਤਾਂ ਭਵਿੱਖ ਤੁਹਾਨੂੰ ਤੋਪ ਨਾਲ ਫੁੰਡੇਗਾ। ਇਬਰਾਹਿਮ ਲਿੰਕਨ ਦਾ ਕਥਨ ਹੈ ਕਿ ਜਿਹੜੀਆਂ ਕੌਮਾਂ ਆਪਣੇ ਇਤਿਹਾਸ ਤੇ ਵਿਰਸੇ ਨੂੰ ਭੁੱਲ ਜਾਂਦੀਆਂ ਹਨ, ਉਹ ਭਵਿੱਖ ਵਿਚ ਕੁਝ ਵੀ ਨਹੀਂ ਸਿਰਜ ਸਕਦੀਆਂ। ਸਾਡੇ ਲਈ ਵੀ ਇਹ ਚਿੰਤਾ ਵਾਲੀ ਗੱਲ ਹੈ ਕਿ ਅਸੀਂ ਆਪਣਾ ਇਤਿਹਾਸ ਅਤੇ ਵਿਰਸਾ ਵਿਸਾਰਦੇ ਜਾ ਰਹੇ ਹਾਂ। ਅਜਿਹੀ ਹੀ ਇਕ ਇਤਿਹਾਸਕ ਗਾਥਾ, ਜੋ ਅਸੀਂ ਵਿਸਾਰ ਦਿੱਤੀ ਹੈ, ਆਓ ਉਸ ਦੀ ਸਾਂਝ ਪਾਉਂਦੇ ਹਾਂ।

ਇਹ ਗੌਰਵਮਈ ਗਾਥਾ 5 ਸਤੰਬਰ 1914 ਈਸਵੀ ਦੀ ਹੈ। ਸਥਾਨ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦਾ ਸੈਕਿੰਡ ਐਵੀਨਿਊ 'ਤੇ ਬਣਿਆ ਪਹਿਲਾ ਗੁਰਦੁਆਰਾ ਸੀ। ਸਮਾਂ ਸ਼ਾਮ ਦੇ ਕਰੀਬ ਸੱਤ ਵੱਜਣ 'ਚ ਕੁਝ ਕੁ ਮਿੰਟ ਬਾਕੀ ਸਨ। ਅਰਜਨ ਸਿੰਘ ਨਾਂ ਦੇ ਇੱਕ ਵਿਅਕਤੀ ਦੇ ਸਸਕਾਰ ਮਗਰੋਂ ਪਾਠ ਦਾ ਭੋਗ ਪੈ ਚੁੱਕਾ ਸੀ । ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਅਰਦਾਸ ਹੋਣ ਹੀ ਲੱਗੀ ਸੀ ਕਿ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ ਦੇ ਪਿੱਛੇ ਬੈਠੇ ਗ਼ੱਦਾਰ ਬੇਲਾ ਜਿਆਣ ਨੇ ਦੋਵਾਂ ਹੱਥਾਂ ਵਿਚ ਪਿਸਤੌਲ ਫੜ ਲਈ ਅਤੇ ਭਾਈ ਭਾਗ ਸਿੰਘ ਦੀ ਪਿੱਠ 'ਤੇ ਗੋਲੀਆਂ ਦੀ ਵਾਛੜ ਕਰ ਦਿੱਤੀ। ਇਹ ਵੇਖਦਿਆਂ ਸਾਰ ਹੀ ਅਰਦਾਸ 'ਚ ਖੜ੍ਹੇ ਇਕ ਹੋਰ ਯੋਧੇ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਨੇ ਜਾਨ ਦੀ ਪ੍ਰਵਾਹ ਨਾ ਕਰਦਿਆਂ, ਹਤਿਆਰੇ ਨੂੰ ਧੌਣੋਂ ਜਾ ਦਬੋਚਿਆ। ਬੇਲਾ ਜਿਆਣ ਨੇ ਆਪਣਾ ਪਿਸਤੌਲ ਭਾਈ ਬਤਨ ਸਿੰਘ ਵੱਲ ਕਰ ਕੇ ਅੰਨੇਵਾਹ ਗੋਲੀਆਂ ਚਲਾ ਦਿੱਤੀਆਂ, ਜਿਨਾਂ 'ਚੋਂ ਚਾਰ ਗੋਲ਼ੀਆਂ ਬਤਨ ਸਿੰਘ ਦੇ ਲੱਗੀਆਂ। ਇਸ ਗੋਲ਼ੀਬਾਰੀ 'ਚ ਅੱਠ ਹੋਰ ਬੰਦੇ ਵੀ ਜ਼ਖਮੀ ਹੋ ਗਏ। ਹਮਲਾਵਰ ਨੂੰ ਬਤਨ ਸਿੰਘ ਵਲੋਂ ਫੜਨ ਕਰਕੇ, ਉਲਝੇ ਬੇਲੇ ਜਿਆਣ ਦਾ ਨਿਸ਼ਾਨਾ ਚੁਕ ਜਾਣ ਕਾਰਨ, ਮਹਾਨ ਯੋਧੇ ਭਾਈ ਬਲਵੰਤ ਸਿੰਘ ਖੁਰਦਪੁਰ ਦਾ ਬਚਾਅ ਹੋ ਗਿਆ, ਜੋ ਉਸ ਵੇਲੇ ਗੁਰਦੁਆਰੇ ਦੇ ਮੁੱਖ ਗ੍ਰੰਥੀ ਸਨ ਤੇ ਤਾਬਿਆ 'ਚ ਚੌਰ ਕਰ ਰਹੇ ਸਨ। ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ, ਜਿਨਾਂ 'ਚੋਂ ਭਾਈ ਭਾਗ ਸਿੰਘ ਪਿੰਡ ਭਿੱਖੀਵਿੰਡ ਤੇ ਭਾਈ ਬਤਨ ਸਿੰਘ ਪਿੰਡ ਦਲੇਲ ਸਿੰਘ ਵਾਲਾ ਸ਼ਹੀਦੀ ਪਾ ਗਏ ਤੇ ਬਾਕੀਆਂ ਦਾ ਇਲਾਜ ਚੱਲਦਾ ਰਿਹਾ। ਹਤਿਆਰੇ ਬੇਲੇ ਜਿਆਣ ਨੂੰ ਚਾਹੇ ਗ੍ਰਿਫ਼ਤਾਰ ਵੀ ਕਰ ਲਿਆ, ਪਰ ਮਗਰੋਂ ਸਰਕਾਰੀ ਮੁਖ਼ਬਰ ਹੋਣ ਕਰ ਕੇ ਉਸ ਨੂੰ ਰਿਹਾਅ ਕਰਕੇ ਭਾਰਤ ਭੇਜ ਦਿੱਤਾ, ਜਿੱਥੇ 19 ਸਾਲ ਮਗਰੋਂ ਬੱਬਰ ਅਕਾਲੀ ਭਾਈ ਹਰੀ ਸਿੰਘ ਸੂੰਢ ਨੇ ਸਾਥੀਆਂ ਸਮੇਤ, ਬੇਲਾ ਜਿਆਣ ਉਸ ਦੇ ਜੱਦੀ ਪਿੰਡ ਨੇੜੇ ਹੀ 9 ਦਸੰਬਰ 1933 ਨੂੰ ਸੋਧਿਆ। 108 ਵਰੇ ਪਹਿਲਾਂ ਕੈਨੇਡਾ ਦੀ ਧਰਤੀ 'ਤੇ ਗੁਰਦੁਆਰਾ ਸਾਹਿਬ ਵਿਖੇ ਵਾਪਰੀ ਇਹ ਕੋਈ ਸਾਧਾਰਨ ਘਟਨਾ ਨਹੀਂ , ਸਗੋਂ ਉੱਤਰੀ ਅਮਰੀਕਾ ਦੇ ਇਤਿਹਾਸ ਵਿਚ ਗੁਰਦੁਆਰੇ ਅੰਦਰ ਪਾਈਆਂ ਗਈਆਂ ਸ਼ਹੀਦੀਆਂ ਦੀ ਤਰਜਮਾਨੀ ਕਰਦਾ ਗੌਰਵਮਈ ਇਤਿਹਾਸਕ ਅਧਿਆਇ ਹੈ, ਜਿਸ ਵਿੱਚ ਕੈਨੇਡਾ ਦੇ ਮੋਢੀ ਸਿੱਖ ਸ਼ਹੀਦਾਂ ਦੀ ਕੁਰਬਾਨੀ ਅੰਕਤ ਹੈ।

ਸ਼ਹੀਦ ਭਾਈ ਭਾਗ ਸਿੰਘ ਭਿੱਖੀਵਿੰਡ ਜ਼ਿਲਾ ਅੰਮ੍ਰਿਤਸਰ ਨਾਲ ਸਬੰਧ ਸਨ, ਜਿਨਾਂ ਕੈਨੇਡਾ ਆ ਕੇ ਜਿੱਥੇ ਖ਼ਾਲਸਾ ਦੀਵਾਨ ਸੁਸਾਇਟੀ ਦੀ ਸਥਾਪਨਾ 'ਚ ਮੁੱਖ ਭੂਮਿਕਾ ਨਿਭਾਈ, ਉਥੇ ਗ਼ਦਰ ਲਹਿਰ ਦੇ ਸੰਘਰਸ਼ ਵਿਚ ਵੀ ਮਹਾਨ ਆਗੂ ਵਜੋਂ ਉੱਭਰੇ। ਉਨਾਂ ਬਸਤੀਵਾਦ ਅਤੇ ਨਸਲਵਾਦ ਖ਼ਿਲਾਫ਼ ਜ਼ੋਰਦਾਰ ਆਵਾਜ਼ ਉਠਾਈ ਅਤੇ ਕੈਨੇਡਾ ਦੀ ਧਰਤੀ ਤੋਂ ਮੋੜੇ ਗਏ 'ਗੁਰੂ ਨਾਨਕ ਜਹਾਜ਼'





ਕੋਮਾਗਾਟਾਮਾਰੂ ਦੇ ਮੁਸਾਫ਼ਰਾਂ ਦੇ ਹੱਕ ਵਿੱਚ ਅਗਵਾਈ ਕੀਤੀ। ਇਸ ਤੋਂ ਇਲਾਵਾ ਕੈਨੇਡਾ 'ਚੋਂ ਭਾਰਤੀਆਂ ਨੂੰ ਕੱਢ ਕੇ ਹੋਂਡੂਰਸ ਭੇਜਣ ਦੀ ਕਾਰਵਾਈ ਦਾ ਵਿਰੋਧ ਕਰਨਾ, ਸਾਬਕਾ ਬਰਤਾਨਵੀ ਫ਼ੌਜੀਆਂ ਦੇ ਤਮਗੇ, ਇਨਸਿਗਨੀਆ ਆਦਿ ਅੱਗ ਵਿੱਚ ਸਾੜਨਾ ਅਤੇ ਬਰਤਾਨੀਆ ਦੇ ਬਾਦਸ਼ਾਹ ਜਾਰਜ ਪੰਜਵੇਂ ਦੀ ਤਾਜਪੋਸ਼ੀ ਦੇ ਸਮਾਗਮਾਂ ਦਾ ਵਿਰੋਧ ਆਦਿ ਦਲੇਰਾਨਾ ਕਾਰਜ ਭਾਈ ਭਾਗ ਸਿੰਘ ਜੀ ਦੀ ਅਗਵਾਈ ਵਿੱਚ ਹੀ ਹੋਏ।

**ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼**

ਸ਼ਹੀਦ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਪਿੰਡ ਨਾਲ ਸਬੰਧਤ ਸਨ, ਜਿਨਾਂ ਕੈਨੇਡਾ ਵਿਚਲੇ ਨਸਲਵਾਦ ਅਤੇ ਭਾਰਤ ਵਿਚਲੇ ਬਸਤੀਵਾਦ ਖ਼ਿਲਾਫ਼ ਇਨਕਲਾਬੀ ਸਰਗਰਮੀਆਂ ਜਾਰੀ ਰੱਖੀਆਂ ਅਤੇ ਮਗਰੋਂ ਸ਼ਹੀਦੀ ਪਾਈ। ਕਈ ਇਤਿਹਾਸਕਾਰਾਂ ਨੇ ਆਪ ਦਾ ਨਾਂ ਬਦਨ ਸਿੰਘ ਲਿਖਿਆ ਹੈ, ਜਦਕਿ ਆਪ ਦਾ ਸਹੀ ਨਾਂ ਬਤਨ ਸਿੰਘ,




ਭਾਵ ਵਤਨ, ਦੇਸ਼ ਸ਼ਬਦ ਤੋਂ ਹੈ। ਖ਼ੈਰ ਨਾਂ ਤੋਂ ਵੀ ਵੱਡੀ ਗੱਲ ਇਹ ਹੈ ਕਿ ਉਨਾਂ ਜਿੱਥੇ ਸ਼ਹਾਦਤ ਵਤਨ ਲਈ ਦਿੱਤੀ, ਉੱਥੇ ਆਪਣਾ ਬਦਨ ਭਾਵ ਤਨ ਕੌਮ ਲਈ ਸਮਰਪਿਤ ਕਰ ਦਿੱਤਾ। ਦੁਖਦਾਈ ਗੱਲ ਇਹ ਹੈ ਕਿ ਇਨਾਂ ਯੋਧਿਆਂ ਦੀਆਂ ਸ਼ਹਾਦਤਾਂ ਬਾਰੇ ਅਸੀਂ ਪੂਰੀ ਤਰਾਂ ਅਣਜਾਣ ਹਾਂ। ਸ਼ਹੀਦ ਭਾਈ ਭਾਗ ਸਿੰਘ ਤੇ ਸ਼ਹੀਦ ਭਾਈ ਬਤਨ ਸਿੰਘ ਦੀਆਂ ਸ਼ਹੀਦੀਆਂ ਦੀ ਇਹ ਇਤਿਹਾਸਕ ਵਾਰਤਾ ਸਾਡੇ ਮਨਾਂ ਵਿੱਚੋਂ ਵਿਸਰ ਚੁੱਕੀ ਹੈ, ਹਾਲਾਂਕਿ ਇਨਾਂ ਸ਼ਹਾਦਤਾਂ ਮਗਰੋਂ ਮਹਾਨ ਗ਼ਦਰੀ ਯੋਧੇ ਅਤੇ ਵਿਸ਼ਵਾਸੀ ਸਿੱਖ ਭਾਈ ਮੇਵਾ ਸਿੰਘ ਲੋਪੋਕੇ ਨੇ 21 ਅਕਤੂਬਰ 1914 ਈਸਵੀ ਨੂੰ ਵੈਨਕੂਵਰ ਦੀ ਕਚਹਿਰੀ 'ਚ ਅੰਗਰੇਜ਼- ਭਾਰਤੀ ਵਿਲੀਅਮ ਹੌਪਕਿਨਸਨ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ ਤੇ 11 ਜਨਵਰੀ 1915 ਨੂੰ ਹਸਦਿਆਂ ਫਾਂਸੀ ਦਾ ਰੱਸਾ ਚੁੰਮ ਕੇ ਸ਼ਹੀਦੀ ਪਾਈ ਸੀ। ਇਹ ਯੋਧੇ ਜਿੱਥੇ ਸਿੱਖ ਕੌਮ ਦੇ ਸ਼ਹੀਦ ਹਨ, ਉੱਥੇ ਹੀ ਗ਼ਦਰ ਲਹਿਰ ਨਾਲ ਸਬੰਧਿਤ ਮਹਾਨ ਸੂਰਬੀਰ ਵੀ ਹਨ, ਜਿਨਾਂ ਨੇ ਕੈਨੇਡਾ ਦੀ ਧਰਤੀ ਤੇ ਆ ਕੇ ਦੌਲਤ-ਸ਼ੋਹਰਤ ਕਮਾਉਣ ਦੀ ਥਾਂ ਦੇਸ- ਕੌਮ ਦੀ ਸੇਵਾ ਨੂੰ ਪਹਿਲ ਦਿੱਤੀ। ਇਨਾਂ ਸ਼ਹੀਦਾਂ ਨੇ ਘਰ-ਬਾਰ ਉਜਾੜ ਕੇ ਕੌਮੀ ਘਰ ਬਣਾਉਣ ਲਈ ਹਰ ਕੁਰਬਾਨੀ ਦਿੱਤੀ।



ਸ਼ਹੀਦ ਭਾਈ ਭਾਗ ਸਿੰਘ ਆਪਣੇ ਕੇਵਲ 32 ਮਹੀਨਿਆਂ ਦੇ ਪੁੱਤਰ ਜੋਗਿੰਦਰ ਸਿੰਘ ਸਣੇ ਅਮਰੀਕਾ ਦੀ ਸੁਮਸ ਜੇਲ 'ਚ ਬੰਦ ਹੋਏ ਅਤੇ ਮਗਰੋਂ ਅਜ਼ਾਦੀ ਅਤੇ ਇਨਸਾਫ਼ ਲਈ ਜਾਨ ਵੀ ਕੁਰਬਾਨ ਕਰ ਦਿੱਤੀ। ਭਾਈ ਬਤਨ ਸਿੰਘ ਨੇ ਗੋਲ਼ੀਆਂ ਵਰਾ ਰਹੇ ਸਰਕਾਰੀ ਮੁਖ਼ਬਰ ਬੇਲੇ ਨੂੰ ਧੌਣ ਤੋਂ ਧੂਹ ਕੇ, ਖ਼ੁਦ ਮੌਤ ਨੂੰ ਸੱਦਾ ਦਿੱਤਾ। ਸ਼ਹੀਦ ਭਾਈ ਮੇਵਾ ਸਿੰਘ ਨੇ ਇਨਾਂ ਦੇ ਦੋਸ਼ੀ ਵਿਲੀਅਮ ਹੌਪਕਿਨਸਨ ਨੂੰ ਸੋਧਣ ਲਈ ਹਥਿਆਰ ਚੁੱਕਿਆ ਤੇ ਲਾੜੀ ਮੌਤ ਨਾਲ ਵਿਆਹ ਸਜਾਇਆ। ਅੱਜ ਕੈਨੇਡਾ-ਅਮਰੀਕਾ ਅੰਦਰ ਅਸੀਂ ਜਿਸ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ, ਉਸ ਦੇ ਸੰਕਲਪ ਪਿੱਛੇ ਇਨਾਂ ਯੋਧਿਆਂ ਦਾ ਡੁੱਲਿਆ ਲਹੂ ਹੀ ਹੈ। ਦੂਜੇ ਪਾਸੇ ਭਾਰਤ ਵਿੱਚੋਂ ਫਿਰੰਗੀਆਂ ਨੂੰ ਕੱਢਣ ਲਈ ਜਿਹਨਾਂ ਨੇ ਖ਼ੂਨ ਦਾ ਕਤਰਾ-ਕਤਰਾ ਵਹਾ ਦਿੱਤਾ, ਉਹ ਇਹੀ ਗ਼ਦਰੀ ਯੋਧੇ ਅਤੇ ਸ਼ਹੀਦ ਸਨ।

ਅੱਜ ਲਾਲ ਕਿਲੇ 'ਤੇ ਜਿਹੜਾ ਝੰਡਾ ਝੁੱਲਦਾ ਹੈ, ਉਸ ਦੀਆਂ ਨੀਹਾਂ 'ਚ ਵੀ ਗਦਰੀ ਬਾਬਿਆਂ ਦੀਆਂ ਮਾਸ ਤੇ ਹੱਡੀਆਂ ਮੌਜੂਦ ਹਨ, ਹਾਲਾਂਕਿ ਇਨਾਂ ਮਹਾਨ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਅੱਜ ਦੇ ਫਾਸ਼ੀਵਾਦੀ ਹਾਕਮਾਂ ਨੇ ਮੂਲੋਂ ਹੀ ਵਿਸਾਰ ਦਿੱਤਾ ਹੈ। ਕੈਨੇਡਾ ਅਤੇ ਅਮਰੀਕਾ ਦੀ ਧਰਤੀ ਤੇ ਸੰਘਰਸ਼ ਕਰਨ ਵਾਲੇ ਗਦਰ ਲਹਿਰ ਦੇ ਯੋਧਿਆਂ ਦੀਆਂ, ਆਜ਼ਾਦੀ ਦੇ ਸੰਘਰਸ਼ ਵਿਚ ਵਡਮੁੱਲੀਆਂ ਮਹਾਨ ਕੁਰਬਾਨੀਆਂ ਹਨ। ਵਿਚਾਰਨ ਵਾਲੀ ਗੱਲ ਇਹ ਹੈ ਕਿ ਇਨਾਂ ਗ਼ਦਰੀ ਯੋਧਿਆਂ ਦੇ ਸ਼ਹੀਦੀ ਦਿਹਾੜੇ ਭਾਰਤ ਵਿੱਚ ਕਿਉਂ ਨਹੀਂ ਮਨਾਏ ਜਾਂਦੇ ? ਕੀ ਇਹ ਸ਼ਹੀਦ ਕੇਵਲ ਕੈਨੇਡਾ ਦੇ ਹੀ ਸ਼ਹੀਦ ਹਨ, ਭਾਰਤ ਨੂੰ ਇਨਾਂ ਯੋਧਿਆਂ ਦੇ ਸ਼ਹੀਦੀ ਦਿਵਸ ਰਾਸ਼ਟਰੀ ਪੱਧਰ ਤੇ ਨਹੀਂ ਮਨਾਉਣੇ ਚਾਹੀਦੇ ? ਅੱਜ ਪੰਜਾਬ ਵਿਚ ਖਾਸ ਕਰਕੇ ਅਤੇ ਭਾਰਤ 'ਚ ਆਮ ਕਰਕੇ ਇਨਾਂ ਸ਼ਹੀਦਾਂ ਬਾਰੇ ਲੋਕਾਂ ਨੂੰ ਇਤਿਹਾਸਕ ਜਾਣਕਾਰੀ ਕਿਉਂ ਨਹੀਂ ਦਿੱਤੀ ਜਾ ਰਹੀ ? ਕਿਹੜੀ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ 'ਚ ਇਨਾਂ ਦੀਆਂ ਜੀਵਨੀਆਂ ਬਾਰੇ ਪੜਾਇਆ ਕੀਤਾ ਜਾਂਦਾ ਹੈ ? ਪੰਜਾਬ ਸਕੂਲ ਸਿੱਖਿਆ ਬੋਰਡ ਦੀ ਕਿਹੜੀ ਜਮਾਤ ਦੇ ਸਿਲੇਬਸ 'ਚ ਇਨਾਂ ਨਾਲ ਸੰਬੰਧਤ ਪਾਠਕ੍ਰਮ ਸ਼ਾਮਿਲ ਹੈ ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਕਿਤਾਬਾਂ ਵਿਚ ਉਚੇਰੇ ਰੂਪ 'ਚ ਮੋਢੀ ਸਿੱਖ ਸ਼ਹੀਦਾਂ ਦੀਆਂ ਬਾਹਰਲੇ ਦੇਸ਼ਾਂ ਵਿਚ ਕੀਤੀਆਂ ਕੁਰਬਾਨੀਆਂ ਬਾਰੇ ਕਿੰਨਾ ਕੁ ਜ਼ਿਕਰ ਮਿਲਦਾ ਹੈ ? ਪੰਜਾਬ ਸਰਕਾਰ ਨੇ ਮਹਾਨ ਗ਼ਦਰੀ ਯੋਧਿਆਂ ਦੀਆਂ ਸ਼ਹੀਦੀਆਂ ਦੇ ਦਿਹਾੜੇ ਮਨਾਉਣ ਦਾ ਕਦੇ ਕੋਈ ਸੰਕਲਪ ਲਿਆ ਹੈ ? ਜੇਕਰ ਉਕਤ ਸਾਰੇ ਸੁਆਲਾਂ ਦਾ ਜਵਾਬ 'ਨਾਂਹ' ਵਿੱਚ ਹੈ, ਤਾਂ ਭਾਰਤ ਜਾਂ ਪੰਜਾਬ ਦੀਆਂ ਸਰਕਾਰਾਂ, ਕੇਂਦਰੀ ਸਿੱਖ ਸੰਸਥਾਵਾਂ ਅਤੇ ਦੇਸ਼ ਭਗਤਾਂ ਦੇ ਨਾਂ ਵੇਚਣ ਵਾਲੀਆਂ ਅਖੌਤੀ ਸੱਭਿਆਚਾਰਕ ਸੰਸਥਾਵਾਂ ਆਦਿ ਸਾਰੇ ਦੋਸ਼ੀ ਹਨ। ਚਾਹੀਦਾ ਇਹ ਹੈ ਕਿ ਅਜ਼ਾਦੀ ਦੇ ਸੰਘਰਸ਼ ਲਈ ਸ਼ਹੀਦੀਆਂ ਪਾਉਣ ਵਾਲੇ ਗਦਰੀ ਯੋਧਿਆਂ ਦੇ ਇਤਿਹਾਸ ਨਵੇਂ ਸਿਰਿਓਂ ਸਹੀ ਅਤੇ ਤੱਥਾਂ ਅਧਾਰਤ ਲਿਖਵਾਏ ਜਾਣ। ਕੈਨੇਡਾ ਅਮਰੀਕਾ ਭਾਰਤ ਵਿਚ ਸਥਾਪਤ ਕੀਤੀਆਂ ਗਈਆਂ ਭਾਰਤੀ ਅੰਬੈਸੀਆਂ 'ਚ ਸ਼ਹੀਦ ਮੇਵਾ ਸਿੰਘ ਸ਼ਹੀਦ ਭਾਗ ਸਿੰਘ ਤੇ ਸ਼ਹੀਦ ਬਤਨ ਸਿੰਘ ਸਣੇ ਸ਼ਹੀਦੀਆਂ ਪਾਉਣ ਵਾਲੇ ਯੋਧਿਆਂ ਦੀਆਂ ਤਸਵੀਰਾਂ ਲੱਗਣ, ਨਾ ਕਿ 'ਚੀਚੀ 'ਤੇ ਲਹੂ' ਲਗਾ ਕੇ ਸ਼ਹੀਦ ਅਖਵਾਉਣ ਵਾਲਿਆਂ ਦੀਆਂ ਫੋਟੋਆਂ ਸਜਾਈਆਂ ਜਾਣ। ਤਸਵੀਰਾਂ ਲਾਉਣ ਤੋਂ ਵੀ ਵੱਡੀ ਗੱਲ ਕਿ ਉਨਾਂ ਦੀ ਸੋਚ 'ਤੇ ਪਹਿਰਾ ਦਿੱਤਾ ਜਾਵੇ, ਜੋ ਕਿ ਨਹੀਂ ਦਿੱਤਾ ਜਾ ਰਿਹਾ ਅਤੇ ਜਿਸ ਨਾਲ ਲਗਾਤਾਰ ਖਿਲਵਾੜ ਹੋ ਰਿਹਾ ਹੈ।

ਹਰ ਜਾਗਰੂਕ ਲੇਖਕ, ਪੱਤਰਕਾਰ, ਬੁੱਧੀਜੀਵੀ ਤੇ ਇਤਿਹਾਸਕਾਰ ਨੂੰ ਵੀ ਇਨਾਂ ਗ਼ਦਰੀ ਸ਼ਹੀਦ ਯੋਧਿਆਂ ਬਾਰੇ ਨਾਟਕ, ਲੇਖ, ਕਵਿਤਾਵਾਂ ਤੇ ਖੋਜ ਪੁਸਤਕਾਂ ਤਿਆਰ ਕਰਕੇ ਆਪੋ-ਆਪਣਾ ਯੋਗਦਾਨ ਪਾਉਣ ਦੀ ਲੋੜ ਹੈ। ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਸ਼ਹੀਦ ਭਾਈ ਭਾਗ ਸਿੰਘ ਅਤੇ ਸ਼ਹੀਦ ਭਾਈ ਬਤਨ ਸਿੰਘ ਨੇ ਕੌਮ ਦੇ ਸੁਨਹਿਰੀ ਭਵਿੱਖ ਲਈ ਆਪਣਾ ਵਰਤਮਾਨ ਕੁਰਬਾਨ ਕੀਤਾ। ਅਫਸੋਸ ਇਸ ਗੱਲ ਦਾ ਵੀ ਹੈ ਕਿ ਜਿਸ ਅਸਥਾਨ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ 'ਸੈਕਿੰਡ ਐਵਨਿਊ' ਵੈਨਕੂਵਰ ਵਿਖੇ, ਇਨਾਂ ਸਿੱਖ ਸੂਰਬੀਰਾਂ ਦੀ ਸ਼ਹੀਦੀ ਹੋਈ, ਉਸ ਇਤਿਹਾਸਕ ਜਗਾ ਨੂੰ ਵੀ ਗ਼ੈਰ-ਜ਼ਿੰਮੇਵਾਰ ਅਤੇ ਬੁੱਧੀਹੀਣ ਪ੍ਰਬੰਧਕਾਂ ਨੇ ਸੱਤਰਵਿਆਂ ਵਿੱਚ ਵੇਚ ਛੱਡਿਆ। ਇਹ ਨਾ ਪੂਰਾ ਹੋਣ ਵਾਲਾ ਘਾਟਾ ਹੈ ਅਤੇ ਇਤਿਹਾਸ ਉਸ ਮੌਕੇ ਦੇ ਗੁੰਮਰਾਹ ਆਗੂਆਂ ਦੀ ਇਸ ਗੁਸਤਾਖ਼ੀ ਲਈ ਉਨਾਂ ਨੂੰ ਸਦਾ ਲਾਹਨਤਾਂ ਪਾਉਂਦਾ ਰਹੇਗਾ। ਮਹਾਨ ਸ਼ਹੀਦ ਭਾਈ ਭਾਗ ਸਿੰਘ ਭਿੱਖੀਵਿੰਡ ਅਤੇ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਨੇ ਸਥਾਪਤੀ ਖ਼ਿਲਾਫ਼ ਸ਼ਹੀਦੀਆਂ ਪਾਈਆਂ ਸਨ ਅਤੇ ਅਜੋਕੇ ਸਮੇਂ ਵੀ ਫਾਸ਼ੀਵਾਦੀ ਤਾਕਤਾਂ ਖ਼ਿਲਾਫ਼ ਇਕਮੁੱਠ ਹੋ ਕੇ ਲੜਨ ਦੀ ਲੋੜ ਹੈ। ਅੱਜ ਦਾ ਸਮਾਂ ਉਸ ਤੋਂ ਵੀ ਭਿਆਨਕ ਹੈ ਕਿਉਂਕਿ ਅੱਜ ਦੀ ਸਰਕਾਰ ਫਾਸ਼ੀਵਾਦ ਅਤੇ ਮਨੂੰਵਾਦ ਦੇ ਘੋੜੇ ਚੜ ਕੇ ਘੱਟ ਗਿਣਤੀਆਂ ਤੇ ਜ਼ੁਲਮ ਢਾਹ ਰਹੀ ਹੈ, ਉਸ ਖ਼ਿਲਾਫ਼ ਇਨਾਂ ਮਹਾਨ ਯੋਧਿਆਂ ਦੀ ਸੋਚ ਅਪਣਾਉਂਦਿਆਂ ਹੋਇਆ ਸੰਘਰਸ਼ ਕਰਨਾ ਹਰ ਸੁਚੇਤ ਵਿਅਕਤੀ ਦਾ ਫ਼ਰਜ਼ ਬਣਦਾ ਹੈ।

# ਵਾਰਿਸ ਸ਼ਾਹ ਨੂੰ ਕਬਰਾਂ 'ਚੋਂ ਹਾਕਾਂ ਮਾਰਨ ਤੋਂ ਲੈ ਕੇ ਇੰਦਰਾ ਗਾਂਧੀ ਦੀ ਐਮਰਜੈਂਸੀ ਵੇਲੇ ਸਰਕਾਰੀ ਹਮਾਇਤ ਅਤੇ ਸਿੱਖ ਨਸਲਕੁਸ਼ੀ ਵੇਲੇ ਖਾਮੋਸ਼ੀ ਤੱਕ ਦਾ ਰਸਾਤਲਮਈ ਸਫਰ

**ਡਾ. ਗੁਰਵਿੰਦਰ ਸਿੰਘ**

ਪੰਜਾਬੀ ਸਾਹਿਤ ਜਗਤ ਦੀ ਕਵਿੱਤਰੀ ਅੰਮ੍ਰਿਤਾ ਪ੍ਰੀਤਮ ਸੰਸਾਰ ਪ੍ਰਸਿੱਧ ਲੇਖਿਕਾ ਹੈ, ਇਸ ਵਿੱਚ ਕੋਈ ਸ਼ੱਕ ਨਹੀਂ, ਪਰ ਉਸ ਦੇ ਜੀਵਨ ਸਫ਼ਰ ਦੇ ਸਾਹਿਤਕ ਪੱਖੋਂ ਕੁਝ ਅਜਿਹੀ ਵੀ ਪਹਿਲੂ ਹਨ, ਜਿਹੜੇ ਉਸ ਨੂੰ ਸਰਕਾਰੀ ਹਮਾਇਤਣ ਅਤੇ ਲੋਕ ਹੱਕਾਂ ਵਿਰੋਧੀ ਲੇਖਿਕਾ ਵਜੋਂ ਪੇਸ਼ ਕਰਦੇ ਹਨ। ਇਸ ਲਿਖਤ ਰਾਹੀਂ ਅੰਮ੍ਰਿਤਾ ਦੇ ਸਾਹਿਤਕ ਸਫ਼ਰ ਨਾਲ, ਇਨਾਂ ਪਹਿਲੂਆਂ ਬਾਰੇ ਵੀ ਵਿਚਾਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਉਸ ਦਾ ਜਨਮ ਅਣਵੰਡੇ ਪੰਜਾਬ ਦੇ ਗੁਜਰਾਂਵਾਲਾ 'ਚ ਭਾਈ ਕਰਤਾਰ ਸਿੰਘ ਹਿੱਤਕਾਰੀ ਦੇ ਗ੍ਰਹਿ ਵਿਖੇ, ਮਾਤਾ ਰਾਜ ਬੀਬੀ ਦੀ ਕੁੱਖੋਂ 31 ਅਗਸਤ 1919 ਨੂੰ ਹੋਇਆ। ਉਸ ਦਾ ਮੁੱਢਲਾ ਨਾਂ ਅੰਮ੍ਰਿਤ ਕੌਰ ਸੀ। ਹਿਤਕਾਰੀ ਜੀ ਕੰਨਿਆ ਵਿਦਿਆਲਿਆ, ਭਸੌੜ ਵਿਖੇ ਮਾਸਟਰ ਸਨ ਅਤੇ ਰਾਜ ਬੀਬੀ ਵੀ ਉਥੇ ਅਧਿਆਪਕਾ ਸੀ। ਸਿੱਖੀ ਦੇ ਪ੍ਰਚਾਰ ਕਾਰਨ ਉਨਾਂ ਦੀ ਧੀ ਦਾ ਨਾਂ 'ਅੰਮ੍ਰਿਤ ਕੌਰ ਗਿਆਨੀ' ਵਜੋਂ ਮਸ਼ਹੂਰ ਹੋਇਆ ਅਤੇ ਪਹਿਲੀਆਂ ਪੁਸਤਕਾਂ ਉੱਤੇ ਵੀ ਇਹ ਨਾਂ ਹੀ ਲਿਖਿਆ ਮਿਲਦਾ ਹੈ। ਇਸ ਦੀ ਮਿਸਾਲ ਕਿਤਾਬ 'ਅੰਮ੍ਰਿਤ ਲਹਿਰਾਂ' (1936) ਹੈ ਅਤੇ ਅਜਿਹੀਆਂ ਹੋਰ ਲਿਖਤਾਂ ਵੀ ਹਨ। ਅੰਮ੍ਰਿਤ ਕੌਰ ਦੀ ਸ਼ਾਦੀ ਪ੍ਰੀਤਮ ਸਿੰਘ ਨਾਲ ਹੋਈ, ਜਿਸ ਕਰ ਕੇ ਉਸ ਨੇ ਮੁੱਢਲੀ ਪਛਾਣ ਵਾਲਾ ਨਾਂ 'ਅੰਮ੍ਰਿਤ ਕੌਰ ਗਿਆਨੀ' ਛੱਡ ਕੇ, ਪਤੀ ਦੇ ਨਾਂ ਨਾਲ ਜੋੜ ਕੇ 'ਅੰਮ੍ਰਿਤਾ ਪ੍ਰੀਤਮ' ਲਿਖਣਾ ਸ਼ੁਰੂ ਕਰ ਦਿੱਤਾ ਅਤੇ ਇਸ ਨਾਂ ਨਾਲ ਪ੍ਰਸਿੱਧ ਹੋਈ। ਮਗਰੋਂ ਪ੍ਰੀਤਮ ਸਿੰਘ ਨਾਲੋਂ ਵੱਖ ਹੋ ਕੇ ਆਪਣਾ ਜੀਵਨ ਇਮਰੋਜ਼ ਨਾਲ ਗੁਜ਼ਾਰਿਆ, ਪਰ ਨਾਂ ਅੰਮ੍ਰਿਤਾ ਪ੍ਰੀਤਮ ਹੀ ਲਿਖਦੀ ਰਹੀ, ਜਦ ਕਿ ਵਾਸਤਵਿਕ ਰੂਪ ਵਿੱਚ ਓਦੋਂ ਉਹ 'ਅੰਮ੍ਰਿਤਾ ਇਮਰੋਜ਼' ਹੋ ਚੁੱਕੀ ਸੀ। ਅੰਮ੍ਰਿਤਾ ਪ੍ਰੀਤਮ ਦਾ ਦੇਹਾਂਤ ਭਾਰਤ ਦੀ ਰਾਜਧਾਨੀ ਦਿੱਲੀ 'ਚ 31 ਅਕਤੂਬਰ 2005 ਨੂੰ ਹੋਇਆ। ਮਨੁੱਖੀ ਹੱਕਾਂ ਦੀ ਹਮਾਇਤਣ ਵਜੋਂ ਜਾਣੀ ਜਾਂਦੀ ਕਵਿੱਤਰੀ ਅੰਮ੍ਰਿਤਾ ਦਾ ਸ਼ੇਅਰ ਹੈ : 'ਜਿੱਥੇ ਵੀ ਆਜ਼ਾਦ ਰੂਹ ਦੀ ਝਲਕ ਪਵੇ,ਸਮਝਣਾ, ਉਹ ਮੇਰਾ ਘਰ ਹੈ।'

*'ਕਿੱਕਰਾਂ ਵੇ ਕੰਡਿਆਲਿਆ ਉੱਤੋਂ ਚੜ੍ਹਿਆ ਪੋਹ।*





*ਹੱਕ ਜਿਨਾਂ ਦੇ ਆਪਣੇ ਆਪੇ ਲੈਣਗੇ ਖੋਹ।'*

ਇਸ ਪੋਸਟ ਨਾਲ ਸਾਂਝੀ ਕੀਤੀ ਤਸਵੀਰ ਵੀ ਇਸ ਗੱਲ ਦੀ ਗਵਾਹ ਹੈ ਅਤੇ ਇਤਿਹਾਸ ਵੀ ਕਿ ਹੱਕਦਾਰਾਂ ਲਈ ਹੱਕ ਖੋਹ ਲੈਣ ਦੀ ਵਕਾਲਤ ਕਰਨ ਵਾਲੀ ਅੰਮ੍ਰਿਤਾ ਪ੍ਰੀਤਮ ਲਈ ਜਦੋਂ ਇਮਤਿਹਾਨ ਦਾ ਸਮਾਂ ਆਇਆ ਅਤੇ ਉਸ ਦੀ 'ਸਹੇਲੀ' ਭਾਰਤ ਦੀ ਤਤਕਾਲੀਨ ਪ੍ਰਧਾਨ ਮੰਤਰੀ 'ਇੰਦਰਾ ਗਾਂਧੀ' ਨੇ 1975 ਵਿੱਚ 'ਐਮਰਜੈਂਸੀ' ਲਾ ਕੇ ਲੋਕਾਂ ਦੇ ਹੱਕ ਖੋਹੇ ਤਾਂ ਅੰਮ੍ਰਿਤਾ ਪ੍ਰੀਤਮ ਨੇ ਇਸ ਦਾ ਵਿਰੋਧ ਤਾਂ ਕੀ ਕਰਨਾ ਸੀ, ਸਗੋਂ ਹਮਾਇਤ ਕੀਤੀ। ਇੱਕ ਪਾਸੇ ਪੰਜਾਬ ਦੇ ਜਨ- ਸਧਾਰਨ ਅਤੇ ਦੇਸ਼ ਦੇ ਬਾਕੀ ਹਿੱਸਿਆਂ ਵਿੱਚੋਂ ਜਾਗਰੂਕ ਲੇਖਕ 'ਐਮਰਜੈਂਸੀ' ਦਾ ਵਿਰੋਧ ਕਰ ਰਹੇ ਸਨ, ਹੱਕਾਂ ਦੀ ਰਾਖੀ ਲਈ ਜਾਣੀ ਜਾਂਦੀ 'ਸਿਰਮੌਰ ਕਵਿੱਤਰੀ' ਐਮਰਜੈਂਸੀ ਨੂੰ ਜਾਇਜ਼ ਠਹਿਰਾ ਰਹੀ ਸੀ।

'ਕੀ ਅੰਮ੍ਰਿਤਾ ਪ੍ਰੀਤਮ ਦਾ ਐਮਰਜੈਂਸੀ ਦੇ ਕਾਲ਼ੇ ਦੌਰ ਵਿੱਚ ਇੰਦਰਾ ਗਾਂਧੀ ਦੇ ਫੈਸਲੇ ਦਾ ਸਮਰਥਨ ਕਰਨਾ ਠੀਕ ਸੀ?' ਸਪੱਸ਼ਟ ਤੌਰ ਤੇ ਇਹ ਨਿਸ਼ਾਨੀ 'ਸਰਕਾਰੀ ਲੇਖਕ' ਦੀ ਹੁੰਦੀ ਹੈ, ਜੋ ਸਰਕਾਰ ਦੀ ਗਲਤ ਨੀਤੀ ਬਾਰੇ ਜਾਂ ਚੁੱਪ ਹੋਵੇ ਜਾਂ ਉਸ ਦੀ ਹਮਾਇਤ ਕਰੇ।

ਦੂਜਾ ਅੰਮ੍ਰਿਤਾ ਨੂੰ ਔਰਤਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਵਾਲੀ ਸਿਰਮੌਰ ਲੇਖਿਕਾ ਵਜੋਂ ਜਾਣਿਆ ਜਾਂਦਾ ਹੈ। ਅਖੌਤੀ ਆਜ਼ਾਦ ਭਾਰਤ ਵਿੱਚ ਜਦੋਂ ਦਿੱਲੀ ਸ਼ਹਿਰ ਵਿੱਚ ਸਿੱਖ ਔਰਤਾਂ ਦੀ ਬੇਪਤੀ ਹੋਈ, ਤਾਂ ਅੰਮ੍ਰਿਤਾ ਪ੍ਰੀਤਮ ਨੇ ਸਰਕਾਰੀ ਲੇਖਿਕਾ ਬਣ ਕੇ, ਜ਼ੁਲਮ ਖ਼ਿਲਾਫ਼ ਬੋਲਣ ਦੀ ਥਾਂ, ਚੁੱਪ ਵੱਟ ਲਈ। ਨਵੰਬਰ 1984 ਵਿੱਚ ਦਿੱਲੀ ਸ਼ਹਿਰ ਵਿੱਚ ਸਿੱਖਾਂ ਦੀਆਂ ਹਜ਼ਾਰਾਂ ਧੀਆਂ, ਮਾਵਾਂ, ਭੈਣਾਂ ਦੀ ਪੱਤ ਰੋਲੀ ਜਾ ਰਹੀ ਸੀ, ਗੈਂਗ-ਰੇਪ ਹੋ ਰਹੇ ਸਨ, ਚੌਕ- ਚੁਰਾਹਿਆਂ ਵਿੱਚ ਕਤਲ ਹੋ ਰਹੇ ਸਨ ਅਤੇ ਅਜਿਹਾ ਸਭ ਕੁਝ ਕਰਨ ਵਿੱਚ 'ਇੰਡੀਅਨ ਸਟੇਟ' ਸ਼ਾਮਲ ਸੀ, ਪੁਲਿਸ ਅਤੇ ਪ੍ਰਸ਼ਾਸਨ ਇਸ ਦੇ ਜ਼ਿੰਮੇਵਾਰ ਸਨ। ਦਰਅਸਲ ਇਹ ਭਾਰਤ ਸਰਕਾਰ ਵੱਲੋਂ ਕਰਵਾਇਆ ਗਿਆ ਕਤਲੇਆਮ ਸੀ। ਉਸ ਵੇਲੇ 'ਔਰਤਾਂ ਦੇ ਹੱਕਾਂ ਦੀ ਰਾਖੀ' ਦੀ ਗੱਲ ਕਰਨ ਦਾ ਦਾਅਵਾ ਕਰਨ ਵਾਲੀ ਅੰਮ੍ਰਿਤਾ ਪ੍ਰੀਤਮ ਨੇ ਆਪਣਾ ਮੂੰਹ ਬੰਦ ਰੱਖ ਕੇ ਸਰਕਾਰ ਦਾ ਪੱਖ ਪੂਰਿਆ ਅਤੇ ਸਰਕਾਰੀ ਸਾਹਿਤਕਾਰ ਹੋਣ ਦਾ ਸਬੂਤ ਪੇਸ਼ ਕੀਤਾ।

'ਕੀ ਦਿੱਲੀ ਕਤਲੇਆਮ ਸਮੇਂ ਹਜ਼ਾਰਾਂ ਧੀਆਂ ਮਾਵਾਂ ਭੈਣਾਂ ਦੇ ਕੀਰਨੇ ਅੰਮ੍ਰਿਤਾ ਪ੍ਰੀਤਮ ਨੂੰ ਸੁਣਾਈ ਨਹੀਂ ਦਿੱਤੇ ਜਾਂ ਫਿਰ 'ਇੰਦਰਾ ਭਗਤੀ' ਦੀ ਕੀਮਤ ਚੁਕਾਉਂਦੇ ਹੋਏ, ਉਹ 'ਸਿੱਖ ਨਸਲਕੁਸ਼ੀ' ਨੂੰ ਵੀ ਅਸਿੱਧੇ ਰੂਪ ਵਿਚ ਹਮਾਇਤ ਦੇ ਰਹੀ ਸੀ?' ਇੱਕੋ ਸਾਹ ਅੰਮ੍ਰਿਤਾ ਪ੍ਰੀਤਮ ਦੇ ਸੋਹਲੇ ਗਾਉਣ ਵਾਲੇ ਲੇਖਕ ਇਸ ਬਾਰੇ ਜ਼ਰੂਰ ਦੱਸਣ ਕਿ ਕੀ ਇਨਾਂ ਹੱਤਿਆਵਾਂ 'ਤੇ ਅੰਮ੍ਰਿਤਾ ਪ੍ਰੀਤਮ ਦੀ 'ਚੁੱਪ ਸਹੀ' ਸੀ?

'ਦਿੱਲੀ ਦੀਆਂ ਗਲੀਆਂ' ਵਿੱਚ ਪੱਤ ਰੁਲ ਰਹੀ ਸੀ, ਪਰ ਅੰਮ੍ਰਿਤਾ ਪ੍ਰੀਤਮ ਦੀ 'ਪੱਕੀ ਹਵੇਲੀ' ਦਾ 'ਬੰਦ ਦਰਵਾਜ਼ਾ' ਰੋ-ਕੁਰਲਾ ਰਹੀਆਂ ਧੀਆਂ ਦੀਆਂ ਚੀਖ਼ਾਂ ਸੁਣ ਕੇ ਵੀ ਨਾ ਖੁੱਲਿਆ। ਜਾਪਦਾ ਇਉਂ ਹੈ ਕਿ ਉਹ 'ਕੋਰੇ ਕਾਗਜ਼' 'ਤੇ ਇੰਡੀਅਨ ਸਟੇਟ ਦੇ ਹੱਕ 'ਚ 'ਮੁਹੱਬਤਨਾਮਾ' ਲਿਖ ਕੇ 'ਪਿੰਜਰ' ਬਣ ਚੁੱਕੀ ਸੀ। 'ਇੱਕ ਹੱਥ ਮਹਿੰਦੀ ਇਕ ਹੱਥ ਛੱਲਾ' ਪਾ ਕੇ 'ਕੱਚੇ ਅੱਖਰ' ਲਿਖਣ ਵਾਲੀ ਸਿਰਮੌਰ ਲਿਖਾਰਨ ਨੂੰ 'ਇਕ ਸ਼ਹਿਰ ਦੀ ਮੌਤ' ਨਜ਼ਰ ਨਹੀਂ ਸੀ ਆ ਰਹੀ, ਜਿਸ ਕਰ ਕੇ ਵਾਰਿਸ ਸ਼ਾਹ ਦੇ ਨਾਂ ਕੋਈ 'ਆਖ਼ਰੀ ਖ਼ਤ' ਲਿਖਣ ਜਾਂ 'ਸੁਨੇਹੜੇ' ਭੇਜਣ ਲਈ, ਹੁਣ ਉਹ ਬਿਲਕੁਲ ਤਿਆਰ ਨਹੀ ਸੀ। 'ਇਹ ਸੱਚ ਹੈ' ਕਿ ਸਰਕਾਰ ਵੱਲੋਂ ਕਰਵਾ ਕਤਲੇਆਮ ਮੌਕੇ ਅੰਮ੍ਰਿਤਾ ਪ੍ਰੀਤਮ ਨੇ 'ਕਾਗਜ਼ ਤੇ ਕੈਨਵਸ' ਲੈ ਕੇ 'ਇਕ ਉਦਾਸ ਕਿਤਾਬ' ਲਿਖਦਿਆਂ ਅਮਰ ਹੋਣ ਦੀ ਥਾਂ, ਪਦਮ ਵਿਭੂਸ਼ਨਾਂ ਦੇ 'ਪੱਥਰ ਗੀਟੇ' ਇਕੱਠੇ ਕਰਨ ਨੂੰ ਪਹਿਲ ਦਿੱਤੀ। ਅਮਰਜੈਂਸੀ ਅਤੇ ਨਸਲਕੁਸ਼ੀ ਦੇ ਦੌਰ ਵਿੱਚ ਸਰਕਾਰੀ ਤਸ਼ੱਦਦ ਬਾਰੇ ਚੁੱਪ ਵਟਦੀ ਉਸ ਦੀ 'ਰਸੀਦੀ ਟਿਕਟ' 'ਕੱਚੇ ਅੱਖਰਾਂ' ਦੀ ਲਿਖਤ ਸਿੱਧ ਹੁੰਦਿਆਂ, ਸਰਕਾਰੀ ਜਬਰ ਦੀ 'ਕਰਜ਼ੀ ਧੁੱਪ ਦਾ ਸਫ਼ਰ' ਤੈਅ ਕਰਨ ਵਿੱਚ ਅਸਫਲ ਰਹਿੰਦੀ ਹੈ। ਹਕੂਮਤ ਦੇ ਸੋਹਲੇ ਗਾਉਂਦੀਆਂ ਕੱਚੀਆਂ ਲਿਖਤਾਂ ਦੀ 'ਕੱਚੀ ਸੜਕ' ਰਾਹੀਂ ਸਰਕਾਰੀ 'ਹਵੇਲੀ' ਤਕ ਪੁੱਜਣ ਦੇ ਚਾਹਵਾਨ 'ਅੱਜ ਦੇ ਕਾਫ਼ਰ' ਲੇਖਕ, ਸਿਰਮੌਰ ਕਵਿੱਤਰੀ ਦੇ ਇਸ ਪੱਖ ਬਾਰੇ ਮੂੰਹ ਨਹੀਂ ਖੋਲਣਗੇ, ਪਰ 'ਬਾਰੀਆਂ ਝਰੋਖਿਆਂ' 'ਚੋਂ 'ਤੇਰਵਾਂ ਸੂਰਜ' ਇਹ ਸੱਚਾਈ ਖ਼ੁਦ ਬਿਆਨ ਕਰ ਰਿਹਾ ਹੈ ਕਿ ਅੰਮ੍ਰਿਤਾ ਪ੍ਰੀਤਮ 'ਸਿਰਮੌਰ ਸਰਕਾਰੀ ਸਾਹਿਤਕਾਰ' ਸੀ। ਸੱਚ ਤਾਂ ਇਹ ਹੈ ਕਿ ਸਮੇਂ ਦੀ ਸਰਕਾਰ ਦੇ ਪੱਖ 'ਚ ਭੁਗਤਣ ਵਾਲੇ ਸਮੂਹ ਲੇਖਕ ਵਰਗ ਵਿੱਚੋਂ ਸਿਰਕੱਢ ਸ਼ਖ਼ਸੀਅਤ ਅੰਮ੍ਰਿਤਾ ਪ੍ਰੀਤਮ ਸੀ। ਅਸੀਂ ਕਦੇ ਨਾ ਭੁਲੀਏ ਕਿ ਅੱਜ ਜੇ ਇਹ ਸਵਾਲ ਅੰਮ੍ਰਿਤਾ ਪ੍ਰੀਤਮ ਨੂੰ ਐਮਰਜੈਂਸੀ ਦੀ ਹਮਾਇਤ ਕਰਨ ਤੇ ਮਨੁੱਖੀ ਕਤਲੇਆਮ 'ਤੇ ਚੁੱਪ ਧਾਰਨ ਕਰ ਕੇ ਪੁੱਛੇ ਜਾ ਰਹੇ ਹਨ, ਤਾਂ ਭਲਕ ਨੂੰ ਇਹੀ ਸਵਾਲ 'ਉਨਾਂ ਲੇਖਕਾਂ' ਨੂੰ ਵੀ ਪੁੱਛੇ ਜਾਣਗੇ, ਜੋ ਅੱਜ ਦੀ ਅਣ-ਐਲਾਨੀ ਐਮਰਜੈਂਸੀ ਅਤੇ ਸਰਕਾਰੀ ਕਤਲੇਆਮ ਖਿਲਾਫ ਮੂੰਹ ਵਿਚ ਘੁੰਗਣੀਆਂ ਪਾਈ ਬੈਠੇ ਹਨ ਤੇ ਬੋਲਦੇ ਨਹੀਂ। ਅੱਜ ਜਦੋਂ ਦੇਸ਼ ਭਰ ਦੇ ਬੁੱਧੀਜੀਵੀ ਜੇਲਾਂ ਵਿਚ ਸੜ ਰਹੇ ਹਨ, ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਅਧੀਨ ਕਿਰਤੀ ਕਿਸਾਨ ਸਰਕਾਰੀ ਜਬਰ ਦਾ ਸ਼ਿਕਾਰ ਹੋ ਰਹੇ ਹਨ, ਇਸ ਸਮੇਂ ਸਰਕਾਰੀ ਪਦਵੀਆਂ ਦਾ ਆਨੰਦ ਮਾਨਣ ਵਾਲੇ ਮੌਨ-ਧਾਰੀ ਸਾਹਿਤਕਾਰ ਦੋਸ਼ੀ ਹਨ।

ਅੰਮ੍ਰਿਤਾ ਪ੍ਰੀਤਮ ਨੂੰ ਸਰਕਾਰ ਨੇ 'ਪਦਮਸ੍ਰੀ' ਅਤੇ 2004 'ਪਦਮ ਵਿਭੂਸ਼ਨ' ਦਿੱਤੇ। ਅੱਜ ਵੀ ਹਕੂਮਤ ਦੇ ਸੋਹਲੇ ਗਾਉਣ ਵਾਲੇ ਅਜਿਹੇ ਪਦਮ ਸ੍ਰੀ, ਪਦਮ ਵਿਭੂਸ਼ਣ ਅਤੇ ਭਾਰਤ ਰਤਨ ਵਰਗੇ ਸਨਮਾਨ ਲੈ ਰਹੇ ਹਨ, ਪਰ ਇਤਿਹਾਸ ਵਿੱਚ ਆਪਣਾ ਨਾਂ ਮਨੁੱਖਤਾ ਵਿਰੋਧੀ ਟੋਲੀ ਵਿੱਚ ਸ਼ਾਮਿਲ ਕਰ ਰਹੇ ਹਨ। ਵਰਤਵਾਨ ਸਮੇਂ ਇੰਡੀਅਨ ਫਾਸ਼ੀਵਾਦੀ ਸਟੇਟ ਅਤੇ ਉਸ ਦੇ ਮੁਖੀ ਨਰਿੰਦਰ ਮੋਦੀ ਦੀ ਅਣ-ਐਲਾਨੀ ਐਮਰਜੈਂਸੀ ਵਰਗੇ ਗਲਤ ਕਦਮ ਦੀ ਹਮਾਇਤ ਕਰਨ ਵਾਲੇ 'ਸਰਕਾਰੀ ਲੇਖਕ' ਇਤਿਹਾਸ ਵਿੱਚ ਆਪਣਾ ਨਾਂ 'ਲੋਕ-ਵਿਰੋਧੀ ਕੁਲੇਖਕਾਂ' 'ਚ ਦਰਜ ਕਰ ਰਹੇ ਹਨ।

ਲੇਖਕਾਂ ਤੋਂ ਇਲਾਵਾ ਇਕ ਸਵਾਲ ਪਾਠਕਾਂ ਨੂੰ ਵੀ ਹੈ। ਕੀ ਉਹ ਹਾਲੇ ਵੀ ਸੁੱਤੇ ਪਏ ਹਨ ਜਾਂ ਜਾਗ ਉੱਠੇ ਹਨ? ਕੀ ਅਸਲੀਅਤ ਤੋਂ ਜਾਣੂ ਹੋ ਗਏ ਹਨ ਜਾਂ ਹਰ ਜਬਰ- ਜ਼ੁਲਮ ਅਤੇ ਸਿਤਮ ਨੂੰ ਅੱਖੋਂ -ਪਰੋਖੇ ਕਰਨਾ ਜਾਂ ਬਰਦਾਸ਼ਤ ਕਰਨਾ ਆਦਤ ਬਣ ਚੁੱਕੀ ਹੈ? ਆਓ ਦੇਖਦੇ ਹਾਂ ਕਿ ਕੀ ਸਾਨੂੰ ਸੁਣਨ, ਸਮਝਣ, ਵਿਚਾਰਨ ਅਤੇ ਫਿਰ ਬੋਲਣ ਦੀ ਜਾਚ ਆਈ ਆ ਗਈ ਹੈ ਜਾਂ ਨਹੀਂ? ਜਾਂ ਫਿਰ ਅੰਮ੍ਰਿਤਾ ਪ੍ਰੀਤਮ ਦੇ ਇਹ ਬੋਲ ਢੁੱਕਦੇ ਹਨ..।

'ਇਸ਼ਕ ਨੂੰ ਆਦਤ ਨਾ ਪਾਇਓ ਬੋਲਣ ਦੀ', ਅਜੇ ਤਕ ਲੋਕ ਕੰਨਾਂ ਨੂੰ ਸੁਣਨ ਦੀ ਜਾਚ ਨਹੀਂ ਆਈ।'

ਅੰਮ੍ਰਿਤਾ ਪ੍ਰੀਤਮ ਦਾ ਜਨਮ ਦਿਨ ਮਨਾਉਣ ਵਾਲੇ ਇਨਾਂ ਪਹਿਲੂਆਂ 'ਤੇ ਵੀ ਜ਼ਰੂਰ ਗੌਰ ਕਰਨ, ਤਾਂ ਕਿ ਸੱਚਾਈ ਸਾਹਮਣੇ ਆ ਸਕੇ।




# ਅਜਨਬੀ...

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਦੂਜਾ ਭਾਗ-4



ਲੇਖਕ : ਆਲਬੇਅਰ ਕਾਮੂ



ਅਨੁਵਾਦ : ਮਹਿੰਦਰ ਬੇਦੀ, ਜੈਤੋ

ਚੌਕੀਦਾਰ ਨੇ ਮੇਰੇ ਵੱਲ ਹੈਰਾਨੀ ਤੇ ਧੰਨਵਾਦ ਕਰਦੀਆਂ ਨਜ਼ਰਾਂ ਨਾਲ ਦੇਖਿਆ। ਫੇਰ ਕੁਝ ਚਿਰ ਗੁਣਗੁਣ ਕਰਦਾ ਰਿਹਾ ਤੇ ਫੇਰ ਹਕਲਾ-ਹਕਲਾ ਕੇ ਖ਼ੁਦ ਈ ਆਪਣੇ ਵੱਲੋਂ ਕਿਹਾ, 'ਥੋੜ੍ਹੀ-ਜਿਹੀ ਕਾਫੀ ਲੈ ਲੈਣ ਦੀ ਗੱਲ ਤਾਂ ਮੈਂ ਈ ਕਹੀ ਸੀ ਜੀ।'
ਮੇਰੇ ਵਕੀਲ ਸਾਹਬ ਖ਼ੁਸ਼ੀ ਨਾਲ ਤੁੜਕੇ, 'ਇਸ ਇਕਬਾਲ ਦੀ ਅਹਿਮੀਅਤ ਉੱਤੇ, ਸ਼੍ਰੀਮਾਨ ਜੂਰੀ ਗੌਰ ਕਰਨ।'
ਝੱਟ ਸਰਕਾਰੀ ਵਕੀਲ ਵੀ ਉੱਠਿਆ ਤੇ ਸਾਡੇ ਸਿਰਾਂ 'ਤੇ ਗੱਜਦਾ ਹੋਇਆ ਬੋਲਿਆ, 'ਬਿਲਕੁਲ ਦਰੁਸਤ, ਇਸ 'ਤੇ ਸ਼੍ਰੀਮਾਨ ਜੂਰੀ ਜ਼ਰੂਰ ਗੌਰ ਕਰਨਗੇ ਤੇ ਇਸੇ ਨਤੀਜੇ 'ਤੇ ਪਹੁੰਚਣਗੇ ਕਿ ਅਣਜਾਣਪੁਣੇ ਜਾਂ ਭੁੱਲ ਕੇ ਕੋਈ ਤੀਸਰਾ ਆਦਮੀ ਜੇ ਮੁਜਰਿਮ ਨੂੰ ਕਾਫੀ ਦਾ ਪਿਆਲਾ ਪੇਸ਼ ਵੀ ਕਰ ਦਿੰਦਾ ਏ ਤਾਂ ਮੁਜਰਿਮ ਆਮ ਸ਼ਿਸ਼ਟਾਰ ਵਜੋਂ ਮਨਾ ਵੀ ਕਰ ਸਕਦਾ ਏ। ਘੱਟੋ-ਘੱਟ ਹੋਰ ਕੁਛ ਨਈਂ ਤਾਂ ਉਸ ਵਿਚਾਰੀ ਔਰਤ ਦੀ ਲਾਸ਼ ਦੇ ਸਨਮਾਨ ਦੀ ਖਾਤਰ ਈ ਮਨਾਂ ਕਰ ਸਕਦਾ ਏ, ਜਿਸਨੇ ਮੁਜਰਿਮ ਨੂੰ ਇਸ ਧਰਤੀ 'ਤੇ ਜਨਮ ਦਿੱਤਾ।'
ਇਸ ਪਿੱਛੋਂ ਚੌਕੀਦਾਰ ਆਪਣੀ ਜਗਾ 'ਤੇ ਪਰਤ ਗਿਆ।
ਤੋਮਸ ਪੀਰੇ ਦੀ ਵਾਰੀ ਆਈ। ਇਕ ਅਰਦਲੀ ਸਹਾਰਾ ਦੇ ਕੇ ਉਸਨੂੰ ਕਟਹਿਰੇ ਤੀਕ ਲਿਆਇਆ। ਪੀਰੇ ਨੇ ਕਿਹਾ, 'ਹਾਲਾਂਕਿ ਮੈਂ ਇਨਾਂ ਦੀ ਮਾਂ ਦਾ ਬੜਾ ਅੱਛਾ ਦੋਸਤ ਸਾਂ, ਪਰ ਇਨਾਂ ਨੂੰ ਅੰਤਮ-ਸੰਸਕਾਰ ਤੋਂ ਪਹਿਲਾਂ ਮੈਂ ਕਦੀ ਨਈਂ ਸੀ ਦੇਖਿਆ।'
ਪੁੱਛਿਆ ਗਿਆ, 'ਉਸ ਦਿਨ ਮੁਜਰਿਮ ਦਾ ਵਤੀਰਾ ਕੈਸਾ ਸੀ ?'
ਪੀਰੇ ਨੇ ਦੱਸਿਆ, 'ਜੀ ਤੁਸੀਂ ਤਾਂ ਜਾਣਦੇ ਈ ਓਂ-ਮੈਂ ਖ਼ੁਦ ਉਸ ਦਿਨ ਬੜਾ ਦੁੱਖੀ ਸਾਂ। ਏਨਾ ਵੱਧ ਦੁਖੀ ਸਾਂ ਕਿ ਕਿਸੇ ਪਾਸੇ ਧਿਆਨ ਈ ਨਈਂ ਸਾਂ ਦੇ ਸਕਿਆ। ਸ਼ਾਇਦ ਦੁੱਖ ਨੇ ਮੈਨੂੰ ਸੁੰਨ-ਮੁੰਨ ਕਰ ਦਿੱਤਾ ਸੀ। ਆਪਣੇ ਨਜ਼ਦੀਕੀ ਸਾਥੀ ਦਾ ਇੰਜ ਚਲੇ ਜਾਣਾ ਈ ਮੇਰੇ ਲਈ ਏਡਾ ਵੱਡਾ ਧੱਕਾ ਸੀ ਕਿ ਦਫ਼ਨਾਉਣ ਸਮੇਂ ਮੈਨੂੰ ਤਾਂ ਆਪਣਾ ਈ ਹੋਸ਼ ਨਈਂ ਸੀ ਰਿਹਾ ਜੀ। ਇਸ ਲਈ ਇਸ ਲੜਕੇ ਵੱਲ ਮੇਰਾ ਧਿਆਨ ਬਿਲਕੁਲ ਈ ਨਈਂ ਸੀ ਗਿਆ।'
ਸਰਕਾਰੀ ਵਕੀਲ ਨੇ ਸਵਾਲ ਕੀਤਾ, 'ਤੁਸੀਂ ਅਦਾਲਤ ਨੂੰ ਏਨਾ ਦੱਸ ਦਿਓ ਕਿ ਉਸ ਦਿਨ ਮੁਜਰਿਮ ਰੋਇਆ ਸੀ ਕਿ ਨਈਂ ?' ਤੇ ਜਦੋਂ ਪੀਰੇ ਨੇ ਦੱਸਿਆ ਕਿ 'ਨਈਂ ਦੇਖਿਆ' ਤਾਂ ਉਸਨੇ ਆਪਣੀ ਗੱਲ ਉੱਤੇ ਜ਼ੋਰ ਦੇ ਕੇ ਕਿਹਾ, 'ਯਕੀਨ ਏ, ਸ਼੍ਰੀਮਾਨ ਜੂਰੀ ਇਸ ਗੱਲ ਉੱਤੇ ਗੌਰ ਫਰਮਾਉਣਗੇ।'
ਤੁਰੰਤ ਮੇਰੇ ਵਕੀਲ ਸਾਹਬ ਉੱਠ ਖੜੇ ਹੋਏ ਤੇ ਕੜਕ ਕੇ ਬੋਲੇ, 'ਬਾਬਾ ਜੀ, ਚੰਗੀ ਤਰਾਂ ਸੋਚ ਲਓ। ਸਹੁੰ ਖਾ ਕੇ ਕਹੋ ਕਿ ਤੁਸੀਂ ਇਹਨਾਂ ਨੂੰ ਇਕ ਬੂੰਦ ਅੱਥਰੂ ਵਹਾਉਂਦਿਆਂ ਨਈਂ ਦੇਖਿਆ ?'
ਮੈਨੂੰ ਵਕੀਲ ਦੇ ਲਹਿਜੇ ਤੋਂ ਲੱਗਿਆ ਕਿ ਉਹ ਖਾਹਮਖ਼ਾਹ ਈ ਵਿਚਾਰੇ ਨੂੰ ਧਮਕਾ ਰਿਹਾ ਏ।
ਪੀਰੇ ਨੇ ਜਵਾਬ ਦਿੱਤਾ, 'ਨਈਂ ਜੀ।'
ਹੀਹੀ-ਹੀ-ਹੀ-ਹੀ-ਕੁਝ ਲੋਕ ਬੇਹੂਦੇ ਢੰਗ ਨਾਲ ਹੱਸ ਪਏ। ਮੇਰੇ ਵਕੀਲ ਨੇ ਝਟਕੇ ਨਾਲ ਆਪਣੇ ਚੋਗੇ ਦੀ ਬਾਂਹ ਪਿੱਛੇ ਖਿੱਚੀ ਤੇ ਖਿਝ ਕੇ ਕਿਹਾ, 'ਇਹ ਤਰੀਕਾ ਏ ਸਾਡਾ ਮੁਕੱਦਮਾ ਚਲਾਉਣ ਦਾ। ਸੱਚਾਈ ਨੂੰ ਪਰਖਣ ਤੇ ਉਜਾਗਰ ਕਰਨ ਦੀ ਕਿਸੇ ਨੂੰ ਚਿੰਤਾ ਈ ਨਈਂ..।'
ਸਰਕਾਰੀ ਵਕੀਲ ਨੇ ਇਸ ਕਥਨ 'ਤੇ ਕੰਨ ਨਾ ਧਰਿਆ ਤੇ ਉਦਾਸੀਨਤਾ ਦਾ ਭਾਵ ਦਿਖਾਉਂਦਾ ਹੋਇਆ ਪੈਨਸਿਲ ਨਾਲ ਵਕਾਲਤਨਾਮੇ ਦੇ ਕਵਰ ਉੱਤੇ ਹੌਲੀ-ਹੌਲੀ, ਠਕ-ਠਕ, ਕਰਦਾ ਰਿਹਾ।
ਪੰਜ ਮਿੰਟਾਂ ਲਈ ਛੁੱਟੀ ਹੋ ਗਈ। ਇਸ ਦੌਰਾਨ ਮੇਰੇ ਵਕੀਲ ਸਾਹਬ ਨੇ ਆ ਕੇ ਦੱਸਿਆ ਕਿ ਮੁਕੱਦਮਾ ਅਲਸ ਵਿਚ ਬੜੇ ਅੱਛੇ ਢੰਗ ਨਾਲ ਅੱਗੇ ਵਧ ਰਿਹਾ ਏ। ਇਸ ਪਿੱਛੋਂ ਸੇਲੇਸਤੇ ਨੂੰ ਆਵਾਜ਼ ਪਈ। ਦੱਸਿਆ ਗਿਆ ਕਿ ਉਹ ਬਚਾਅ ਪੱਖ ਦਾ ਗਵਾਹ ਏ। ਬਚਾਅ ਪੱਖ ਦਾ ਅਰਥ ਸੀ ਮੈਂ।
ਸੇਲੇਸਤੇ ਵਾਰ-ਵਾਰ ਮੇਰੇ ਵੱਲ ਦੇਖ ਲੈਂਦਾ ਸੀ ਤੇ ਗਵਾਹੀ ਦਿੰਦਾ ਹੋਇਆ ਦੋਵਾਂ ਹੱਥਾਂ ਨਾਲ ਆਪਣਾ ਪਾਨਾਮਾ ਹੈਟ ਮਸਲੀ ਗਿਆ ਸੀ। ਇਸ ਸਮੇਂ ਉਸਨੇ ਆਪਣਾ ਸਭ ਤੋਂ ਵਧੀਆ ਸੂਟ ਪਾਇਆ ਹੋਇਆ ਸੀ। ਪਹਿਲਾਂ ਇਕ ਐਤਵਾਰ ਨੂੰ ਇਸੇ ਸੂਟ ਵਿਚ ਉਹ ਮੇਰੇ ਨਾਲ ਘੋੜ ਦੌੜ ਦੇਖਣ ਗਿਆ ਸੀ। ਪਰ ਇਸ ਵਾਰੀ ਦੇਖ ਕੇ ਲੱਗਿਆ ਕਿ ਕਾਲਰ ਠੀਕ ਤਰਾਂ ਨਹੀਂ ਲੱਗਿਆ ਏ ਤੇ ਕਮੀਜ਼ ਦਾ ਇਕ ਪਿੱਤਲ ਦਾ ਬਟਨ ਢਿਲਕ ਕੇ ਸਿਰਫ਼ ਅਟਕਿਆ ਹੋਇਆ ਏ। ਪੁੱਛਿਆ ਗਿਆ ਕਿ ਕੀ ਮੈਂ ਉਸਦੇ ਗਾਹਕਾਂ ਵਿਚੋਂ ਹਾਂ ? ਤਾਂ ਜਵਾਬ ਦਿੱਤਾ, 'ਹਾਂ ਜੀ, ਨਾਲੇ ਦੋਸਤ ਵੀ ਏ ਜੀ।' ਫੇਰ ਸਵਾਲ ਹੋਇਆ ਕਿ 'ਸੇਲੇਸਤੇ ਦੀ ਮੇਰੇ ਬਾਰੇ ਕੀ ਰਾਏ ਏ ?' ਸੇਲੇਸਤੇ ਨੇ ਕਿਹਾ ਕਿ 'ਮੈਂ ਬੜਾ ਭਲ਼ਾ ਆਦਮੀ ਆਂ, ਯਕਦਮ ਚੌਕਸ ਆਦਮੀ।' ਪੁੱਛਿਆ ਗਿਆ, 'ਯਕਦਮ ਚੌਕਸ ਤੋਂ ਤੁਹਾਡਾ ਕੀ ਮਤਲਬ ਏ, ਜ਼ਰਾ ਖੁਲਾਸਾ ਕਰੋ।' ਤਾਂ ਉਸਨੇ ਕਿਹਾ ਕਿ 'ਇਸਦਾ ਮਤਲਬ ਹਰ ਕੋਈ ਜਾਣਦਾ ਏ।'
'ਕੀ ਇਹ ਆਦਮੀ ਦਿਲ ਦਾ ਘੁੰਨਾਂ ਏਂ ?'
'ਜੀ ਨਈਂ।' ਸੇਲੇਸਤੇ ਨੇ ਜਵਾਬ ਦਿੱਤਾ, 'ਘੁੰਨਾਂ ਤਾਂ ਮੈਂ ਨਈਂ ਕਹਾਂਗਾ, ਹਾਂ, ਹੋਰ ਲੋਕਾਂ ਵਾਂਗ ਬੇਵਾਹ ਬਕਵਾਸ ਨਈਂ ਕਰਦਾ ਫਿਰਦਾ ਜੀ।'
ਸਰਕਾਰੀ ਵਕੀਲ ਨੇ ਜਾਣਨਾ ਚਾਹਿਆ ਕਿ ਜਦੋਂ ਸੇਲੇਸਤੇ ਮੈਨੂੰ ਮਹੀਨੇ ਦਾ ਬਿੱਲ ਦਿੰਦਾ ਏ ਤਾਂ ਕੀ ਮੈਂ ਨੇਮ ਨਾਲ ਭੁਗਤਾਨ ਕਰ ਦਿੰਦਾ ਹਾਂ ਜਾਂ ਟਾਲ-ਮਟੋਲ ਕਰਦਾ ਹਾਂ ? ਇਸ 'ਤੇ ਸੇਲੇਸਤੇ ਹੱਸ ਪਿਆ, 'ਜੀ, ਖੜਾ-ਖੜਾ, ਪਾਈ ਪਾਈ ਦੇ ਦਿੰਦਾ ਸੀ। ਪਰ ਮੇਰੇ 'ਤੇ ਇਹਦੇ ਵਿਚ ਬਿੱਲ ਤਾਂ ਸਿਰਫ਼ ਨਾਂ ਦਾ ਈ ਹੁੰਦਾ ਸੀ।' ਤਦ ਮੇਰੇ ਇਸ ਅਪਰਾਧ ਬਾਰੇ ਉਸਦਾ ਆਪਣਾ ਵਿਚਾਰ ਪੁੱਛਿਆ ਗਿਆ। ਇਸ 'ਤੇ ਜਿਸ ਢੰਗ ਨਾਲ ਉਸਨੇ ਕਟਹਿਰੇ ਦੇ ਡੰਡੇ 'ਤੇ ਹੱਥ ਰੱਖੇ, ਉਸ ਤੋਂ ਲੱਗਿਆ ਕਿ ਉਹ ਬਾਕਇਦਾ ਭਾਸ਼ਣ ਤਿਆਰ ਕਰਕੇ ਲਿਆ ਏ।
'ਮੇਰੇ ਖ਼ਿਆਲ ਵਿਚ ਤਾਂ ਭਾਵੇਂ ਇਸ ਨੂੰ ਕਿਸਮਤ ਦੀ ਮਾਰ ਕਹਿ ਲਓ ਜਾਂ ਫੇਰ ਸੰਯੋਗ। ਤੇ ਜਦ ਇਸ ਤਰਾਂ ਦੀ ਕੋਈ ਗੱਲ ਹੋ ਜਾਂਦੀ ਏ ਤਾਂ ਆਦਮੀ ਉਂਜ ਈ ਹੋਸ਼-ਹਵਾਸ ਭੁੱਲ ਬਹਿੰਦਾ ਏ ਜੀ।'
ਉਸਦਾ ਇਰਾਦਾ ਤਾਂ ਬੋਲਦੇ ਰਹਿਣ ਦਾ ਸੀ, ਪਰ ਜੱਜ ਨੇ ਵਿਚਕਾਰ ਈ ਟੋਕ ਦਿੱਤਾ, 'ਤੁਸੀਂ ਠੀਕ ਕਹਿੰਦੇ ਓਂ। ਅੱਛਾ ਬਸ ਸ਼ੁਕਰੀਆ !'
ਪਲ ਕੁ ਲਈ ਤਾਂ ਲੱਗਿਆ ਜਿਵੇਂ ਸੇਲੇਸਤੇ ਬੌਂਦਲ ਗਿਆ ਏ। ਬੋਲਿਆ ਕਿ ਅਜੇ ਉਸਦੀ ਗੱਲ ਪੂਰੀ ਨਹੀਂ ਹੋਈ। ਗੱਲ ਜਾਰੀ ਰੱਖਣ ਦੀ ਆਗਿਆ ਤਾਂ ਉਸਨੂੰ ਮਿਲ ਗਈ ਪਰ ਸੰਖੇਪ ਵਿਚ ਕਹਿਣ ਲਈ ਕਿਹਾ ਗਿਆ।
ਪਰ ਉਹ ਵਾਰ-ਵਾਰ ਇਹੀ ਕਹਿੰਦਾ ਰਿਹਾ ਕਿ 'ਇਹ ਤਾਂ ਸਿਰਫ਼ ਇਕ ਸੰਯੋਗ ਦੀ ਗੱਲ ਐ ਜੀ।'
'ਹੋ ਸਕਦਾ ਏ ਸੰਯੋਗ ਈ ਹੋਵੇ,' ਜੱਜ ਸਾਹਬ ਨੇ ਕਿਹਾ, 'ਪਰ ਅਸੀਂ ਲੋਕ ਵੀ ਤਾਂ ਇੱਥੇ ਇਸੇ ਲਈ ਬੈਠੇ ਆਂ ਕਿ ਅਜਿਹੇ ਸੰਯੋਗਾਂ ਉੱਤੇ ਕਾਨੂੰਨ ਦੇ ਨਜ਼ਰੀਏ ਨਾਲ ਵਿਚਾਰ ਕਰੀਏ। ਹੁਣ ਤੁਸੀਂ ਜਾ ਸਕਦੇ ਓਂ।'
ਸੇਲੇਸਤੇ ਘੁੰਮਿਆਂ ਤੇ ਮੇਰੇ ਵੱਲ ਬਿਨਾਂ ਅੱਖ ਝਪਕਾਏ ਦੇਖਦਾ ਰਿਹਾ-ਅੱਖਾਂ ਸਿੱਜਲ ਸਨ ਤੇ ਬੁੱਲ੍ਹ ਕੰਬ ਰਹੇ ਸਨ, ਜਿਵੇਂ ਇਹੀ ਕਹਿਣਾ ਚਾਹੁੰਦਾ ਹੋਏ, 'ਯਾਰ, ਦੇਖ ਤੇਰੇ ਲਈ ਜੋ ਬਣ ਸਕਿਆ ਸੋ ਮੈਂ ਕਰ ਦਿੱਤਾ। ਹੁਣ ਮਜ਼ਬੂਰ ਆਂ।'
ਨਾ ਤਾਂ ਮੈਂ ਮੂੰਹੋਂ ਕੁਝ ਕਿਹਾ ਤੇ ਨਾ ਈ ਉਹ ਆਪਣੀ ਥਾਂ ਤੋਂ ਹਿੱਲਿਆ-ਡੋਲਿਆ। ਪਰ ਜ਼ਿੰਦਗੀ ਵਿਚ ਪਹਿਲੀ ਵਾਰੀ ਇਕ ਮਰਦ ਨੂੰ ਚੁੰਮ ਲੈਣ ਨੂੰ ਜੀਅ ਕੀਤਾ।
ਜੱਜ ਨੇ ਫੇਰ ਸੇਲੇਸਤੇ ਨੂੰ ਆਪਣੀ ਜਗਾ 'ਤੇ ਚਲੇ ਜਾਣ ਦਾ ਹੁਕਮ ਦੁਹਰਾਇਆ। ਸੇਲੇਸਤੇ ਜਾ ਕੇ ਭੀੜ ਵਿਚ ਆਪਣੀ ਜਗਾ 'ਤੇ ਬੈਠ ਗਿਆ। ਬਾਕੀ ਸਾਰੀ ਸੁਣਵਾਈ ਸਮੇਂ, ਗੋਡਿਆਂ 'ਤੇ ਕੁਹਣੀਆਂ ਟਿਕਾਈ, ਹੱਥਾਂ ਵਿਚ ਪਾਨਾਮਾ ਹੈਟ ਲਈ ਮੁਕੱਦਮੇ ਦਾ ਇਕ-ਇਕ ਸ਼ਬਦ ਸੁਣਦਾ ਹੋਇਆ, ਜ਼ਰਾ ਅੱਗੇ ਵੱਲ ਝੁਕਿਆ ਬੈਠਾ ਰਿਹਾ।
ਅਗਲਾ ਨੰਬਰ ਮੇਰੀ ਦਾ ਸੀ। ਉਸਨੇ ਟੋਪ ਲਿਆ ਹੋਇਆ ਸੀ। ਉਂਜ ਖੁੱਲ੍ਹੇ ਵਾਲਾਂ ਵਿਚ ਈ ਉਹ ਮੈਨੂੰ ਚੰਗੀ ਲੱਗਦੀ ਸੀ, ਪਰ ਹੁਣ ਵੀ ਕਾਫੀ ਸੁੰਦਰ ਦਿਸ ਰਹੀ ਸੀ। ਜਿੱਥੇ ਮੈਂ ਬੈਠਾ ਸੀ ਉੱਥੋਂ ਉਸਦੀਆਂ ਸੁਡੌਲ ਛਾਤੀਆਂ ਦੇ ਉਭਾਰ ਝਲਕਦੇ ਦਿਸ ਰਹੇ ਸਨ। ਉਸਦਾ ਥੋੜ੍ਹਾ-ਜਿਹਾ ਮੋਟਾ ਹੇਠਲਾ ਬੁੱਲ੍ਹ ਹਮੇਸ਼ਾ ਮੇਰਾ ਦਿਲ ਖੋਹ ਲੈਂਦਾ ਏ। ਇਸ ਸਮੇਂ ਮੇਰੀ ਸ਼ਕਲ ਤੋਂ ਖਾਸੀ ਘਬਰਾਈ ਹੋਈ ਲੱਗ ਰਹੀ ਸੀ।
ਪਹਿਲਾ ਸਵਾਲ ਸੀ ਕਿ ਮੈਨੂੰ ਉਹ ਕਿੰਨੇ ਸਮੇਂ ਤੋਂ ਜਾਣਦੀ ਏ ? ਉਸਨੇ ਜਵਾਬ ਦਿੱਤਾ ਕਿ 'ਇਨਾਂ ਦੇ ਦਫ਼ਤਰ ਵਿਚ ਨਾਲ ਕੰਮ ਕਰਦੀ ਸੀ, ਉਦੋਂ ਦੀ।' ਹੁਣ ਜੱਜ ਨੇ ਮੇਰੇ 'ਤੇ ਉਸਦੇ ਵਿਚਕਾਰ ਕੀ ਸੰਬੰਧ ਸਨ, ਇਹ ਜਾਣਨਾ ਚਾਹਿਆ। ਉਹ ਬੋਲੀ



ਕਿ 'ਮੈਂ ਇਨਾਂ ਦੀ 'ਲੜਕੀ-ਦੋਸਤ' ਹਾਂ।' ਇਕ ਹੋਰ ਸਵਾਲ ਦੇ ਜਵਾਬ ਵਿਚ ਉਸਨੇ ਸਵੀਕਾਰ ਕੀਤਾ ਕਿ ਉਸਨੇ ਮੇਰੇ ਨਾਲ ਸ਼ਾਦੀ ਕਰਨ ਦਾ ਵਚਨ ਦਿੱਤਾ ਏ। ਸਰਕਾਰੀ ਵਕੀਲ ਬੈਠਾ-ਬੈਠਾ ਸਾਹਮਣੇ ਰੱਖੇ ਦਸਤਾਵੇਜ਼ ਧਿਆਨ ਨਾਲ ਪੜ੍ਹ ਰਿਹਾ ਸੀ। ਜ਼ਰਾ ਤਿੱਖੀ ਆਵਾਜ਼ ਵਿਚ ਉੱਠ ਕੇ ਪੁੱਛਿਆ, 'ਤੁਹਾਡੇ ਲੋਕਾਂ ਦਰਮਿਆਨ 'ਸਹਿਵਾਸ' ਕਦੋਂ ਤੋਂ ਸ਼ੁਰੂ ਹੋਇਆ ?' ਮੇਰੀ ਨੇ ਤਾਰੀਖ਼ ਦੱਸ ਦਿੱਤੀ ਤਾਂ ਉਸਨੇ ਬੜੀ ਲਾਪ੍ਰਵਾਹੀ ਵਾਲੇ ਅੰਦਾਜ਼ ਵਿਚ, ਜਿਵੇਂ ਉਂਜ ਈ ਚਲੰਤ ਜਿਹਾ ਪੁੱਛ ਲਿਆ ਹੋਏ, ਪੁੱਛ ਲਿਆ, 'ਯਾਨੀ ਕਹੀਏ, ਇਨਾਂ ਦੀ ਮਾਂ ਦੀ ਅੰਤੇਸ਼ਟੀ ਤੋਂ ਅਗਲੇ ਦਿਨਾਂ ਈ ਤਾਂ ਹੋਇਆ ਨਾ... ?' ਫੇਰ ਯਕਦਮ ਇਸ ਸਵਾਲ ਨੂੰ ਓਵੇਂ ਈ ਵਿਚਾਲੇ ਛੱਡ ਕੇ ਉਸਨੇ ਜ਼ਰਾ ਵਿਅੰਗਮਈ ਲਹਿਜੇ ਵਿਚ ਕਿਹਾ, 'ਇਹ ਵਿਸ਼ਾ ਕਿੰਨਾ ਨਾਜ਼ੁਕ ਏ, ਮੈਂ ਜਾਣਦਾ ਆਂ ਤੇ ਇਹ ਵੀ ਸੱਚੇ ਦਿਲ ਨਾਲ ਮਹਿਸੂਸ ਕਰ ਸਕਦਾਂ ਕਿ ਕਟਹਿਰੇ ਵਿਚ ਖੜੀ ਮੁਟਿਆਰ ਦੀ ਇਸ ਪ੍ਰਤੀ ਕੀ ਭਾਵਨਾ ਹੋਵੇਗੀ ਪਰ...' ਇੱਥੇ ਉਸਦੀ ਆਵਾਜ਼ ਵਿਚ ਕੁਸੈਲ ਘੁਲ ਗਈ, 'ਪਰ ਕੀ ਕਰਾਂ, ਮੇਰਾ ਫਰਜ਼ ਇਹਨਾਂ ਕੋਮਲ ਭਾਵਨਾਵਾਂ ਦਾ ਧਿਆਨ ਕਰਨ ਤੋਂ ਰੋਕਦਾ ਏ...।'
ਏਨੀ ਭੂਮਿਕਾ ਦੇ ਬਾਅਦ ਉਸਨੇ ਮੇਰੀ ਨੂੰ ਉਸ ਦਿਨ ਦਾ ਸਾਰਾ ਬਿਓਰਾ ਸੁਣਾ ਦੇਣ ਲਈ ਕਿਹਾ, ਜਿਸ ਦਿਨ ਮੈਂ ਪਹਿਲੀ ਵਾਰੀ ਉਸਦੇ ਨਾਲ 'ਸੰਭੋਗ' ਕੀਤਾ ਸੀ। ਪਹਿਲਾਂ ਤਾਂ ਮੇਰੀ ਸਵਾਲ ਦਾ ਜਵਾਬ ਦੇਣ ਲਈ ਈ ਤਿਆਰ ਨਹੀਂ ਹੋਈ, ਪਰ ਸਰਕਾਰੀ ਵਕੀਲ ਜ਼ਿੱਦ ਕਰਦਾ ਰਿਹਾ। ਆਖ਼ਰ ਉਸਨੇ ਦੱਸ ਦਿੱਤਾ ਕਿ ਕਿਸ ਤਰਾਂ ਅਸੀਂ ਲੋਕ ਨਹਾਉਂਣ ਸਮੇਂ ਮਿਲੇ, ਕਿੰਜ ਸਿਨੇਮੇ ਗਏ ਤੇ ਫੇਰ ਕਿੰਜ ਇਕੱਠੇ ਕਮਰੇ ਵਿਚ ਆਏ। ਹੁਣ ਸਰਕਾਰੀ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਇਸ ਮੁਕੱਦਮੇ ਦੇ ਸਿਲਸਿਲੇ ਵਿਚ ਮੇਰੀ ਨੇ ਮੈਜਿਸਟ੍ਰੇਟ ਸਾਹਮਣੇ ਜਿਹੜਾ ਬਿਆਨ ਦਿੱਤੇ ਸੀ ਉਨਾਂ ਦੇ ਆਧਾਰ 'ਤੇ ਉਸਨੇ ਉਸ ਤਾਰੀਖ਼ ਤੇ ਸਿਨਮਾ-ਪ੍ਰੋਗਰਾਮ ਦਾ ਅਧਿਅਨ ਕੀਤਾ ਏ ਕਿ ਕਿਸ ਸਿਨੇਮਾ-ਘਰ ਵਿਚ ਕਿਹੜੀ-ਕਿਹੜੀ ਫ਼ਿਲਮ ਚੱਲ ਰਹੀ ਸੀ। ਫੇਰ ਮੇਰੀ ਨੂੰ ਉਸਨੇ ਉਸ ਫ਼ਿਲਮ ਦਾ ਨਾਂ ਦੱਸਣ ਲਈ ਕਿਹਾ, ਜਿਹੜੀ ਅਸੀਂ ਦੇਖਣ ਗਏ ਸੀ। ਬੜੀ ਦੱਬਵੀਂ ਜ਼ਬਾਨ ਵਿਚ ਮੇਰੀ ਨੇ ਦੱਸਿਆ ਕਿ 'ਕੋਈ ਫ਼ਿਲਮ ਸੀ ਜਿਸ ਵਿਚ ਫਰਨਾਂਦੇਲ ਨੇ ਕੰਮ ਕੀਤਾ ਏ।' ਜਿਵੇਂ ਈ ਉਸਨੇ ਆਪਣੀ ਗੱਲ ਖ਼ਤਮ ਕੀਤੀ, ਅਦਾਲਤ ਵਿਚ ਸੰਨਾਟਾ ਛਾ ਗਿਆ ਕਿ ਸੂਈ ਡਿੱਗੇ ਤਾਂ ਵੀ ਸੁਣ ਲਓ।
ਬੜਾ ਸੰਜੀਦਾ-ਜਿਹਾ ਚਿਹਰਾ ਬਣਾ ਕੇ ਸਰਕਾਰੀ ਵਕੀਲ ਸਿੱਧਾ ਤਣ ਕੇ ਖੜਾ ਹੋ ਗਿਆ ਤੇ ਮੇਰੀ ਵੱਲ ਉਂਗਲ ਸਿੰਨ ਕੇ ਜਿਸ ਲਹਿਜੇ ਵਿਚ ਬੋਲਿਆ, ਉਸ ਤੋਂ ਸ਼ਰਤੀਆ ਲੱਗਿਆ ਕਿ ਸੱਚਮੁੱਚ ਉਤੇਜਤ ਹੋ ਗਿਆ ਏ।
'ਮਾਣਯੋਗ ਸ਼੍ਰੀਮਾਨ ਜੂਰੀ, ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸ ਗੱਲ ਉੱਤੇ ਜ਼ਰੂਰ ਗੌਰ ਫਰਮਾਓ ਕਿ ਮਾਂ ਦੀ ਅੰਤੇਸ਼ਟੀ ਤੋਂ ਐਨ ਅਗਲੇ ਦਿਨ ਇਹ ਵਿਅਕਤੀ ਤੈਰਨ ਲਈ ਘਾਟ 'ਤੇ ਜਾਂਦਾ ਏ, ਇਸ ਕੁੜੀ ਨਾਲ ਸਹਿਵਾਸ ਸ਼ੁਰੂ ਕਰਦਾ ਏ, ਤੇ ਮਜ਼ਾਕੀਆ ਫ਼ਿਲਮ ਦੇਖਣ ਪਹੁੰਚਦਾ ਏ। ਬਸ, ਮੈਂ ਇਹੀ ਕਹਿਣਾ ਏ।'
ਉਹ ਬੈਠ ਗਿਆ ਤਦ ਵੀ ਮੌਨ ਭਰੀ ਉਹੀ ਖ਼ਾਮੋਸ਼ੀ ਛਾਈ ਰਹੀ। ਫੇਰ ਅਚਾਨਕ ਮੇਰੀ ਫੁੱਟ-ਫੁੱਟ ਕੇ ਰੋਣ ਲੱਗ ਪਈ। ਕਹਿਣ ਲੱਗੀ ਕਿ ਸਰਕਾਰੀ ਵਕੀਲ ਨੇ ਉਸਦੀ ਗੱਲ ਨੂੰ ਉੱਕਾ ਗ਼ਲਤ ਸਮਝਿਆ ਏ। ਸੱਚਮੁੱਚ ਅਜਿਹੀ ਗੱਲ ਕਤਈ ਨਹੀਂ ਸੀ। ਉਸਨੇ ਕਮਲ-ਕੁੱਤੇ ਲਾ ਕੇ, ਉਸ ਤੋਂ ਐਨ ਉਲਟੀ ਗੱਲ ਅਖਵਾ ਲਈ ਗਈ ਏ। ਉਸਦਾ ਮਤਲਬ ਕਦੀ ਵੀ ਇਹ ਨਹੀਂ ਸੀ। ਉਹ ਤਾਂ ਮੈਨੂੰ ਚੰਗੀ ਤਰਾਂ ਜਾਣਦੀ ਏ, ਉਸਨੂੰ ਪੱਕਾ ਭਰੋਸਾ ਏ ਕਿ ਮੈਂ ਕਦੀ ਕਿਸੇ ਦਾ ਕੁਝ ਨਹੀਂ ਵਿਗਾੜਿਆ...ਵਗ਼ੈਰਾ, ਵਗ਼ੈਰਾ।
ਪ੍ਰਧਾਨ ਜੱਜ ਦੇ ਇਸ਼ਾਰੇ 'ਤੇ ਇਕ ਅਰਦਲੀ ਮੇਰੀ ਨੂੰ ਹਟਾਅ ਲੈ ਗਿਆ। ਸੁਣਵਾਈ ਜਾਰੀ ਰਹੀ।
ਮੈਸਨ ਅਗਲਾ ਗਵਾਹ ਸੀ, ਪਰ ਉਸਦੀ ਗੱਲ ਸ਼ਾਇਦ ਕਿਸੇ ਨੇ ਸੁਣੀ ਈ ਨਹੀਂ। ਉਸਨੇ ਬਿਆਨ ਦਿੱਤਾ ਕਿ ਮੈਂ ਇਕ ਇੱਜ਼ਤਦਾਰ ਨੌਜਵਾਨ 'ਤੇ ਕੀ ਕਿਹਾ ਸੱਜਣ ਆਦਮੀ ਹਾਂ। ਸਲਾਮਾਨੋ ਨੇ ਦੱਸਿਆ ਕਿ ਮੈਂ ਹਮੇਸ਼ਾ ਉਸਦੇ ਕੁੱਤੇ ਦੇ ਪ੍ਰਤੀ ਕਿੰਨਾ ਦਿਆਲੂ ਰਿਹਾਂ। ਜਾਂ ਮੇਰੀ ਮਾਂ ਬਾਰੇ ਪੁੱਛੇ ਗਏ ਇਕ ਸਵਾਲ ਦੇ ਜਵਾਬ ਵਿਚ ਉਸਨੇ ਕਿਹਾ ਕਿ ਮੇਰੇ ਤੇ ਮਾਂ ਦੇ ਵਿਚਕਾਰ ਸੱਚਮੁੱਚ ਇਕੋ-ਜਿਹੀ ਕੋਈ ਗੱਲ ਨਹੀਂ ਸੀ। ਉਹ ਪੂਰਬ ਸੀ ਤੇ ਮੈਂ ਪੱਛਮ। ਇਹੀ ਕਾਰਨ ਸੀ ਕਿ ਮੈਂ ਉਹਨਾਂ ਨੂੰ ਆਸ਼ਰਮ ਵਿਚ ਰੱਖਣ ਦਾ ਇੰਤਜ਼ਾਮ ਕੀਤਾ ਸੀ। ਉਹ ਵਾਰੀ-ਵਾਰੀ ਇਹ ਵੀ ਕਹਿੰਦਾ ਰਿਹਾ, 'ਤੁਹਾਨੂੰ ਲੋਕਾਂ ਨੂੰ ਸਮਝ ਲੈਣਾ ਚਾਹੀਦੈ...ਤੁਹਾਨੂੰ ਲੋਕਾਂ ਨੂੰ ਸਮਝ ਲੈਣਾ ਚਾਹੀਦੈ...।' ਪਰ ਕੋਈ ਉਸਦੀ ਗੱਲ ਨੂੰ ਸਮਝਦਾ ਨਹੀਂ ਸੀ ਲੱਗ ਰਿਹਾ। ਕਿਸੇ ਨੇ ਉਸਦੀ ਗੱਲ ਈ ਨਹੀਂ ਸੀ ਸੁਣੀ। ਹੁਣ ਉਸਨੂੰ ਵੀ ਜਾਣ ਦਾ ਹੁਕਮ ਮਿਲਿਆ।
ਇਸ ਪਿੱਛੋਂ ਸੀ ਆਖ਼ਰੀ ਗਵਾਹ, ਰੇਮੰਡ। ਉਸਨੇ ਹੱਥ ਹਿਲਾਅ ਕੇ ਮੇਰਾ ਸਤਿਕਾਰ ਕੀਤਾ। ਪਰ ਮੈਂ ਬੇਕਸੂਰ ਹਾਂ, ਇਹ ਦੱਸਦਾ-ਦੱਸਦਾ ਪਤਾ ਨਹੀਂ ਕਿੱਧਰ ਭਟਕ ਗਿਆ। ਜੱਜ ਨੇ ਉਸਨੂੰ ਝਿੜਕ ਦਿੱਤਾ।
'ਤੁਸੀਂ ਇੱਥੇ ਗਵਾਹੀ ਦੇਣ ਆਏ ਓ, ਮੁਕੱਦਮੇ 'ਤੇ ਆਪਣੀ ਰਾਏ ਨਈਂ। ਜੋ ਸਵਾਲ ਪੁੱਛਿਆ ਜਾਵੇ, ਸਿਰਫ਼ ਉਸ ਦਾ ਜਵਾਬ ਦਿਓ।'
ਮਰਨ ਵਾਲੇ ਨਾਲ ਰੇਮੰਡ ਦਾ ਸੰਬੰਧ ਕੈਸਾ ਤੇ ਕੀ ਸੀ ? ਜਦੋਂ ਇਹ ਸਵਾਲ ਕੀਤਾ ਗਿਆ ਤਾਂ ਉਸਨੂੰ ਆਪਣੀ ਸਫ਼ਾਈ ਦੇਣ ਦਾ ਮੌਕਾ ਮਿਲ ਗਿਆ। ਉਸਨੇ ਦੱਸਿਆ ਕਿ ਮਰਨ ਵਾਲੇ ਦੀ ਘਰੇੜ ਰੇਮੰਡ ਨਾਲ ਸੀ, ਨਾ ਕਿ ਮੇਰੇ ਨਾਲ। ਕਿਉਂਕਿ ਉਸੇ ਨੇ ਮਰਨ ਵਾਲੇ ਅਰਬ ਦੀ ਭੈਣ ਨੂੰ ਕੁੱਟਿਆ ਸੀ। ਮੇਰਾ ਉਸ ਬਹਿਸ ਨਾਲ ਕੀ ਲੈਣਾ-ਦੇਣਾ ? ਜੱਜ ਨੇ ਸਵਾਲ ਕੀਤਾ ਕਿ 'ਕੀ ਮੁਜਰਿਮ ਨਾਲ ਨਫ਼ਰਤ ਕਰਨ ਦਾ, ਮਰਨ ਵਾਲੇ ਕੋਲ ਕੋਈ ਕਾਰਨ ਸੀ ?' ਰੇਮੰਡ ਬੋਲਿਆ, 'ਇਹ ਤਾਂ ਸਿਰਫ਼ ਇਤਫ਼ਾਕ ਨਾਲ ਈ ਉਸ ਦਿਨ ਸਵੇਰੇ ਉੱਥੇ ਸਮੁੰਦਰ ਤਟ 'ਤੇ ਮੌਜੂਦ ਸੀ।'
'ਜੇ ਇਹੋ ਏ ਤਾਂ...' ਸਰਕਾਰੀ ਵਕੀਲ ਨੇ ਸਵਾਲ ਕੀਤਾ, 'ਇਹ ਸਾਰੀ ਦੁਰਘਟਨਾ ਜਿਸ ਚਿੱਠੀ ਕਾਰਨ ਹੋਈ, ਉਹ ਚਿੱਠੀ ਮੁਜਰਿਮ ਦੀ ਕਰਤੂਤ ਕਿਵੇਂ ਹੋ ਗਈ ?'
ਰੇਮੰਡ ਨੇ ਜਵਾਬ ਦਿੱਤਾ, 'ਇਸ ਨੂੰ ਵੀ ਇਕ ਸੰਯੋਗ ਦੀ ਗੱਲ ਈ ਸਮਝੋ।'
ਇਸ ਉੱਤੇ ਸਰਕਾਰੀ ਵਕੀਲ ਖਿਝ-ਕਰਿਝ ਕੇ ਬੋਲਿਆ ਕਿ ਲੱਗਦਾ ਏ, ਇਸ ਮੁਕੱਦਮੇ ਵਿਚ 'ਸੰਯੋਗ' ਜਾਂ ਸਿਰਫ਼ 'ਇਤਿਫ਼ਾਕ' ਦਾ ਬੜਾ ਵੱਡਾ ਹੱਥ ਏ। 'ਫੇਰ ਕੀ ਇਸ ਨੂੰ ਵੀ ਸੰਯੋਗ ਈ ਮੰਨ ਲਿਆ ਜਾਵੇ ਕਿ ਜਦੋਂ ਤੁਸੀਂ ਆਪਣੀ ਪ੍ਰੇਮਿਕਾ ਨੂੰ ਕੁੱਟਿਆ ਤਾਂ ਮੁਜਰਿਮ ਨੇ ਵਿਚ ਪੈ ਕੇ ਕੋਈ ਬਚਾਅ ਨਈਂ ਕੀਤਾ ? ਤੇ ਕੀ ਇਸ ਸੰਯੋਗ ਰੂਪੀ ਜੀਵ ਦੀ ਖਾਤਰ ਈ ਮੁਜਰਿਮ ਨੇ ਥਾਣੇ ਜਾ ਕੇ ਤੁਹਾਡੇ ਲਈ ਹਲਫ਼ ਉਠਾਇਆ ਤੇ ਉਸ ਮੌਕੇ ਤੁਹਾਡੇ ਪੱਖ ਵਿਚ ਅੱਖਾਂ ਮੀਚ ਕੇ ਬਿਆਨ ਦੇ ਦਿੱਤੇ ?' ਸਭ ਤੋਂ ਅਖ਼ੀਰ ਵਿਚ ਸਰਕਾਰੀ ਵਕੀਲ ਨੇ ਰੇਮੰਡ ਦੇ ਰੁਜ਼ਗਾਰ-ਧੰਦੇ ਬਾਰੇ ਜਾਣਨਾ ਚਾਹਿਆ।
ਜਦੋਂ ਰੇਮੰਡ ਨੇ ਦੱਸਿਆ ਕਿ ਉਹ ਮਾਲ ਗੁਦਾਮ ਵਿਚ ਨੌਕਰ ਏ ਤਾਂ ਸਰਕਾਰੀ ਵਕੀਲ ਨੇ ਜੂਰੀਆਂ ਨੂੰ ਕਿਹਾ, 'ਯੋਰ ਆਨਰ, ਹਰ ਕੋਈ ਦੱਸਦਾ ਏ ਕਿ ਗਵਾਹ ਔਰਤਾਂ ਦੀ ਕਮਾਈ 'ਤੇ ਰਹਿੰਦਾ ਏ। ਤੇ ਇਹ ਮੁਜਰਿਮ ਗਵਾਹ ਦਾ ਜਿਗਰੀ ਦੋਸਤ ਤੇ ਸੱਜਾ ਹੱਥ ਰਿਹਾ ਏ।' ਵਕੀਲ ਸਾਹਬ ਦੇ ਹਿਸਾਬ ਨਾਲ, ਅਸਲ ਵਿਚ, ਇਸ ਅਪਰਾਧ ਦੀ ਜੜ ਵਿਚ ਈ ਅੰਤਾਂ ਦੀ ਅਕੱਥ ਗੰਦਗੀ ਭਰੀ ਹੋਈ ਸੀ। ਇਸ ਗੰਦਗੀ ਨੂੰ ਹੋਰ ਵੀ ਘਿਰਣਤ ਤੇ ਨਿੰਦਣਯੋਗ ਬਣਾ ਦਿੱਤਾ ਸੀ-ਮੇਰੇ ਵਰਗੇ ਅਧਰਮੀ-ਰਾਕਸ਼ਸ ਤੇ ਬੇਸ਼ਰਮ-ਬੇਹਯਾ ਲੋਕਾਂ ਨੇ।
ਇਸ 'ਤੇ ਰੇਮੰਡ ਬੁੜਬੁੜ ਕਰਨ ਲੱਗਾ। ਮੇਰੇ ਵਕੀਲ ਸਾਹਬ ਨੇ ਵਿਰੋਧ ਕੀਤਾ। ਪਰ ਉਨਾਂ ਨੂੰ ਇਹ ਕਹਿ ਕੇ ਰੋਕ ਦਿੱਤਾ ਗਿਆ ਕਿ ਪਹਿਲਾਂ ਸਰਕਾਰੀ ਵਕੀਲ ਨੂੰ ਆਪਣੀ ਗੱਲ ਪੂਰੀ ਕਰ ਲੈਣ ਦਿੱਤੀ ਜਾਵੇ।
'ਮੇਰੀ ਗੱਲ ਖ਼ਤਮ ਏ ਬਸ।' ਕਹਿ ਕੇ ਉਹ ਰੇਮੰਡ ਵੱਲ ਘੁੰਮਿਆਂ, 'ਤੋਂ ਮੁਜਰਿਮ ਤੁਹਾਡਾ ਦੋਸਤ ਏ ਨਾ ?'
'ਬੇਸ਼ੱਕ, ਮੁਹਾਵਰੇ 'ਚ ਕਹਾਂ ਤਾਂ,
ਸਾਡੀ ਦੋਵਾਂ ਦੀ ਬੁਰਕੀ ਸਾਂਝੀ ਐ।'
ਫੇਰ ਇਹ ਸਵਾਲ ਸਰਕਾਰੀ ਵਕੀਲ ਨੇ ਮੈਨੂੰ ਵੀ ਕੀਤਾ। ਮੈਂ ਗਹੁ ਨਾਲ ਰੇਮੰਡ ਵੱਲ ਦੇਖਿਆ। ਉਸਨੇ ਨਜ਼ਰਾਂ ਨਹੀਂ ਸੀ ਚੁਰਾਈਆਂ ਅਤੇ ਮੈਂ ਜਵਾਬ ਦਿੱਤਾ, 'ਜੀ, ਹਾਂ।'
ਹੁਣ ਸਰਕਾਰੀ ਵਕੀਲ ਜੂਰੀਆਂ ਵੱਲ ਭੌਂ ਕੇ ਬੋਲਿਆ, 'ਸ਼੍ਰੀਮਾਨ ਜੂਰੀ, ਤੁਹਾਡੇ ਸਾਹਮਣੇ ਕਟਹਿਰੇ ਵਿਚ ਬੈਠਾ ਇਹ ਆਦਮੀ ਮਾਂ ਦੀ ਅੰਤੇਸ਼ਟੀ ਦੇ ਠੀਕ ਅਗਲੇ ਦਿਨ ਨਿਹਾਇਤ ਸ਼ਰਮਨਾਕ ਅਯਾਸ਼ੀ ਵਿਚ ਡੁੱਬਿਆ ਰਿਹਾ, ਏਨਾ ਈ ਨਈਂ, ਬਲਕਿ ਰੰਡੀਆਂ ਤੇ ਦਲਾਲਾਂ ਦੀ ਬਦਨਾਮ ਦੁਨੀਆਂ ਦੇ 'ਖ਼ੂਨ ਦੇ ਬਦਲੇ ਖ਼ੂਨ ਚਾਹੁਣ ਵਾਲੇ' ਇਕ ਦੋਖੀ ਦੇ ਬਹਿਕਾਵੇ ਵਿਚ ਆ ਕੇ ਇਸਨੇ ਅਚਾਨਕ ਇਕ ਨਿਹੱਥੇ ਆਦਮੀ ਦੀ ਜਾਨ ਵੀ ਲੈ ਲਈ। ਮਾਣਯੋਗ ਜੂਰੀ ਸ਼੍ਰੀਮਾਨ, ਦੇਖਿਆ ਤੁਸੀਂ, ਕਿਸ ਤਰਾਂ ਦਾ ਏ-ਇਹ ਸਾਹਮਣੇ ਬੈਠਾ ਮੁਜਰਿਮ ?'
ਅਜੇ ਸਰਕਾਰੀ ਵਕੀਲ ਬੈਠ ਵੀ ਨਹੀਂ ਸੀ ਸਕਿਆ ਕਿ ਮੇਰੇ ਵਕੀਲ ਸਾਹਬ ਨੇ ਸਾਰਾ ਧੀਰਜ ਛਿੱਕੇ ਟੰਗ ਕੇ ਆਪਣੀਆਂ ਬਾਹਾਂ ਕੁਝ ਇਸ ਤਰਾਂ ਉੱਚੀਆਂ ਤਾਣ ਲਈਆਂ ਕਿ ਉਹਨਾਂ ਦਾ ਚੋਗਾ ਹੇਠਾਂ ਸਰਕ ਆਇਆ ਤੇ ਕਲਫ਼ ਲੱਗੀ ਅਸਤੀਨ ਪੂਰੀ ਦੀ ਪੂਰੀ ਦਿਸਣ ਲੱਗੀ।
'ਮੇਰੇ ਮੁਵੱਕਿਲ 'ਤੇ ਜਿਹੜਾ ਮੁਕੱਦਮਾ ਇਸ ਸਮੇਂ ਚੱਲ ਰਿਹਾ ਏ...ਉਹ ਮਾਂ ਦੀ ਅੰਤੇਸ਼ਟੀ ਬਾਰੇ ਚੱਲ ਰਿਹਾ ਏ ਜਾਂ ਇਕ ਆਦਮੀ ਦੀ ਹੱਤਿਆ ਬਾਰੇ ?'
ਹੀ-ਹੀ-ਹੀ-ਹੀ-ਅਦਾਲਤ ਵਿਚ ਫੇਰ ਕੁਛ ਬੇਹੂਦਾ ਹਾਸਾ ਸੁਣਾਈ ਦਿੱਤਾ ਸੀ ਕਿ ਝੱਟ ਸਰਕਾਰੀ ਵਕੀਲ ਬੁੜਕ ਕੇ ਖੜਾ ਹੋ ਗਿਆ ਤੇ ਆਪਣਾ ਚੋਗਾ ਝਟਕੇ ਨਾਲ ਚਾਰੇ-ਪਾਸੇ ਲਪੇਟ ਕੇ ਬੋਲਿਆ, 'ਮੈਨੂੰ ਆਪਣੇ ਦੋਸਤ ਦੀ ਸਮਝ 'ਤੇ ਨਿਹਾਇਤ ਈ ਤਾਜੁਬ ਹੋ ਰਿਹਾ ਏ ਕਿ ਉਹ ਮੁਕੱਦਮੇ ਦੀਆਂ ਇਨਾਂ ਦੋਵਾਂ ਗੱਲਾਂ ਵਿਚਲੇ ਗੂੜੇ ਸੰਬੰਧ ਨੂੰ ਨਈਂ ਦੇਖ ਸਕੇ। ਮੈਂ ਤਾਂ ਕਹਾਂਗਾ ਕਿ ਮਨੋਵਿਗਿਆਨਕ ਨਜ਼ਰੀਏ ਤੋਂ ਦੋਵੇਂ ਗੱਲਾਂ ਇਕੋ ਡੋਰ ਨਾਲ ਵੱਝੀਆਂ ਹੋਈਆਂ ਨੇ।' ਫੇਰ ਬੜੀ ਕੜਕ ਨਾਲ ਕਹੇ ਗਏ ਇਸ ਵਾਕ ਨਾਲ ਉਸਨੇ ਆਪਣੀ ਗੱਲ ਖ਼ਤਮ ਕੀਤੀ ਕਿ 'ਮੁਜਰਿਮ 'ਤੇ ਮੇਰਾ ਇਲਜ਼ਾਮ ਸੰਖੇਪ ਵਿਚ ਇਹ ਐ ਕਿ ਇਸਨੇ ਮਾਂ ਦੀ ਅੰਤੇਸ਼ਟੀ ਦੇ ਸਮੇਂ ਜਿਹੋ-ਜਿਹਾ ਰਵੱਈਆ ਦਿਖਾਇਆ, ਉਹ ਸਾਬਤ ਕਰਦਾ ਏ ਕਿ ਮੁਜਰਿਮ ਦੇ ਅੰਦਰ ਸਥਾਈ ਅਪਰਾਧੀ ਮਨੋਬਿਰਤੀ ਹਮੇਸ਼ਾ ਕੰਮ ਕਰਦੀ ਰਹੀ।'
ਲੱਗਿਆ, ਇਨਾਂ ਸ਼ਬਦਾਂ ਦਾ ਜੂਰੀਆਂ ਤੇ ਜਨਤਾ ਉੱਤੇ ਭਰਪੂਰ ਅਸਰ ਪਿਆ। ਮੇਰੇ ਵਕੀਲ ਸਾਹਬ ਮਜ਼ਬੂਰੀ ਵੱਸ ਮੋਢੇ ਛੰਡਦੇ ਰਹਿ ਗਏ। ਉਹਨਾਂ ਮੱਥੇ ਦਾ ਪਸੀਨਾ ਪੂੰਝਿਆ, ਪਰ ਅਸਲ ਵਿਚ ਉਹ ਵੀ ਬੁਰੀ ਤਰਾਂ ਬੌਖਲਾ ਗਏ ਸਨ। ਇਹ ਸਭ ਮੈਨੂੰ ਆਪਣੇ ਹਿਤ ਵਿਚ ਭਲ਼ਾ ਹੁੰਦਾ ਨਹੀਂ ਲੱਗਿਆ।
ਇਸ ਘਟਨਾ ਪਿੱਛੋਂ ਅਦਾਲਤ ਉੱਠ ਗਈ। ਕਚਹਿਰੀ 'ਚੋਂ ਨਿਕਲ ਕੇ ਜਦੋਂ ਜੇਲ ਦੀ ਗੱਡੀ ਵਿਚ ਬੈਠਾ ਉਦੋਂ ਬਸ ਜ਼ਰਾ ਕੁ ਦੇਰ ਲਈ ਗਰਮੀਆਂ ਦੀ ਜਾਣੀ-ਪਛਾਣੀ ਸ਼ਾਮ ਦਾ ਆਨੰਦ, **ਬਾਕੀ ਸਫ਼ਾ 30 'ਤੇ**

## ਕਰੋਨਾ ਦੀ ਮਹਾਂਮਾਰੀ ਤੋਂ ਬਾਅਦ ਫਰੀਜਨੋ ਕੈਲੀਫੋਰਨੀਆ 'ਚ

# ਪਹਿਲਾ ਅੰਤਰਰਾਸ਼ਟਰੀ ਕਬੱਡੀ ਕੱਪ

## ਸ਼ਹੀਦ ਉਧਮ ਸਿੰਘ, ਸ਼ਹੀਦ ਭਗਤ ਸਿੰਘ ਸਪ੍ਰੋਟਸ ਕਲੱਬਾਂ ਵਲੋਂ ਸਮੂਹ ਖੇਡ ਕਲੱਬਾਂ, ਖੇਡ ਪ੍ਰੇਮੀਆ ਦੇ ਸਹਿਯੋਗ ਨਾਲ

## 9 ਅਕਤੂਬਰ ਦਿਨ ਐਤਵਾਰ ਨੂੰ



ਕਰੋਨਾਵਾਇਰਸ ਦੀ ਭਿਆਨਕ ਮਹਾਮਾਰੀ ਬਿਮਾਰੀ ਤੋਂ ਬਾਦ ਫਰੀਜਨੋ ਕੈਲੀਫੋਰਨੀਆ ਵਿੱਚ ਪਹਿਲਾ ਅੰਤਰਰਾਸ਼ਟਰੀ ਕਬੱਡੀ ਕੱਪ ਸ਼ਹੀਦ ਉਧਮ ਸਿੰਘ ਸ਼ਹੀਦ ਭਗਤ ਸਿੰਘ ਅਤੇ ਸਮੂਹ ਖੇਡ ਕਲੱਬਾਂ ਖੇਡ ਪ੍ਰੇਮੀਆਂ ਦੇ ਸਹਿਯੋਗ ਨਾਲ 9 ਅਕਤੂਬਰ ਦਿਨ ਐਤਵਾਰ ਨੂੰ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੀ ਅਗਵਾਈ ਵਿੱਚ ਕਰਵਾਇਆ ਜਾ ਰਿਹਾ ਹੈ ਜਿਥੇ ਦੁਨੀਆ ਦੇ ਸੁਪਰ ਸਟਾਰ ਕਬੱਡੀ ਦੇ ਖਿਡਾਰੀ ਭਾਗ ਲੈਣਗੇ। ਇਹ ਅੰਤਰਰਾਸ਼ਟਰੀ ਕਬੱਡੀ ਕੱਪ ਦੁਨੀਆ ਦੀ ਇੱਕ ਆਲੇ ਦਰਜੇ ਦੀ ਗਰਾਉਂਡ Chukchansi Park ਫਰੀਜਨੋ ਕੈਲੀਫੋਰਨੀਆ ਦੇ ਵੱਡੇ ਸਟੇਡੀਅਮ ਵਿੱਚ ਹੋਣਗੇ ਜਿਸਦਾ ਐਡਰੈਸ 1800 Tulare St, Fresno, CA 93721 ਹੈ। ਇਸ ਬਾਰੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦੇ ਹੋਏ ਪ੍ਰਬੰਧਕ ਵੀਰਾਂ ਨੇ ਦੱਸਿਆ ਕਿ ਇਹ ਕਰੋਨਾ ਦੀ ਮਹਾਂਮਾਰੀ ਤੋਂ ਬਾਅਦ ਫਰੀਜਨੋ ਵਿੱਚ ਪਹਿਲਾ ਅੰਤਰਰਾਸ਼ਟਰੀ ਕਬੱਡੀ ਕੱਪ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਯੂ ਐਸ ਏ ਦੀ ਅਗਵਾਈ 'ਚ ਸ਼ਹੀਦ ਉਧਮ ਸਿੰਘ, ਸ਼ਹੀਦ ਭਗਤ ਸਿੰਘ ਸਪ੍ਰੋਟਸ ਕਲੱਬਾਂ ਵਲੋਂ ਸਮੂਹ ਖੇਡ ਕਲੱਬਾਂ, ਖੇਡ ਪ੍ਰੇਮੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ।




ਅਮਰੀਕਾ ਦੇ ਕੈਲੀਫੋਰਨੀਆ ਵਿਖੇ ਇਸ ਸਟੇਡੀਅਮ ਵਿਚ ਇਹ ਅੰਤਰਰਾਸ਼ਟਰੀ ਕਬੱਡੀ ਕੱਪ ਖੇਡਿਆ ਜਾਵੇਗਾ।

## ਹੋਰ ਜਾਣਕਾਰੀ ਲਈ ਸੰਪਰਕ ਕਰੋ 559-479-1804

**1800 Tulare St, Fresno, CA 93721**

# ਗ਼ਰੀਬ ਆਦਮੀ ਅਤੇ ਸੂਰਬੀਰ ਦੇ ਤਿੰਨ ਅਨਾਰ

**ਜਾਰਜੀਅਨ ਲੋਕ ਕਹਾਣੀ**

## ਡਾ. ਹਰਨੇਕ ਸਿੰਘ ਕੈਲੇ

ਇੱਕ ਵਾਰ ਇੱਕ ਗ਼ਰੀਬ ਆਦਮੀ ਕੋਲ ਕੁਝ ਵੀ ਨਹੀਂ ਸੀ, ਨਾ ਘਰ ਤੇ ਨਾ ਪਰਿਵਾਰ। ਉਸ ਨੇ ਜੰਗਲ ਵਿੱਚ ਇੱਕ ਝੌਂਪੜੀ ਬਣਾ ਲਈ ਅਤੇ ਉੱਥੇ ਰਹਿਣ ਲੱਗ ਪਿਆ।

ਉਹ ਲੱਕੜੀਆਂ ਇਕੱਠੀਆਂ ਕਰਦਾ ਅਤੇ ਸ਼ਹਿਰ ਲਿਜਾ ਕੇ ਵੇਚ ਦਿੰਦਾ ਤੇ ਕੁਝ ਖਾਣ ਲਈ ਲੈ ਆਉਂਦਾ। ਇੱਕ ਦਿਨ ਉਹ ਲੱਕੜੀਆਂ ਦਾ ਗੱਠਾ ਸ਼ਹਿਰ ਲੈ ਗਿਆ। ਉਸ ਨੇ ਇਸ ਨੂੰ ਵੇਚ ਕੇ ਜੋ ਕੁਝ ਖਾਣ ਲਈ ਲਿਆ, ਉਸ ਨੂੰ ਆਪਣੀ ਜੈਕਟ ਵਿੱਚ ਤੁੰਨ ਲਿਆ।

ਰਸਤੇ ਵਿੱਚ ਉਹ ਬਾਦਸ਼ਾਹ ਦੇ ਮਹਿਲ ਕੋਲੋਂ ਦੀ ਲੰਘਿਆ। ਬਾਦਸ਼ਾਹ ਦੀ ਧੀ ਉਸ ਨੂੰ ਦੇਖ ਕੇ ਆਖਣ ਲੱਗੀ, 'ਪਿਤਾ ਜੀ ਦੇਖੋ, ਸ਼ੈਤਾਨ ਆ ਰਿਹਾ ਹੈ।' ਉਸ ਦੇ ਪਿਤਾ ਨੇ ਦੇਖਿਆ ਤੇ ਕਿਹਾ ਕਿ ਇਹ ਤਾਂ ਇੱਕ ਗ਼ਰੀਬ ਆਦਮੀ ਹੈ, ਸ਼ੈਤਾਨ ਨਹੀਂ। ਬਾਦਸ਼ਾਹ ਨੂੰ ਆਪਣੀ ਧੀ 'ਤੇ ਗੁੱਸਾ ਆ ਗਿਆ। ਉਹ ਆਖਣ ਲੱਗਿਆ, 'ਇਹ ਸ਼ੈਤਾਨ ਨਹੀਂ, ਆਦਮੀ ਹੈ।'

'ਇਹ ਆਦਮੀ ਕਿਵੇਂ ਹੋ ਸਕਦੈ ? ਇਹ ਤਾਂ ਸਾਰਾ ਕਾਲਾ ਹੈ ਅਤੇ ਇਸ ਦੇ ਕੱਪੜੇ ਵੀ ਕਿੰਨੇ ਅਜੀਬ ਹਨ। ਇਹ ਸ਼ੈਤਾਨ ਹੀ ਹੈ।' ਰਾਜਕੁਮਾਰੀ ਨੇ ਜ਼ੋਰ ਦੇ ਕੇ ਕਿਹਾ।

ਬਾਦਸ਼ਾਹ ਅਤੇ ਉਸ ਦੀ ਧੀ ਬਹਿਸ ਕਰਨ ਲੱਗ ਪਏ। ਬਾਦਸ਼ਾਹ ਨੂੰ ਐਨਾ ਗੁੱਸਾ ਆਇਆ ਕਿ ਉਸ ਨੇ ਗੁੱਸੇ ਵਿੱਚ ਰਾਜਮੁਕਾਰੀ ਨੂੰ ਉਸ ਗ਼ਰੀਬ ਆਦਮੀ ਨਾਲ ਵਿਆਹ ਕਰਨ ਲਈ ਆਖ ਦਿੱਤਾ ਅਤੇ ਇਹ ਵੀ ਕਹਿ ਦਿੱਤਾ ਕਿ ਜੇ ਉਹ ਇਨਕਾਰ ਕਰੇਗੀ ਤਾਂ ਉਸ ਦਾ ਸਿਰ ਕਟਵਾ ਦਿੱਦਾ ਜਾਵੇਗਾ।

ਰਾਜਕਮੁਾਰੀ ਐਨੀ ਡਰ ਗਈ ਕਿ ਉਸ ਨੇ ਮਰਨ ਨਾਲੋਂ ਗ਼ਰੀਬ ਆਦਮੀ ਨਾਲ ਵਿਆਹ ਕਰਨ ਦਾ ਫ਼ੈਸਲਾ ਕਰ ਲਿਆ। ਉਸ ਨੇ ਕੁਝ ਚੀਜ਼ਾਂ ਗੱਠੜੀ ਵਿੱਚ ਬੰਨੀਆਂ ਅਤੇ ਉਸ ਦੇ ਪਿੱਛੇ ਦੌੜਦੀ ਨੇ ਆਵਾਜ਼ ਮਾਰੀ, 'ਰੁਕੋ।'

ਗ਼ਰੀਬ ਆਦਮੀ ਨੇ ਇੱਕ ਵਾਰ ਤਾਂ ਮੁੜ ਕੇ ਦੇਖਿਆ ਪਰ ਇਹ ਸੋਚ ਕੇ ਕਿ ਐਨੀ ਖ਼ੂਬਸੂਰਤ ਮੁਟਿਆਰ ਉਸ ਨੂੰ ਆਵਾਜ਼ ਨਹੀਂ ਮਾਰ ਸਕਦੀ, ਉਹ ਆਪਣੇ ਰਸਤੇ 'ਤੇ ਚੱਲਦਾ ਰਿਹਾ।

ਅੱਗੇ ਜਾ ਕੇ ਗ਼ਰੀਬ ਆਦਮੀ ਆਪਣੀ ਝੌਂਪੜੀ ਵਿੱਚ ਵੜ ਗਿਆ ਅਤੇ ਰਾਜ ਕੁਮਾਰੀ ਉਸ ਦੇ ਪਿੱਛੇ ਚਲੀ ਗਈ।

'ਤੂੰ ਇੱਥੇ ਕਿਉਂ ਆਈ ਐਂ ?' ਗ਼ਰੀਬ ਆਦਮੀ ਨੇ ਪੁੱਛਿਆ। 'ਮੈਨੂੰ ਤੇਰੇ ਨਾਲ ਵਿਆਹ ਕਰਾਉਣਾ ਪੈਣੇ।' ਉਸ ਨੇ ਆਖਿਆ।

ਇੱਕ ਵਾਰ ਤਾਂ ਗ਼ਰੀਬ ਆਦਮੀ ਡਰ ਗਿਆ। ਫਿਰ ਉਸ ਨੇ ਸੋਚਿਆ ਕਿ ਉਹ ਉਸ ਨੂੰ ਖੁਆਏਗਾ ਕਿੱਥੋਂ ? ਇਹ ਸੋਚ ਕੇ ਉਸ ਨੇ ਰਾਜਕੁਮਾਰੀ ਨੂੰ ਕਿਹਾ, 'ਮੈਂ ਤਾਂ ਮਸਾਂ ਆਪਣਾ ਗੁਜ਼ਾਰਾ ਲੱਕੜਾਂ ਵੇਚ ਕੇ ਕਰਦਾਂ। ਮੈਂ ਤੈਨੂੰ ਕਿਵੇਂ ਰੱਖ ਸਕਦਾਂ ?'

'ਚਿੰਤਾ ਨਾ ਕਰ, ਮੈਂ ਆਪਣਾ ਗੁਜ਼ਾਰਾ ਵੀ ਕਰ ਕਰ ਲਵਾਂਗੀ ਤੇ ਤੇਰਾ ਵੀ ਹੋ ਜਾਵੇਗਾ।' ਰਾਜ ਕੁਮਾਰੀ ਨੇ ਆਖਿਆ।

ਫਿਰ ਉਹ ਆਖਣ ਲੱਗੀ, 'ਆਹ ਸਕਾਫ਼ ਦੇਖ ਜਿਹੜਾ ਮੈਂ ਬੁਣਿਐ। ਇਹ ਪੰਜ ਸੌ ਸੋਨੇ ਦੇ ਸਿੱਕਿਆਂ ਦਾ ਹੈ। ਕੀਮਤ ਇਸ ਵਿੱਚ ਬੁਣੀ ਹੋਈ ਹੈ। ਇਸ ਨੂੰ ਵੇਚ ਕੇ ਧਨ ਘਰ ਲੈ ਆ।'

ਗ਼ਰੀਬ ਆਦਮੀ ਸਕਾਫ਼ ਲੈ ਕੇ ਮੰਡੀ ਚਲਾ ਗਿਆ। ਇੱਕ ਸੌਦਾਗਰ ਨੇ ਸਕਾਫ਼ ਦੀ ਕੀਮਤ ਪੁੱਛੀ।

'ਕੀਮਤ ਤਾਂ ਇਸ ਦੇ ਵਿੱਚ ਹੀ ਬੁਣੀ ਹੋਈ ਹੈ।' ਗ਼ਰੀਬ ਆਦਮੀ ਨੇ ਕਿਹਾ।

'ਮੇਰੇ ਨਾਲ ਘਰ ਚੱਲ, ਮੈਂ ਤੈਨੂੰ ਇਸ ਦੀ ਕੀਮਤ ਦੇ ਦਿਆਂਗਾ।' ਉਸ ਨੇ ਆਖਿਆ।

ਉਹ ਗ਼ਰੀਬ ਆਦਮੀ ਨੂੰ ਆਪਣੇ ਘਰ ਲੈ ਗਿਆ। ਉਸ ਨੂੰ ਗ਼ਰੀਬ ਆਦਮੀ ਨੂੰ ਸੋਨੇ ਦੇ ਪੰਜ ਸੌ ਸਿੱਕੇ ਦਿੱਤੇ ਅਤੇ ਚੰਗਾ ਖੁਆ ਪਿਆ ਕੇ ਵਾਪਸ ਭੇਜ ਦਿੱਤਾ।

ਗ਼ਰੀਬ ਆਦਮੀ ਧਨ ਘਰ ਲੈ ਆਇਆ।

ਉਸ ਦੀ ਪਤਨੀ ਨੇ ਇੱਕ ਹੋਰ ਸਕਾਫ਼ ਬੁਣਿਆ, ਜਿਸ ਦੀ ਓਨੀ ਹੀ ਕੀਮਤ ਸੀ ਅਤੇ ਆਪਣੇ ਪਤੀ ਨੂੰ ਫੜਾਉਂਦਿਆਂ ਆਖਣ ਲੱਗੀ, 'ਇਸ ਨੂੰ ਵੀ ਮੰਡੀ ਵੇਚ ਆਓ।'

ਉਸ ਨੇ ਦੂਜਾ ਸਕਾਫ਼ ਵੀ ਮਾਰਕੀਟ ਲਿਜਾ ਕੇ ਵੇਚਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਹ ਨਾ ਵਿਕਿਆ।

ਇੱਕ ਆਦਮੀ ਨੇ ਉਸ ਦੀ ਕੀਮਤ ਪੁੱਛੀ ਅਤੇ ਆਖਣ ਲੱਗਿਆ, 'ਮੇਰੇ ਕੋਲ ਧਨ ਨਹੀਂ ਪਰ ਜੇ ਤੂੰ ਚਾਹੇ ਤਾਂ ਧਨ ਦੀ ਥਾਂ ਤਿੰਨ ਨਸੀਹਤਾਂ ਦੇ ਸਕਦਾ ਹਾਂ।'

'ਨਹੀਂ, ਮੈਂ ਇਸ ਨੂੰ ਨਸੀਹਤਾਂ ਬਦਲੇ ਨਹੀਂ ਵੇਚਾਂਗਾ।' ਗ਼ਰੀਬ ਆਦਮੀ ਨੇ ਕਿਹਾ।

ਉਹ ਸਕਾਫ਼ ਲੈ ਕੇ ਘਰ ਮੁੜ ਆਇਆ।

'ਕੀ ਕਿਸੇ ਨੇ ਵੀ ਇਸ ਨੂੰ ਖ਼ਰੀਦਣਾ ਨੀਂ ਚਾਹਿਆ ?' ਪਤਨੀ ਨੇ ਪੁੱਛਿਆ।

'ਨਹੀਂ, ਕਿਸੇ ਨੇ ਮੈਨੂੰ ਇਸ ਦੇ ਬਦਲੇ ਤਿੰਨ ਨਸਹੀਤਾਂ ਦੀ ਪੇਸ਼ਕਸ਼ ਕੀਤੀ ਸੀ ਪਰ ਮੈਂ ਨਾਂਹ ਕਰ ਦਿੱਤੀ।' ਪਤੀ ਨੇ ਆਖਿਆ।

ਪਤਨੀ ਗੁੱਸੇ 'ਚ ਬੋਲੀ, 'ਝੱਟਪਟ ਵਾਪਸ ਚਲਾ ਜਾਹ। ਉਸੇ ਆਦਮੀ ਨੂੰ ਲੱਭ ਕੇ ਉਸ ਨੂੰ ਨਸੀਹਤਾਂ ਬਦਲੇ ਸਕਾਫ਼ ਵੇਚ ਆ।'

ਉਹ ਫਿਰ ਮੰਡੀ ਚਲਾ ਗਿਆ। ਉਹ ਕਿੰਨਾ ਚਿਰ ਉਸ ਆਦਮੀ ਨੂੰ ਲੱਭਦਾ ਰਿਹਾ ਅਤੇ ਜਦੋਂ ਵਾਪਸ ਮੁੜਨ ਲੱਗਿਆ ਤਾਂ ਅਖੀਰ ਉਹ ਆਦਮੀ ਉਸ ਨੂੰ ਮਿਲ ਹੀ ਗਿਆ। ਗ਼ਰੀਬ ਆਦਮੀ ਨੇ ਉਸ ਆਦਮੀ ਨੂੰ ਕਿਹਾ, 'ਮੈਂ ਤਿੰਨ ਨਸੀਹਤਾਂ ਬਦਲੇ ਤੈਨੂੰ ਸਕਾਫ਼ ਵੇਚਣ ਲਈ ਤਿਆਰ ਹਾਂ।'

'ਮੇਰੇ ਨਾਲ ਆ ਜਾ।' ਆਦਮੀ ਨੇ ਕਿਹਾ।

ਆਦਮੀ ਉਸ ਨੂੰ ਘਰ ਲੈ ਗਿਆ ਅਤੇ ਆਖਣ ਲੱਗਿਆ ਕਿ ਪਹਿਲੀ ਨਸੀਹਤ ਇਹ ਹੈ ਕਿ ਸੋਚਣ ਤੋਂ ਬਿਨਾਂ ਕੁਝ ਨਾ ਕਹੋ, ਸਗੋਂ ਪਹਿਲਾਂ ਸੋਚੋ ਤੇ ਫਿਰ ਕੁਝ ਕਹੋ। ਦੂਜੀ ਇਹ ਹੈ ਕਿ ਜੇ ਤੁਹਾਨੂੰ ਕਿਸੇ ਵਿਅਕਤੀ ਬਾਰੇ ਕੁਝ ਦੱਸਿਆ ਜਾਵੇ, ਇਹ ਚਾਹੇ ਕੁਝ ਵੀ ਹੋਵੇ ਤੇ ਚਾਹੇ ਇਹ ਵੀ ਕਿ ਉਹ ਤੁਹਾਨੂੰ ਮਾਰਨਾ ਚਾਹੁੰਦਾ ਹੈ ਤਾਂ ਉਸ ਵਿਅਕਤੀ ਨੂੰ ਮਾਰਨ ਦੀ ਕਾਹਲ ਨਾ ਕਰੋ ਅਤੇ ਪਹਿਲਾਂ ਇਹ ਜਾਣੋ ਕਿ ਕੀ ਇਹ ਸੱਚ ਹੈ ਅਤੇ ਤੀਜੀ ਇਹ ਹੈ ਕਿ ਜੇ ਤੁਸੀਂ ਦਰਿਆ ਕੋਲ ਹੋ ਅਤੇ ਤੁਹਾਨੂੰ ਕੋਈ ਪੁੱਛਦਾ ਹੈ ਕਿ ਕੀ ਇੱਥੇ ਪੱਤਣ ਹੈ ਤਾਂ ਲਾਪ੍ਰਵਾਹੀ ਨਾਲ ਇਹ ਕਹਿਣਾ ਉਚਿਤ ਨਹੀਂ ਕਿ ਮੇਰੇ ਖ਼ਿਆਲ ਵਿੱਚ ਹੈ ਕਿਉਂਕਿ ਉਹ ਅੱਗੇ ਜਾ ਕੇ ਡੁੱਬ ਸਕਦਾ ਹੈ। ਤੁਹਾਨੂੰ ਕਹਿਣਾ ਚਾਹੀਦਾ ਹੈ ਕਿ ਮੈਨੂੰ ਨਹੀਂ ਪਤਾ ਅਤੇ ਤੁਸੀਂ ਆਪ ਹੀ ਵੇਖ ਲਓ।

ਫਿਰ ਉਸ ਨੇ ਗ਼ਰੀਬ ਆਦਮੀ ਨੂੰ ਮਹਿੰਗੇ ਤੋਹਫ਼ੇ ਦੇ ਕੇ ਘਰ ਭੇਜ ਦਿੱਤਾ।

ਗ਼ਰੀਬ ਆਦਮੀ ਨੇ ਘਰ ਜਾ ਕੇ ਆਪਣੀ ਪਤਨੀ ਨੂੰ ਤਿੰਨੇ ਨਸੀਹਤਾਂ ਦੱਸੀਆਂ।

ਪਤਨੀ ਨੇ ਕਿਹਾ ਕਿ ਇਹ ਨਸੀਹਤਾਂ ਕਦੇ ਨਾ ਭੁੱਲੀ। ਇਹ ਔਖੇ ਵੇਲੇ ਕੰਮ ਆਉਣਗੀਆਂ। ਹੁਣ ਤੂੰ ਕੋਈ ਕੰਮ ਲੱਭ ਲੈ। ਧਨ ਕਮਾ ਕੇ ਲਿਆ। ਫਿਰ ਆਪਾਂ ਬਲਦਾਂ ਦੀ ਜੋੜੀ ਖ਼ਰੀਦਾਂਗੇ ਅਤੇ ਮੌਜ ਕਰਾਂਗੇ।

ਗ਼ਰੀਬ ਆਦਮੀ ਸ਼ਹਿਰ ਵੱਲ ਨੂੰ ਤੁਰ ਪਿਆ। ਰਸਤੇ ਵਿੱਚ ਉਸ ਨੂੰ ਤਿੰਨ ਸੌਦਾਗਰ ਮਿਲੇ।

'ਸ਼ੁਭ ਦਿਨ!' ਸੌਦਾਗਰਾਂ ਨੇ ਆਖਿਆ।

'ਸ਼ੁਭ ਦਿਨ!' ਗ਼ਰੀਬ ਆਦਮੀ ਨੇ ਵੀ ਆਖਿਆ।

'ਕੀ ਤੂੰ ਸਾਡੇ ਲਈ ਕੰਮ ਕਰੇਂਗਾ ?'

'ਕਿਉਂ ਨਹੀਂ, ਜ਼ਰੂਰ ਕਰਾਂਗਾ।'

'ਸਾਲ ਭਰ ਦਾ ਕੀ ਲਏਂਗਾ ?'

'ਸੋਨੇ ਦੇ ਸੱਠ ਸਿੱਕੇ।'

ਸੌਦਾਗਰਾਂ ਨੇ ਉਸ ਨੂੰ ਉਸ ਦੀ ਸਾਲ ਭਰ ਦੀ ਮਜ਼ਦੂਰੀ ਪੇਸ਼ਗੀ ਦੇ ਰੂਪ ਵਿੱਚ ਦੇ ਦਿੱਤੀ।

ਗ਼ਰੀਬ ਆਦਮੀ ਨੇ ਧਨ ਲਿਆ ਅਤੇ ਆਪਣੇ ਇੱਕ ਵਤਨੀ ਕੋਲ ਘਰ ਭੇਜ ਦਿੱਤਾ। ਆਪ ਉਹ ਸੌਦਾਗਰਾਂ ਦੇ ਪਿੱਛੇ-ਪਿੱਛੇ ਚੱਲ ਪਿਆ।

ਉਹ ਤਿੰਨ ਦਿਨ ਤੇ ਤਿੰਨ ਰਾਤਾਂ ਚਲਦੇ ਰਹੇ। ਉਨਾਂ ਨੂੰ ਕਿਤੇ ਪਾਣੀ ਨਾ ਮਿਲਿਆ। ਫਿਰ ਉਹ ਇੱਕ ਪਹਾੜ ਦੇ ਰਸਤੇ 'ਤੇ ਆ ਗਏ। ਪਹਾੜ ਦੇ ਪਿੱਛੇ ਖੱਡ ਵਿੱਚ ਇੱਕ ਚਸ਼ਮਾ ਸੀ। ਸੌਦਾਗਰਾਂ ਨੇ ਉਸ ਨੂੰ ਇੱਕ ਜੱਗ ਫੜਾਉਂਦਿਆਂ ਆਖਿਆ, 'ਖੱਡ ਵਿੱਚੋਂ ਸਾਡੇ ਲਈ ਪਾਣੀ ਲੈ ਆ।' ਉਹ ਉਸ ਨੂੰ ਉਸ ਦੀ ਮੌਤ ਕੋਲ ਭੇਜ ਰਹੇ ਸਨ। ਪਾਣੀ ਦੇ ਉਸ ਜੱਗ ਕਰਕੇ ਉਸ ਨੇ ਮਰ ਜਾਣਾ ਸੀ।

ਉਹ ਪਾਣੀ ਕੋਲ ਗਿਆ ਅਤੇ ਉੱਥੇ ਉਸ ਨੇ ਇੱਕ ਸੁੰਦਰ ਸੂਰਬੀਰ ਦੇਖਿਆ ਜਿਹੜਾ ਹਥਿਆਰਾਂ ਨਾਲ ਲੈਸ ਸੀ ਅਤੇ ਇੱਕ ਡੱਡੂ ਨਾਲ ਖੇਡ ਰਿਹਾ ਸੀ।

'ਭਰਾਵਾ, ਮੈਨੂੰ ਦੱਸ ਕਿ ਕੌਣ ਜ਼ਿਆਦਾ ਸੋਹਣੈਂ- ਮੈਂ ਜਾਂ ਇਹ ਡੱਡੂ ?' ਸੂਰਬੀਰ ਨੇ ਉਸ ਨੂੰ ਪੁੱਛਿਆ।

ਡੱਡੂ ਉਸ ਦੇ ਮੋਢੇ 'ਤੇ ਟਪੂਸੀਆਂ ਮਾਰ-ਮਾਰ ਖੇਡ ਰਿਹਾ ਸੀ। ਗ਼ਰੀਬ ਆਦਮੀ ਆਪਣੇ ਦਿਮਾਗ਼ ਵਿੱਚ ਆਈ ਪਹਿਲੀ ਗੱਲ ਆਖਣ ਹੀ ਲੱਗਿਆ ਸੀ ਕਿ ਉਸ ਨੂੰ ਪਹਿਲੀ ਨਸੀਹਤ ਯਾਦ ਆ ਗਈ ਕਿ ਸੋਚਣ ਤੋਂ ਬਿਨਾਂ ਕੁਝ ਨਹੀਂ ਕਹਿਣਾ ਚਾਹੀਦਾ। ਉਹ ਤਿੰਨ ਕਦਮ ਪਿੱਛੇ ਵੱਲ ਮੁੜਿਆ। ਉਸ ਨੇ ਕੁਝ ਦੇਰ ਲਈ ਸੋਚਿਆ। ਉਸ ਨੂੰ ਡਰ ਲੱਗਣ ਲੱਗਿਆ ਕਿ ਜੇ ਉਸ ਨੇ ਕਹਿ ਦਿੱਤਾ ਕਿ ਸੂਰਬੀਰ, ਡੱਡੂ ਨਾਲੋਂ ਜ਼ਿਆਦਾ ਸੋਹਣਾ ਹੈ ਤਾਂ ਸੂਰਬੀਰ ਗੁੱਸੇ ਵਿੱਚ ਆ ਕੇ ਕਿਤੇ ਉਸ ਦਾ ਕਤਲ ਨਾ ਕਰ ਦੇਵੇ। ਉਸ ਨੇ ਸੋਚਿਆ ਕਿ ਸੂਰਬੀਰ ਦੇ ਪ੍ਰਸ਼ਨ ਪਿੱਛੇ ਕੋਈ ਰਹੱਸ ਜ਼ਰੂਰ ਹੈ।

'ਬੋਲ। ਤੂੰ ਚੁੱਪ ਕਿਉਂ ਹੈਂ ?' ਸੂਰਬੀਰ ਨੇ ਆਖਿਆ।

'ਗ਼ਰੀਬ ਆਦਮੀ ਨੇ ਸੋਚਿਆ ਕਿ ਚੰਗਾ ਇਹੀ ਹੋਵੇਗਾ ਜੇ ਉਹ ਆਖ ਦੇਵੇ ਕਿ ਡੱਡੂ ਜ਼ਿਆਦਾ ਸੋਹਣਾ ਹੈ।'

'ਡੱਡੂ ਜ਼ਿਆਦਾ ਸੋਹਣਾ ਹੈ।' ਉਸ ਨੇ ਆਖਿਆ।

ਇਹੀ ਜਵਾਬ ਸੂਰਬੀਰ ਚਾਹੁੰਦਾ ਸੀ। ਜਿਉਂ ਹੀ ਗ਼ਰੀਬ ਆਦਮੀ ਨੇ ਆਖਿਆ ਕਿ ਡੱਡੂ ਜ਼ਿਆਦਾ ਸੋਹਣਾ ਹੈ ਤਾਂ ਡੱਡੂ ਦੀ ਚਮੜੀ ਧਮਾਕੇ ਨਾਲ ਫਟ ਗਈ ਅਤੇ ਇਸ ਵਿੱਚੋਂ ਬਹੁਤ ਹੀ ਖ਼ੂਬਸੂਰਤ ਮੁਟਿਆਰ ਬਾਹਰ ਆ ਗਈ।

ਸੂਰਬੀਰ ਬੇਹੱਦ ਖ਼ੁਸ਼ ਹੋ ਗਿਆ। ਉਸ ਨੇ ਗ਼ਰੀਬ ਆਦਮੀ



ਨੂੰ ਚੁੰਮਿਆ ਅਤੇ ਗਲਵੱਕੜੀ ਵਿੱਚ ਲੈ ਲਿਆ। ਫਿਰ ਉਸ ਨੇ ਦੱਸਿਆ ਕਿ ਇਹ ਜਵਾਬ ਲੈਣ ਅਤੇ ਜਾਦੂ-ਟੂਣੇ ਵੱਸ ਪਈ ਰਾਜਕੁਮਾਰੀ ਨੂੰ ਇਸ ਤੋਂ ਮੁਕਤੀ ਦਿਵਾਉਣ ਲਈ ਪਤਾ ਨਹੀਂ ਉਸ ਨੇ ਕਿੰਨਿਆਂ ਨੂੰ ਮੌਤ ਦੇ ਘਾਟ ਉਤਾਰਿਆ ਹੈ। ਹੁਣ ਸਭ ਨੂੰ ਦੱਸ ਦੇ ਕਿ ਚਸ਼ਮਾ ਆਜ਼ਾਦ ਹੈ ਕਿਉਂਕਿ ਮੈਂ ਇੱਥੋਂ ਜਾ ਰਿਹਾ ਹਾਂ।

ਜਾਣ ਤੋਂ ਪਹਿਲਾਂ ਸੂਰਬੀਰ ਨੇ ਗ਼ਰੀਬ ਆਦਮੀ ਨੂੰ ਤਿੰਨ ਜਾਦੂ ਦੇ ਅਨਾਰ ਦਿੱਤੇ ਅਤੇ ਕਿਹਾ ਕਿ ਇਹ ਤੇਰੇ ਕੰਮ ਆਉਣਗੇ। ਫਿਰ ਉਸ ਨੇ ਔਰਤਾਂ ਵਾਲੀ ਸੁਨਹਿਰੀ ਬੈਲਟ ਗ਼ਰੀਬ ਆਦਮੀ ਨੂੰ ਦਿੱਤੀ ਅਤੇ ਕਿਹਾ ਕਿ ਜੇ ਤੇਰੀ ਪਤਨੀ ਹੈ ਤਾਂ ਉਹ ਇਹ ਬੈਲਟ ਲਾ ਲਵੇ, ਉਹ ਸੁਨਹਿਰੀ ਘੁੰਗਰਾਲੇ ਵਾਲਾਂ ਵਾਲੇ ਪੁੱਤਰ ਨੂੰ ਜਨਮ ਦੇਵੇਗੀ।

ਇਹ ਸਭ ਆਖ ਕੇ ਸੂਰਬੀਰ, ਖ਼ੂਬਸੂਰਤ ਰਾਜਕੁਮਾਰੀ ਨੂੰ ਨਾਲ ਲੈ ਕੇ ਚਲਾ ਗਿਆ।

ਗ਼ਰੀਬ ਆਦਮੀ ਨੇ ਅਨਾਰ ਅਤੇ ਸੁਨਹਿਰੀ ਬੈਲਟ ਇੱਕ ਕੱਪੜੇ ਵਿੱਚ ਲਪੇਟੇ ਅਤੇ ਇੱਕ ਸਾਥੀ ਰਾਹੀਂ ਆਪਣੀ ਪਤਨੀ ਕੋਲ ਭੇਜ ਦਿੱਤੇ।

ਗ਼ਰੀਬ ਆਦਮੀ ਨੂੰ ਜਿਊਂਦਾ ਦੇਖ ਕੇ ਅਤੇ ਪਾਣੀ ਨਾਲ ਭਰਿਆ ਜੱਗ ਦੇਖ ਕੇ ਸੌਦਾਗਰ ਹੈਰਾਨ ਰਹਿ ਗਏ। ਉਹ ਗ਼ਰੀਬ ਆਦਮੀ ਨੂੰ ਪੁੱਛਣ ਲੱਗੇ, 'ਕੀ ਚਸ਼ਮੇ ਕੋਲ ਕੋਈ ਨਹੀਂ ਸੀ ?'

'ਸੀ ਪਰ ਉਹ ਚਲਿਆ ਗਿਐ।' ਗ਼ਰੀਬ ਆਦਮੀ ਨੇ ਆਖਿਆ। ਹੁਣ ਚਸ਼ਮਾ ਆਜ਼ਾਦ ਹੈ। ਫਿਰ ਗ਼ਰੀਬ ਆਦਮੀ ਨੇ ਉਨਾਂ ਨੂੰ ਸਾਰੀ ਕਹਾਣੀ ਸੁਣਾ ਦਿੱਤੀ।

ਗ਼ਰੀਬ ਆਦਮੀ ਦੇ ਸਾਥੀ ਨੇ ਉਸ ਦੀ ਪਤਨੀ ਨੂੰ ਕੱਪੜੇ ਵਿੱਚ ਲਪੇਟੀਆਂ ਸਾਰੀਆਂ ਚੀਜ਼ਾਂ ਦੇ ਦਿੱਤੀਆਂ। ਪਤਨੀ ਨੇ ਇੱਕ ਅਨਾਰ ਤੋੜਿਆ ਤਾਂ ਅੱਧੇ ਵਿੱਚੋਂ ਮਹਿਲ ਤੇ ਬਾਗ਼ ਵਾਲਾ ਇੱਕ ਸ਼ਾਨਦਾਰ ਸ਼ਹਿਰ ਨਿਕਲਿਆ। ਉਸ ਨੇ ਘੋੜੇ, ਭੇਡਾਂ ਤੇ ਬਲਦ ਖੇਤਾਂ ਵਿੱਚ ਚਰਨ ਲਈ ਛੱਡ ਦਿੱਤੇ ਅਤੇ ਆਪਣੇ ਪਤੀ ਦੀ ਵਾਪਸੀ ਦੀ ਉਡੀਕ ਕਰਨ ਲੱਗੀ।

ਗ਼ਰੀਬ ਆਦਮੀ ਨੇ ਬਾਰਾਂ ਮਹੀਨੇ ਕੰਮ ਕੀਤਾ। ਸੌਦਾਗਰਾਂ ਨੇ ਉਸ ਨੂੰ ਵਧੀਆ ਸੇਵਾ ਕਰਨ ਕਰਕੇ ਹੋਰ ਧਨ ਦੇ ਕੇ ਭੇਜ ਦਿੱਤਾ। ਹੁਣ ਉਨਾਂ ਨੂੰ ਨੌਕਰ ਦੀ ਲੋੜ ਹੀ ਨਹੀਂ ਸੀ ਰਹੀ ਕਿਉਂਕਿ ਚਸ਼ਮਾ ਆਜ਼ਾਦ ਹੋ ਗਿਆ ਸੀ। ਚਸ਼ਮੇ ਕਰਕੇ ਹੀ ਉਹ ਕਾਮੇ ਰੱਖਦੇ ਸਨ।

ਜਦੋਂ ਗ਼ਰੀਬ ਆਦਮੀ ਆਪਣੀ ਝੌਂਪੜੀ ਕੋਲ ਪਹੁੰਚਿਆ ਤਾਂ ਰਸਤੇ ਵਿੱਚ ਉਸ ਨੇ ਕੁਝ ਬਲਦ ਚਰਦੇ ਦੇਖੇ।

'ਇਹ ਬਲਦ ਕਿਸ ਦੇ ਨੇ ?' ਉਸ ਨੇ ਆਜੜੀਆਂ ਨੂੰ ਪੁੱਛਿਆ।

ਆਜੜੀਆਂ ਨੇ ਉਸ ਨੂੰ ਉਸੇ ਦਾ ਨਾਂ ਦੱਸਿਆ।

ਉਹ ਸੋਚਣ ਲੱਗਿਆ ਕਿ ਉਹ ਉਸ ਦੀ ਖਿੱਲੀ ਉਡਾ ਰਹੇ ਹਨ। ਉਹ ਖਿਝ ਗਿਆ। ਉਸ ਨੂੰ ਗੁੱਸਾ ਵੀ ਆਇਆ ਪਰ ਉਸ ਨੇ ਕੁਝ ਨਾ ਆਖਿਆ ਅਤੇ ਆਪਣੇ ਰਸਤੇ 'ਤੇ ਚੱਲਦਾ ਰਿਹਾ।

ਅੱਗੇ ਉਸ ਨੇ ਭੇਡਾਂ ਦੇ ਝੁੰਡ ਦੇਖੇ ਅਤੇ ਪੁੱਛਿਆ ਕਿ ਇਹ ਕਿਸ ਦੇ ਹਨ। ਉਸ ਨੇ ਦੁਬਾਰਾ ਆਪਣਾ ਹੀ ਨਾਂ ਸੁਣਿਆ।

ਉਹ ਜੰਗਲ ਵਿੱਚ ਗਿਆ। ਉਸ ਨੇ ਦੇਖਿਆ ਕਿ ਉਸ ਦੀ ਝੌਂਪੜੀ ਕਿਤੇ ਨਹੀਂ ਸੀ ਅਤੇ ਉਸ ਦੀ ਥਾਂ ਇੱਕ ਸ਼ਾਨਦਾਰ ਮਹਿਲ ਸੀ।

ਗ਼ਰੀਬ ਆਦਮੀ ਪਹਿਲਾਂ ਤਾਂ ਹਿਚਕਚਾਇਆ ਪਰ ਫਿਰ ਉਹ ਇਸ ਦੇ ਵਿਹੜੇ ਵਿੱਚ ਚਲਿਆ ਗਿਆ।

ਉਸ ਨੇ ਉੱਥੇ ਜਾ ਕੇ ਆਪਣੀ ਪਤਨੀ ਬਾਰੇ ਪੁੱਛਿਆ ਤਾਂ ਜੁਆਬ ਮਿਲਿਆ ਕਿ ਸਾਡੀ ਮਾਲਕਣ ਉੱਪਰ ਪਹਾੜ 'ਤੇ ਮਹਿਲ ਵਿੱਚ ਰਹਿੰਦੀ ਹੈ।

ਗ਼ਰੀਬ ਆਦਮੀ ਨੂੰ ਬੜੀ ਹੈਰਾਨੀ ਹੋਈ ਪਰ ਉਸ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ।

ਉਸ ਨੂੰ ਸਾਰੇ ਪਾਸਿਓਂ ਨੌਕਰਾਂ ਨੇ ਘੇਰ ਲਿਆ ਅਤੇ ਪੁੱਛਣ ਲੱਗੇ ਕਿ ਉਸ ਨੂੰ ਕੀ ਚਾਹੀਦਾ ਹੈ ? ਕੀ ਉਸ ਨੂੰ ਕੰਮ ਚਾਹੀਦਾ ਹੈ ?

'ਹਾਂ।' ਉਸ ਨੇ ਆਖਿਆ।

ਫਿਰ ਉਹ ਸਾਰੇ ਉੱਚੀ-ਉੱਚੀ ਗੱਲਾਂ ਕਰਨ ਲੱਗੇ।

'ਸਾਨੂੰ ਇਸ ਦੀ ਲੋੜ ਨੀਂ।' ਕੁਝ ਨੇ ਆਖਿਆ।

'ਸਾਨੂੰ ਲੋੜ ਐ।' ਹੋਰਨਾਂ ਨੇ ਆਖਿਆ।

ਫਿਰ ਇੱਕ ਬੁੱਢਾ ਬੱਤਖਾਂ ਦਾ ਰਖਵਾਲਾ ਆਖਣ ਲੱਗਿਆ, 'ਮੈਂ ਇਸ ਨੂੰ ਬੱਤਖਾਂ ਦੀ ਰਾਖੀ ਲਈ ਲੈ ਜਾਵਾਂਗਾ।' ਇਸ ਤਰਾਂ ਉਹ ਉੱਥੇ ਨੌਕਰ ਲੱਗ ਗਿਆ।

ਇੱਕ ਮਹੀਨਾ ਲੰਘ ਗਿਆ। ਗ਼ਰੀਬ ਆਦਮੀ ਬੱਤਖਾਂ ਦੀ ਰਾਖੀ ਦਾ ਕੰਮ ਕਰਦਾ ਰਿਹਾ। ਇੱਕ ਦਿਨ ਉਹ ਬੁੱਢੇ ਆਦਮੀ ਨੂੰ ਆਖਣ ਲੱਗਿਆ, 'ਮੈਂ ਆਪਣੀ ਮਾਲਕਣ ਨੂੰ ਮਿਲਣਾ ਚਾਹੁੰਦਾ ਹਾਂ।'

'ਮੇਰੇ ਵਿੱਚ ਐਨੀ ਹਿੰਮਤ ਨਹੀਂ ਕਿ ਮੈਂ ਉਸ ਕੋਲ ਜਾਵਾਂ।' ਬੁੱਢੇ ਆਦਮੀ ਨੇ ਆਖਿਆ। ਫਿਰ ਉਸ ਨੇ ਕਿਹਾ ਕਿ ਜੇ ਆਪਾਂ ਨੌਕਰਾਣੀ ਹੱਥ ਸੁਨੇਹਾ ਭੇਜ ਦੇਈਏ!

ਉਨਾਂ ਨੇ ਨੌਕਰਾਣੀ ਹੱਥ ਸੁਨੇਹਾ ਭੇਜ ਦਿੱਤਾ ਕਿ ਇੱਕ ਆਦਮੀ ਜਿਹੜਾ ਇੱਕ ਮਹੀਨੇ ਤੋਂ ਇੱਥੇ ਕੰਮ ਕਰ ਰਿਹਾ ਹੈ, ਮਾਲਕਣ ਨੂੰ ਮਿਲਣਾ ਚਾਹੁੰਦਾ ਹੈ।

ਮਾਲਕਣ ਬਾਲਕੋਨੀ ਵਿੱਚ ਆ ਗਈ ਅਤੇ ਇਹ ਸੋਚ ਕੇ ਕਿ ਕੀ ਪਤਾ ਉਸ ਦਾ ਪਤੀ ਹੀ ਹੋਵੇ, ਉਸ ਨੇ ਨੌਕਰਾਂ ਨੂੰ ਹੁਕਮ ਦਿੱਤਾ ਕਿ ਉਹ ਉਸ ਨੂੰ ਉਸ ਕੋਲ ਲੈ ਆਉਣ।

ਉਹ ਉਨਾਂ ਨਾਲ ਤੁਰ ਪਿਆ ਅਤੇ ਸੋਚਣ ਲੱਗਿਆ ਕਿ ਪਤਾ ਨਹੀਂ ਕੀ ਹੋਵੇਗਾ।

ਮਾਲਕਣ ਨੇ ਉੱਪਰੋਂ ਵੇਖਿਆ ਤੇ ਆਪਣੇ ਪਤੀ ਨੂੰ ਪਛਾਣ ਲਿਆ ਅਤੇ ਨੌਕਰਾਂ ਨੂੰ ਆਖਿਆ, 'ਉਸ ਨੂੰ ਇੱਥੋਂ ਇਸ ਤਰਾਂ ਚੁੱਕ ਕੇ ਲੈ ਆਉ ਕਿ ਉਸ ਦੇ ਪੈਰ ਧਰਤੀ ਨੂੰ ਨਾ ਛੋਹਣ।'

ਨੌਕਰਾਂ ਨੇ ਉਸ ਨੂੰ ਚੁੱਕਿਆ ਅਤੇ ਉੱਚੀ-ਉੱਚੀ 'ਜੀ ਆਇਆਂ' ਆਖਿਆ ਪਰ ਅੰਦਰੋਂ ਉਹ ਗੁੱਸੇ ਨਾਲ ਭਰੇ ਹੋਏ ਸਨ ਕਿ ਇੱਕ ਸਾਧਾਰਨ ਬੱਤਖਾਂ ਦੇ ਰਖਵਾਲੇ ਨੂੰ ਐਨਾ ਮਾਣ-ਸਤਿਕਾਰ ਦਿੱਤਾ ਜਾ ਰਿਹਾ ਹੈ। ਉਹ ਉਸ ਨੂੰ ਆਪਣੀ ਮਾਲਕਣ ਕੋਲ ਲੈ ਆਏ।

ਮਾਲਕਣ ਨੇ ਸਾਰੇ ਨੌਕਰਾਂ ਨੂੰ ਭੇਜ ਦਿੱਤਾ ਅਤੇ ਆਪਣੇ ਪਤੀ ਨੂੰ ਸੁੰਦਰ ਵਸਤਰ ਪਹਿਨਾਏ। ਫਿਰ ਉਹ ਉਸ ਦੀ ਬਾਂਹ ਵਿੱਚ ਬਾਂਹ ਪਾ ਕੇ ਟਹਿਲਣ ਲੱਗੀ।

ਜਦ ਨੌਕਰਾਂ ਨੂੰ ਪਤਾ ਲੱਗਿਆ ਕਿ ਇਹ ਤਾਂ ਉਨਾਂ ਦਾ ਮਾਲਕ ਹੈ ਤਾਂ ਉਹ ਡਰ ਗਏ ਕਿ ਉਨਾਂ ਨੂੰ ਉਨਾਂ ਦੇ ਅਪਰਾਧ ਦੀ ਸਜ਼ਾ ਮਿਲੇਗੀ ਪਰ ਉਹ ਗੁੱਸੇ ਨਾ ਹੋਇਆ ਅਤੇ ਉਸ ਨੇ ਕਿਸੇ ਨੂੰ ਨੌਕਰੀਓਂ ਨਾ ਕੱਢਿਆ।

ਉਹ ਕਮਰਿਆਂ ਕੋਲ ਦੀ ਲੰਘਦਾ, ਉਨਾਂ ਦਾ ਨਿਰੀਖਣ ਕਰਨ ਲੱਗਿਆ। ਇੱਕ ਕਮਰੇ ਵਿੱਚ ਉਸ ਨੇ ਝੂਲੇ ਵਿੱਚ ਇੱਕ ਸੁਨਹਿਰੀ ਘੁੰਗਰਾਲੇ ਵਾਲਾਂ ਵਾਲਾ ਲੜਕਾ ਵੇਖਿਆ। ਉਹ ਗੁੱਸੇ ਵਿੱਚ ਆ ਗਿਆ। ਉਸ ਨੇ ਆਪਣੇ ਖੰਜਰ ਨੂੰ ਹੱਥ ਪਾਇਆ ਅਤੇ ਆਪਣੀ ਪਤਨੀ ਨੂੰ ਮਾਰਨ ਹੀ ਲੱਗਿਆ ਸੀ ਕਿ ਉਸ ਨੂੰ ਉਹ ਨਸੀਹਤ ਯਾਦ ਆ ਗਈ ਕਿ ਕਿਸੇ ਨੂੰ ਮਾਰਨ ਤੋਂ ਪਹਿਲਾਂ ਵੀ ਸੋਚੋ। ਉਹ ਸੋਚਣ ਲੱਗਿਆ ਅਤੇ ਉਸ ਨੂੰ ਯਾਦ ਆਇਆ ਕਿ ਉਸ ਨੇ ਆਪਣੀ ਪਤਨੀ ਨੂੰ ਸੁਨਹਿਰੀ ਬੈਲਟ ਭੇਜੀ ਸੀ ਅਤੇ ਇਹ ਵੀ ਕਿ ਸੂਰਬੀਰ ਨੇ ਕੀ ਕਿਹਾ ਸੀ।

ਉਸ ਦੀ ਪਤਨੀ ਉਸ ਨੂੰ ਆਖਣ ਲੱਗੀ, 'ਇਹ ਸਭ ਕੁਝ ਤੂੰ ਆਪਣੀ ਮਿਹਨਤ ਨਾਲ ਕਮਾਇਆ ਹੈ। ਯਾਦ ਕਰ ਕਿ ਤੂੰ ਮੈਨੂੰ ਇੱਕ ਸੋਨੇ ਦੀ ਬੈਲਟ ਤੇ ਤਿੰਨ ਅਨਾਰ ਭੇਜੇ ਸਨ। ਇਹ ਸ਼ਹਿਰ ਤੇ ਮਹਿਲ ਸਾਰੇ ਜਾਦੂਈ ਅਨਾਰ ਦੇ ਅੱਧੇ ਹਿੱਸੇ 'ਚੋਂ ਨਿਕਲੇ ਹਨ।

ਬਾਕੀ ਸਫ਼ਾ 30 'ਤੇ

## 1. ਚੜ੍ਹਦੀ ਕਲਾ

ਅਸੀਂ ਦੱਬਦੇ ਨਹੀਂ ਆ ਦੱਬਕਿਆਂ ਨਾਲ,
ਅਸੀਂ ਗਿੱਝੇ ਹੋਏ ਆਂ ਭੀੜਾਂ ਦੇ,
ਸਾਡੇ ਮਹਿਲ ਘੋੜਿਆਂ-ਕਾਠੀਆਂ ਦੇ,
ਅਸੀਂ ਰਾਜੇ ਜੰਗਲਾਂ ਬੀੜਾਂ ਦੇ,
ਸਾਡੇ ਪੁਰਖਿਆਂ ਖਾ ਕੇ ਪੱਤੇ ਵੀ,
ਕੀਤਾ ਸ਼ੁਕਰਾਨਾ ਅਕਾਲ ਦਾ ਏ,
ਅਸੀਂ ਐਨੇ ਵੀ ਨਾਸਮਝ ਨਹੀਂ,
ਸਾਨੂੰ ਪਤਾ ਤੇਰੀ ਹਰ ਚਾਲ ਦਾ ਏ,
ਅਸੀਂ ਮਿਲੇ ਰਾਜ ਵੀ ਛੱਡ ਦੇਈਏ,
ਨਹੀਂ ਦੇਣਾ, ਦਿੰਦੇ ਓਰਾ ਨਾ,
ਕਹਿੰਦੇ ਸੱਪ ਤੇ ਸਾਧ ਨੀਂ ਛੇੜੀਦੇ,
ਤੈਨੂੰ ਅਜੇ ਪਰਖਾਂ ਭੋਰਾ ਨਾ,
ਜਿਸ ਲੁੱਟ ਹੋਇਆਂ ਨੂੰ ਕੱਜਿਆ ਏ,
ਅਸੀਂ ਜਾਏ ਓਸ ਪੰਜਾਬ ਦੇ ਆਂ,
ਅਸੀਂ ਚੜ ਆਇਆਂ ਨੂੰ ਬਖਸ਼ਦੇ ਨਹੀਂ,
ਦਰ ਆਇਆਂ ਨੂੰ ਫੁੱਲ ਗੁਲਾਬ ਦੇ ਆਂ।

**-ਅਰਸ਼ਦੀਪ ਸਿੰਘ ਬਰਾੜ**

## 2. ਚਿੜੀ ਕੇ ਕਾਂ

ਔਰਤ ਨੇ ਔਰਤ ਨੂੰ ਆਖਿਆ
ਤੇਰੇ ਜੁਆਕ ਹੋਣ ਵਾਲਾ ਏ
ਛੋਟੇ ਬੱਚਿਆਂ ਤੋਂ ਪੁੱਛੀ
ਤੇਰੇ ਕੋਠੇ ਚਿੜੀ ਕੇ ਕਾਂ
ਜੇ ਆਖਣ ਚਿੜੀ ਤਾਂ ਸਮਝੀ ਕੁੜੀ
ਤੇ ਜੇ ਆਖਣ ਕਾਂ ਤਾਂ ਸਮਝੀ
ਮਿਲ ਜਾਊ ਵਾਰਿਸ ਦਾ ਨਾਂ।
ਔਰਤ ਨੇ ਔਰਤ ਨੂੰ ਸਮਝਾਇਆ
ਪੁੱਛਣ ਤੋਂ ਪਹਿਲਾਂ ਥੋੜਾ ਬੱਚੇ ਨੂੰ ਭਰਮਾ ਲਈ
ਕਿਸੇ ਚੀਜ਼ ਦਾ ਲਾਲਚ ਦੇ ਕੇ
ਕਾਂ ਕਹਿਣ ਲਈ ਮਨਾ ਲਈ।
ਔਰਤ ਨੇ ਔਰਤ ਕੋਲ ਅਫ਼ਸੋਸ ਕੀਤਾ
ਫਿਰ ਕੁੜੀ ਹੋ ਗਈ
ਰੱਬ ਇੱਕ ਮੁੰਡਾ ਦੇ ਦਿੰਦਾ
ਤਾਂ ਉਸ ਦਾ ਕੀ ਜਾਂਦਾ
ਭੈਣ ਭਰਾਵਾਂ ਦੀ ਜੋੜੀ ਬਣ ਜਾਂਦੀ।
ਔਰਤ ਨੇ ਔਰਤ ਨੂੰ ਤਾਅਨਾ ਦਿੱਤਾ
ਬਸ ਤੇਰੇ ਵਿਆਹ ਉੱਤੇ
ਆਹੀ ਸਾਮਾਨ ਤੇਰੇ ਮਾਂ ਬਾਪ ਨੇ ਦਿੱਤਾ
ਮੇਰੇ ਮੁੰਡੇ ਨੂੰ ਤੋਟ ਨਹੀਂ ਸੀ ਰਿਸ਼ਤਿਆਂ ਦੀ
ਬਸ ਤੇਰੇ ਵਰਗੀ ਕਰਮ ਜਲੀ ਨਾਲ
ਕਰਮ ਭਿੜ ਗਏ ਮੇਰੇ ਮੁੰਡੇ ਦੇ।
ਔਰਤ ਨੇ ਔਰਤ ਨੂੰ ਸਵਾਲ ਕੀਤਾ
ਕਿੱਥੇ ਜਾਂਦੀ ਹੈਂ
ਕੀ ਕਰਦੀ ਹੈਂ
ਜਾਣਾ ਹੁੰਦੈ ਤਾਂ ਪਹਿਲਾਂ ਪੁੱਛ ਲਿਆ ਕਰ
ਕਰਨ ਤੋਂ ਪਹਿਲਾਂ ਸਮਝ ਲਿਆ ਕਰ
ਹਰ ਵੇਲੇ ਮਰਜ਼ੀ ਦੀ ਮਾਲਕ ਨਾ
ਬਣਿਆ ਕਰ।
ਔਰਤ ਨੇ ਔਰਤ ਨੂੰ ਜ਼ਲੀਲ ਕੀਤਾ
ਤੇਰੇ ਤੇ ਤਿੰਨ ਸੌ ਪੈਂਹਠ ਚਲਿੱਤਰ ਨੇ
ਤੇਰੇ ਤੇ ਕੌਣ ਵਿਸ਼ਵਾਸ਼ ਕਰੇ
ਤੂੰ ਇਸ ਲਾਇਕ ਹੈ ਹੀ ਨਹੀਂ
ਕਿ ਤੇਰੇ ਤੇ ਵਿਸ਼ਵਾਸ ਕੀਤਾ ਜਾ ਸਕੇ।
ਔਰਤ ਨੇ ਔਰਤ ਨੂੰ ਫਰੋਲਿਆ ਤੇ ਆਖਿਆ
ਤੇਰੇ ਕੁੱਖ ਰੂਪੀ ਆਲਣੇ ਵਿੱਚ ਤੇ ਚਿੜੀ ਏ
ਇੱਕ ਦਿਨ ਉੱਡ ਜਾਵੇਗੀ
ਕਿਉਂ ਨਾ ਅੱਜ ਹੀ ਉਡਾ ਦੇਈਏ
ਤੇ ਔਰਤ ਨੇ ਔਰਤ ਰੂਪੀ ਚਿੜੀ
ਉੱਡਣ ਤੋਂ ਪਹਿਲਾਂ ਹੀ ਉਡਾ ਦਿੱਤੀ।

**ਮਨਿੰਦਰ ਕੌਰ ਬੇਦੀ**

## 3. ਝੂਠਾ

ਨਾ ਅੱਜ ਤੇ ਨਾ ਹੀ ਕੱਲ ਸੱਜਣਾਂ
ਤੂੰ ਕਿਉਂ ਨਾ ਮਸਲੇ ਕਰਦਾ ਹੱਲ ਸੱਜਣਾਂ,
ਮੈਨੂੰ ਤਾਂ ਹੁਣ ਤੂੰ ਝੂਠਾ ਲੱਗਦੇਂ
ਜੋ ਨਾ ਕੋਲ ਬਹਿ ਕਰਦਾ ਗੱਲ ਸੱਜਣਾਂ।
ਮੈਨੂੰ ਝੂਠ ਤੇ ਖੁਦ ਨੂੰ ਸੱਚਾ ਕਹਿ
ਇੰਨੀ ਨਾਇਨਸਾਫੀ ਕਿਉਂ ਕਰਦਾ ਏ,
ਕਿਹੜੇ ਪਾਕ ਸਰੋਵਰ ਦਾ ਦੱਸ ਤੂੰ
ਕਿੱਥੋਂ ਪੀਕੇ ਆਇਆ ਏ ਜੱਲ ਸੱਜਣਾਂ।
ਮਾਸੂਮ ਰੂਹਾਂ ਨਾਲ ਖੇਡਣ ਦਾ
ਤੂੰ ਇਹ ਖੇਡ ਛੱਡ ਦੇ ਹੁਣ ਜ਼ਾਲਮਾਂ ਵੇ,
ਸੈਂਕੜਿਆਂ ਚੋਂ, ਕਿਸੇ ਇੱਕ ਦੀ
ਪਾਕ ਰੂਹ ਉਮਰਾਂ ਲਈ ਮੱਲ ਸੱਜਣਾਂ।
ਦਿਲ ਤੇ ਤਾਬੂਤ 'ਚ ਯਾਦਾਂ ਤੇਰੀਆਂ
ਵੇਖ ਕਿਵੇਂ, ਘੁੱਟ ਘੁੱਟ ਨੇ ਮਰ ਰਹੀਆਂ,
ਤੇਰੇ ਹਿਜ਼ਰ ਚ ਸੜਦਾ ਰਹਿੰਦਾ
ਨਿੱਤ ਜਿਸਮ ਮੇਰੇ ਦਾ ਏ ਥੱਲ ਸੱਜਣਾਂ।
ਇੱਕ ਸਮੇਂ ਇੰਨੀ ਬੇੜੀਆਂ ਵਿੱਚ
ਤੂੰ 'ਹਨੀ' ਕਿਵੇਂ ਹੋ ਕੇ ਸਵਾਰ ਰਹਿਨੇਂ,
ਦੱਸ ਕਿੱਥੋਂ ਲਈ ਤਾਲੀਮੀ ਇਹ
ਜੋ ਖਿਲਾਰ ਰਿਹਾ ਇੰਨੇ ਝੱਲ ਸੱਜਣਾਂ।

**ਹਨੀ ਬਡਾਲੀ**

## 7. ਨਸ਼ਾ ਆਖਦਾ ਹੈ

ਨਸ਼ਾ ਆਖਦਾ ਹੈ, ਬੇਟਾ ਮੈਂ ਕੁਝ ਰਹਿਣ ਨਹੀਂ ਦੇਣਾ।
ਤੇਰਾ ਸੁੰਦਰ ਸਰੀਰ ਅਤੇ ਤਨ ਮਨ ਸਾਰਾ,
ਤੇਰਾ ਖੋਹ ਲਊਂ ਦਿਮਾਗ, ਪੱਲੇ ਪੈਣ ਨਹੀਂ ਦੇਣਾ।
ਨਸ਼ਾ ਆਖਦਾ ਹੈ ਬੇਟਾ ਮੈਂ ਕੁਝ ਰਹਿਣ ਨਹੀਂ ਦੇਣਾ।
ਤੇਰੀ ਛੁੱਟ ਜਾਉ ਪੜ੍ਹਾਈ, ਨਾਲੇ ਸਾਰੇ ਕੰਮ ਕਾਜ,
ਤੈਨੂੰ ਵਿਹਲਾ ਮੈਂ ਬਣਾਂਦੂ, ਫਿਰੀਂ ਲੋਕਾਂ ਦੇ ਦੁਆਰ।
ਨਸ਼ਾ ਆਖਦਾ ਹੈ ਬੇਟਾ ਤੂੰ ਨਾ ਮੇਰੇ ਵੱਲ ਝਾਕ।
ਤੇਨੂੰ ਚੋਰੀਆਂ ਸਿਖਾਉਂ, ਨਾਲੇ ਠੱਗੀਆਂ ਦੀ ਜਾਚ,
ਤੈਥੋਂ ਮੂਹ ਫੇਰ ਲੈਣਾਂ, ਜਿੰਨੇ ਵਧੀਆ ਨੇ ਸਾਕ।
ਨਸ਼ਾ ਆਖਦਾ ਹੈ ਬੇਟਾ ਤੂੰ ਨਾ ਮੇਰੇ ਵੱਲ ਝਾਕ।
ਤੇਰੇ ਪਿਤਾ ਦਾ ਕਮਾਇਆ, ਸਾਰਾ ਧੰਨ ਜਾਇਦਾਦ,
ਹੌਲੀ ਹੌਲੀ ਖੋਹ ਲਊ, ਨਾ ਕੋਈ ਬਚਣੀ ਸੌਗਾਤ।
ਨਸ਼ਾ ਆਖਦਾ ਹੈ ਬੇਟਾ ਮੈਂ ਨਾ ਸੁਣਾਂ ਤੇਰੀ ਬਾਤ।
ਮੈਂ ਤਾਂ ਲੁਕ ਲੁਕ ਰਹਿੰਦਾ, ਮੈਨੂੰ ਲੱਭਣ ਨਾ ਆਇਓ,
ਸੋਨੇ ਜਿਹੀ ਦੇਹੀ, ਮਿੱਟੀ ਵਿਚ ਨਾ ਰੁਲਾਇਓ।
ਨਸ਼ਾ ਆਖਦਾ ਹੈ ਬੇਟਾ, ਮੈਨੂੰ ਹੱਥ ਵੀ ਨਾ ਲਾਇਓ।
ਜਦੋਂ ਰੋਂਦੇ ਦੇਖਾਂ ਮਾਪੇ, ਮੈਥੋਂ ਜਰੇ ਨਹੀਂ ਜਾਂਦੇ,
ਜੋ ਮੌਤ ਦੇ ਮੂੰਹ ਜਾਂਦੇ, ਉਹ ਫੜੇ ਨਹੀਂ ਜਾਂਦੇ।
ਮੈਨੂੰ ਹੱਥ ਨਾ ਲਗਾਇਓ, ਤੁਹਾਡੇ ਤਰਲੇ ਮੈਂ ਪਾਵਾਂ,
ਨਸ਼ਾ ਆਖਦਾ ਹੈ ਬੇਟਾ, ਤੁਹਾਨੂੰ ਮੈਂ ਸਮਝਾਵਾਂ।
ਨਸ਼ਾ ਆਖਦਾ ਹੈ ਬੇਟਾ, ਤੁਹਾਨੂੰ ਮੈਂ ਸਮਝਾਵਾਂ।

**ਬਲਵਿੰਦਰ ਕੌਰ, ਅੰਮ੍ਰਿਤਸਰ**

## 5. ਤੂੰ ਨਿੱਤ ਦਿਨ

ਤੂੰ ਸਵੇਰ ਵਾਲੀ ਧੁੱਪ
ਮੇਰੀ ਬਾਰੀ ਲੰਘ ਆਉਂਦੀ
ਕੁਝ ਮੇਰੇ
ਕਮਰੇ ਵਿੱਚ ਫੈਲ ਜਾਂਦੀ
ਕੁਝ ਮੇਰੇ
ਦਿਲ ਦੀਆਂ ਨੁੱਕਰਾਂ ਵਿੱਚ
ਮੈਂ ਹੈਰਾਨ ਹੋ ਸੋਚਦਾ
ਕਿ ਆਖ਼ਰ ਕੋਈ ਇੰਨਾ
ਸੋਹਣਾ ਕਿੰਝ ਹੋ ਸਕਦਾ ਹੈ।
ਮੈਨੂੰ ਪਤਾ ਹੈ
ਤੂੰ ਤਿਆਰ ਹੁੰਦੀ ਹੋਵੇਂਗੀ
ਕਮਰੇ ਦੀ ਹਰ ਸ਼ੈਅ
ਤੇਰੇ ਵੱਲ ਦੇਖਦੀ ਹੋਵੇਗੀ
ਕਈ ਅਰਸ਼ੀ ਜੀਵ
ਤੈਨੂੰ ਦੇਖਣ ਲਈ ਧਰਤੀ 'ਤੇ
ਉਤਰ ਆਉਂਦੇ ਹੋਣਗੇ।
ਤੂੰ ਗੱਲ ਕਰਦੀ
ਮੇਰੇ ਉਪਰ
ਨੀਲਾਂਬਰੀ ਛਿੱਟੇ ਪੈਣ ਲਗਦੇ
ਮੈਨੂੰ ਲੱਗਦਾ
ਤੇਰੇ ਹੋਣ ਨਾਲ
ਹਰ ਕੌਤਕ
ਸੰਭਵ ਹੋਣ ਲਗਦਾ ਹੈ।
ਤੂੰ ਹਰੀ ਢਲਾਣ 'ਤੇ
ਖੇਡਣ ਲਈ ਬੇਤਾਬ ਬੱਚੀ
ਜਾਂ ਸੋਹਣੀ ਕੋਈ ਆਦਿ ਦੇਵੀ।
ਤੂੰ ਜੋ ਰੱਬ ਦੀ
ਛਾਤੀ 'ਚੋਂ ਕਿਰਦਾ ਨੂਰ
ਤੂੰ ਜੋ ਨਿੱਤ ਦਿਨ
ਮੇਰੀਆਂ ਦਿੱਖ-ਅਦਿੱਖ
ਨੁੱਕਰਾਂ ਨੂੰ ਰੌਸ਼ਨ ਕਰਦੀ।

**ਪਰਮਿੰਦਰ ਸੋਚੀ**

## 9. ਸ਼ਿਵ ਕੁਮਾਰ ਬਟਾਲਵੀ

ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ
ਕੁਝ ਰੁੱਖ ਲਗਦੇ ਮਾਵਾਂ
ਕੁਝ ਰੁੱਖ ਨੂੰਹਾਂ ਧੀਆਂ ਲੱਗਦੇ
ਕੁਝ ਰੁੱਖ ਵਾਂਗ ਭਰਾਵਾਂ
ਕੁਝ ਰੁੱਖ ਮੇਰੇ ਬਾਬੇ ਵਾਕਣ
ਪੱਤਰ ਟਾਵਾਂ ਟਾਵਾਂ
ਕੁਝ ਰੁੱਖ ਮੇਰੀ ਦਾਦੀ ਵਰਗੇ
ਚੂਰੀ ਪਾਵਣ ਕਾਵਾਂ
ਕੁਝ ਰੁੱਖ ਯਾਰਾਂ ਵਰਗੇ ਲਗਦੇ
ਚੁੰਮਾਂ ਤੇ ਗਲ ਲਾਵਾਂ
ਇਕ ਮੇਰੀ ਮਹਿਬੂਬਾ ਵਾਕਣ
ਮਿੱਠਾ ਅਤੇ ਦੁਖਾਵਾਂ
ਕੁਝ ਰੁੱਖ ਮੇਰਾ ਦਿਲ ਕਰਦਾ ਏ
ਮੋਢੇ ਚੁੱਕ ਖਿਡਾਵਾਂ
ਕੁਝ ਰੁੱਖ ਮੇਰਾ ਦਿਲ ਕਰਦਾ ਏ
ਚੁੰਮਾਂ ਤੇ ਮਰ ਜਾਵਾਂ
ਕੁਝ ਰੁੱਖ ਜਦ ਵੀ ਰਲ ਕੇ ਝੂਮਣ
ਤੇਜ਼ ਵਗਣ ਜਦ ਵਾਵਾਂ
ਸਾਵੀ ਬੋਲੀ ਸਭ ਰੁੱਖਾਂ ਦੀ
ਦਿਲ ਕਰਦਾ ਲਿਖ ਜਾਵਾਂ
ਮੇਰਾ ਵੀ ਇਹ ਦਿਲ ਕਰਦਾ ਏ
ਰੁੱਖ ਦੀ ਜੂਨੇ ਆਵਾਂ
ਜੇ ਤੁਸਾਂ ਮੇਰਾ ਗੀਤ ਹੈ ਸੁਣਨਾ
ਮੈਂ ਰੁੱਖਾਂ ਵਿਚ ਗਾਵਾਂ
ਰੁੱਖ ਤਾਂ ਮੇਰੀ ਮਾਂ ਵਰਗੇ ਨੇ
ਜਿਉਂ ਰੁੱਖਾਂ ਦੀਆਂ ਛਾਵਾਂ।

## 11. ਮਾਨਸਿਕ ਗੁਲਾਮ ਔਰਤ

ਸੁਣਿਆ ਬਹੁਤ ਤਰੱਕੀ ਕਰ ਲਈ
ਵਿਖਾਵੇ ਦੀ ਆਜ਼ਾਦੀ ਮਾਣ ਲਈ
ਸ਼ਬਦਾਂ ਨੇ ਵੀ ਅਡੰਬਰ ਰਚਿਆ
ਔਰਤ ਨੂੰ ਰੱਬ ਰੂਪ ਇਹ ਦੱਸਿਆ
ਇਹ ਗੱਲਾਂ ਕਿਸ ਹਿੱਸੇ ਆਈਆਂ
ਮਾਨਸਿਕ ਗੁਲਾਮੀ ਅੱਜ ਵੀ ਹੈ ਮਾਹੀਆ
ਰਹਿਬਰੀ ਲਿਖਤਾਂ ਵਿਚ ਗਿਆਨ ਹੈ ਛੁਪਿਆ
ਪਰ ਕਿਸੇ ਨੇ ਸੱਚ ਨਾ ਦੱਸਿਆ
ਕਲਮਾਂ ਨੇ ਜੋ ਬਿਆਨ ਹੈ ਕੀਤਾ
ਉਸ ਵਿੱਚ ਵੀ ਹਰਫ਼ ਗੁਲਾਮ ਹੈ ਕੀਤਾ
ਔਰਤ ਦੇ ਪੱਲੇ ਕੁਝ ਨਾ ਆਇਆ
ਮਾਨਸਿਕ ਗੁਲਾਮੀ ਅੱਜ ਵੀ ਹੈ ਮਾਹੀਆ।
ਸੋਹਣੀ ਸੁਨੱਖੀ ਨਾਰ ਏ ਦੱਸਿਆ
ਸ਼ਬਦਾਂ ਦਾ ਵੀ ਭੰਡਾਰ ਏ ਰੱਖਿਆ
ਫਿਰ ਵੀ ਕਦੇ ਹੱਥ ਨਾ ਫੜਾਇਆ
ਗੱਲਾਂ ਵਿਚ ਹੀ ਅਸਮਾਨੀ ਚੜਾਇਆ
ਮਾਨਸਿਕ ਗੁਲਾਮੀ ਅੱਜ ਵੀ ਹੈ ਮਾਹੀਆ।
ਮਰਦ ਨਾ ਲਾਵੇ ਕਦੇ ਸਾਰ ਔਰਤ ਦੀ
ਬੇਸ਼ਕ ਸ਼ਬਦ ਹਜ਼ਾਰ ਏ ਰੱਖਿਆ
ਨਿੱਤ ਗਿਆਨ ਕੋਈ ਵੰਡੀ ਜਾਵੇ
ਪਰ ਕਿਸੇ ਨੇ ਪਿਆਰ ਨਾ ਵੰਡਾਇਆ
ਮਾਨਸਿਕ ਗੁਲਾਮੀ ਅੱਜ ਵੀ ਹੈ ਮਾਹੀਆ।
ਲਿਖਤਾਂ ਵਿੱਚ ਦਰਦ ਬਿਆਨ ਨਾ ਹੁੰਦਾ
ਕੁਦਰਤ ਦੀ ਰਚੀ ਇਸ ਕਾਇਨਾਤ ਦੇ ਅੰਦਰ
ਔਰਤ ਦਾ ਆਪਣਾ ਕੋਈ ਸਥਾਨ ਨਾ ਹੁੰਦਾ
ਇਹ ਤਾਂ 'ਸਰਬ' ਭੁਲੇਖਿਆਂ 'ਚ ਆਈਆਂ
ਮਾਨਸਿਕ ਗੁਲਾਮੀ ਅੱਜ ਵੀ ਮੈਂ ਮਾਹੀਆ।

**ਸਰਬਜੀਤ ਕੌਰ ਸਰਬ**

## ਪਿੰਡ ਦਾ ਗੇੜਾ

ਦਿਲ ਕਰਦਾ ਪਿੰਡ ਦਾ ਗੇੜਾ ਮਾਰ ਆਵਾਂ,
ਜਿੱਥੇ ਨਿੱਕੇ ਹੁੰਦੇ ਖੇਡੇ ਵੇਖ ਘਰ ਬਾਹਰ ਆਵਾਂ।
ਵੇਖਾਂ ਉਹ ਗਲੀਆਂ ਜਿੱਥੇ ਕੈਂਚੀ ਸਾਈਕਲ ਚਲਾਇਆ ਸੀ।
ਡਿੱਗਦੇ ਉੱਠਦੇ ਹੱਸਦੇ ਖ਼ੂਬ ਭਜਾਇਆ ਸੀ।
ਜੀਅ ਕਰੇ ਉਨਾਂ ਗਲੀਆਂ ਦੀ ਲੈ ਸਾਰ ਆਵਾਂ।
ਦਿਲ ਕਰਦਾ ਪਿੰਡ ਦਾ ਗੇੜਾ ਮਾਰ ਆਵਾਂ।
ਉਹ ਛੱਪੜ ਵੇਖਾਂ ਜਿੱਥੇ ਮੱਝਾਂ ਨੁਹਾਈਆਂ ਸੀ,
ਡੂੰਘੇ ਪਾਣੀਂ ਜਾ ਤਾਰੀਆਂ ਲਾਈਆਂ ਸੀ।
ਕਾਗਜ਼ ਦੀ ਕਿਸ਼ਤੀ ਪਾਣੀ 'ਚ ਤਾਰ ਆਵਾਂ।
ਦਿਲ ਕਰਦਾ ਪਿੰਡ ਦਾ ਗੇੜਾ ਮਾਰ ਆਵਾਂ।
ਜਾਅ ਕੇ ਆਉਣਾ ਸਕੂਲੋਂ ਜਿੱਥੋਂ ਸਿੱਖਿਆ ਸੀ,
ਪੂਰਨੇ ਪਵਾਏ ਫੱਟੀਆਂ ਉੱਪਰ ਲਿਖਿਆ ਸੀ।
ਵਿੱਦਿਆ ਦੇ ਮੰਦਰ ਨੂੰ ਕਰ ਨਮਸਕਾਰ ਆਵਾਂ।
ਦਿਲ ਕਰਦਾ ਪਿੰਡ ਦਾ ਗੇੜਾ ਮਾਰ ਆਵਾਂ।
ਜਦ ਖੇਡਦਿਆਂ ਸੀ ਕਦੇ ਹਨੇਰਾ ਹੋ ਜਾਂਦਾ,
ਸੁੱਖੇ ਦੀ ਬੀਬੀ ਨੂੰ ਬੜਾ ਫ਼ਿਕਰ ਖਾਂਦਾ।
ਚੜਿਆ ਮਨ 'ਤੇ ਭਾਰ ਜਾ ਉਤਾਰ ਆਵਾਂ।
ਦਿਲ ਕਰਦਾ ਪਿੰਡ ਦਾ ਗੇੜਾ ਮਾਰ ਆਵਾਂ।
ਭਾਪਾ ਜੀ ਜਦ ਰਾਤੀਂ ਕੰਮ ਤੋਂ ਆਉਂਦੇ ਸੀ,
ਦੋਵੇਂ ਹੱਥ ਜੋੜ ਫ਼ਤਹਿ ਬੁਲਾਉਂਦੇ ਸੀ।
ਮਿਲ ਵੱਡਿਆਂ ਨੂੰ ਚਿੱਤ ਠਾਰ ਆਵਾਂ।
ਦਿਲ ਕਰਦਾ ਪਿੰਡ ਦਾ ਗੇੜਾ ਮਾਰ ਆਵਾਂ।
ਜਿੱਥੇ ਨਿੱਕੇ ਹੁੰਦੇ ਖੇਡੇ, ਵੇਖ ਘਰ ਬਾਹਰ ਆਵਾਂ।
ਪਿੰਡਾਂ ਤੇ ਸ਼ਹਿਰਾਂ 'ਚ ਹੁਣ ਕੋਈ ਫਰਕ ਨਹੀਂ,
ਕਿਹੜੇ ਸੋਹਲੇ ਗਾਵਾਂ ਹੁਣ ਕੋਈ ਤਰਕ ਨਹੀਂ।
ਤਾਜ਼ਾ ਹੋਈਆਂ ਯਾਦਾਂ ਰੂਹ ਨੂੰ ਸਕੂਨ ਮਿਲ ਗਿਆ।
ਬਜ਼ੁਰਗਾਂ ਨੂੰ ਮਿਲ ਚਿਹਰਾ ਫੁੱਲ ਵਾਂਗ ਖਿਲ ਗਿਆ।

**ਸੁਖਬੀਰ ਸਿੰਘ ਖੁਰਮਣੀਆਂ**
**ਮੋ. 9855512677**



# ਕਾਵਿ ਸੰਸਾਰ

# ਬ੍ਰਹਿਮੰਡ ਵਿਚ ਮਨੁੱਖੀ ਵਜੂਦ ਦਾ ਸੱਚ

ਡਾਕਟਰ ਦਵਿੰਦਰਪਾਲ ਸਿੰਘ

ਪਿਛਲੇ ਦਿਨੀਂ ਜੇਮਜ਼ ਵੈੱਬ ਪੁਲਾੜੀ ਦੂਰਬੀਨ ਨੇ ਸਾਡੇ ਬ੍ਰਹਿਮੰਡ ਦੇ ਸਭ ਤੋਂ ਪੁਰਾਣੇ ਤੇ ਸਭ ਤੋਂ ਦੂਰ ਸਥਿਤ ਤਾਰੇ 'ਈਰੈਂਡਲ' ਦੇ ਬਹੁਤ ਹੀ ਸ਼ਾਨਦਾਰ ਚਿੱਤਰ ਦਿਖਾ ਕੇ ਖੂਬ ਵਾਹ-ਵਾਹ ਲੁੱਟੀ। ਵਰਨਣਯੋਗ ਹੈ ਕਿ ਈਰੈਂਡਲ ਦੀ ਖੋਜ ਸਭ ਤੋਂ ਪਹਿਲਾਂ ਹੱਬਲ ਪੁਲਾੜੀ ਦੂਰਬੀਨ ਦੁਆਰਾ ਮਾਰਚ 2022 ਦੌਰਾਨ ਕੀਤੀ ਗਈ ਸੀ। ਇਸ ਤਾਰੇ ਦਾ ਜਨਮ 1219 ਅਰਬ ਸਾਲ ਪਹਿਲਾਂ ਹੋਇਆ ਮੰਨਿਆ ਜਾਂਦਾ ਹੈ।

ਅਮਰੀਕੀ ਸੰਸਥਾ ਨਾਸਾ ਦੇ ਸਾਬਕ ਪ੍ਰਬੰਧਕ ਜੇਮਜ਼ ਵੈੱਬ ਦੇ ਨਾਂਅ ਵਾਲੀ ਇਹ ਦੂਰਬੀਨ ਜੌਨ ਹੋਪਕਿਨਸ ਯੂਨੀਵਰਸਿਟੀ ਵਿਖੇ ਬਣਾਈ ਗਈ, ਜੋ ਮਨੁੱਖਤਾ ਦੀ ਉਤਪਤੀ ਨੂੰ ਸਮਝਣ ਲਈ ਸਮੂਹ ਬ੍ਰਹਿਮੰਡੀ ਮਾਦੇ ਦੇ ਮੂਲ ਦਾ ਪਤਾ ਕਰਨ ਲਈ ਇਕ ਅਹਿਮ ਤੇ ਸਮਰੱਥ ਯੰਤਰ ਸਿੱਧ ਹੋਣ ਦੀ ਯੋਗਤਾ ਰੱਖਦੀ ਹੈ।

ਸੰਨ 2018 ਵਿਚ ਇਸ ਦੂਰਬੀਨ ਨੂੰ ਧਰਤੀ ਤੋਂ ਲਗਭਗ 15 ਲੱਖ ਕਿਲੋਮੀਟਰ ਦੂਰੀ 'ਤੇ ਸੂਰਜ ਦੁਆਲੇ ਪਰਿਕਰਮਾ ਮਾਰਗ ਉੱਤੇ ਸਥਾਪਤ ਕੀਤਾ ਗਿਆ। ਸੂਰਜ ਦੁਆਲੇ ਚੱਕਰ ਲਗਾ ਰਹੀ ਇਹ ਦੂਰਬੀਨ ਬ੍ਰਹਿਮੰਡ ਦੇ ਭੇਦਾਂ ਤੋਂ ਪਰਦਾ ਚੁੱਕਦੀ ਹੋਈ ਬ੍ਰਹਿਮੰਡੀ ਵਿਸ਼ਾਲਤਾ ਵਿਚ ਮਨੁੱਖੀ ਹੋਂਦ ਦੇ ਸਥਾਨ ਤੇ ਅਹਿਮੀਅਤ ਬਾਰੇ ਜਾਣਨ ਲਈ ਲਗਾਤਾਰ ਯਤਨਸ਼ੀਲ ਹੈ।

ਸਾਡੇ ਬ੍ਰਹਿਮੰਡ ਵਿਚ ਸਾਡਾ ਸੂਰਜੀ ਪਰਿਵਾਰ, ਅਰਬਾਂ-ਖ਼ਰਬਾਂ ਤਾਰਿਆਂ ਨਾਲ ਸਜੀਆਂ ਖ਼ਰਬਾਂ ਆਕਾਸ਼-ਗੰਗਾਵਾਂ ਵਿਚ ਇਕ ਜ਼ਰੇ ਜਿੰਨੀ ਅਹਿਮੀਅਤ ਹੀ ਰੱਖਦਾ ਹੈ। ਸਾਡੀ ਧਰਤੀ 'ਮਿਲਕੀ ਵੇਅ' ਆਕਾਸ਼-ਗੰਗਾ ਵਿਚ ਮੌਜੂਦ ਹੈ। ਇਸ ਆਕਾਸ਼-ਗੰਗਾ ਵਿਚ ਸਾਡੀ ਧਰਤੀ ਵਰਗੀਆਂ ਲਗਭਗ 40 ਅਰਬ ਧਰਤੀਆਂ ਮੌਜੂਦ ਹੋਣ ਦਾ ਅੰਦਾਜ਼ਾ ਹੈ।

ਜੇ ਅਸੀਂ ਬ੍ਰਹਿਮੰਡ ਵਿਚ ਮੌਜੂਦ ਚੀਜ਼ਾਂ ਦੇ ਆਕਾਰ ਦੀ ਗੱਲ ਕਰੀਏ ਤਾਂ ਤਿੰਨ ਪੱਖਾਂ ਤੋਂ ਉਨ੍ਹਾਂ ਦੀ ਤੁਲਨਾ ਸਾਨੂੰ ਵਿਸ਼ਾਲ ਬ੍ਰਹਿਮੰਡ ਵਿਚ ਮਨੁੱਖੀ ਹੋਂਦ ਦਾ ਸੱਚ ਜਾਣਨ ਵਿਚ ਮਦਦ ਕਰ ਸਕਦੀ ਹੈ। ਇਹ ਤਿੰਨ ਪੱਖ ਹਨ ਲੰਬਾਈ, ਸਮਾਂ ਤੇ ਪੁੰਜ । ਜੇ ਅਸੀਂ ਛੋਟੇ ਆਕਾਰ ਦੀਆਂ ਚੀਜ਼ਾਂ ਬਾਰੇ ਸੋਚੀਏ ਤਾਂ ਸਾਨੂੰ ਪਦਾਰਥ ਦੇ ਬਣਤਰੀ ਅੰਸ਼ ਐਟਮ ਦਾ ਖਿਆਲ ਸਹਿਜੇ ਹੀ ਆ ਜਾਂਦਾ ਹੈ। ਆਕਾਰ ਪੱਖੋਂ ਐਟਮ ਦੀ ਨਾਭੀ ਦਾ ਵਿਆਸ 10-14 ਮੀਟਰ ਮਾਪਿਆ ਗਿਆ ਹੈ। ਧਰਤੀ ਤੋਂ ਸਭ ਤੋਂ ਵਧੇਰੇ ਦੂਰ ਮੌਜੂਦ ਕਹਿਕਸ਼ਾਂ ਦੀ ਦੂਰੀ 1026 ਮੀਟਰ ਦੇਖੀ ਗਈ ਹੈ। ਦੂਰੀ ਜਾਂ ਲੰਬਾਈ ਦੀਆਂ ਇਨ੍ਹਾਂ ਦੋਵੇਂ ਹੱਦਾਂ ਦੇ ਠੀਕ ਵਿਚਕਾਰ ਮਨੁੱਖੀ ਆਕਾਰ ਦੀ ਲੰਬਾਈ 1 ਤੋਂ 3 ਮੀਟਰ ਤੱਕ ਹੀ ਦੇਖੀ ਗਈ ਹੈ।

ਹੁਣ ਅਸੀਂ ਦੂਸਰਾ ਪੱਖ, ਸਮਾਂ ਜਾਂ ਜੀਵਨ ਕਾਲ ਦੀ ਗੱਲ ਕਰਦੇ ਹਾਂ। ਸਮੇਂ ਦੇ ਛੋਟੇ ਤੋਂ ਛੋਟੇ ਦੇ ਅਰਸੇ ਬਾਰੇ ਜਾਣਨ ਲਈ, ਸਾਨੂੰ ਪਦਾਰਥ ਦੇ ਮੂਲ ਬਣਤਰੀ ਕਣ ਪ੍ਰੋਟੋਨ ਬਾਰੇ ਜਾਣਨਾ ਲਾਭਦਾਇਕ ਰਹੇਗਾ। ਪ੍ਰੋਟੋਨ, ਐਟਮ ਦੀ ਨਾਭੀ ਦਾ ਬਣਤਰੀ ਅੰਸ਼ ਹੁੰਦਾ ਹੈ। ਰੌਸ਼ਨੀ ਨੂੰ ਪ੍ਰੋਟੋਨ ਦੇ ਆਰ-ਪਾਰ ਲੰਘਣ ਲਈ 10-24 ਸੈਕਿੰਡ ਦਾ ਸਮਾਂ ਲੱਗਦਾ ਹੈ। ਮਾਹਰਾਂ ਨੇ ਸਾਡੇ ਬ੍ਰਹਿਮੰਡ ਦੀ ਉਮਰ ਦਾ ਅੰਦਾਜ਼ਾ 1017 ਸੈਕਿੰਡ ਲਗਾਇਆ ਹੈ। ਸਮੇਂ ਦੇ ਅਰਸੇ ਦੀਆਂ ਇਨ੍ਹਾਂ ਦੋਵੇਂ ਸੀਮਾਵਾਂ ਦੇ ਠੀਕ ਵਿਚਕਾਰ ਹੈ ਮਨੁੱਖੀ ਜੀਵਨ ਕਾਲ ਦਾ ਅਰਸਾ। ਮਨੁੱਖੀ ਜੀਵਨ ਕਾਲ ਦਾ ਅੰਦਾਜ਼ਨ ਅਰਸਾ 3⊘109 ਸੈਕਿੰਡ ਦੇਖਿਆ ਗਿਆ ਹੈ।

ਆਉ ਹੁਣ ਤੀਸਰੇ ਪੱਖ ਪੁੰਜ ਦੀ ਗੱਲ ਕਰੀਏ। ਐਟਮ ਦਾ ਇਕ ਹੋਰ ਬਣਤਰੀ ਅੰਸ਼ ਹੈ ਇਲੈੱਕਟ੍ਰੋਨ ਜੋ ਬਹੁਤ ਹੀ ਛੋਟੇ ਆਕਾਰ ਦਾ ਤੇ ਬਹੁਤ ਹੀ ਘੱਟ ਪੁੰਜ ਵਾਲਾ ਕਣ ਹੈ। ਇਕ ਇਲੈੱਕਟ੍ਰੋਨ ਦਾ ਪੁੰਜ ਸਿਰਫ਼ 10-31 ਕਿਲੋਗ੍ਰਾਮ ਹੁੰਦਾ ਹੈ ਜਦ ਕਿ ਮਿਲਕੀ-ਵੇਅ ਕਹਿਕਸ਼ਾਂ ਦਾ ਪੁੰਜ ਬਹੁਤ ਹੀ ਵਧੇਰੇ ਲਗਭਗ 1041 ਕਿਲੋਗ੍ਰਾਮ ਮਿਣਿਆ ਗਿਆ ਹੈ। ਵਰਨਣਯੋਗ ਹੈ ਕਿ ਸਾਡੇ ਬ੍ਰਹਿਮੰਡ ਵਿਚ ਅਜਿਹੀਆ 2⊘1011 ਕਹਿਕਸ਼ਾਂ ਮੌਜੂਦ ਹੋਣ ਦਾ ਅੰਦਾਜ਼ਾ ਹੈ। ਇਸ ਤਰਾਂ ਪੁੰਜ ਦੀ ਵੱਧ ਤੋਂ ਵੱਧ ਮਾਤਰਾ ਦਾ ਅੰਦਾਜ਼ਾ 2⊘1052 ਕਿਲੋਗ੍ਰਾਮ ਹੈ। ਪੁੰਜ ਦੀਆਂ ਇਨ੍ਹਾਂ ਦੋਵੇਂ ਸੀਮਾਵਾਂ (ਨਿਮਨਤਮ ਤੇ ਅਧਿਕਤਮ) ਦੇ ਠੀਕ ਵਿਚਕਾਰ ਹੈ ਮਨੁੱਖੀ ਪੁੰਜ ਦੀ ਮਾਤਰਾ, ਜੋ ਸਿਰਫ਼ 100 ਕਿਲੋਗ੍ਰਾਮ ਦੇ ਲਗਭਗ ਹੈ।

**ਵਿਗਿਆਨਕ ਮੁੱਦਾ**

ਇਸ ਜਾਣਕਾਰੀ ਦੇ ਮੱਦੇਨਜ਼ਰ, ਯਾਦ ਰੱਖਣ ਯੋਗ ਗੱਲ ਇਹ ਹੈ ਕਿ ਸਾਡੇ ਬ੍ਰਹਿਮੰਡ ਦੀ ਅਸੀਮ ਵਿਸ਼ਾਲਤਾ ਵਿਚ ਮਨੁੱਖੀ ਹੋਂਦ ਦੀ ਅਹਿਮੀਅਤ ਇਕ ਨਿਗੂਣੇ ਜਿਹੇ ਕਣ ਤੋਂ ਵੱਧ ਕੁਝ ਵੀ ਨਹੀਂ ਹੈ। ਬ੍ਰਹਿਮੰਡ ਦੀ ਵਿਸ਼ਾਲਤਾ ਦਾ ਜ਼ਿਕਰ ਕਰਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਲਿਖਦੇ ਹਨ :-

ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ॥
ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧਤੇ॥
(ਗੁਰੂ ਗ੍ਰੰਥ ਸਾਹਿਬ, ਅੰਗ : 1360)



ਭਾਵ: ਜੇ ਕੋਈ ਮਨੁੱਖ ਖੁਦ ਨੂੰ ਐਟਮ ਜਿੰਨਾ ਛੋਟਾ ਕਰ ਸਕੇ ਅਤੇ ਅੱਖ ਝਮਕਣ ਦੇ ਸਮੇਂ ਅੰਦਰ ਸਮੂਹ ਧਰਤੀਆਂ, ਖੇਤਰਾਂ ਤੇ ਹੱਦ-ਬੰਦੀਆਂ ਦੇ ਆਰ-ਪਾਰ ਜਾ ਸਕਣ ਦੀ ਸਮਰੱਥਾ ਵਾਲਾ ਵੀ ਹੋਵੇ ਤਾਂ ਵੀ ਉਹ ਉਚਿਤ (ਅਧਿਆਤਮਿਕ) ਗਿਆਨ ਤੋਂ ਬਿਨਾਂ ਸਿਰਜਕ ਤੇ ਸਿਰਜਣਾ ਦਾ ਭੇਦ ਨਹੀਂ ਪਾ ਸਕਦਾ।

ਅਸੀਮ ਬ੍ਰਹਿਮੰਡ ਦੇ ਇਕ ਨਿਗੂਣੇ ਜਿਹੇ ਗ੍ਰਹਿ (ਧਰਤੀ) ਦਾ ਸੂਖ਼ਮ ਕਣ ਸਮਾਨ ਪ੍ਰਾਣੀ (ਮਨੁੱਖ), ਇੱਕੀਵੀਂ ਸਦੀ ਦੌਰਾਨ ਵੀ, ਦੁਨਿਆਵੀ ਮੋਹ ਤੇ ਹਉਮੈ ਦੇ ਅਸਰ ਹੇਠ ਆਪਸੀ ਭੇਦ-ਭਾਵ, ਪੱਖ-ਪਾਤ, ਗ਼ਰੀਬੀ, ਅੱਤਵਾਦ ਤੇ ਜੰਗਾਂ ਦਾ ਸ਼ਿਕਾਰ ਬਣਿਆ ਹੋਇਆ ਹੈ। 15ਵੀਂ ਸਦੀ ਦੇ ਪ੍ਰਸਿੱਧ ਸਮਾਜ ਸੁਧਾਰਕ ਬਾਬਾ ਨਾਨਕ ਅਜਿਹੀ ਸਥਿਤੀ ਨੂੰ ਇੰਝ ਵਰਨਣ ਕਰਦੇ ਹਨ :-

ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ॥1॥ (ਗੁਰੂ ਗ੍ਰੰਥ ਸਾਹਿਬ, ਅੰਗ : 19)

ਭਾਵ : ਹੰਕਾਰ ਤੇ ਪਦਾਰਥੀ ਮੋਹ ਬਹੁਤ ਹੀ ਮਨ-ਲੁਭਾਵਣੇ ਹਨ। ਹੰਕਾਰੀ ਗ਼ਰੂਰ ਨੇ ਸਭ ਨੂੰ ਆਪਣੇ ਮੋਹ ਵਿਚ ਜਕੜ ਲਿਆ ਹੈ।

ਇਹੋ ਹੰਕਾਰ ਦਾ ਗਰੂਰ ਹੀ ਅੱਜ ਭਿੰਨ-ਭਿੰਨ ਫ਼ਿਰਕਿਆਂ, ਸਮਾਜਾਂ, ਕੌਮਾਂ ਤੇ ਦੇਸ਼ਾਂ ਅੰਦਰ ਨਫ਼ਰਤ, ਈਰਖਾ ਤੇ ਲੜਾਈ-ਝਗੜੇ ਦਾ ਕਾਰਨ ਬਣਿਆ ਹੋਇਆ ਹੈ। ਮਨੁੱਖ ਨੂੰ ਬ੍ਰਹਿਮੰਡੀ ਵਿਸ਼ਾਲਤਾ ਨੂੰ ਜਾਣਦੇ ਹੋਏ ਇਹ ਸਮਝ ਲੈਣਾ ਅਤਿ ਜ਼ਰੂਰੀ ਹੈ ਕਿ ਉਸ ਦੀਆਂ ਸਮੂਹ ਖਾਹਸ਼ਾਂ ਤੇ ਪ੍ਰਾਪਤੀਆਂ ਛਿਣ ਮਾਤਰ ਹੀ ਹਨ। ਜੋ ਸਿਰਜਣਾ ਦੀ ਅਨੰਤਤਾ ਵਿਚ ਨਿਗੂਣੇਪਣ ਤੋਂ ਵੱਧ ਕੁਝ ਵੀ ਨਹੀਂ। ਇਥੇ ਇਹ ਵੀ ਸੱਚ ਹੈ ਕਿ ਬ੍ਰਹਿਮੰਡ ਵਿਚ ਹਰ ਜੀਵ ਦੀਆਂ ਉਚਿਤ ਖ਼ਾਹਸ਼ਾਂ ਦੀ ਪੂਰਤੀ ਲਈ ਸੁਯੋਗ ਸਾਧਨ ਤੇ ਜ਼ਖ਼ੀਰੇ ਮੌਜੂਦ ਹਨ। ਇਸ ਤੱਥ ਦੇ ਮੱਦੇਨਜ਼ਰ, ਆਪਣੀਆਂ ਖਾਹਸ਼ਾਂ ਦੀ ਪੂਰਤੀ ਲਈ ਮਨੁੱਖ ਨੂੰ ਦੂਜਿਆਂ ਦੇ ਹੱਕਾਂ ਉੱਤੇ ਡਾਕੇ ਮਾਰਨ ਦੇ ਰਵੱਈਏ ਤੋਂ ਗੁਰੇਜ਼ ਕਰਨਾ ਅਤਿ ਜ਼ਰੂਰੀ ਹੈ। ਕਾਇਨਾਤ ਦੀ ਵਿਸ਼ਾਲਤਾ ਤੋਂ ਸਬਕ ਲੈਂਦੇ ਹੋਏ ਮਨੁੱਖ ਨੂੰ ਸਮੂਹ ਜੀਵਾਂ ਲਈ ਦਰਿਆਦਿਲੀ ਵਾਲਾ ਰਵੱਈਆ ਅਪਨਾਉਣ ਦੀ ਲੋੜ ਹੈ, ਤਾਂ ਜੋ ਇਸ ਸੁਭਾਗ ਧਰਤੀ ਦਾ ਵਾਸੀ ਮਨੁੱਖ ਪਰਸਪਰ ਸਹਿਹੋਂਦ ਵਿਚ ਖੁਸ਼ੀਆਂ, ਖੇੜੇ ਤੇ ਖੁਸ਼ਹਾਲੀ ਭਰਿਆ ਜੀਵਨ ਬਸਰ ਕਰ ਸਕੇ।

ਨਵੀਆਂ ਵਿਗਿਆਨਕ ਖੋਜਾਂ ਸੰਬੰਧੀ ਮੈਂ ਇਸ ਲੇਖ ਦਾ ਅੰਤ ਟੀ. ਐੱਸ. ਐਲੀਅੱਟ ਦੀ ਕਵਿਤਾ ਦੇ ਇਕ ਬੰਦ ਨਾਲ ਕਰਨਾ ਚਾਹਾਂਗਾ।

ਅਸੀਂ ਆਪਣੀ ਤਲਾਸ਼ ਬੰਦ ਨਹੀਂ ਕਰਾਂਗੇ,
ਤੇ ਸਾਡੀ ਸਾਰੀ ਤਲਾਸ਼ ਦਾ ਅੰਤ,
ਉਸੇ ਥਾਂ 'ਤੇ ਪੁੱਜਣਾ ਹੋਵੇਗਾ,
ਜਿਥੋਂ ਅਸੀਂ ਚੱਲੇ ਸਾਂ,
ਤੇ ਤਦ ਅਸੀਂ ਉਸ ਨੂੰ ਇੰਝ ਜਾਣਾਂਗੇ,
ਜਿਵੇਂ ਕਿ ਉਸ ਨੂੰ ਪਹਿਲੀ ਵਾਰ ਜਾਣ ਰਹੇ ਹੋਈਏ।

ਸਪੱਸ਼ਟ ਹੈ ਕਿ ਬ੍ਰਹਿਮੰਡੀ ਖੋਜਾਂ ਦਾ ਇਕ ਮਕਸਦ ਖੁਦ ਨੂੰ ਸਮਝਣਾ ਵੀ ਹੈ। ਬ੍ਰਹਿਮੰਡੀ ਵਿਸ਼ਾਲਤਾ ਦਾ ਗਿਆਨ ਸਾਡੇ ਵਿਚ ਨਿਮਾਣਤਾ ਤੇ ਨਿਮਰਤਾ ਦੇ ਗੁਣ ਪੈਦਾ ਕਰਨ ਦੀ ਸਮਰੱਥਾ ਰੱਖਦਾ ਹੈ। ਇਹ ਵਿਗਿਆਨਕ ਖੋਜਾਂ ਸਾਨੂੰ ਵਿਸ਼ਾਲ ਬ੍ਰਹਿਮੰਡ ਦੇ ਰਹੱਸਾਂ ਨੂੰ ਸਮਝਣ ਵਿਚ ਮਨੁੱਖੀ ਹੁਨਰ ਤੇ ਕਾਬਲੀਅਤ ਦਾ ਮਾਣਮੱਤਾ ਅਹਿਸਾਸ ਵੀ ਕਰਵਾਉਂਦੀਆਂ ਹਨ।

# ਵਿਰਸੇ ਦਾ ਰਾਖਾ 'ਤਰਸੇਮ ਸਿੰਘ'



ਤਸਵਿੰਦਰ ਸਿੰਘ ਬੜੈਚ
ਮੋਬਾ-7527931887

ਬੇਸ਼ੱਕ ਸਾਡੀਆਂ ਪੁਰਾਤਨ ਵਸਤੂਆਂ ਅੱਜ ਅਲੋਪ ਹੁੰਦੀਆਂ ਜਾ ਰਹੀਆਂ ਹਨ ਪਰ ਪੁਰਾਤਨ ਵਿਰਸੇ ਨੂੰ ਪਿਆਰ ਕਰਨ ਵਾਲੇ ਕਈ ਜਨੂੰਨੀ ਲੋਕ ਅੱਜ ਵੀ ਪੁਰਾਤਨ ਵਸਤੂਆਂ ਨੂੰ ਆਪਣੇ ਘਰ ਦਾ ਸ਼ਿੰਗਾਰ ਬਣਾ ਕੇ ਰੱਖਦੇ ਹਨ।ਅਜਿਹਾ ਹੀ ਇੱਕ ਸ਼ਖਸ ਹੈ ਤਹਿਸੀਲ ਅਜਨਾਲਾ ਦੇ ਪਿੰਡ ਪਠਾਣ ਨੰਗਲ ਦਾ ਤਰਸੇਮ ਸਿੰਘ।ਜਿਸ ਨੇ ਪੁਰਾਤਨ ਵਿਰਸੇ ਨਾਲ ਸਬੰਧਿਤ ਗ੍ਰਾਮੋਫੋਨ ਮਸ਼ੀਨਾਂ ਤੇ ਤਵਿਆਂ (ਰਿਕਾਰਡਾਂ) ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਇਸ ਗੱਭਰੂ ਨੇ ਇਕੱਲੇ ਗ੍ਰਾਮੋਫੋਨ ਮਸ਼ੀਨਾਂ ਤੇ ਤਵਿਆਂ ਨੂੰ ਹੀ ਨਹੀਂ ਸਾਂਭਿਆ ਹੋਇਆ, ਉਸ ਕੋਲ ਪੁਰਾਣਾ ਵੀ ਸੀ ਆਰ ਵੀ ਹੈ ਤੇ ਉਸਦੀਆਂ ਵੀਡੀਓ ਕੈਸਟਾਂ ਸੰਭਾਲੀਆਂ ਹੋਈਆਂ ਹਨ, ਟੇਪ ਰਿਕਾਰਡ ਵੀ ਹੈ ਤੇ ਉਸਦੀਆਂ ਆਡੀਓ ਕੈਸਟਾਂ ਵੀ ਹਨ। ਇਸ ਤੋਂ ਇਲਾਵਾ ਉਸਦੇ ਕੋਲ ਬਲੈਕ ਐਂਡ ਵਾਈਟ ਟੀ ਵੀ, ਡੀ ਵੀ ਡੀ, ਡੈੱਕ, ਮੈਕਰੋ ਕੈਸਿਟ ਰਿਕਾਰਡ ਵੀ ਸੰਭਾਲ ਕੇ ਰੱਖੇ ਹੋਏ ਹਨ। ਤਰਸੇਮ ਸਿੰਘ ਨੂੰ ਫੋਟੋਗ੍ਰਾਫੀ ਦਾ ਵੀ ਸ਼ੌਕ ਹੈ, ਡੀ ਐਸ ਐਲ ਆਰ ਵੀ ਰੱਖਿਆ ਹੋਇਆ ਹੈ। ਤਰਸੇਮ ਸਿੰਘ ਦੇ ਤਵਿਆਂ ਵਾਲੇ ਅਨਮੋਲ ਵਿਰਾਸਤੀ ਖਜ਼ਾਨੇ ਵਿੱਚ ਸੁਰਿੰਦਰ ਛਿੰਦਾ, ਗੁਲਸ਼ਨ ਕੋਮਲ, ਅਮਰ ਸਿੰਘ ਚਮਕੀਲਾ, ਅਮਰਜੋਤ, ਕੇ ਦੀਪ, ਜਗਮੋਹਣ ਕੌਰ, ਕੁਲਦੀਪ ਮਾਣਕ, ਰਾਜਿੰਦਰ ਰਾਜਨ, ਕਰਮਜੀਤ ਧੂਰੀ, ਦੀਦਾਰ ਸੰਧੂ, ਸਨੇਹਲਤਾ, ਫਕੀਰ ਸਿੰਘ ਫਕੀਰ, ਸ਼ੀਤਲ ਸਿੰਘ ਸ਼ੀਤਲ, ਨਰਿੰਦਰ ਬੀਬਾ, ਹਜ਼ਾਰਾ ਸਿੰਘ ਰਮਤਾ, ਗੁਰਪਾਲ ਸਿੰਘ ਪਾਲ, ਸੁਰਿੰਦਰ ਕੌਰ, ਅਮਰ ਸਿੰਘ ਸ਼ੌਂਕੀ, ਯਮਲਾ ਜੱਟ, ਹਰਚਰਨ ਗਰੇਵਾਲ, ਸੀਮਾ, ਰੰਗੀਲਾ ਜੱਟ, ਸਵਰਨ ਲਤਾ, ਕਰਨੈਲ ਗਿੱਲ, ਕੁਮਾਰੀ ਲਾਜ, ਮੁਹੰਮਦ ਸਦੀਕ, ਰਣਜੀਤ ਕੌਰ ਆਦਿ ਗਾਇਕਾਂ ਦੇ ਰਿਕਾਰਡ ਮੌਜੂਦ ਹਨ ਜੋ ਸੰਗੀਤਕ ਖ਼ਜ਼ਾਨੇ ਨੂੰ ਚਾਰ ਚੰਨ ਲਗਾਉਂਦੇ ਹਨ। ਤਬਸੇਮ ਸਿੰਘ ਦੇ ਸੰਗੀਤਕ ਖਜ਼ਾਨੇ ਵਿੱਚ ਕੁੱਝ ਕੁ ਚੋਣਵੇਂ ਗੀਤ 'ਸਾਹਿਬਾਂ ਵਾਜਾਂ ਮਾਰਦੀ', 'ਦਸ਼ਮੇਸ਼ ਗੁਰੂ ਦੇ ਲਾਲਾਂ ਨੂੰ ਨਾ ਮਾਰ ਸੂਬਿਆ', 'ਦੁਨੀਆਂ ਚਹੁੰ ਦਿਨਾਂ ਦਾ ਮੇਲਾ', 'ਕਿਉਂ ਫੜੀ ਸਿਪਾਹੀਟਾ ਨੇ ਭੈਣੇਂ ਇਹ ਹੰਸਾਂ ਦੀ ਜੋੜੀ', 'ਪਾਲੀ ਪਾਣ ਪਾਣੀ ਖੂਹ ਤੋਂ ਭਰੇ', 'ਲੈ ਜਾ ਛੱਲੀਆਂ ਭੁੰਨਾਂ ਲਈ ਦਾਣੇ', ' ਟਾਂਗਾ ਚੱਲਿਆ ਏ ਸ਼ਹਿਰ



ਕੁਰਾਲੀ', 'ਵੇ ਤੂੰ ਗੋਲੀਆਂ ਸੀ ਖੇਡਦਾ',' ਮੱਛਰਦਾਨੀ ਲੈ ਦੇ ਵੇ', 'ਮੁਕਲਾਵਾ ਤੇਰਾ ਆਇਆ ਬੱਲੀਏ', 'ਮਿੱਤਰਾਂ ਦੀ ਲੂਣ ਦੀ ਡਲੀ', 'ਸੋਨੇ ਦੇ ਤਵੀਤ ਵਾਲਿਆ' ਵਾਂਗ ਹੋਰ ਵੀ ਬਹੁਤ ਵਿਸ਼ਵ ਪ੍ਰਸਿੱਧ ਗੀਤ ਉਸਦੇ ਸੰਗੀਤਕ ਖਜ਼ਾਨੇ ਵਿੱਚ ਸੁਰੱਖਿਅਤ ਪਏ ਹਨ। ਇਸ ਤੋਂ ਇਲਾਵਾ ਉਸਨੇ ਕੁਝ ਕੁ ਹਿੰਦੀ ਤਵੇ ਵੀ ਸੰਭਾਲੇ ਹੋਏ ਹਨ। ਸਰਦਾਰ ਜਸਵੰਤ ਸਿੰਘ ਦੇ ਲਾਡਲੇ ਤਰਸੇਮ ਸਿੰਘ ਕੋਲ 70-80 ਸਾਲ ਪਹਿਲਾਂ ਦੀ ਬਣੀ ਹੋਈ ਚਾਬੀ ਨਾਲ ਚੱਲਣ ਵਾਲੀ ਇੱਕ ਗ੍ਰਾਮੋਫੋਨ ਮਸ਼ੀਨ ਵੀ ਸਾਂਭੀ ਹੋਈ ਹੈ। ਆਪਣੀ ਵਿਰਾਸਤ ਦੇ ਇਨ੍ਹਾਂ ਚਿੰਨ੍ਹਾਂ ਨੂੰ ਸਾਂਭਣ ਲਈ ਸ਼ੁਦਾਈ ਤਰਸੇਮ ਸਿੰਘ ਨੇ ਇਹ ਸਮਾਨ ਬਹੁਤ ਮਿਹਨਤ ਨਾਲ ਪ੍ਰਾਪਤ ਕੀਤਾ ਹੈ। ਤਰਸੇ ਸਿੰਘ ਕੋਲ ਭਾਂਵੇ ਆਮਦਨ ਦੇ ਸੀਮਤ ਵਸੀਲੇ ਹਨ ਪਰ ਫਿਰ ਵੀ ਉਹ ਦੂਰ ਦੁਰਾਡੀਆਂ ਥਾਵਾਂ ਤੋਂ ਇਹੋ ਜਿਹੀਆਂ ਸੰਗੀਤਕ ਵਸਤਾਂ ਇਕੱਠੀਆਂ ਕਰਦਾ ਰਹਿਦਾ ਹੈ। ਸੰਗੀਤ ਦੀ ਇਸ ਪੁਰਾਤਨ ਵਿਰਾਸਤ ਨੂੰ ਸੰਭਾਲ ਰਹੇ ਪੰਜਾਬੀ ਸੱਭਿਆਚਾਰ ਦੇ ਸ਼ੈਦਾਈ ਤਰਸੇਮ ਸਿੰਘ ਨੇ ਕਿਹਾ ਕਿ ਕਿਸੇ ਵੀ ਸੱਭਿਆਚਾਰ ਵਿੱਚ ਲਗਾਤਾਰ ਤਬਦੀਲੀਆ ਆਉਂਦੀਆਂ ਰਹਿੰਦੀਆਂ ਹਨ, ਸਮੇਂ ਦੇ ਨਾਲ ਨਾਲ ਵਿਕਾਸ ਦੀ ਹੋੜ ਵਿਚ ਜਾਂ ਸਾਇੰਸ ਦੀ ਉਨਤੀ ਸਦਕਾ ਮਨੁੱਖ ਪੁਰਾਣੀਆਂ ਵਸਤੂਆਂ ਤੋਂ ਕੁਦਰਤੀ ਤੌਰ ਤੇ ਦੂਰ ਹੁੰਦਾ ਚਲਿਆਂ ਜਾਂਦਾ ਹੈ। ਆਪਣੇ ਸੱਭਿਆਚਾਰ ਨੂੰ ਸਮਾਜ ਦਾ ਅਨਿੱਖੜਵਾਂ ਅੰਗ ਬਣਾਉਣ ਲਈ, ਮਨੁੱਖ ਨੂੰ ਆਪਣੀਆਂ ਆਉਣ ਵਾਲੀਆਂ ਪੀੜੀਆਂ ਨੂੰ ਪੁਰਾਤਨ ਸੱਭਿਆਚਾਰ ਨਾਲ ਜੋੜੀ ਰੱਖਣਾ ਬਹੁਤ ਜਰੂਰੀ ਹੈ। ਇਸੇ ਕਾਰਜ ਹਿੱਤ ਹੀ ਮੈਂ ਪੰਜਾਬੀ ਵਿਰਸੇ ਦੀਆਂ ਵਿਸਰਦੀਆਂ ਜਾ ਰਹੀਆਂ ਇਨ੍ਹਾਂ ਪੁਰਾਤਨ ਸੰਗੀਤਕ ਵਸਤੂਆਂ ਨੂੰ ਸਾਂਭ ਰਿਹਾ ਹਾਂ ਤਾਂ ਕਿ ਸਾਡੀ ਅਜੋਕੀ ਪੀੜੀ ਨੂੰ ਇਨ੍ਹਾਂ ਸਭ ਦੇ ਬਾਰੇ ਗਿਆਨ ਹੋ ਸਕੇ।

# ਸ਼ਾਲ

**ਬਲਜੀਤ ਫਰਵਾਲੀ**
**ਮੋ. ਨੰ. 061433258104 ਮੈਲਬੌਰਨ**

'ਦਾਦਾ ਜੀ ਸਾਡੇ ਪੰਜਾਬੀ ਸਕੂਲ ਟੀਚਰ ਨੇ ਮੈਨੂੰ ਤੁਹਾਡੇ ਜਵਾਨੀ ਦੇ ਸਮੇਂ ਦੀ ਸੋਚ ਅਤੇ ਹੁਣ ਦੀ ਸੋਚ ਵਿੱਚ ਕੀ ਫਰਕ ਆਇਆ ਬਾਰੇ ਇਕ ਪ੍ਰੋਜੈਕਟ ਲਿਖਣ ਨੂੰ ਦਿੱਤਾ' ਪੋਤੇ ਨੇ ਗੈਰਾਜ ਵਿਚ ਧੁੱਪੇ ਬੈਠੇ ਆਪਣੇ ਦਾਦਾ ਜੀ ਨੂੰ ਆਖਿਆ ਤਾ ਉਸਨੇ ਕਿਸੇ ਸਪਨੇ ਵਿਚੋ ਜਾਗਣ ਵਾਂਗ ਆਖਿਆ 'ਸ਼ੇਰਾ ਅੱਜ ਦਿਨ ਤੇ ਤਾਰੀਕ ਕੀ ਆ ਭਲਾ ?'। 'ਉਹੋ ਦਾਦਾ ਜੀ ਫਿਰ ਤੁਸੀਂ ਇਹੀ ਗੱਲ ਪੁੱਛਦੇ ਹੋ ਵਾਰ ਵਾਰ ਜਦੋਂ ਵੀ ਮੈਂ ਕੁਝ ਪੁੱਛਾਂ ਤਾਂ, ਅੱਜ ਦਿਨ ਬੁੱਧਵਾਰ ਤੇ ਤਾਰੀਖ ਪੰਜ ਸਤੰਬਰ 2034 ਹੈ' ਪੋਤੇ ਨੇ ਅੱਖਾਂ ਮੀਚਦੇ ਨੇ ਆਪਣੇ ਦਾਦਾ ਜੀ ਨੂੰ ਕਿਹਾ ਤਾਂ ਉਹ ਉੱਪਰ ਲਏ ਇਕ ਪੁਰਾਣੇ ਸ਼ਾਲ ਨੂੰ ਘੁੱਟ ਕੇ ਬੁੱਕਲ਼ ਮਾਰਦਾ ਤੇ ਸ਼ਾਲ ਨੂੰ ਸੁੰਘਦਾ ਬੋਲਿਆ 'ਲੈ ਦੇਖਲਾ ਬਲੂੰਗੜਿਆ ਮੈਂ ਇਸ ਵਾਰੀ ਫਿਰ ਤੇਰੀ ਦਾਦੀ ਨੂੰ ਜਨਮ ਦਿਨ ਦੀਆਂ ਵਧਾਈਆਂ ਦੇਣੀਆਂ ਭੁੱਲ ਗਿਆ ਉਹ 2021 ਦੀ ਗਈ ਹੋਈ ਆ ਤੇ ਮੈ ਹਰ ਸਾਲ ਹੀ ਭੁੱਲ ਜਾਨਾਂ, ਕੀ ਸੋਚਦੀ ਹੋਣੀਂ ਉੱਪਰ ਨੀਲੇ ਅੰਬਰਾਂ ਚ ਬੈਠੀ ਬਈ ਹੁਣ ਤਾਂ ਮੇਰਾ ਜਨਮ ਦਿਨ ਵੀ ਯਾਦ ਨਹੀਂ ਰੱਖਦਾ, ਜਦੋ ਫ਼ੋਨ ਆਇਆ ਤਾਂ ਤੇਰੇ ਪਾਪਾ ਨੂੰ ਕਹਿਣਾ ਕਿ ਰਸ ਮਲਾਈ ਤੇ ਬੂੰਦੀ ਆਲੇ ਲੱਡੂ ਲੈ ਆਵੇ ਅੱਜ ਤੇਰੀ ਦਾਦੀ ਨੂੰ ਬਹੁਤ ਪਸੰਦ ਸਨ'।ਉਹ ਤਾਂ ਮੰਮਾ ਪਾਪਾ ਨੇ ਰਾਤ ਹੀ ਲੈ ਆਂਦੇ ਹਨ, ਪਰ ਤੁਸੀਂ ਮੇਰੇ ਚਪੇੜਾਂ ਨਾਂ ਪਵਾ ਦੇਣਾ ਕਿਉਂਕਿ ਇਹ ਸਰਪਰਾਈਜ ਸੀ ਤੁਹਾਡੇ ਲਈ, ਨਾਲ਼ੇ ਮੈਨੂੰ ਐਵੇਂ ਨਾ ਬਲੂੰਗੜਾ ਬਲੂੰਗੜਾ ਕਿਹਾ ਕਰੇ ਨਹੀਂ ਤਾਂ ਮੈਂ ਮੰਮਾ ਪਾਪਾ ਨੂੰ ਵੀ ਬਿੱਲੀ ਬਿੱਲਾ ਕਹਿਣ ਲੱਗ ਜਾਣਾ' ਆਖ ਪੋਤੇ ਨੇ



ਹਰਫਾਂ ਦੇ ਨੂਰ

ਜਿਉਂ ਹੀ ਆਪਣੇ ਦਾਦੇ ਦੇ ਹੱਥ ਆਪਣੇ ਹੱਥਾਂ ਚ ਫੜੇ ਤਾ ਆਪਣੇ ਹੱਥਾਂ ਉੱਤੇ ਆਪਣੇ ਦਾਦਾ ਜੀ ਦੇ ਗਰਮ ਗਰਮ ਮੋਤੀਆਂ ਵਰਗੇ ਡਿਗਦੇ ਹੰਝੂਆਂ ਨੂੰ ਦੇਖ ਘੁੱਟ ਕੇ ਜੱਫੀ ਪਾ ਲਈ ਅਤੇ ਉਹ ਆਪਣੇ ਪੋਤੇ ਦਾ ਸਿਰ ਪਲ਼ੋਸਦਾ ਬੋਲਿਆ.....। ਪੁੱਤਰਾ ਵਕਤ ਵੀ ਕੀ ਚੀਜ਼ ਹੈ।

ਕਦੇ ਰੌਲਾ ਰੱਪਾ ਪਸੰਦ ਸੀ ਤੇ ਹੁਣ ਸਿਵਿਆਂ 'ਚ ਪਸਰੀ ਚੁੱਪ ਜਿਹੀ ਸ਼ਾਂਤੀ ਪਸੰਦ ਆ। ਕਦੇ ਵੱਡੇ ਘਰ ਵਿਚ ਰਹਿਣ ਦਾ ਸੁਪਨਾ ਹੁੰਦਾ ਸੀ ਤੇ ਅੱਜ ਮਸਤ ਮਲੰਗਾਂ ਵਾਂਗ ਝੌਂਪੜੀ ਵਿਚ ਰਹਿਣਾ ਜੰਨਤ ਲੱਗਦਾ।

-ਕਦੇ ਵੱਡੀ ਧੂੜਾਂ ਪੁੱਟਦੀ ਕਾਰ 'ਚ ਬੈਠਣ ਦਾ ਸਪਨਾ ਸੀ ਪਰ ਹੁਣ ਉਸੇ ਧੂੜ ਵਿਚ ਧੂੜ ਹੋਣ ਨੂੰ ਦਿਲ ਕਰਦਾ। ਜਿਸ ਥਾਂ ਤੇਰੀ ਬੇਬੇ ਨਾਲ ਜਾ ਕੇ ਲੱਗਦਾ ਸੀ ਸਾਰੀ ਕਾਇਨਾਤ ਹੱਸ ਰਹੀ ਸਾਡੇ ਨਾਲ ਅੱਜ ਉਹੀ ਕਾਇਨਾਤ ਉਜਾੜ ਬੀਆਬਾਨ ਲੱਗਦੀ ਆ। ਪਹਿਲਾਂ ਜਿਹੜੀਆਂ ਖੇਤਾਂ ਨੂੰ ਜਾਂਦੀਆਂ ਕੱਚੀਆਂ ਪਹੀਆ ਦੀ ਉੱਡਦੀ ਧੂੜ ਤੋਂ ਨਫ਼ਰਤ ਹੁੰਦੀ ਸੀ ਹੁਣ ਉਨਾਂ ਹੀ ਕੱਚੀਆਂ ਪਹੀਆ ਦੀ ਉੱਡਦੀ ਧੂੜ ਵਿੱਚ ਕਦੇ ਬਾਬਾ ਫ਼ਰੀਦ ਜੀ ਤੇ ਕਦੇ ਬਾਬਾ ਬੁੱਲੇ ਸ਼ਾਹ ਜੀ ਦੇ ਤੁਰੇ ਜਾਂਦਿਆਂ ਦਾ ਭੁਲੇਖਾ ਪੈਂਦਾ। ਜਦੋਂ ਤੇਰੀ ਦਾਦੀ ਮੇਰੇ ਨਾਲ ਹੁੰਦੀ ਸੀ ਉਦੋਂ ਵਕਤ ਵੀ ਬਹੁਤ ਤੇਜ਼ ਦੌੜਦਾ ਸੀ ਤੇ ਹੁਣ ਵਕਤ ਵੀ ਮੇਰੇ ਵਾਂਗ ਬੁੱਢਾ ਹੋ ਗਿਆ ਲੱਗਦਾ ਜਿਹੜਾ ਲੰਘਦਾ ਹੀ ਨਹੀਂ। ਤੇਰੀ ਦਾਦੀ ਤੇ ਮੈਂ ਆਪਣੇ ਸਪਨੇ ਪੂਰੇ ਕਰਨ ਲਈ ਨਹੀਂ ਸੀ ਸੌਂਦੇ ਤੇ ਹੁਣ ਸਪਨੇ ਲੈਣ ਲਈ ਨੀਂਦ ਹੀ ਨਹੀਂ ਆਉਂਦੀ। 'ਲਓ ਦਾਦਾ ਜੀ ਤੁਸੀਂ ਤਾਂ ਮੇਰਾ ਹੋਮ ਵਰਕ ਹੁਣੇ ਹੀ ਕਰਾਉਣ ਲੱਗ ਗਏ' ਪਰ ਇਹ ਉੱਪਰ ਲਿਆ ਪੁਰਾਣਾ ਕੱਪੜਾ ਤੁਸੀਂ ਬਦਲਦੇ ਕਿਉਂ ਨਹੀਂ ਤਾਂ ਉਹ ਬੋਲਿਆ 'ਪੁੱਤ ਇਸਨੂੰ ਸ਼ਾਲ ਕਹਿਦੇ ਨੇ ਇਹ ਮੈਂ ਤੇਰੀ ਦਾਦੀ ਲਈ ਖਾਸ ਲੈ ਕੇ ਆਇਆ ਸੀ ਲੁਧਿਆਣਿਓਂ ਗਣਪਤੀ ਜਵੈਲਰਜ ਕੋਲ਼ੇ ਸ਼ੋਅਰੂਮ 'ਚੋਂ ਸਾਡੇ ਵਿਆਹ ਦੇ ਕੱਪੜਿਆਂ ਵਿੱਚ ਅਤੇ ਜਦੋਂ ਮੈਂ ਉੱਪਰ ਲੈਨਾਂ ਤਾਂ ਮੈਨੂੰ ਇਉਂ ਲੱਗਦਾ ਜਿਵੇ ਤੇਰੀ ਦਾਦੀ ਮੇਰੇ ਨਾਲ ਹੀ ਬੈਠੀ ਹੋਵੇ'। ਆਪਣੇ ਦਾਦਾ ਜੀ ਨੂੰ ਆਪਣੇ ਅਤੀਤ ਵਿਚ ਗੁਆਚਿਆ ਦੇਖ ਪੋਤਾ ਅੰਦਰੋਂ ਪਿੱਛੇ ਛੁਪਾ ਕੇ ਕੁਝ ਲਿਆਇਆ ਤੇ ਬੋਲਿਆ 'ਦਾਦਾ ਜੀ ਅੱਖਾਂ ਬੰਦ ਕਰੋ ਕੁਝ ਦੇਣਾ' ਤੇ ਫਿਰ ਜਿਉਂ ਹੀ ਉਸਨੇ ਨੇ ਅੱਖਾਂ ਖੋਲੀਆਂ ਤਾਂ ਤੀਹ ਬੱਤੀ ਸਾਲ ਪਹਿਲਾਂ ਆਪਣੀ ਘਰਵਾਲੀ ਨੂੰ ਦਿੱਤੇ ਜਨਮ ਦਿਨ ਦੇ ਕਾਰਡ ਨੂੰ ਦੇਖ ਉਸਦੇ ਮੂੰਹੋਂ ਸਿਰਫ ਏਨਾ ਹੀ ਨਿਕਲਿਆ, 'ਜਨਮ ਦਿਨ ਮੁਬਾਰਕ ਮੇਰੀਏ ਰੂਹੇ, ਤੂੰ ਜਿੱਥੇ ਵੀ ਹੈ ਖੁਸ਼ ਰਹਿ, ਰੱਬ ਕਦੇ ਤਾਂ ਟਾਕਰੇ ਕਰਾਊਂ ਇਸ ਜਹਾਨੇ ਨਾਂ ਸਹੀ ਅਗਲੇ ਹੀ ਸਹੀ'। ਉਹ ਆਪਣੇ ਦਾਦਾ ਜੀ ਨੂੰ ਉਦਾਸ ਦੇਖਕੇ ਬੋਲਿਆ 'ਆੜ੍ਹੀ ਤੁਹਾਡੀ ਜਾਨ ਕਿੱਥੇ ਹੈ ਹੁਣ ?' ਤਾਂ ਉਹ ਬੋਲਿਆ 'ਪੁੱਤਰਾ ਵਾਹਿਗੁਰੂ ਜੀ ਕੋਲ ਹਨ' ਤਾਂ ਉਹ ਆਪਣੇ ਦਾਦਾ ਜੀ ਦਾ ਠੋਡੀ ਤੋਂ ਫੜ ਮੂੰਹ ਉੱਪਰ ਚੁੱਕਦਾ ਬੋਲਿਆ ਤੁਸੀਂ ਆਪ ਹੀ ਕਹਿੰਦੇ ਹੁੰਦੇ ਹੋ 'ਬਾਹਰ ਜੋ ਟੋਲ਼ੈ ਸੋ ਭਰਮਿ ਭੁਲਾਹੀ ।।' ਤੇ ਹੁਣ ਆਪ ਹੀ ਭੁੱਲੇ ਬੈਠੇ ਹੋ ਬਾਬਾ ਜੀ ਦੀ ਬਾਣੀ ਨੂੰ। ਉਸਨੂੰ ਹੁਣ ਮੈਲਬੌਰਨ ਦੀ ਮਿੱਠੀ ਮਿੱਠੀ ਧੁੱਪ 'ਚ ਉਹ ਦਿਨ ਯਾਦ ਆ ਰਹੇ ਸਨ ਜਦੋਂ ਜਵਾਨੀ ਪਹਿਰ ਚੜਦੇ ਸਿਆਲ ਦੀ ਕੋਸੀ ਕੋਸੀ ਧੁੱਪ ਵਿਚ ਹਰਿਆਲੀ ਮਾਰਦੀ ਕਣਕ ਗੁੱਡਦੇ ਸਮੇਂ ਪਿੰਡ ਆਲੇ ਬਾਬੂ ਸਿਉਂ ਤੋਂ ਮੁਹੰਮਦ ਸਦੀਕ ਦਾ ਗਾਣਾ ਸੁਣਦੇ ਹੁੰਦੇ ਸੀ.....।

'ਸਾਂਈ, ਕੱਠਿਆਂ ਨੂੰ ਚੱਕਲੀ ਰੱਬਾ, ਜੋੜੀ ਵਿੱਚ ਭੰਗਣਾ ਨਾ ਪਾਈ'।

# ਪੰਜਾਬ 'ਚ ਖੇਡ ਵਿੰਗਾਂ ਦਾ ਘਟ ਰਿਹਾ ਦਾਇਰਾ ਅਤੇ ਡਿੱਗ ਰਿਹਾ ਖ਼ੁਰਾਕ ਦਾ ਪੱਧਰ

**ਬੀਰਪਾਲ ਗਿੱਲ**

ਗੁਰੂ ਗੋਬਿੰਦ ਸਿੰਘ ਸਟੇਡੀਅਮ ਜਲੰਧਰ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ 'ਖੇਡਾਂ ਵਤਨ ਪੰਜਾਬ ਦੀਆਂ' ਦੀ ਸ਼ੁਰੂਆਤ ਕੀਤੀ ਗਈ। ਮੁੱਖ ਮੰਤਰੀ ਭਗਵੰਤ ਮਾਨ ਨੇ ਬਤੌਰ ਖਿਡਾਰੀ ਆਪਣੀ ਖੇਡ ਵਾਲੀਬਾਲ ਦੇ ਜੌਹਰ ਦਿਖਾ ਕੇ ਖਿਡਾਰੀਆਂ ਦੇ ਹੌਂਸਲੇ ਨੂੰ ਬੁਲੰਦ ਕੀਤਾ। ਖਿਡਾਰੀਆਂ ਦੇ ਦਰਦ ਨੂੰ ਸਮਝਦਿਆਂ ਮੁੱਖ ਮੰਤਰੀ ਇਸ ਮੌਕੇ ਵਲੋਂ 'ਦੋ ਆਂਡਿਆਂ ਇਕ ਦੁੱਧ ਦੇ ਗਿਲਾਸ' ਦਾ ਜ਼ਿਕਰ ਕੀਤਾ ਗਿਆ, ਸਰਕਾਰ ਨੂੰ ਮਹਿਸੂਸ ਹੋਇਆ ਕਿ ਇਹ ਖ਼ੁਰਾਕ ਉਭਰਦੇ ਖਿਡਾਰੀਆਂ ਲਈ ਕਾਫ਼ੀ ਘੱਟ ਹੈ ਜੋ ਕਿ ਖਿਡਾਰੀ ਵਰਗ ਵਿਚ ਚਰਚਾ ਦਾ ਵਿਸ਼ਾ ਬਣ ਗਿਆ। ਭਾਈ ਸਾਹਿਬ ਇਹ ਖ਼ੁਰਾਕ ਕਿੱਥੇ ਮਿਲਦੀ ਹੈ। ਇਕ ਬਜ਼ੁਰਗ ਖਿਡਾਰੀ ਨੇ ਤਨਜ਼ ਕੱਸਦਿਆਂ ਕਿਹਾ 'ਪੁੱਤਰਾ ਇਹ ਖ਼ੁਰਾਕ ਉਦੋਂ ਮਿਲਦੀ ਸੀ, ਜਦੋਂ ਅਸੀਂ ਜਵਾਨ ਹੁੰਦੇ ਸੀ ਅਤੇ ਪੰਜਾਬ ਵਿਚ ਖੇਡ ਵਿੰਗ ਹੁੰਦੇ ਸਨ।' ਪੰਜਾਬ ਵਿਚ ਬਹੁਤ ਸਾਲਾਂ ਤੋਂ ਖੇਡ ਵਿੰਗਾਂ ਦਾ ਘਟ ਰਿਹਾ ਦਾਇਰਾ ਡਿੱਗ ਰਿਹਾ ਖ਼ੁਰਾਕ ਦਾ ਪੱਧਰ ਖਿਡਾਰੀਆਂ ਲਈ ਚਿੰਤਾ ਦਾ ਵਿਸ਼ਾ ਹੈ। ਅੱਜ ਪੰਜਾਬ ਸਰਕਾਰ ਤੋਂ ਖਿਡਾਰੀ ਇਹ ਆਸ ਲਗਾਈ ਬੈਠੇ ਹਨ, ਬਦਲਾਅ ਵਾਲੀ ਸਰਕਾਰ ਸਾਡੇ ਲਈ ਵੀ ਬਦਲਾਅ ਜ਼ਰੂਰ ਲੈ ਕੇ ਆਵੇਗੀ। ਪੰਜਾਬ ਵਿਚ ਖੇਡ ਵਿੰਗਾਂ ਦਾ ਵਾਧਾ ਕਰਦੀ ਹੋਈ ਖਿਡਾਰੀਆਂ ਲਈ ਉੱਚ ਦਰਜੇ ਦੀਆਂ ਸਹੂਲਤਾਂ ਪ੍ਰਦਾਨ ਕਰੇਗੀ। 'ਖੇਡਾਂ ਵਤਨ ਪੰਜਾਬ ਦੀਆਂ' ਦਾ ਮਹਾਂਕੁੰਭ ਤਕਰੀਬਨ ਦੋ ਮਹੀਨੇ ਪੰਜਾਬ ਦੇ ਖੇਡ ਮੈਦਾਨਾਂ ਵਿਚ ਨਜ਼ਰ ਆਵੇਗਾ। ਜਿਸ ਨੂੰ ਨੇਪਰੇ ਚਾੜਨ ਲਈ ਖੇਡ ਵਿਭਾਗ ਅਤੇ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਖੇਡ ਅਧਿਕਾਰੀ ਆਪਣੀ ਡਿਊਟੀ ਬਾਖ਼ੂਬੀ ਨਿਭਾਉਂਦੇ ਨਜ਼ਰ ਆਉਣਗੇ। ਇਕ ਸਮਾਜ ਸੇਵਕ ਵਲੋਂ ਆਖਿਆ ਗਿਆ 'ਸ਼ੁੱਕਰ ਐ ਪ੍ਰਮਾਤਮਾ ਦਾ ਇਨਾਂ ਖੇਡਾਂ ਸਦਕਾ ਖੇਡ ਮੈਦਾਨਾਂ ਦੀ ਸਫਾਈ ਹੋਈ, ਪਿੰਡਾਂ ਅਤੇ ਸ਼ਹਿਰਾਂ ਦੇ ਨੰਨੇ-ਮੁੰਨੇ ਬੱਚਿਆਂ ਨੇ ਖੇਡ ਮੈਦਾਨਾਂ ਵੱਲ ਮੂੰਹ ਕੀਤਾ। ਸਰਕਾਰ ਲਈ ਖੇਡ ਮੈਦਾਨਾਂ ਦੀ ਸਾਂਭ-ਸੰਭਾਲ ਕਰਨਾ ਅਤੇ ਖੇਡ ਗੁਰੂ (ਕੋਚ) ਹਰ ਖੇਡ ਮੈਦਾਨ ਵਿਚ ਤਾਇਨਾਤ ਕਰਨਾ ਕੋਈ ਸੌਖਾ ਕੰਮ ਨਹੀਂ ਹੈ। ਪ੍ਰੰਤੂ ਇਮਾਨਦਾਰੀ ਅਤੇ ਨੇਕ ਇਰਾਦਿਆਂ ਨਾਲ ਕੀਤਾ ਗਿਆ ਕੰਮ ਇਕ ਦਿਨ ਜ਼ਰੂਰ ਪੂਰਾ ਹੋ ਜਾਂਦਾ ਹੈ। ਜਿੱਥੇ ਪੰਜਾਬ ਸਰਕਾਰ ਨੇ ਪੰਜਾਬੀਆਂ ਨੂੰ ਖੇਡਾਂ ਨਾਲ ਜੋੜਨ ਦਾ ਉੱਪਰਾਲਾ ਕੀਤਾ ਹੈ, ਉੱਥੇ ਆ ਰਹੀਆਂ ਕਮੀਆਂ ਦਾ ਖ਼ਾਕਾ ਵੀ ਤਿਆਰ ਕਰੇਗੀ। ਖਿਡਾਰੀਆਂ ਦੇ ਹਿੱਤਾਂ ਦੀ ਰਾਖੀ ਦਾ ਚੁੱਕਿਆ ਗਿਆ ਬੀੜਾ ਉੱਭਰਦੇ ਖਿਡਾਰੀਆਂ ਦੇ ਸੁਪਨਿਆ ਨੂੰ ਪੂਰਾ ਕਰੇਗਾ। ਅੱਜ ਪੰਜਾਬ ਦੇ ਖੇਡ ਮੰਤਰੀ ਦੀ 'ਖੇਡਾਂ ਵਤਨ ਪੰਜਾਬ ਦੀਆਂ' 'ਤੇ ਪੂਰੀ ਨਜ਼ਰ ਹੈ, ਉਹ ਖੇਡਾਂ ਨੂੰ ਨੇਪਰੇ ਚਾੜਨ ਵਿਚ ਹਰ ਪੱਖੋਂ ਸਮਰੱਥ ਦਿਖਾਈ ਦੇ ਰਹੇ ਹਨ। ਅੱਜ ਜਿੱਥੇ ਹਰ ਅਧਿਕਾਰੀ ਵਰਗ ਵਲੋਂ ਮੋਢੇ ਨਾਲ ਮੋਢਾ ਜੋੜ ਕੇ ਪਿੰਡਾਂ ਅਤੇ ਸ਼ਹਿਰਾਂ ਵਿਚ ਖੇਡਾਂ ਦਾ ਸੱਭਿਆਚਾਰ ਸਿਰਜਿਆ ਜਾ ਰਿਹਾ ਹੈ, ਉੱਥੇ ਮਨਰੇਗਾ ਵਰਕਰਾਂ ਵਲੋਂ ਪਾਏ ਗਏ ਯੋਗਦਾਨ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਖੇਡਾਂ ਦੇ ਸੰਬੰਧ ਵਿਚ ਲੋਕਾਂ ਨਾਲ ਵਿਚਾਰ ਚਰਚਾ ਕਰਨ ਉਪਰੰਤ ਕੁਝ ਰੋਮਾਂਚਕ ਤੱਥ ਸਾਹਮਣੇ ਆਏ, ਸਵਾਲ ਸੀ ਪੰਜਾਬ ਵਿਚ ਕਿਹੜੀਆਂ ਖੇਡਾਂ ਕਰਵਾਈਆਂ ਜਾ ਰਹੀਆਂ ਹਨ। 'ਖੇਡਾਂ ਵਤਨ ਪੰਜਾਬ ਦੀਆਂ' ਕੁਝ ਨੇ ਹੀ ਆਖਿਆ ਜ਼ਿਆਦਾਤਰ ਲੋਕ 'ਭਗਵੰਤ ਮਾਨ ਵਾਲੀਆਂ ਖੇਡਾਂ' ਕਹਿ ਕੇ ਸੰਬੋਧਨ ਕਰਦੇ ਸਨ। ਪੰਜਾਬ ਸਰਕਾਰ ਵਲੋਂ ਖੇਡਾਂ ਪ੍ਰਤੀ ਕੀਤੀ ਗਈ ਪਹਿਲਕਦਮੀ ਦਾ ਸਿਹਰਾ ਭਗਵੰਤ ਮਾਨ ਅਤੇ ਉਨਾਂ ਦੀ ਸਮੁੱਚੀ ਟੀਮ ਨੂੰ ਜਾਂਦਾ ਹੈ। ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਸਰਕਾਰ ਵਲੋਂ ਖੇਡ ਸੱਭਿਆਚਾਰ ਲਈ ਕੀਤਾ ਗਿਆ ਉਪਰਾਲਾ ਨੌਜਵਾਨਾਂ ਨੂੰ ਖੇਡ ਸਰਗਰਮੀਆਂ ਨਾਲ ਜੋੜਨ ਵਿਚ ਮੋਹਰੀ ਨਜ਼ਰ ਆਵੇਗਾ।




# ਟੋਪ ਸਾਬ

**ਡਾ. ਅਜਮੇਰ ਸਿੰਘ**

ਸਾਡੀ ਪੰਜਵੀਂ (1952) ਦੀ ਜਮਾਤ ਡੱਬਵਾਲੀ ਦੇ ਹਾਈ ਸਕੂਲ ਦੀ ਮੁੱਖ ਬਿਲਡਿੰਗ ਤੋਂ ਬਾਹਰ, ਸਿੰਘ ਸਭਾ ਗੁਰਦਵਾਰੇ ਦੇ ਨਾਲ ਲੱਗਦੇ ਵੱਡੇ ਹਾਲ ਵਿਚ ਲੱਗਦੀ ਸੀ (ਜਿੱਥੇ ਅੱਜ ਕੱਲ ਗੁਰਦਵਾਰੇ ਦਾ ਲੰਗਰ ਹਾਲ ਹੈ)।

ਟੋਪ ਸਾਬ ਸਾਨੂੰ ਅੰਗਰੇਜ਼ੀ ਪੜਾਉਂਦੇ ਸਨ। ਉਨਾਂ ਦਾ ਅਸਲੀ ਨਾਂ ਕੀ ਸੀ, ਕੋਈ ਨਹੀਂ ਸੀ ਜਾਣਦਾ। ਘੱਟੋ ਘੱਟ ਮੈਨੂੰ ਉਨਾਂ ਦਾ ਨਾਂ ਨਹੀਂ ਸੀ ਪਤਾ। ਸਭ ਉਨਾਂ ਨੂੰ ਟੋਪ ਸਾਬ ਕਰਕੇ ਜਾਣਦੇ ਸਨ। ਉਹ ਸਿਰ 'ਤੇ ਅੰਗਰੇਜ਼ਾਂ ਵਾਲਾਂ ਖਾਕੀ ਰੰਗ ਦਾ ਟੋਪ ਰੱਖਦੇ। ਮੋਢੇ 'ਤੇ ਇਕ ਮੈਲਾ ਜਿਹਾ ਝੋਲਾ ਹੁੰਦਾ ਸੀ। ਜਿਸ ਵਿਚ ਹੋਰ ਨਿੱਕ-ਸੁੱਕ ਤੋਂ ਇਲਾਵਾ ਬਿਸਕੁਟ ਵੀ ਹੁੰਦੇ ਸਨ।

ਪੜਾਉਂਦੇ ਉਹ ਬਹੁਤ ਵਧੀਆ ਢੰਗ ਨਾਲ ਸਨ। ਕਿਸੇ ਬੱਚੇ ਤੋਂ ਗਲਤੀ ਹੋ ਜਾਏ ਤਾਂ ਕੁੱਟਦੇ ਵੀ ਬਹੁਤ ਸਨ। ਜਦੋਂ ਬੱਚੇ ਨੇ ਰੋਣ ਲੱਗ ਜਾਣਾ, ਤਾਂ ਝੱਟ ਉਸਨੂੰ ਚੁੱਪ ਕਰਾਉਣ ਲਈ ਆਪਣੇ ਝੋਲੇ ਵਿਚੋਂ ਬਿਸਕੁਟ ਕੱਢ ਕੇ ਉਸਨੂੰ ਦੇਣਾ ਤੇ ਨਾਲ ਹੀ ਬੋਲਦੇ ਰਹਿਣਾ, 'ਆਂਏ ਨੀ ਰੋਣਾ, ਬੱਚਾ।' ਤੇ ਪਿਆਰ ਨਾਲ ਬੱਚੇ ਨੂੰ ਚੁੱਪ ਕਰਾਉਂਦੇ ਰਹਿਣਾ। ਕਈ ਵਾਰ ਤਾਂ ਉਹ ਖੁਦ ਵੀ ਰੋਣ ਲੱਗ ਜਾਂਦੇ ਸਨ।



ਕਲਮਾਂ ਦੇ ਜਜ਼ਬਾਤ

ਹੌਲੀ ਹੌਲੀ ਟੋਪ ਸਾਬ ਦੇ ਇਸ ਸੁਭਾਅ ਦਾ ਸਭ ਨੂੰ ਪਤਾ ਲੱਗ ਗਿਆ। ਕਈ ਬੱਚੇ ਤਾਂ ਬਿਸਕੁਟ ਲੈਣ ਵਾਸਤੇ ਝੂਠੀ-ਮੂਠੀ ਵੀ ਰੋਣ ਲੱਗ ਜਾਂਦੇ ਸਨ।

ਅਸਲ ਵਿਚ ਉਹ ਦੇਸ਼ ਵੰਡ ਵੇਲੇ ਪਾਕਿਸਤਾਨ ਤੋਂ ਆਏ ਸਨ। ਉਨਾਂ ਦਾ ਸਾਰਾ ਟੱਬਰ ਓਧਰ ਮਾਰਿਆ ਗਿਆ ਸੀ। ਉਹ ਇਕੱਲੇ ਹੀ ਬਚੇ ਸਨ। ਇਸ ਸਦਮੇ ਦਾ ਉਨਾਂ ਦੇ ਦਿਮਾਗ਼ ਉੱਤੇ ਗਹਿਰਾ ਅਸਰ ਹੋ ਗਿਆ ਸੀ। ਏਧਰ ਆ ਕੇ ਆਪਣੇ ਬੱਚਿਆਂ ਨੂੰ ਯਾਦ ਕਰਦੇ ਰਹਿੰਦੇ ਤੇ ਇਕੱਲੇ ਹੁੰਦੇ ਤਾਂ ਰੋਂਦੇ ਰਹਿੰਦੇ। ਪਾਕਿਸਤਾਨ ਵਿਚ ਉਹ ਟੀਚਰ ਸਨ, ਏਧਰ ਆ ਕੇ ਉਨਾਂ ਨੇ ਆਪਣਾ ਅਧਿਆਪਨ ਕਾਰਜ ਸੰਭਾਲ ਲਿਆ ਸੀ।

ਜਦੋਂ ਕਿਸੇ ਬੱਚੇ ਤੋਂ ਗਲਤੀ ਹੁੰਦੀ ਜਾਂ ਕਿਸੇ ਸਵਾਲ ਦਾ ਜਵਾਬ ਨਾ ਦਿੱਤਾ ਗਿਆ ਤਾਂ ਉਹ ਕੁੱਟਣ ਲੱਗ ਜਾਂਦੇ। ਜਦ ਬੱਚੇ ਨੇ ਰੋਣ ਲੱਗ ਜਾਣਾ ਤਾਂ ਉਨਾਂ ਨੂੰ ਆਪਣਾ ਹੀ ਬੇਟਾ ਨਜ਼ਰ ਆਉਂਦਾ ਸੀ ਤੇ ਉਸ ਨੂੰ ਚੁੱਪ ਕਰਾਉਣ ਲਈ ਉਨਾਂ ਦੇ ਅੰਦਰ ਦਾ 'ਬਾਪ' ਬੱਚੇ ਨੂੰ ਗੋਦੀ ਵਿਚ ਲੈ ਲੈਂਦਾ ਸੀ।

# ਸੇ ਭਾਦੁਇ ਨਰਕਿ ਨ ਪਾਈਅਹਿ ਗੁਰ ਰਖਣ ਵਾਲਾ ਹੇਤੁ॥



ਡਾ. ਦਿਲਵਰ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੋ ਬਾਰਹ ਮਾਹ ਦਰਜ ਹਨ। ਇਨਾਂ ਦੋਵਾਂ ਬਾਰਹਮਾਹਾਂ ਵਿਚ ਭਾਦਰੋਂ ਮਹੀਨੇ ਨੂੰ ਆਧਾਰ ਬਣਾ ਕੇ ਵੀ ਗੁਰੂ ਸਾਹਿਬਾਨ ਨੇ ਸਾਨੂੰ ਉਪਦੇਸ਼ ਦ੍ਰਿੜ ਕਰਵਾਇਆ ਹੈ। ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਵੀ ਜੋ ਬਾਰਹਮਾਹ ਦਰਜ ਹੈ ਉਸ ਵਿਚ ਵੀ ਭਾਦਰੋਂ ਮਹੀਨੇ ਦਾ ਬਾਖ਼ੂਬੀ ਜਿਕਰ ਕੀਤਾ ਗਿਆ ਹੈ। ਉਂਝ ਵੀ ਦੇਸੀ ਸਾਲ ਵਿਚ ਭਾਦਰੋਂ ਦੀ ਗਿਣਤੀ ਸਭ ਤੋਂ ਵਧ ਗਰਮ ਮਹੀਨੇ ਵਜੋਂ ਕੀਤੀ ਜਾਂਦੀ ਹੈ। ਇਹ ਉਹ ਮਹੀਨਾ ਹੈ ਜਿਸ ਵਿਚ ਹੁੰਮਸ ਬਹੁਤ ਹੁੰਦੀ ਹੈ। ਹਾਲਾਂਕਿ ਜੇਠ ਦਾ ਮਹੀਨਾ ਬਹੁਤ ਗਰਮੀ ਵਾਲਾ ਹੁੰਦਾ ਹੈ ਪਰ ਇਸ ਮਹੀਨੇ ਵਿਚ ਲੂ ਚਲਦੀ ਰਹਿੰਦੀ ਹੈ। ਪਰ ਭਾਦਰੋਂ ਦੇ ਮਹੀਨੇ ਵਿਚ ਹਵਾ ਨਾ ਚਲਣ ਕਰਕੇ ਗਰਮੀ ਬਹੁਤ ਵਧ ਜਾਂਦੀ ਹੈ ਅਤੇ ਹੁੰਮ ਬਹੁਤ ਲਗਦਾ ਹੈ। ਇਨਾਂ ਲਫ਼ਜਾਂ ਕਰਕੇ ਹੀ ਇਸ ਦਾ ਨਾਂ ਭਾਦਰੋਂ ਜਾਂ ਭਾਦੁਇ ਰਖਿਆ ਗਿਆ ਹੈ ਕਿਉਂਕਿ ਇਸ ਵਿਚ ਦੋ ਭਾਵ ਪੈਦਾ ਹੋ ਜਾਂਦੇ ਹਨ। ਇਕ ਛਿਣ ਵਿਚ ਬਦਲ ਛਾ ਜਾਂਦੇ ਹਨ ਅਤੇ ਦੂਜੇ ਛਿਣ ਵਿਚ ਬਦਲ ਅਲੋਪ ਹੋ ਜਾਂਦੇ ਹਨ। ਇਕ ਛਿਣ ਵਿਚ ਬਰਸਾਤ ਹੋਣ ਲੱਗ ਜਾਂਦੀ ਹੈ ਅਤੇ ਦੂਜੇ ਛਿਣ ਵਿਚ ਸੂਰਜ ਨਿਕਲ ਆਉਂਦਾ ਹੈ। ਮੀਂਹ ਵੀ ਵਟ ਨਾਲ ਵਟ ਛੱਡ ਕੇ ਪੈ ਜਾਂਦਾ ਹੈ ਭਾਵ ਇਕ ਖੇਤ ਵਿਚ ਮੀਂਹ ਪੈ ਰਿਹਾ ਹੁੰਦਾ ਹੈ ਤੇ ਦੂਜੇ ਵਿਚ ਨਹੀਂ ਪੈਂਦਾ। ਆਮ ਕਹਾਵਤ ਵੀ ਹੈ ਕਿ ਭਾਦਰੋਂ ਦੀ ਗਰਮੀ ਦਾ ਮਾਰਿਆ ਜਟ ਜਿਮੀਦਾਰ ਸਾਧ ਹੋ ਗਿਆ ਸੀ। ਕਹਿਣ ਤੋਂ ਭਾਵ ਹੈ ਕਿ ਭਾਦਰੋਂ ਦੀ ਗਰਮੀ ਬਰਦਾਸ਼ਤ ਕਰਨੀ ਬਹੁਤ ਔਖੀ ਹੈ। ਭਾਦਰੋਂ ਵਿਚ ਕਈ ਵਾਰੀ ਔੜ ਬਹੁਤ ਸਤਾਉਂਦੀ ਹੈ ਅਤੇ ਕਈ ਵਾਰ ਹੜ ਵੀ ਆ ਜਾਂਦੇ ਹਨ। ਗੁਰਬਾਣੀ ਵਿਚ ਕੋਈ ਵੀ ਦਿਨ, ਰੁਤ, ਮਹੀਨਾ, ਸਾਲ ਮਾੜਾ ਨਹੀਂ ਹੈ। ਸਾਰੇ ਦਿਨ, ਮਹੂਰਤ ਚੰਗੇ ਹਨ। ਇਸ ਕਰਕੇ ਗੁਰੂ ਸਾਹਿਬ ਭਾਦਰੋਂ ਦੇ ਮਹੀਨੇ ਨੂੰ ਆਧਾਰ ਬਣਾ ਕੇ ਵੀ ਸਾਨੂੰ ਉਪਦੇਸ਼ ਕਰਦੇ ਹਨ ਕਿ ਜੀਵ ਨੂੰ ਦੋ ਭਾਵਾਂ ਵਿਚ ਨਹੀਂ ਰਹਿਣਾ ਚਾਹੀਦਾ ਭਾਵ ਕਿ ਮਨੁਖ ਨੂੰ ਅਕਾਲ ਪੁਰਖ ਦੇ ਸਿਮਰਨ ਵਿਚ ਹੀ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।ਮਾਇਆ ਦੇ ਪ੍ਰਭਾਵ ਵਿਚ ਨਹੀਂ ਆਉਣਾ ਚਾਹੀਦਾ। ਜਦੋਂ ਜੀਵ ਅਕਾਲ ਪੁਰਖ ਤੋਂ ਮੂੰਹ ਮੋੜ ਕੇ ਮਾਇਆ ਵਿਚ ਗਲਤਾਨ ਹੋ ਜਾਂਦਾ ਹੈ ਤਾਂ ਉਸ ਦੇ ਅੰਦਰ ਦੋ ਭਾਵ ਪੈਦਾ ਹੋ ਜਾਂਦੇ ਹਨ। ਗੁਰੂ ਸਾਹਿਬ ਨੇ ਭਾਦਰੋਂ ਦੇ ਮਹੀਨੇ ਨੂੰ ਆਧਾਰ ਬਣਾ ਕੇ ਆਪਣਾ ਪਾਵਨ ਉਪਦੇਸ਼ ਦ੍ਰਿੜ ਕਰਵਾਇਆ ਹੈ। ਤੁਖਾਰੀ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਸਾਨੂੰ ਸਮਝਾਉਣਾ ਕਰਦੇ ਹਨ ਕਿ :

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1108)

ਗੁਰੂ ਸਾਹਿਬ ਫਰਮਾਉਂਦੇ ਹਨ ਕਿ ਜਿਸ ਜੀਵ ਦੇ ਅੰਦਰ ਭਰਮ ਪੈਦਾ ਹੋ ਜਾਂਦਾ ਹੈ ਉਹ ਜੀਵ ਆਪਣੇ ਜੁਆਨੀ ਦੇ ਹੰਕਾਰ ਵਿਚ ਪ੍ਰਭੂ ਨੂੰ ਭੁਲਾ ਦਿੰਦਾ ਹੈ ਅਤੇ ਫਿਰ ਉਸ ਨੂੰ ਪਛਤਾਉਣਾ ਹੀ ਪੈਂਦਾ ਹੈ। ਪ੍ਰਭੂ ਤੋਂ ਭੁਲੇ ਹੋਏ ਜੀਵ ਨੂੰ ਸਾਵਣ ਦੇ ਮਹੀਨੇ ਵਿਚ ਹੋਈ ਬਰਸਾਤ ਕਾਰਨ ਜਲ ਥਲ ਹੋਈ ਧਰਤੀ ਸੁਹਾਵਣੀ ਨਹੀਂ ਲਗਦੀ। ਭਾਦਰੋਂ ਦੇ ਮਹੀਨੇ ਵਿਚ ਮੋਰ, ਡੱਡੂ, ਬਬੀਹੇ ਆਦਿਕ ਤ੍ਰਿਪਤ ਹੋ ਜਾਂਦੇ ਹਨ ਅਤੇ ਉਨਾਂ ਦਾ ਦੂਜਾ ਭਾਵ ਖ਼ਤਮ ਹੋ ਜਾਂਦਾ ਹੈ ਅਤੇ ਉਹ ਖ਼ੁਸ਼ੀ ਵਿਚ ਆਨੰਦ ਮਾਣਦੇ ਹਨ। ਪਰ ਜਿਹੜਾ ਜੀਵ ਮਾਇਆ ਦੇ ਪ੍ਰਭਾਵ ਹੇਠ ਆ ਜਾਂਦਾ ਹੈ ਉਸ ਨੂੰ ਇਨਾਂ ਜੀਵਾਂ ਦੀਆਂ ਆਵਾਜ਼ਾਂ ਸੁਹਾਵਣੀਆਂ ਨਹੀਂ ਲਗਦੀਆਂ ਬਲਕਿ ਉਸ ਨੂੰ ਤਾਂ ਮਾਇਆ ਸੱਪ ਅਤੇ ਮਛਰ ਦੀ ਨਿਆਈਂ ਸਦਾ ਡੰਗਦੀ ਰਹਿੰਦੀ ਹੈ। ਜਿਥੇ ਦੂਜੇ ਜੀਵ ਸੁਹਾਵਣੇ ਮੌਸਮ ਵਿਚ ਆਨੰਦ ਮਾਣਦੇ ਹਨ ਉਥੇ ਭਾਦਰੋਂ ਦੇ ਮਹੀਨੇ ਵਿਚ ਮਾਇਆ ਦੇ ਪ੍ਰਭਾਵ ਅਧੀਨ ਰਹਿਣ ਵਾਲਾ ਜੀਵ ਸਦਾ ਹੀ ਦੁਖੀ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਉਸ ਦੇ ਦੁਖ ਦਾ ਕਾਰਨ ਉਸ ਅੰਦਰ ਪੈਦਾ ਹੋਇਆ ਦੂਜਾ ਭਾਵ ਹੈ ਅਤੇ ਇਸ ਦੂਜੇ ਭਾਵ ਨੂੰ ਗੁਰੂ ਦਾ ਉਪਦੇਸ਼ ਹੀ ਠੀਕ ਕਰ ਸਕਦਾ ਹੈ ਅਤੇ ਜੀਵ ਨੂੰ ਸਦੀਵੀ ਸੁੱਖ ਪ੍ਰਾਪਤ ਹੋ ਜਾਂਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਮਾਝ ਰਾਗ ਵਿਚ ਉਚਾਰਣ ਕੀਤੇ ਹੋਏ ਬਾਰਹਮਾਹਾ ਵਿਚ ਵੀ ਇਸੇ ਤਰਾਂ ਉਪਦੇਸ਼ ਕਰ ਕੇ ਸਾਨੂੰ ਸਮਝਾਉਂਦੇ ਹਨ ਕਿ:

**ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 134)**

ਭਾਵ ਜਦੋਂ ਜੀਵ ਦਾ ਪਿਆਰ ਇਕ ਅਕਾਲ ਪੁਰਖ ਨੂੰ ਛਡ ਕੇ ਦੂਜੇ ਪਾਸੇ ਅਰਥਾਤ ਮਾਇਆ ਵਿਚ ਲਗ ਜਾਂਦਾ ਹੈ ਤੇ ਉਹ ਭਰਮਾਂ ਵਿਚ ਭੁਲ ਜਾਂਦਾ ਹੈ ਤੇ ਉਸ ਭਰਮ ਵਿਚ ਭੁਲੇ ਹੋਏ ਜੀਵ ਨੂੰ ਕਰਮਕਾਂਡ ਘੇਰ ਲੈਂਦੇ ਹਨ ਜੋ ਕਿ ਉਸ ਦੇ ਕਿਸੇ ਕੰਮ ਨਹੀਂ ਆਉਂਦੇ ਭਾਵ ਕਰਮਕਾਂਡ ਉਸ ਦਾ ਮਿਲਾਪ ਅਕਾਲ ਪੁਰਖ ਨਾਲ ਨਹੀਂ ਕਰਵਾ ਸਕਦੇ। ਕਰਮ ਕਾਂਡ ਵਿਚ ਫਸੇ ਮਨੁੱਖ ਨੂੰ ਮੌਤ ਦਾ ਭੈਅ ਸਦਾ ਸਤਾਉਂਦਾ ਰਹਿੰਦਾ ਹੈ। ਦੂਜੇ ਭਾਵ ਵਿਚ ਫਸੇ ਹੋਣ ਕਰਕੇ ਉਸ ਨੂੰ ਮੌਤ ਤੋਂ ਛੁਡਾਉਣ ਲਈ ਕੋਈ ਵੀ ਸਹਾਈ ਨਹੀਂ ਹੁੰਦਾ।ਉਹ ਦੁਚਿਤੀ ਵਿਚ ਜੋ ਬੀਜਦਾ ਹੈ ਉਹੀ ਉਸ ਨੂੰ ਵਢਣਾ ਪੈਂਦਾ ਹੈ। ਜੇਕਰ ਉਹ ਇਕ ਅਕਾਲ ਪੁਰਖ ਨਾਲ ਜੁੜਿਆ ਰਹਿੰਦਾ ਤਾਂ ਉਸ ਨੇ ਨਾਮ ਸਿਮਰਨ ਦੀ ਕਮਾਈ ਕਰਨੀ ਸੀ ਪਰ ਦੋ ਭਾਵਾਂ ਵਿਚ ਹੋਣ ਕਰਕੇ ਉਹ ਮਾਇਆ ਨੂੰ ਹੀ ਇਕਠੇ ਕਰਨ ਵਿਚ ਅਤੇ ਮਾਇਆ ਦੇ ਪ੍ਰਭਾਵ ਵਿਚ ਹੀ ਲਿਪਤ ਰਿਹਾ ਹੈ। ਹੁਣ ਇਹ ਮਾਇਆ ਉਸ ਦੀ ਕੋਈ ਸਹਾਇਤਾ ਨਹੀਂ ਕਰ ਸਕਦੀ। ਉਸ ਦਾ ਮਨੁੱਖਾ ਜੀਵਨ ਅਜਾਈਂ ਬਤੀਤ ਹੋ ਗਿਆ ਹੈ। ਜਿਸ ਜਵਾਨੀ ਦਾ ਉਹ ਹੰਕਾਰ ਕਰਦਾ ਸੀ ਉਹ ਇਕ ਛਿਣ ਵਿਚ ਬਿਨਸ ਜਾਣ ਵਾਲੀ ਹੈ।ਦੁਚਿਤੇ ਭਾਵ ਨੇ ਉਸ ਦੇ ਜੀਵਨ ਨੂੰ ਨਰਕ ਬਣਾ ਕੇ ਰਖਿਆ ਹੋਇਆ ਹੈ। ਇਸੇ ਕਰਕੇ ਗੁਰੂ ਸਾਹਿਬ ਕਹਿੰਦੇ ਹਨ ਕਿ ਇਹ ਐਸਾ ਨਰਕ ਹੈ ਜਿਸ ਤਰਾਂ ਭਾਦਰੋਂ ਦੇ ਮਹੀਨੇ ਵਿਚ ਗਰਮੀ ਕਰਕੇ ਮਨੁਖ ਨੂੰ ਘਬਰਾਹਟ ਪੈਦਾ ਹੁੰਦੀ ਹੈ ਅਤੇ ਉਸ ਦਾ ਜੀਵਨ ਨਰਕਮਈ ਜੀਵਨ ਹੋ ਜਾਂਦਾ ਹੈ ਪਰ ਜਿਹੜੇ ਜੀਵ ਗੁਰੂ ਦੇ ਦਸੇ ਹੋਏ ਮਾਰਗ ਤੇ ਚਲਦੇ ਹਨ,ਨਾਮ ਸਿਮਰਨ ਦੀ ਘਾਲ ਕਮਾਈ ਕਰਦੇ ਹਨ ਉਨਾਂ ਨੂੰ ਇਹ ਨਰਕਮਈ ਜੀਵਨ ਭੁਗਤਣਾ ਨਹੀਂ ਪੈਂਦਾ। ਉਹ ਤਨ ਦੀ ਗਰਮੀ ਨੂੰ ਵੀ ਸਹਿਣ ਕਰ ਲੈਂਦੇ ਹਨ ਅਤੇ ਮਨ ਦੇ ਵੇਗ ਵਿਚ ਨਾ ਵਹਿ ਕੇ ਇਕ ਅਕਾਲ ਪੁਰਖ ਨਾਲ ਜੁੜਕੇ ਦੂਜੇ ਭਾਵ ਤੋਂ ਬਚ ਕੇ ਆਪਣੇ ਜੀਵਨ ਨੂੰ ਆਨੰਦਮਈ ਬਣਾ ਲੈਂਦੇ ਹਨ :

ਸੇ ਭਾਦੁਇ ਨਰਕਿ ਨ ਪਾਈਅਹਿ ਗੁਰ ਰਖਣ ਵਾਲਾ ਹੇਤੁ॥

ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫਰਮਾਉਂਦੇ ਹਨ ਕਿ ਭਾਦਰੋਂ ਦੇ ਮਹੀਨੇ ਵਿਚ ਦਿਨ ਵੇਲੇ ਬਦਲ ਆਉਣ ਨਾਲ ਰਾਤ ਭਾਸਣ ਲਗ ਜਾਂਦੀ ਹੈ ਅਤੇ ਰਾਤ ਵੇਲੇ ਬਦਲਾਂ ਵਿਚ ਬਿਜਲੀ ਚਮਕਣ ਨਾਲ ਦਿਨ ਦਾ ਅਨੁਭਵ ਹੁੰਦਾ ਹੈ। ਮੁਸਲੇਧਾਰ ਬਰਸਾਤ ਹੁੰਦੀ ਹੈ ਪਰ ਇੰਨੇ ਸੁਹਾਵਣੇ ਮੌਸਮ ਦੇ ਹੋਣ ਦੇ ਬਾਵਜੂਦ ਵੀ ਜੀਵ ਇਸਤਰੀ ਦੀ ਮਾੜੀ ਕਿਸਮਤ ਕਰਕੇ ਉਸ ਦਾ ਪਤੀ ਉਸ ਤੋਂ ਦੂਰ ਜਾ ਕੇ ਬੈਠ ਜਾਂਦਾ ਹੈ ਭਾਵ ਦੁਚਿਤੀ ਵਿਚ ਜੀਵ ਇਸਤਰੀ ਪ੍ਰਭੂ ਪਤੀ ਨਾਲ ਪਿਆਰ ਨਹੀਂ ਕਰ ਸਕਦੀ। ਗੁਰੂ ਜੀ ਫਰਮਾਉਂਦੇ ਹਨ :

**ਭਾਦਵ ਮਹਿ ਚੜ੍ਹਯੋ ਬਿਨੁ ਨਾਹ ਦਸੋ ਦਿਸ ਮਾਹਿ ਘਟਾ ਘਹਰਾਈ॥**
**ਦਯੋਸ ਨਿਸਾ ਨਹਿੰ ਜਾਨ ਪਰੈ ਰਮ ਬਿਜੁ ਛਟਾ ਰਬ ਕੀ ਛਬਿ ਪਾਈ॥**
**ਮੂਸਲਧਾਰ ਛੁਟੈ ਨਭਿ ਤੇ ਅਵਨੀ ਸਗਰੀ ਜਲ ਪੂਰਨਿ ਛਾਈ॥**
**ਐਸੇ ਸਮੇ ਤਜ ਗਯੋ ਹਮਕੋ ਟਸਕਯੋ ਨ ਹੀਯੋ ਕਸਕਯੋਓ ਨ ਕਸਾਈ॥919॥**

ਇਸ ਪ੍ਰਕਾਰ ਗੁਰੂ ਸਾਹਿਬਾਨ ਤਿੰਨਾਂ ਬਾਰਹਮਾਹਾਂ ਵਿਚ ਸਾਨੂੰ ਸਮਝਾਉਣਾ ਕਰਦੇ ਹਨ ਕਿ ਜੀਵ ਇਸਤਰੀ ਨੂੰ ਦੋ ਭਾਵਾਂ ਵਿਚ ਖਚਤ ਨਹੀਂ ਹੋਣਾ ਚਾਹੀਦਾ। ਇਕੋ ਭਾਵ ਵਿਚ ਰਹਿਣਾ ਚਾਹੀਦਾ ਹੈ ਅਤੇ ਅਕਾਲ ਪੁਰਖ ਵਾਹਿਗੁਰੂ ਦਾ ਨਾਮ ਸਿਮਰਨ ਕਰਨਾ ਚਾਹੀਦਾ ਹੈ। ਉਹ ਨਾਮ ਸਿਮਰਨ ਹੀ ਕਰਮਕਾਂਡਾਂ ਤੋਂ ਛੁਡਾ ਕੇ ਜੀਵਨ ਦੇ ਭਰਮ ਭੁਲੇਖਿਆਂ ਨੂੰ ਦੂਰ ਕਰਕੇ ਸਦੀਵ ਕਾਲ ਵਾਸਤੇ ਆਨੰਦ ਦੇਣ ਵਾਲਾ ਹੈ ਅਤੇ ਨਰਕਮਈ ਜੀਵਨ ਤੋਂ ਬਚਾਉਣ ਵਾਲਾ ਹੈ।

# ਜਰੂਰੀ ਹੈ ਨੌਜਵਾਨਾਂ ਦਾ ਆਰਥਿਕ ਪੱਖੋਂ ਸਵੈ ਨਿਰਭਰ ਹੋਣਾ



ਹਰਕੀਰਤ ਕੌਰ
9779118066

ਜਦੋਂ ਅਸੀਂ ਸਵੈ ਨਿਰਭਰ ਹੋਣ ਦੀ ਗੱਲ ਛੇੜਦੇ ਹਾਂ ਤਾਂ ਬਹੁਤਿਆਂ ਦੇ ਮਨ ਵਿੱਚ ਸਿਰਫ਼ ਇਹੀ ਵਿਚਾਰ ਆਉਂਦਾ ਹੈ ਕਿ ਸ਼ਾਇਦ ਇਹ ਸਿਰਫ਼ ਜਵਾਨ ਲੜਕਿਆਂ ਲਈ ਹੈ, ਪੁਰਸ਼ਾਂ ਲਈ ਹੈ। ਪਰ ਅਸਲ ਵਿੱਚ ਹਰ ਪ੍ਰਾਣੀ ਮਾਤਰ ਦਾ ਸਵੈ ਨਿਰਭਰ ਹੋਣਾ ਬਹੁਤ ਜਰੂਰੀ ਹੈ, ਚਾਹੇ ਉਹ ਲੜਕਾ ਹੋਵੇ ਲੜਕੀ ਹੋਵੇ, ਆਦਮੀ ਹੋਵੇ , ਔਰਤ ਹੋਵੇ ਜਾਂ ਫਿਰ ਬਾਲਗ ਬੱਚੇ ਹੋਣ। ਆਰਥਿਕ, ਸਰੀਰਕ ਅਤੇ ਮਾਨਸਿਕ ਪੱਖੋਂ ਸਾਡਾ ਸਾਰਿਆਂ ਦਾ ਸਵੈ ਨਿਰਭਰ ਹੋਣਾ ਬਹੁਤ ਜਰੂਰੀ ਹੈ। ਇਹ ਜੀਵਨ ਜਦੋਂ ਸਾਨੂੰ ਮਿਲਿਆ ਤਾਂ ਇਸ ਨੂੰ ਇੱਕ ਸਾਰਥਕ ਰਾਹ ਦਿਖਾਉਣ ਦੀ ਜਿੰਮੇਵਾਰੀ ਵੀ ਸਾਡੇ ਸਿਰ ਹੀ ਪਈ।

ਸਾਡੇ ਸਮਾਜ ਵਿੱਚ ਇਹ ਆਮ ਹੀ ਵੇਖਣ ਨੂੰ ਮਿਲਦਾ ਹੈ ਲੜਕੀਆਂ ਦੀ ਬਜਾਏ ਲੜਕਿਆਂ ਨੂੰ ਆਤਮ ਨਿਰਭਰ ਹੋਣ ਦੇ ਵੱਧ ਮੌਕੇ ਮਿਲਦੇ ਹਨ। ਮਾਪੇ ਹਮੇਸ਼ਾ ਆਪਣੀਆਂ ਬੱਚੀਆਂ ਨੂੰ ਇਸ ਲਈ ਆਤਮ ਨਿਰਭਰ ਨਹੀਂ ਹੋਣ ਦਿੰਦੇ ਕਿਉਂਕਿ ਉਹਨਾਂ ਦਾ ਮੰਨਣਾ ਹੈ ਕਿ ਲੜਕੀਆਂ ਨੇ ਆਪਣੇ ਸਹੁੱਰੇ ਘਰ ਚਲੇ ਜਾਣਾ ਹੈ, ਉਨਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੀ ਜਿੰਮੇਵਾਰੀ ਉਨਾਂ ਦੇ ਪਤੀ ਦੀ ਹੋਵੇਗੀ, ਬੇਸ਼ਕ ਇੱਕ ਲੜਕੀ ਵਿਆਹ ਤੋਂ ਬਾਅਦ ਆਪਣੇ ਪਤੀ ਦੀ ਜਿੰਮੇਵਾਰੀ ਹੈ, ਪਰ ਲੜਕੀਆਂ ਦਾ ਖੁਦ ਦਾ ਵੀ ਇੱਕ ਵਜੂਦ ਹੈ, ਉਨਾਂ ਨੂੰ ਵੀ ਆਪਣੀ ਇੱਕ ਪਹਿਚਾਣ ਬਣਾਉਣ ਦਾ ਪੂਰਾ ਹੱਕ ਹੈ। ਪਰ ਸਾਡੇ ਸਮਾਜ ਵਿੱਚ ਲੜਕੀਆਂ ਨੂੰ ਸਿਰਫ਼ ਆਪਣੇ ਘਰ ਦਾ ਚੁੱਲਾ ਚੌਕਾਂ ਸਾਂਭਣ ਤੱਕ ਹੀ ਸੀਮਤ ਰੱਖ ਦਿੱਤਾ ਜਾਂਦਾ ਹੈ, ਬਹੁਤ ਸਾਰੀਆਂ ਲੜਕੀਆਂ ਜੋ ਵਿਆਹ ਤੋਂ ਪਹਿਲਾਂ ਕੰਮ ਕਰਦੀਆਂ ਸਨ, ਵਿਆਹ ਤੋਂ ਮਗਰੋਂ ਘਰ ਦੀਆਂ ਜਿੰਮੇਵਾਰੀਆਂ ਹੇਠ ਦੱਬ ਕੇ ਰਹਿ ਜਾਂਦੀਆਂ ਹਨ, ਉਨਾਂ ਦਾ ਕਿੱਤਾ, ਹੁਨਰ, ਕਲਾ ਸਿਰਫ਼ ਸਮਾਜ ਦੀਆਂ ਕੋਝੀਆਂ ਰੀਤਾਂ ਹੇਠਾਂ ਦੱਬਿਆ ਘੁੱਟਿਆ ਜਾਂਦਾ ਹੈ। ਬੇਸ਼ਕਤੇ ਘਰ ਦੀਆਂ ਜਿੰਮੇਵਾਰੀਆਂ ਨੂੰ ਬਾਖੂਬੀ ਨਿਭਾਉਣਾ ਚਾਹੀਦਾ ਹੈ, ਪਰ ਇਨਾਂ ਜਿੰਮੇਵਾਰੀਆਂ ਦੇ ਚਲਦਿਆਂ ਲੜਕੀਆਂ ਕੋਲੋਂ ਉਨਾਂ ਦੇ ਉੱਡਣ ਲਈ ਅਸਮਾਨ ਨਹੀਂ ਖੋਹਣਾ ਚਾਹੀਦਾ। ਲੜਕੇ ਅਤੇ ਲੜਕੀਆਂ ਦੋਨਾਂ ਦਾ ਆਰਥਿਕ ਪੱਖੋਂ ਸਵੈ ਨਿਰਭਰ ਹੋਣਾ ਬਰਾਬਰ ਜਰੂਰੀ ਹੈ, ਜੋ ਅੱਜ ਕੱਲ ਲੜਕੀਆਂ ਨਾਲ ਹੁੰਦੀ ਘਰੇਲੂ ਹਿੰਸਾ ਦਾ ਰੁਝਾਨ ਚੱਲ ਰਿਹਾ ਹੈ ਉਸ ਕਰਕੇ ਲੜਕੀਆਂ ਦਾ ਆਰਥਿਕ ਪੱਖ ਤੋਂ ਮਜਬੂਤ ਹੋਣਾ ਹੋਰ ਵੀ ਜਰੂਰੀ ਹੁੰਦਾ ਹੈ।

ਜੇਕਰ ਲੜਕੀਆਂ ਆਰਥਿਕ ਪੱਖੋਂ, ਮਾਨਸਿਕ ਪੱਖ ਤੋਂ ਆਤਮ ਨਿਰਭਰ ਹੋਵੇਗੀ ਤਾਂ ਭਵਿੱਖ ਵਿੱਚ ਜੇਕਰ ਕਦੇ ਉਸਨੂੰ ਸਹੁਰੇ ਪਰਿਵਾਰ ਵੱਲੋਂ ਤੰਗ ਪਰੇਸ਼ਾਨ ਕੀਤਾ ਜਾਂਦਾ ਹੈ ਤਾਂ ਉਹ ਬਿਨਾਂ ਕਿਸੇ ਤਰਾਂ ਦਾ ਤੱਸ਼ਦਦ ਸਹੇ ਆਪਣੇ ਜੀਵਨ ਨੂੰ ਆਪ ਚਲਾ ਸਕਦੀ ਹੈ। ਇੱਕ ਸਰਵੇਖਣ ਦੇ ਅਨੁਸਾਰ ਭਾਰਤ ਦੀਆਂ 50% ਔਰਤਾਂ ਆਰਥਿਕ ਤੌਰ 'ਤੇ ਸਵੈ ਨਿਰਭਰ ਨਹੀਂ ਹਨ, ਇਸੇ ਲਈ ਇਹ ਔਰਤਾਂ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਰਹਿੰਦੀਆਂ ਹਨ ਅਤੇ ਇਸ ਵਿਰੁੱਧ ਕੋਈ ਅਵਾਜ਼ ਨਹੀਂ ਉਠਾਉਂਦੀਆਂ, ਕਿਉਕਿ ਉਹ ਆਪਣੇ ਰੈਣ ਬਸੇਰੇ ਲਈ ਆਪਣੇ ਪਤੀ ਉੱਪਰ ਨਿਰਭਰ ਹੁੰਦੀਆਂ ਹਨ। ਇਸ ਲਈ ਇੱਥੇ ਉਹ ਮਾਪੇ ਬਿਲਕੁਲ ਗਲਤ ਸਾਬਿਤ ਹੁੰਦੇ ਹਨ ਜੋ ਆਪਣੀਆਂ ਬੱਚੀਆਂ ਨੂੰ ਸਵੈ ਨਿਰਭਰ ਹੋਣ ਦੇ ਮੌਕੇ ਨਹੀਂ ਦਿੰਦੇ। ਲੜਕੀਆਂ ਦੇ ਆਤਮ ਨਿਰਭਰ ਹੋਣ ਨਾਲ ਜਿੱਥੇ ਉਹ ਲੋੜ ਪੈਣ ਤੇ ਬਿਨਾਂ ਕਿਸੇ ਦੇ ਅੱਗੇ ਹੱਥ ਫੈਲਾਏ ਆਪਣੀ ਜਿੰਦਗੀ ਦੀ ਗੱਡੀ ਆਪ ਤੋਰ ਸਕਦੀਆਂ ਹਨ ਉੱਥੇ ਉਹਨਾਂ ਦਾ ਖੁਦ ਦਾ ਆਤਮ ਵਿਸ਼ਵਾਸ ਵੱਧਦਾ ਹੈ, ਜੇਕਰ ਘਰ ਪਰਿਵਾਰ ਦੇ ਰਿਸ਼ਤਿਆਂ ਦੇ ਹਲਾਤ ਸੁਖਾਵੇ ਹਨ ਤਾਂ ਉਹ ਪਰਿਵਾਰ ਦੇ ਖਰਚਿਆਂ ਵਿੱਚ ਵੀ ਆਪਣੇ ਪਤੀ ਦੀ ਮਦਦ ਕਰ ਸਕਦੀਆਂ ਹਨ, ਆਪਣੇ ਬੱਚਿਆਂ ਦੀ ਪੜਾਈ ਦੀ ਫੀਸ ਵਿੱਚ ਮਦਦ ਕਰ ਸਕਦੀਆਂ ਹਨ। ਜਦੋਂ ਅਸੀਂ ਆਰਥਿਕ ਤੌਰ ਤੇ ਆਤਮ ਨਿਰਭਰ ਹੁੰਦੇ ਹਾਂ ਉਸ ਸਮੇਂ ਸਾਡੀ ਮਾਨਸਿਕ ਸਿਹਤ ਵੀ ਤੰਦਰੁਸਤ ਰਹਿੰਦੀ ਹੈ ਕਿਉਂਕਿ ਸਾਡੇ ਵਿੱਚ ਇਹ ਭਾਵਨਾ ਜਾਗਦੀ ਹੈ ਕਿ ਅਸੀਂ ਆਪਣੀ ਜ਼ਿੰਦਗੀ ਨੂੰ ਤੋਰਨ ਲਈ ਆਪਣੇ ਹੱਥੀਂ ਆਪਣੇ ਲਈ ਕੁਝ ਕਰ ਰਹੇ ਹਾਂ, ਜਦੋਂ ਮਾਨਸਿਕ ਸਿਹਤ ਤੰਦਰੁਸਤ ਹੁੰਦੀ ਹੈ ਤਾਂ ਅਸੀਂ ਸਰੀਰਕ ਪੱਖੋਂ ਵੀ ਤੰਦਰੁਸਤ ਰਹਾਂਗੇ।

ਜਦੋਂ ਅਸੀਂ ਆਰਥਿਕ ਪੱਖੋਂ ਸਵੈ ਨਿਰਭਰ ਹੁੰਦੇ ਹਾਂ ਤਾਂ ਸਾਡੇ ਵਿੱਚ ਆਤਮ ਵਿਸ਼ਵਾਸ ਬਹੁਤ ਵੱਧ ਜਾਂਦਾ ਹੈ। ਅਸੀਂ ਆਪਣੀ ਜ਼ਿੰਦਗੀ ਨੂੰ ਬੋਝ ਨਹੀਂ ਸਮਝਦੇ ਬਲਕਿ ਸਾਡੇ ਵਿੱਚ ਜਿੰਦਗੀ ਨੂੰ ਜਿਊਣ ਦੀ ਤਾਂਘ ਹੋਰ ਵੱਧ ਜਾਂਦੀ ਹੈ। ਬੱਚਿਆਂ ਨੂੰ ਨੌਜਵਾਨਾਂ ਨੂੰ ਸਵੈ ਨਿਰਭਰ ਬਣਾਉਣ ਵਿੱਚ ਮਾਪੇ ਅਤੇ ਅਧਿਆਪਕ ਬਹੁਤ ਵਧੀਆ ਯੋਗਦਾਨ ਪਾ ਸਕਦੇ ਹਨ। ਹਰ ਮਾਪੇ ਨੂੰ ਚਾਹੀਦਾ ਹੈ ਕਿ ਉਹ ਬੱਚੇ ਨੂੰ ਬਚਪਨ ਤੋਂ ਹੀ ਬਚਤ ਕਰਨ ਦੀ ਆਦਤ ਪਾਉਣ ਅਤੇ ਉਸ ਬਚਤ ਨਾਲ ਆਪਣੇ ਛੋਟੇ ਮੋਟੇ ਖਰਚੇ ਆਪ ਪੂਰੇ ਕਰਨ ਦੀ ਸਿੱਖਿਆ ਦੇਣ। ਹੌਲੀ ਹੌਲੀ ਜਦੋਂ ਬੱਚੇ ਜਵਾਨ ਹੋਣ ਲੱਗਦੇ ਹਨ ਤਾਂ ਉਨਾਂ ਨੂੰ ਵਧੀਆ ਕਰੀਅਰ ਕੰਸਲਟੈਂਟ ਨਾਲ ਮਿਲਾਇਆ ਜਾ ਸਕਦਾ ਹੈ ਜੋ ਪੜਾਈ ਦੇ ਨਾਲ ਨਾਲ ਬੱਚਿਆਂ ਨੂੰ ਪਾਰਟ ਟਾਈਮ ਵਰਕ ਦੇ ਮੌਕਿਆਂ ਬਾਰੇ ਦੱਸ ਸਕਦੇ ਹਨ।

ਅਧਿਆਪਕ ਵੀ ਨੌਜਵਾਨ ਬੱਚਿਆਂ ਨੂੰ ਸਵੈ ਨਿਰਭਰ ਬਣਾਉਣ ਵਿੱਚ ਬਹੁਤ ਵੱਡਾ ਯੋਗਦਾਨ ਪਾ ਸਕਦੇ ਹਨ ਜਿਵੇਂ ਕਿ ਵਿਦਿਆਰਥੀਆਂ ਨੂੰ ਹਫ਼ਤੇ ਵਿੱਚ ਇੱਕ ਵਾਰ ਸਵੈ ਨਿਰਭਰ ਹੋਣ ਲਈ ਮੋਟੀਵੇਸ਼ਨ ਸੈਮੀਨਾਰ ਕਰਵਾਉਣਾ, ਕਿਹੜੇ ਕਿਹੜੇ ਸ਼ੋਸ਼ਲ ਮੀਡੀਆ ਪਲੇਟਫਾਰਮ ਪਾਰਟ ਟਾਈਮ ਵਰਕ ਦੀ ਸੁਵਿਧਾ ਦਿੰਦੇ ਹਨ ਉਨਾਂ ਦੀ ਸਹੀ ਜਾਣਕਾਰੀ ਦੇਣੀ।

ਕੋਵਿਡ-19 ਤੋਂ ਬਾਅਦ ਤਕਰੀਬਨ ਸਾਰੇ ਕੰਮ ਘਰ ਬੈਠ ਕੇ ਹੋਣ ਲੱਗੇ

ਅੱਜ ਵੀ ਅਜਿਹੇ ਬਹੁਤ ਸਾਰੇ ਪਲੇਟਫਾਰਮ ਹਨ ਜੋ ਘਰ ਬੈਠ ਕੇ ਕੰਮ ਕਰਨ ਦੀ ਸੁਵਿਧਾ ਮੁਹੱਈਆ ਕਰਵਾਉਂਦੇ ਹਨ, ਜੇਕਰ ਨੌਜਵਾਨ ਲੜਕੇ ਲੜਕੀਆਂ ਆਪਣੀ ਪੜਾਈ ਦੇ ਨਾਲ ਨਾਲ ਪਾਰਟ ਟਾਈਮ ਕੰਮ ਕਰਦੇ ਹਨ ਤਾਂ ਇਸ ਦੇ ਬਹੁਤ ਸਾਰੇ ਫਾਇਦੇ ਹੋ ਸਕਦੇ ਹਨ, ਇੱਕ ਤਾਂ ਉਹ ਆਰਥਿਕ ਪੱਖ ਤੋਂ ਆਤਮ ਨਿਰਭਰ ਹੋਣਗੇ, ਉਨਾਂ ਦਾ ਆਤਮ ਵਿਸ਼ਵਾਸ ਵਧੇਗਾ, ਗਲਤ ਕੰਮਾਂ ਅਤੇ ਸੰਗਤ ਵੱਲੋਂ ਧਿਆਨ ਹਟੇਗਾ ਅਤੇ ਉਹ ਆਪਣੀ ਤਰੱਕੀ ਵੱਲ ਧਿਆਨ ਦੇਣਗੇ, ਮਾਪਿਆਂ ਦੀ ਮਦਦ ਹੋਵੇਗੀ ਅਤੇ ਉਨਾਂ ਦਾ ਬੋਝ ਘਟੇਗਾ। ਨੌਜਵਾਨ ਸਮੇਂ ਦੀ ਸਹੀ ਵਰਤੋਂ ਕਰਨਾ ਸਿੱਖਣਗੇ ਅਤੇ ਸਮੇਂ ਦੇ ਪਾਬੰਦ ਹੋਣਗੇ। ਇਸ ਤੋਂ ਇਲਾਵਾ ਇਹ ਨੌਜਵਾਨ ਦੇਸ਼ ਦੀ ਆਰਥਿਕ ਹਾਲਾਤ ਨੂੰ ਸੁਧਾਰਨ ਵਿੱਚ ਵੀ ਬਹੁਤ ਵੱਡਾ ਯੋਗਦਾਨ ਪਾ ਸਕਦੇ ਹਨ।

ਇਨਾਂ ਸਾਰੇ ਪੱਖਾਂ ਨੂੰ ਵਿਚਾਰਨ ਤੋਂ ਬਾਅਦ ਇੱਕ ਗੱਲ ਸਿੱਧ ਹੁੰਦੀ ਹੈ ਕਿ ਨੌਜਵਾਨ ਲੜਕੇ ਅਤੇ ਲੜਕੀਆਂ ਦੋਨਾਂ ਦਾ ਆਰਥਿਕ ਪੱਖ ਤੋਂ ਮਜ਼ਬੂਤ ਅਤੇ ਸਵੈ ਨਿਰਭਰ ਹੋਣਾ ਬਹੁਤ ਜਰੂਰੀ ਹੈ। ਇਹ ਨੌਜਵਾਨ ਹੀ ਸਾਡੇ ਸਮਾਜ ਦਾ ਭਵਿੱਖ ਹਨ ਅਤੇ ਇਨਾਂ ਦਾ ਸਹੀ ਦਿਸ਼ਾ ਤੇ ਚੱਲਣਾ, ਸਮਝਦਾਰ ਅਤੇ ਜਿੰਮੇਵਾਰ ਹੋਣਾ ਬਹੁਤ ਜਰੂਰੀ ਹੈ। ਇਸ ਲਈ ਮਾਪਿਆਂ ਅਤੇ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਨੌਜਵਾਨਾਂ ਬੱਚੇ ਬੱਚੀਆਂ ਨੂੰ ਆਤਮ ਨਿਰਭਰ ਹੋਣ ਲਈ ਵੱਧ ਤੋਂ ਵੱਧ ਅਗਵਾਈ ਕਰਨ, ਸਾਥ ਦੇਣ, ਜਾਣਕਾਰੀ ਦੇਣ। ਮਾਪੇ ਆਪਣੀਆਂ ਬੱਚੀਆਂ ਨੂੰ ਆਰਥਿਕ ਪੱਖੋਂ ਸਵੈ ਨਿਰਭਰ ਹੋਣ ਦੇ ਮੌਕੇ ਪਹਿਲ ਦੇ ਆਧਾਰ ਤੇ ਦੇਣ ਤਾਂ ਜੋ ਉਨਾਂ ਦੀਆਂ ਬੱਚੀਆਂ ਕਦੇ ਕਿਸੇ ਉੱਪਰ ਬੋਝ ਨਾ ਬਨਣ ਸਕਣ ਨਾ ਮਾਪਿਆਂ ਉੱਪਰ ਨਾ ਪਤੀ ਉੱਪਰ, ਉਹ ਆਪਣੀ ਜ਼ਿੰਦਗੀ ਦੀਆਂ ਆਪ ਕਲਾਕਾਰ ਹੋਣ ਅਤੇ ਆਪਣੀ ਜ਼ਿੰਦਗੀ ਨੂੰ ਆਪਣੇ ਮਨਪਸੰਦ ਦੇ ਰੰਗਾਂ ਵਿੱਚ ਰੰਗ ਸਕਣ। ਇੱਕ ਚੰਗੀ ਅਰਾਮਦਾਇਕ ਅਤੇ ਆਪਣੇ ਸੁਪਨਿਆਂ ਦਾ ਜੀਵਨ ਬਤੀਤ ਕਰਨ ਲਈ ਸਭ ਤੋਂ ਪਹਿਲਾਂ ਸਾਡਾ ਸਾਰਿਆਂ ਦਾ ਆਰਥਿਕ ਪੱਖ ਤੋਂ ਆਤਮ ਨਿਰਭਰ ਅਤੇ ਮਜ਼ਬੂਤ ਹੋਣਾ ਲਾਜਮੀ ਹੈ ਤਾਂ ਹੀ ਅਸੀਂ ਆਪਣੇ ਅਤੇ ਆਪਣੇ ਮਾਪਿਆਂ ਦੇ ਸੁਪਨੇ ਸਕਾਰ ਕਰ ਸਕਦੇ ਹਾਂ।

# ਵਿਸ਼ਵ ਮਜ਼ਦੂਰ ਦਿਵਸ ਦਾ ਜਨਮਦਾਤਾ ਅਮਰੀਕਾ



**ਡਾ. ਚਰਨਜੀਤ ਸਿੰਘ ਗੁਮਟਾਲਾ**
**ਮੋ. 919417533060**

ਦੁਨੀਆ ਭਰ ਵਿਚ 1 ਮਈ ਨੂੰ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਵਜੋਂ ਮਨਾਇਆ ਜਾਂਦਾ ਹੈ ਪਰ ਅਮਰੀਕਾ ਤੇ ਕੈਨੇਡਾ ਵਿੱਚ ਮਜ਼ਦੂਰ ਦਿਵਸ ਸਤੰਬਰ ਦੇ ਪਹਿਲੇ ਸੋਮਵਾਰ ਮਨਾਇਆ ਜਾਂਦਾ ਹੈ, ਹਾਲਾਂਕਿ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਦਾ ਜਨਮ-ਦਾਤਾ ਵੀ ਅਮਰੀਕਾ ਹੀ ਹੈ। ਇਸ ਸਾਲ ਇਨਾਂ ਦੋਵਾਂ ਮੁਲਕਾਂ ਵਿਚ ਇਹ ਦਿਨ 5 ਸਤੰਬਰ ਨੂੰ ਮਨਾਇਆ ਜਾ ਰਿਹਾ ਹੈ। ਇਸ ਦਿਨ ਦੋਵਾਂ ਦੇਸ਼ਾਂ ਵਿਚ ਕੌਮੀ ਛੁੱਟੀ ਹੁੰਦੀ ਹੈ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਜਦ ਬਾਕੀ ਸਾਰੀ ਦੁਨੀਆਂ ਵਿਚ ਇਹ ਦਿਵਸ ਪਹਿਲੀ ਮਈ ਮਨਾਇਆ ਜਾਂਦਾ ਹੈ ਤਾਂ ਇਨਾਂ ਦੋਵਾਂ ਮੁਲਕਾਂ ਵਿਚ ਕਿਉਂ ਨਹੀਂ ? ਅਮਰੀਕੀ ਹਾਕਮ ਮਈ ਦਿਵਸ ਨੂੰ ਕਮਿਉਨਿਸਟ ਪੱਖੀ ਤੇ ਅਰਾਜਕਤਾ (ਅਨਾਰਕਿਸਟ) ਸਮਝਦੇ ਹਨ। ਜਿਵੇਂ ਦੀਵਾਲੀ ਵਾਲੇ ਦਿਨ ਭਾਰਤ ਵਿੱਚ ਕਾਰਖਾਨੇਦਾਰ ਮਜ਼ਦੂਰਾਂ ਨੂੰ ਤੋਹਫ਼ੇ ਦਿੰਦੇ ਹਨ, ਉਸੇ ਤਰਾਂ ਅਮਰੀਕਾ ਤੇ ਕਨੇਡਾ ਵਿੱਚ ਵੀ ਮਾਲਕ ਆਪਣੇ ਨੌਕਰਾਂ ਦੀ ਖ਼ੂਬ ਸੇਵਾ ਕਰਦੇ ਹਨ। ਇਹ ਦਿਨ ਉਨਾਂ ਅਮਰੀਕੀ ਕਾਮਿਆਂ ਨੂੰ ਸਮਰਪਿਤ ਹੈ ਜਿਨਾਂ ਨੇ ਦੇਸ਼ ਨੂੰ ਖੁਸ਼ਹਾਲ ਬਣਾਇਆ ਅਤੇ ਇਸ ਦੀ ਭਲਾਈ ਲਈ ਕੰਮ ਕੀਤਾ। ਅਮਰੀਕੀ ਕਿਰਤੀ ਨੇ ਨਾ ਕੇਵਲ ਅਮਰੀਕਾ ਸਗੋਂ ਸਾਰੀ ਦੁਨੀਆਂ ਲਈ ਰਾਹ ਦਸੇਰਾ ਦਾ ਕੰਮ ਕੀਤਾ ਹੈ।

ਜਿੱਥੋਂ ਤੱਕ ਇਸ ਦਿਨ ਦੀ ਸ਼ੁਰੂਆਤ ਦਾ ਸੰਬੰਧ ਹੈ, 1880 ਵਿੱਚ ਮੰਦਵਾੜੇ ਨੇ ਅਮਰੀਕਾ ਨੂੰ ਬਹੁਤ ਨੁਕਸਾਨ ਪਹੁੰਚਾਇਆ। ਮੰਦੇ ਕਾਰਨ ਮਜ਼ਦੂਰਾਂ ਦੀ ਤਨਖਾਹ ਘੱਟ ਗਈ ਅਤੇ ਬੇਰੁਜ਼ਗਾਰੀ ਵਿੱਚ ਭਾਰੀ ਵਾਧਾ ਹੋਇਆ। ਇਸ ਮੌਕੇ 'ਤੇ ਨਾਇਟਸ ਆਫ਼ ਲੇਬਰ ਨਾਂ ਦੀ ਜਥੇਬੰਦੀ ਮਜ਼ਦੂਰਾਂ ਦੀ ਮਦਦ ਲਈ ਅੱਗੇ ਆਈ। ਉਸ ਨੇ ਮਜ਼ਦੂਰਾਂ ਦੀਆਂ ਪ੍ਰੰਪਰਾਗਤ ਮੰਗਾਂ, ਜਿਨਾਂ ਵਿੱਚ ਦਿਨ ਵਿੱਚ ਕੰਮ ਕਰਨ ਦਾ ਸਮਾਂ 8 ਘੰਟੇ ਕਰਨ, ਸਹਿਕਾਰੀ ਅਦਾਰੇ ਸਥਾਪਤ ਕਰਨ, ਬਾਲ ਮਜ਼ਦੂਰੀ ਉਪਰ ਪਾਬੰਦੀ ਲਾਉਣ, ਔਰਤਾਂ ਤੇ ਮਰਦਾਂ ਨੂੰ ਬਰਾਬਰ ਤਨਖਾਹ ਦੇਣ, ਮਜ਼ਦੂਰੀ ਅੰਕੜਿਆਂ ਲਈ ਵੱਖਰਾ ਬਿਉਰੋ ਸਥਾਪਤ ਕਰਨ, ਜ਼ੇਲ ਮਜ਼ਦੂਰੀ ਲਈ ਠੇਕੇਦਾਰੀ ਪ੍ਰਣਾਲੀ ਖ਼ਤਮ ਕਰਨ, ਪੜਾਅਵਾਰ ਇਨਕਮ ਟੈਕਸ ਲਾਉਣ, ਰੇਲਵੇ ਤੇ ਟੈਲੀਗ੍ਰਾਫ ਵਿਭਾਗ ਸਰਕਾਰ ਨੂੰ ਸੌਂਪਣ, ਪਬਲਿਕ ਜ਼ਮੀਨ ਅਸਲੀ ਆਬਾਦਕਾਰਾਂ ਲਈ ਰੀਜ਼ਰਵ ਕਰਨ ਆਦਿ ਸ਼ਾਮਲ ਸਨ, ਨੂੰ ਲੈ ਕੇ 5 ਸਤੰਬਰ 1882 ਨੂੰ ਨਿਊਯਾਰਕ ਸਿਟੀ ਵਿੱਚ ਇੱਕ ਬਹੁਤ ਵੱਡੀ ਪ੍ਰੇਡ ਦਾ ਆਯੋਜਨ ਕੀਤਾ। ਇਸ ਦਿਨ ਮੰਗਲਵਾਰ ਸੀ। ਮਜ਼ਦੂਰਾਂ ਨੇ ਆਪਣੀ ਤਨਖਾਹ ਕਟਾ ਕੇ ਇਸ ਪ੍ਰੇਡ ਵਿੱਚ ਭਾਗ ਲਿਆ। ਨਿਊਯਾਰਕ ਦੇ ਜਿਹੜੇ ਮਜ਼ਦੂਰ ਇਸ ਪ੍ਰੇਡ ਵਿੱਚ ਸ਼ਾਮਲਨਾ ਹੋਏ ਉਨਾਂ ਨੂੰ ਯੂਨੀਅਨ ਨੇ ਜੁਰਮਾਨਾ ਕੀਤਾ। ਇਸ ਪ੍ਰੇਡ ਵਿੱਚ ਨਿਊਯਾਰਕ ਸਿਟੀ ਦੇ ਸੈਂਟਰਲ ਲੇਬਰ ਯੂਨੀਅਨ ਦੇ ਸੈਕਟਰੀ ਮੈਥਿਊ ਮੈਗਾਇਰ ਨੇ ਇਸ ਦਿਨ ਲੇਬਰ ਡੇ ਦੇ ਤੌਰ 'ਤੇ ਛੁੱਟੀ ਕਰਨ ਦੀ ਤਜਵੀਜ਼ ਰੱਖੀ। ਨਾਇਟਸ ਆਫ ਲੇਬਰ ਜਥੇਬੰਦੀ ਦੀ ਨੀਂਹ 9 ਦਸੰਬਰ 1869 ਨੂੰ ਫਿਲਾਡੈਲਫੀਆ ਵਿਖੇ 9 ਦਰਜੀਆਂ ਨੇ ਹੁਨਰਮੰਦ ਤੇ ਗ਼ੈਰ-ਹੁਨਰਮੰਦ ਕਾਮਿਆਂ ਦੀ ਇੱਕ ਸਾਂਝੀ ਜਥੇਬੰਦੀ ਬਨਾਉਣ ਲਈ ਰੱਖੀ ਸੀ। ਸਟੀਫਨਸ ਜੋ ਕਿ ਪੇਸ਼ੇ ਵਜੋਂ ਦਰਜੀ ਸੀ, ਇਸ ਦਾ ਲੀਡਰ ਸੀ। ਹੌਲੀ ਹੌਲੀ ਇਸ ਵਿੱਚ ਸਭਤਰਾਂ ਦੇ ਕਾਮੇ ਸ਼ਾਮਲ ਹੋ ਗਏ ਤੇ ਇਹ ਇੱਕ ਮਜ਼ਬੂਤ ਜਥੇਬੰਦੀ ਬਣ ਗਈ। ਅਸਲ ਵਿੱਚ ਇਸ

## ਅਮਰੀਕੀ ਮਜ਼ਦੂਰ ਦਿਵਸ 'ਤੇ ਵਿਸ਼ੇਸ਼

ਲਾਮਬੰਦੀ ਪਿੱਛੇ ਅਮਰੀਕੀ ਗ੍ਰਹਿ ਯੁੱਧ (1861-1865) ਸੀ ਜਿਸ ਨੇ ਕਿਰਤੀਆਂ ਨੂੰ ਜਾਗਰੂਕ ਕੀਤਾ ਤੇ ਉਹ ਆਪਣੇ ਹੱਕਾਂ ਲਈ ਲਾਮਬੰਦ ਹੋਣੇ ਸ਼ੁਰੂ ਹੋਏ।

5 ਸਤੰਬਰ 1883 ਨੂੰ ਸੈਂਟਰਲ ਲੇਬਰ ਯੂਨੀਅਨ ਵਲੋਂ ਦੂਜਾ ਮਜ਼ਦੂਰ ਦਿਵਸ ਛੁੱਟੀ ਦੇ ਤੌਰ 'ਤੇ ਮਨਾਇਆ ਗਿਆ। ਪਰ 1884 ਵਿੱਚ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਇਹ ਦਿਨ ਮਨਾਉਣ ਦਾ ਫੈਸਲਾ ਕੀਤਾ ਗਿਆ। 1894 ਵਿੱਚ ਯੂ.ਐਸ. ਕਾਂਗਰਸ ਨੇ ਇਸ ਨੂੰ ਕੌਮੀ ਛੁੱਟੀ ਵਜੋਂ ਮਾਨਤਾ ਦਿੱਤੀ। ਇਸ ਦਿਨ ਪ੍ਰੇਡਾਂ ਹੁੰਦੀਆਂ ਹਨ, ਮਜ਼ਦੂਰਾਂ ਤੇ ਰਾਜਨੀਤਕ ਆਗੂਆਂ ਵੱਲੋਂ ਭਾਸ਼ਨ ਦਿੱਤੇ ਜਾਂਦੇ ਹਨ।

ਜਿੱਥੋਂ ਤੱਕ 1 ਮਈ ਨੂੰ ਬਾਕੀ ਦੇਸ਼ਾਂ ਵਿੱਚ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਮਨਾਉਣ ਦਾ ਸੰਬੰਧ ਹੈ, ਇਸ ਦਾ ਪਿਛੋਕੜ ਵੀ ਅਮਰੀਕਾ ਨਾਲ ਜੁੜਿਆ ਹੋਇਆ ਹੈ। ਇਕ ਮਈ 1886 ਨੂੰ ਅਮੈਰਿਕਨ ਲੇਬਰ ਫੇਡਰੇਸ਼ਨ ਨੇ ਕੰਮ ਦਾ ਸਮਾਂ 8 ਘੰਟੇ ਕਰਨ ਦੀ ਮੰਗ ਨੂੰ ਲੈ ਕੇ ਦੇਸ਼ ਭਰ ਵਿੱਚ ਹੜਤਾਲ ਕਰਨ ਦਾ ਐਲਾਨ ਕੀਤਾ। ਇਸ ਹੜਤਾਲ ਨੂੰ ਭਰਵਾਂ ਹੁੰਗਾਰਾ ਮਿਲਿਆ। ਲੱਖਾਂ ਕਾਮੇ ਕੰਮ ਛੱਡ ਕੇ ਹੜਤਾਲ ਵਿੱਚ ਸ਼ਾਮਲ ਹੋ ਗਏ ਤੇ ਦਿਨ-ਬ-ਦਿਨ ਹੜਤਾਲੀ ਕਾਮਿਆਂ ਦੀ ਗਿਣਤੀ ਵੱਧਣ ਲੱਗੀ। 3 ਮਈ ਨੂੰ ਮਜ਼ਦੂਰ



ਆਗੂ ਅਗਸਤ ਸਪਾਇਸ ਸ਼ਿਕਾਗੋ ਵਿਖੇ ਮੈਕਕਾਰਮਿਕਰੀ ਪਰ ਪਲਾਂਟ ਦੇ ਕਾਮਿਆਂ ਨੂੰ ਸੰਬੋਧਨ ਕਰ ਰਿਹਾ ਸੀ ਕਿ ਪੁਲਿਸ ਨੇ ਕੈਪਟਨ ਬੋਨਫੀਲਡ ਦੀ ਅਗਵਾਈ ਵਿੱਚ ਆ ਕੇ ਗੋਲੀ ਚਲਾਈ ਜਿਸ ਨਾਲ ਦੋ ਕਾਮੇ ਮਾਰੇ ਗਏ। ਰਾਤ ਨੂੰ ਮਜ਼ਦੂਰ ਆਗੂਆਂ ਨੇ ਮੀਟਿੰਗ ਕਰਕੇ ਇਨਾਂ ਮੌਤਾਂ ਦੇ ਰੋਸ ਵਜੋਂ ਰੈਲੀ ਕਰਨ ਦਾ ਫੈਸਲਾ ਕੀਤਾ। 4 ਮਈ ਨੂੰ ਸ਼ਿਕਾਗੋ ਦੇ ਹੇਅ ਮਾਰਕੀਟ ਸੁਕੇਅਰ ਵਿੱਚ ਇੱਕ ਜ਼ਬਰਦਸਤ ਰੈਲੀ ਕੀਤੀ ਗਈ। 176 ਪੁਲਿਸ ਕਰਮਚਾਰੀਆਂ ਨੇ ਇਸ ਰੈਲੀ ਨੂੰ ਖਿਡਾਉਣ ਲਈ ਕਾਮਿਆਂ ਉਪਰ ਮਿਲਟਰੀ ਦੀ ਤਰਾਂ ਹਮਲਾ ਕੀਤਾ। ਕਿਸੇ ਅਗਿਆਤ ਵਿਅਕਤੀ ਨੇ ਇੱਕ ਡੈਨੇਮਾਇਟ ਬੰਬ ਸੁੱਟਿਆ, ਜਿਸ ਨਾਲ ਇੱਕ ਪੁਲਿਸ ਅਫ਼ਸਰ ਮਾਰਿਆ ਗਿਆ ਤੇ ਕਈ ਜ਼ਖ਼ਮੀ ਹੋ ਗਏ। ਇਸ ਦੇ ਜੁਆਬ ਵਿੱਚ ਪੁਲਿਸ ਨੇ ਗੋਲੀ ਚਲਾ ਦਿੱਤੀ। ਘੱਟੋ ਘੱਟ 4 ਮਜ਼ਦੂਰ ਮਾਰੇ ਗਏ ਤੇ ਕਈ ਜ਼ਖ਼ਮੀ ਹੋ ਗਏ। ਪੁਲਿਸ ਦੀ ਆਪਣੀ ਗੋਲੀ ਨਾਲ 6 ਪੁਲਿਸ ਕਰਮਚਾਰੀ ਵੀ ਮਾਰੇ ਗਏ। ਬੰਬ ਸੁੱਟਣ ਵਾਲੇ ਦਾ ਕੋਈ ਥਹੁ-ਪਤਾ ਨਾ ਲੱਗਾ। ਪੁਲਿਸ ਨੇ ਮੀਟਿੰਗ ਵਿੱਚ ਭਾਸ਼ਨ ਦੇਣ ਵਾਲਿਆਂ ਅਤੇ ਪ੍ਰਬੰਧਕਾਂ ਨੂੰ ਫੜ ਲਿਆ। ਮਜ਼ਦੂਰ ਆਗੂ ਅਲਬਰਟ ਪਾਰਸਨਸ ਬਚ ਨਿਕਲਿਆ, ਪਰ ਮੁਕੱਦਮੇ ਦੀ ਸੁਣਵਾਈ ਦੌਰਾਨ ਉਹ ਵੀ ਆਪਣੇ ਸਾਥੀਆਂ ਨਾਲ ਮੁਕੱਦਮੇ ਵਿੱਚ ਸ਼ਾਮਲ ਹੋ ਗਿਆ। ਅੱਠ ਆਗੂਆਂ ਉਪਰ ਮੁਕੱਦਮਾ ਚਲਾਇਆ ਗਿਆ। ਸੱਤਾਂ ਨੂੰ ਫ਼ਾਂਸੀ ਦੀ ਸਜ਼ਾ ਅਤੇ ਇੱਕ ਨੂੰ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਇਸ ਮੁਕੱਦਮੇ ਵਿੱਚ ਬਚਾਅ ਪੱਖ ਦੇ ਵਕੀਲ ਨੂੰ ਸੁਣਿਆ ਨਾ ਗਿਆ ਤੇ ਜਿਸ ਜੱਜ ਕੋਲ ਇਹ ਮੁਕੱਦਮਾ ਲੱਗਿਆ ਉਹ ਮਜ਼ਦੂਰ ਵਿਰੋਧੀ ਸੀ। 11 ਨਵੰਬਰ 1887 ਨੂੰ ਫ਼ਾਂਸੀ ਦੇਣ ਦੀ ਮਿਤੀ ਤਹਿ ਕੀਤੀ ਗਈ। 10 ਨਵੰਬਰ ਨੂੰ ਗਵਰਨਰ ਨੇ 2 ਦੀ ਸਜ਼ਾ ਘੱਟ ਕਰਕੇ ਉਮਰ ਕੈਦ ਕਰ ਦਿੱਤੀ। ਇਸ ਤਰਾਂ ਉਨਾਂ ਨੂੰ ਫ਼ਾਂਸੀ ਲੱਗਣ ਤੋਂ ਬਚਾ ਲਿਆ ਗਿਆ। ਲਾਉਸ ਲਿੰਗ ਨੇ ਧਮਾਕਾਯੋਗ ਡੈਨੇਮਾਇਟ ਟੋਪੀ ਚੱਕ ਮਾਰ ਕੇ ਆਪਣੇ ਆਪ ਨੂੰ ਖ਼ਤਮ ਕਰ ਲਿਆ ਤੇ ਬਾਕੀ ਚਾਰ ਆਗੂਆਂ ਜਿਨਾਂ ਵਿੱਚ ਅਗਸਤਸਪਾਇਸ, ਅਡਲਫਫਿਸ਼ਰ, ਐਲਬਰਟ ਪਾਰਨਸ ਅਤੇ ਜਾਰਜ ਏਜੰਲਸ ਸ਼ਾਮਲ ਸਨ ਨੂੰ 11 ਨਵੰਬਰ ਨੂੰ ਫ਼ਾਂਸੀ ਦਿੱਤੀ ਗਈ। ਇਸ ਦਿਨ ਨੂੰ 'ਬਲੈਕ ਫਰਾਈਡੇ' ਕਰਕੇ ਜਾਣਿਆ ਜਾਂਦਾ ਹੈ।

1893 ਵਿੱਚ ਉਨਾਂ ਦੀ ਯਾਦ ਵਿੱਚ ਹੇਅ ਮਾਰਕੀਟ ਸ਼ਹੀਦੀ ਸਮਾਰਕ ਬਣਾਇਆ ਗਿਆ ਜੋ 25 ਜੂਨ 1893 ਨੂੰ ਸਮਰਪਿਤ ਕੀਤਾ ਗਿਆ। ਇਸ ਯਾਦਗਾਰ ਦੇ ਮੱਥੇ 'ਤੇ ਅਗਸਤਸਪਾਇਸ ਦੇ ਆਖਰੀਸ਼ਬਦਉਕਰੇ ਹੋਏ ਹਨ। ਅਗਲੇ ਦਿਨ ਸੂਬਾਈ ਗਵਰਨਰ ਨੇ 3 ਬਚੇ ਹੋਏ ਲੀਡਰਾਂ ਪਾਸੋਂ ਮਾਫੀ ਮੰਗੀ ਕਿਉਂਕਿ ਅਮਰੀਕੀ ਸੰਵਿਧਾਨ ਪੁਰ-ਅਮਨ ਢੰਗ ਨਾਲ ਇਕੱਠੇ ਹੋਣ 'ਤੇ ਆਪਣੀ ਗੱਲ ਕਹਿਣ ਦਾ ਹੱਕ ਦਿੰਦਾ ਹੈ ਪਰ ਜੱਜ ਨੇ ਇਨਾਂ ਅਧਿਕਾਰਾਂ ਦਾ ਖਿਆਲ ਨਹੀਂ ਰੱਖਿਆ। 1889 ਵਿੱਚ ਦੂਜੀ ਸੋਸ਼ਲਿਸਟ ਇੰਟਰਨੈਸ਼ਨਲ ਦੀ ਪਹਿਲੀ ਪੈਰਿਸ ਕਾਂਗਰਸ ਨੇ ਪਹਿਲੀ ਮਈ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਲੇਬਰ-ਡੇ ਮਨਾਉਣ ਦਾ ਫੈਸਲਾ ਕੀਤਾ। ਉਸ ਦਿਨ ਤੋਂ ਭਾਰਤ ਸਮੇਤ ਸਾਰੇ ਦੇਸ਼ਾਂ ਵਿੱਚ 1 ਮਈ ਨੂੰ ਅੰਤਰਾਸ਼ਟਰੀ ਮਜ਼ਦੂਰ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ।

ਇਸ ਪਿੱਛੋਂ ਅਮਰੀਕੀ ਕਿਰਤੀਆਂ ਨੂੰ ਬਹੁਤ ਸਾਰੀਆਂ ਸਹੂਲਤਾਂ ਮਿਲਣ ਲੱਗੀਆਂ। ਕਿਰਤੀਆਂ ਨੂੰ 65 ਸਾਲ ਪਿੱਛੋਂ ਪੈਨਸ਼ਨ ਮਿਲਣ ਲੱਗੀ। ਸਮਾਜਿਕ ਸੁਰੱਖਿਆ ਮੁਹੱਈਆ ਹੋਣ ਲੱਗੀ। ਕਿਰਤੀਆਂ ਨੂੰ ਛਾਂਟੀ ਸਮੇਂ ਵਿਸ਼ੇਸ਼ ਰਾਸ਼ੀ ਦਿੱਤੀ ਜਾਣ ਲੱਗੀ। ਹੁਣ ਵੀ 6 ਮਹੀਨੇ ਤੋਂ ਵੱਧ ਨੌਕਰੀਆਂ ਤੋਂ ਹਟਾਏ ਕਾਮਿਆਂ ਨੂੰ ਸਰਕਾਰ ਵੱਲੋਂ ਸਹਾਇਤਾ ਕੀਤੀ ਜਾ ਰਹੀ ਹੈ। ਕੰਮ ਦੇ ਘੰਟੇ ਨਿਸ਼ਚਿਤ ਹੋਣ ਲੱਗੇ ਤੇ ਸਰਕਾਰ ਕੰਮ ਕਰਨ ਦੇ ਘੱਟੋ-ਘੱਟ ਦਰ ਨਿਸ਼ਚਿਤ ਕਰਨ ਲੱਗੀ।



## ਗ਼ਰੀਬ ਆਦਮੀ ਅਤੇ...

ਅਜੇ ਵੀ ਢਾਈ ਅਨਾਰ ਬਚੇ ਪਏ ਹਨ।'
ਇਹ ਸੁਣ ਕੇ ਆਦਮੀ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਹੁਣ ਉਹ ਦੋਵੇਂ ਖ਼ੁਸ਼-ਖ਼ੁਸ਼ ਰਹਿਣ ਲੱਗੇ।
ਫਿਰ ਇੱਕ ਦਿਨ ਪਤਨੀ ਨੇ ਆਖਿਆ, 'ਮੇਰੇ ਪਿਤਾ ਜੀ ਨੂੰ ਸੱਦਾ ਭੇਜੋ ਕਿ ਆ ਕੇ ਸਾਨੂੰ ਮਿਲ ਜਾਣ।'
'ਬਿਲਕੁਲ ਠੀਕ।' ਪਤੀ ਨੇ ਆਖਿਆ।
ਉਨਾਂ ਨੇ ਇੱਕ ਸਫ਼ੈਦ ਘੋੜਾ ਚੁਣਿਆ, ਉਸ ਨੂੰ ਚਾਂਦੀ ਦੀ ਕਾਠੀ ਤੇ ਚਾਂਦੀ ਦੇ ਸਾਜ਼ੋ-ਸਾਮਾਨ ਨਾਲ ਸਜਾਇਆ ਅਤੇ ਇੱਕ ਨੌਕਰ ਦੇ ਸਫ਼ੈਦ ਕੋਟ ਪਾ ਕੇ ਉਸ ਨੂੰ ਬਾਦਸ਼ਾਹ ਨੂੰ ਨਿਓਂਦਾ ਦੇਣ ਲਈ ਭੇਜ ਦਿੱਤਾ।
ਉਨਾਂ ਨੇ ਉਸ ਨੂੰ ਆਦੇਸ਼ ਦਿੱਤਾ ਕਿ ਰਸਤੇ ਵਿੱਚ ਕਿਸੇ ਨੂੰ ਕੁਝ ਨਾ ਦੱਸੀਂ ਅਤੇ ਇਹ ਵੀ ਕਿਹਾ ਕਿ ਬਾਦਸ਼ਾਹ ਨੂੰ ਵੀ ਨਾ ਦੱਸੀਂ ਕਿ ਤੂੰ ਸਾਡਾ ਨੌਕਰ ਐਂ। ਸਿਰਫ਼ ਇਹੀ ਆਖਣਾ ਕਿ ਤੁਹਾਡੇ ਜਵਾਈ ਨੇ ਤੁਹਾਨੂੰ ਨਿਓਂਦਾ ਭੇਜਿਆ ਹੈ।
ਨੌਕਰ ਬਾਦਸ਼ਾਹ ਕੋਲ ਗਿਆ ਅਤੇ ਆਖਣ ਲੱਗਿਆ, 'ਸ੍ਰੀਮਾਨ ਜੀ, ਤੁਹਾਡੇ ਜਵਾਈ ਨੇ ਤੁਹਾਨੂੰ ਆਉਣ ਲਈ ਅਤੇ ਮਹਿਮਾਨ ਬਣਨ ਲਈ ਬੇਨਤੀ ਕੀਤੀ ਹੈ।'
ਬਾਦਸ਼ਾਹ ਹੱਸ ਪਿਆ ਅਤੇ ਨੌਕਰ ਨੂੰ ਆਖਣ ਲੱਗਿਆ, 'ਸੋਹਣੇ ਆਦਮੀ, ਤੈਨੂੰ ਸ਼ਰਮ ਨੀਂ ਆਉਂਦੀ ਕਿ ਤੂੰ ਉਸ ਬਦਨਸੀਬ ਮੰਗਤੇ ਦਾ ਸੁਨੇਹਾ ਲੈ ਕੇ ਆਇਐਂ? ਉਸ ਵਿੱਚ ਐਨੀ ਹਿੰਮਤ ਕਿੱਥੋਂ ਆ ਗਈ ਕਿ ਉਹ ਮੈਨੂੰ ਭਾਵ ਬਾਦਸ਼ਾਹ ਨੂੰ, ਆਪਣਾ ਮਹਿਮਾਨ ਬਣਾਉਣ ਲਈ ਸੱਦਾ ਦੇਵੇ?'
ਨੌਕਰ ਵਾਪਸ ਮੁੜ ਗਿਆ ਅਤੇ ਜਾ ਕੇ ਆਪਣੇ ਮਾਲਕ ਤੇ ਮਾਲਕਣ ਨੂੰ ਦੱਸਿਆ ਕਿ ਬਾਦਸ਼ਾਹ ਨੇ ਉਸ ਨੂੰ ਕੀ ਕਿਹਾ।
ਅਗਲੇ ਦਿਨ ਉਨਾਂ ਨੇ ਇੱਕ ਲਾਲ ਘੋੜੇ 'ਤੇ ਸੋਨੇ ਦੀ ਕਾਠੀ ਪਾਈ ਅਤੇ ਇੱਕ ਨੌਕਰ ਨੂੰ ਸੋਨੇ ਦੀ ਪੋਸ਼ਾਕ ਪਹਿਨਾ ਕੇ ਬਾਦਸ਼ਾਹ ਕੋਲ ਭੇਜਿਆ।
'ਦਿਆਲੂ ਸ੍ਰੀਮਾਨ ਜੀ, ਤੁਹਾਡੇ ਜਵਾਈ ਨੇ ਤੁਹਾਨੂੰ ਬੇਨਤੀ ਕੀਤੀ ਐ ਕਿ ਤੁਸੀਂ ਉਨਾਂ ਦਾ ਮਹਿਮਾਨ ਬਣਨ ਦੀ ਖ਼ੁਸ਼ੀ ਉਨਾਂ ਨੂੰ ਬਖ਼ਸ਼ੋ।' ਨੌਕਰ ਨੇ ਬਾਦਸ਼ਾਹ ਨੂੰ ਆਖਿਆ।
ਰਾਣੀ ਬਾਦਸ਼ਾਹ ਨੂੰ ਆਖਣ ਲੱਗੀ, 'ਆਪਾਂ ਕੁਝ ਨੌਕਰ ਤੇ ਖਾਣਾ ਨਾਲ ਲੈ ਜਾਈਏ ਤੇ ਉਸ ਨੂੰ ਬਾਹਰ ਬੁਲਾ ਕੇ ਕੁਝ ਧਨ ਦੇ ਦਈਏ। ਆਖ਼ਰ ਹੈ ਤਾਂ ਸਾਡਾ ਜਵਾਈ।'
ਨੌਕਰ ਨੇ ਵਾਪਸ ਜਾ ਕੇ ਦੱਸਿਆ ਕਿ ਬਾਦਸ਼ਾਹ ਆ ਰਿਹਾ ਹੈ ਅਤੇ ਆਪਣਾ ਖਾਣਾ ਨਾਲ ਲਿਆ ਰਿਹਾ ਹੈ।
ਬਾਦਸ਼ਾਹ ਨੇ ਰਸਤੇ ਵਿੱਚ ਭੇਡਾਂ ਦੇ ਝੁੰਡ ਵੇਖੇ।
'ਇਹ ਭੇਡਾਂ ਕਿਸ ਦੀਆਂ ਨੇ?' ਉਸ ਨੇ ਪੁੱਛਿਆ।
ਆਜੜੀਆਂ ਨੇ ਉਸ ਦੇ ਜਵਾਈ ਦਾ ਨਾਂ ਲਿਆ।
ਉਹ ਅੱਗੇ ਗਿਆ ਅਤੇ ਉਸ ਨੇ ਘੋੜਿਆਂ ਦੇ ਦਲ ਵੇਖੇ।
'ਇਹ ਘੋੜੇ ਕਿਸ ਦੇ ਨੇ?' ਉਸ ਨੇ ਪੁੱਛਿਆ।
ਉਸ ਨੂੰ ਫਿਰ ਉਸ ਦੇ ਜਵਾਈ ਦਾ ਨਾਂ ਹੀ ਦੱਸਿਆ ਗਿਆ।
ਬਾਦਸ਼ਾਹ ਨੇ ਘੋੜਿਆਂ ਵੱਲ ਵੇਖਿਆ ਅਤੇ ਨੌਕਰਾਂ ਨੂੰ ਖਾਣੇ ਸਮੇਤ ਵਾਪਸ ਭੇਜ ਦਿੱਤਾ।
'ਮੇਰਾ ਜਵਾਈ ਜ਼ਰੂਰ ਅਮੀਰ ਹੋ ਗਿਆ ਹੋਣੈਂ। ਉਸ ਕੋਲ ਆਪਣਾ ਖਾਣਾ ਤੇ ਨੌਕਰ ਲੈ ਕੇ ਜਾਣਾ ਸ਼ਰਮਿੰਦਗੀ ਵਾਲੀ ਗੱਲ ਹੋਏਗੀ।' ਉਸ ਨੇ ਸੋਚਿਆ।
ਉਸ ਨੇ ਹੋਰ ਅੱਗੇ ਜਾ ਕੇ ਸ਼ਾਨਦਾਰ ਸ਼ਹਿਰ ਅਤੇ ਫਿਰ ਮਹਿਲ ਦੇਖਿਆ ਜਿੱਥੇ ਉਸ ਦੀ ਧੀ ਤੇ ਜਵਾਈ ਬਾਲਕੋਨੀ ਵਿੱਚ ਟਹਿਲ ਰਹੇ ਸਨ।
ਬਾਦਸ਼ਾਹ ਤੇ ਰਾਣੀ ਉੱਪਰ ਗਏ। ਉਨਾਂ ਆਪਣੀ ਧੀ ਤੇ ਜਵਾਈ ਨੂੰ ਗਲਵੱਕੜੀ ਵਿੱਚ ਲੈ ਲਿਆ ਅਤੇ ਉਨਾਂ ਨੂੰ ਚੁੰਮਣ ਲੱਗੇ।
'ਤੁਸੀਂ ਸਾਡੇ ਕੋਲ ਪਹਿਲਾਂ ਕਿਉਂ ਨੀਂ ਆਏ? ਕੀ ਅਸੀਂ ਤੁਹਾਡੇ ਯੋਗ ਨਹੀਂ ਸੀ?' ਧੀ ਨੇ ਪੁੱਛਿਆ।
ਬਾਦਸ਼ਾਹ ਤੇ ਰਾਣੀ ਨੂੰ ਕੋਈ ਗੱਲ ਨਹੀਂ ਸੀ ਔੜ ਰਹੀ।
ਫਿਰ ਉਹ ਮਹਾਂ-ਭੋਜ ਵਾਲੇ ਹਾਲ ਵਿੱਚ ਗਏ।
ਮੇਜ਼ 'ਤੇ ਖਾਣ-ਪੀਣ ਵਾਲੀਆਂ ਅਜਿਹੀਆਂ ਚੀਜ਼ਾਂ ਸਜਾਈਆਂ ਹੋਈਆਂ ਸਨ ਜਿਹੜੀਆਂ ਬਾਦਸ਼ਾਹ ਨੇ ਪਹਿਲਾਂ ਕਦੇ ਨਹੀਂ ਸਨ ਦੇਖੀਆਂ।
ਜਦ ਉਹ ਖਾਣਾ ਖਾ ਚੁੱਕੇ ਤਾਂ ਧੀ ਨੇ ਆਪਣੇ ਪਿਤਾ ਨੂੰ ਆਖਿਆ, 'ਪਿਤਾ ਜੀ, ਮੈਂ ਤੁਹਾਨੂੰ ਕੁਝ ਵੇਚਣੈਂ।'
ਉਹ ਢਾਈ ਅਨਾਰ ਲੈ ਆਈ ਅਤੇ ਆਖਣ ਲੱਗੀ, 'ਜੇ ਤੁਸੀਂ ਇਹ ਖ਼ਰੀਦ ਸਕਦੇ ਓ ਤਾਂ ਖ਼ਰੀਦ ਲਓ।'
ਬਾਦਸ਼ਾਹ ਨੇ ਉਸ ਨੂੰ ਦੋ ਅਨਾਰਾਂ ਬਦਲੇ ਧਨ ਦੇ ਦਿੱਤਾ ਪਰ ਉਸ ਕੋਲ ਬਚਿਆ ਅੱਧਾ ਅਨਾਰ ਖ਼ਰੀਦਣ ਲਈ ਧਨ ਨਹੀਂ ਸੀ ਰਿਹਾ।
ਫਿਰ ਬਾਦਸ਼ਾਹ ਨੇ ਆਪਣੇ ਜਵਾਈ ਨੂੰ ਅਸ਼ੀਰਵਾਦ ਦਿੱਤਾ ਅਤੇ ਆਪਣੀ ਜੰਜ਼ੀਰੀ ਉਸ ਦੀ ਗਰਦਨ ਦੁਆਲੇ ਪਾ ਦਿੱਤੀ ਤੇ ਆਪਣਾ ਰਾਜ-ਭਾਗ ਉਸ ਨੂੰ ਸੌਂਪ ਦਿੱਤਾ।

## ਅਜਨਬੀ...

ਇਕ ਵਾਰੀ ਫੇਰ ਮਹਿਸੂਸ ਹੋਇਆ। ਉਸ ਬੰਦ ਦੌੜਦੀ ਕੋਠੜੀ ਦੇ ਹਨੇਰੇ ਵਿਚ ਬੈਠੇ-ਬੈਠੇ ਈ ਮੈਂ ਸ਼ਹਿਰੀ ਜੀਵਨ ਵਿਚ ਗੂੰਜਣ ਵਾਲੀਆਂ ਆਵਾਜ਼ਾਂ ਪਛਾਣੀਆਂ...ਉਹ ਆਵਾਜ਼ਾਂ ਪਛਾਣੀਆਂ ਜਿਹੜੀਆਂ ਗੌ-ਧੂਲੀ ਸਮੇਂ ਸ਼ਹਿਰ 'ਚੋਂ ਉੱਠਦੀਆਂ ਨੇ। ਕਦੀ ਕਿੰਨੀਆਂ ਪਿਆਰੀਆਂ ਲੱਗਦੀਆਂ ਹੁੰਦੀਆਂ ਸਨ ਇਹ ਆਵਾਜ਼ਾਂ ਮੈਨੂੰ। ਕਿੰਨੀਆਂ ਚੰਗੀਆਂ ਲੱਗਦੀਆਂ ਹੁੰਦੀਆਂ ਸਨ ਮੈਨੂੰ ਗਰਮੀ ਘਿਰੀਆਂ ਸ਼ਾਮਾਂ! ਭਾਰੀ ਬੋਝਲ ਵਾਤਾਵਰਣ ਤੇ ਉਸ ਵਿਚ ਅਖ਼ਬਾਰ ਵਾਲੇ ਮੁੰਡਿਆਂ ਦੀਆਂ ਆਵਾਜ਼ਾਂ...ਸਾਂਝੇ ਪਾਰਕ ਵਿਚ ਪੰਛੀਆਂ ਦੀ ਆਖ਼ਰੀ ਚਹਿਚਹਾਟ...ਸੈਂਡਵਿਚ ਦੇ ਫੇਰੀ ਵਾਲਿਆਂ ਦੀਆਂ ਆਵਾਜ਼ਾਂ...ਉੱਚੇ ਸ਼ਹਿਰ ਦੇ ਢਾਲੂ ਮੋੜ ਉੱਤੇ ਟਰਾਮ ਦੀ ਚਰਚਰਾਹਟ... ਬੰਦਰਗਾਹ ਉੱਤੇ ਛਣ-ਛਣ ਉੱਤਰਦਾ ਹੋਇਆ ਹਨੇਰਾ ਤੇ ਉਸ ਛਿਣ ਆਸਮਾਨ ਤੋਂ ਹਲਕੀ-ਹਲਕੀ ਸਰਸਰਾਹਟ ਦੀ ਆਵਾਜ਼...ਇਹ ਸਾਰੀਆਂ ਆਵਾਜ਼ਾਂ ਮੇਰੇ ਥੱਕੇ ਦਿਮਾਗ਼ ਵਿਚ ਗੂੰਜ ਰਹੀਆਂ ਸਨ ਤੇ ਇਹਨਾਂ ਨੂੰ ਸੁਣਦੇ ਹੋਏ ਜੇਲ ਵੱਲ ਵਾਪਸ ਜਾਣਾ ਇੰਜ ਲੱਗ ਰਿਹਾ ਸੀ ਜਿਵੇਂ ਕੋਈ ਅੰਨਾ, ਚੱਪਾ-ਚੱਪਾ, ਜਾਣੇ-ਪਛਾਣੇ ਰਸਤੇ ਤੋਂ ਲੰਘ ਰਿਹਾ ਹੋਵੇ...।
ਹਾਂ, ਸ਼ਾਮ ਦੇ ਇਹੋ ਪਲਾਂ ਤਾਂ ਨੇ, ਜਦੋਂ ਜ਼ਿੰਦਗੀ 'ਚ ਅਕੱਥ ਸੁਖ ਤੇ ਅਨੰਤ ਸੰਤੋਖ ਮਹਿਸੂਸ ਹੁੰਦਾ-ਹੁੰਦਾ ਸੀ, ਹੁਣ ਤਾਂ ਲੱਗਦਾ ਏ, ਯੁੱਗ ਬੀਤ ਗਏ ਨੇ। ਅਜਿਹੇ ਪਲਾਂ ਪਿੱਛੋਂ ਈ ਤਾਂ ਸੁਪਨੇਹੀਣ ਤੇ ਨਿਸ਼ਚਿੰਤ ਨੀਂਦ ਭਰੀਆਂ ਰਾਤਾਂ ਬਾਹਾਂ ਪਸਾਰ ਕੇ ਮੇਰੀ ਉਡੀਕ ਕਰਦੀਆਂ ਹੁੰਦੀਆਂ ਸਨ...ਅੱਜ ਵੀ ਉਹੀ ਛਿਣ ਸਨ, ਪਰ ਕਿੰਨਾ ਅੰਤਰ ਸੀ! ਅੱਜ ਮੈਂ ਆਪਣੀ ਕਾਲ-ਕੋਠੜੀ ਵੱਲ ਪਰਤ ਰਿਹਾ ਸੀ... ਅੱਜ ਮੇਰੀ ਉਡੀਕ ਵਿਚ ਬਾਹਾਂ ਪਸਾਰੀ ਬੈਠੀ ਸੀ, ਆਉਣ ਵਾਲੇ ਦਿਨ ਦੇ ਮਨਹੂਸ ਸ਼ੰਕਿਆਂ ਨਾਲ ਰਿੱਝਦੀ ਰਾਤ...। ਤੇ ਤਦ ਮੈਂ ਮਹਿਸੂਸ ਕੀਤਾ ਕਿ ਗਰਮੀਆਂ ਦੀ ਗੌ-ਧੂਲੀ ਭਰੀ ਸ਼ਾਮ ਨੂੰ ਚੀਰ ਕੇ ਜਾਣ ਵਾਲੀਆਂ ਯੁੱਗਾਂ ਤੋਂ ਜਾਣੀਆਂ-ਪਛਾਣੀਆਂ ਪਗਡੰਡੀਆਂ, ਮਾਸੂਮ ਤੇ ਬੇਫ਼ਿਕਰ ਨੀਂਦ ਨੂੰ ਜਾਦੂਈ ਦੁਨੀਆਂ ਵਿਚ ਈ ਨਹੀਂ...ਜੇਲ ਦੀਆਂ ਮਨਹੂਸ ਕੰਧਾਂ ਅੰਦਰ ਵੀ ਲੈ ਜਾਂਦੀਆਂ ਨੇ...।

ਦੇ ਸਹਿਯੋਗ ਸਦਕਾ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਤੀ 'ਤੇ

## ਧੰਨੁ ਧੰਨੁ ਰਾਮਦਾਸ ਗੁਰੁ...

ਸਵਰਗ ਦੀ ਝਲਕ (ਸੱਚਖੰਡ ਦੇ ਰੂਪ 'ਚ) ਦਿਖਾਈ ਦੇਣ ਲੱਗੀ। ਅਜੋਕੇ ਸਮੇਂ ਵੀ ਇਹ ਸਥਾਨ ਰੱਬੀ ਸਿਫ਼ਤ-ਸਲਾਹ ਦਾ ਇਕ ਪ੍ਰਮੁੱਖ ਕੇਂਦਰ ਹੈ।
ਗੁਰੂ ਪਰਿਵਾਰ ਦੇ ਤਿੰਨਾਂ ਸਾਹਿਬਜ਼ਾਦਿਆਂ ਵਿੱਚੋਂ ਸਭ ਤੋਂ ਛੋਟੇ ਸ੍ਰੀ (ਗੁਰੂ) ਅਰਜਨ ਦੇਵ ਜੀ ਦੀਨ-ਦੁਨੀਆ ਦੇ ਮਾਮਲੇ ਵਿਚ ਸਭ ਤੋਂ ਯੋਗ ਸਾਬਤ ਹੋਏ। ਉਹ ਜਿੱਥੇ ਪਰਵਾਰਿਕ ਪੱਖੋਂ ਪੂਰੇ ਜ਼ਿੰਮੇਵਾਰ ਸਨ ਉੱਥੇ ਅਧਿਆਤਮਿਕ ਪੱਖ ਤੋਂ ਵੀ ਸਰਬ-ਕਲਾ ਸਮਰੱਥ ਸਨ। ਇਸ ਸਮਰਥਾ ਕਾਰਨ ਹੀ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਅਰਜਨ ਦੇਵ ਜੀ ਨੂੰ ਉਨਾਂ ਨੇ ਗੁਰਿਆਈ ਦੀ ਬਖ਼ਸ਼ਿਸ਼ ਕੀਤੀ। ਗੁਰੂ ਪਿਤਾ ਵੱਲੋਂ ਵੱਡੇ ਪੁੱਤਰ (ਪ੍ਰਿਥੀ ਚੰਦ) ਨੂੰ ਅਣਡਿੱਠ ਕਰ ਕੇ ਛੋਟੇ ਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਨਾਨਕ ਕੇ ਘਰ ਦੀ ਵਡਿਆਈ (ਗੁਰਗੱਦੀ) ਦਿੱਤੇ ਜਾਣ ਦਾ ਪ੍ਰਿਥੀ ਚੰਦ ਨੇ ਡਟਵਾਂ ਵਿਰੋਧ ਕੀਤਾ ਪਰ ਗੁਰੂ ਰਾਮਦਾਸ ਜੀ ਨੇ ਕੇਵਲ ਯੋਗਤਾ ਨੂੰ ਹੀ ਪਹਿਲ ਦਿੱਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰ ਗੱਦੀ ਦੀ ਜ਼ਿੰਮੇਵਾਰੀ ਸੌਂਪ ਕੇ ਗੁਰੂ ਰਾਮਦਾਸ ਜੀ ਗੋਇੰਦਵਾਲ ਸਾਹਿਬ ਚਲੇ ਗਏ। ਕੁਝ ਦਿਨ ਇਥੇ ਟਿਕਾਣਾ ਕਰਨ ਤੋਂ ਬਾਅਦ ਅੱਸੂ ਮਹੀਨੇ ਦੇ ਦੂਜੇ ਦਿਨ, ਮੁਤਾਬਕ ਸੰਮਤ 1638 (ਸਤੰਬਰ 1581 ਈਸਵੀ) ਨੂੰ ਜੋਤੀ ਜੋਤਿ ਸਮਾ ਗਏ। ਅਧਿਆਤਮਿਕ ਆਗੂ ਹੋਣ ਦੇ ਨਾਲ-ਨਾਲ ਗੁਰੂ ਰਾਮਦਾਸ ਜੀ ਉੱਚ ਕੋਟੀ ਦੇ ਬਾਣੀਕਾਰ ਵੀ ਸਨ, ਜਿਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵਾਲੇ 19 ਰਾਗਾਂ ਦੀ ਵਰਤੋਂ ਕਰਦਿਆਂ ਅਤੇ 11 ਹੋਰ ਰਾਗਾਂ ਸਮੇਤ ਕੁੱਲ 30 ਰਾਗਾਂ ਵਿਚ ਬਾਣੀ ਰਚੀ।

## ਸਿੱਖ ਕੌਮ ਦਾ ਮਹਾਨ...

ਇਸ ਦੇ ਨਾਲ ਹੀ ਵਾਲਮੀਕ/ਮਜ਼ਬੀ ਸਿੱਖ ਭਾਈਚਾਰੇ ਨੂੰ ਸਰਕਾਰੀ ਨੌਕਰੀਆਂ ਦੇ ਵਿੱਚ ਰਾਖਵੇਂ ਕੋਟੇ ਦੇ ਵਿੱਚੋਂ ਰਾਖਵੇਂ ਕੋਟੇ ਦੀ ਜੋ 12.5 ਪ੍ਰਤੀਸ਼ਤ ਦੀ ਵਿਸ਼ੇਸ਼ ਸਹੂਲਤ ਦਿੱਤੀ ਗਈ ਹੈ, ਇਸ ਸੰਬੰਧੀ ਇਸ ਭਾਈਚਾਰੇ ਦੀਆਂ ਵਿਰੋਧੀ ਤਾਕਤਾਂ ਵੱਲੋਂ ਸੁਪਰੀਮ ਕੋਰਟ ਵਿੱਚ ਇਸ ਰਾਖਵਾਂਕਰਨ ਨੂੰ ਖ਼ਤਮ ਕਰਵਾਉਣ ਲਈ ਕੇਸ ਲਗਾਇਆ ਗਿਆ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਇਸ ਭਾਈਚਾਰੇ ਦੀ ਭਲਾਈ ਲਈ ਸਰਕਾਰੀ ਨੌਕਰੀਆਂ ਵਿੱਚ ਸਾਢੇ ਬਾਰਾਂ ਪ੍ਰਤੀਸ਼ਤ ਕੋਟਾ ਵਾਲਮੀਕ/ਮਜ਼ਬੀ ਸਿੱਖ ਭਾਈਚਾਰੇ ਨੂੰ ਦੇਣਾ ਜ਼ਰੂਰੀ ਬਣਾਇਆ ਜਾਵੇ ਅਤੇ ਉਕਤ ਕੇਸ ਦੀ ਪੈਰਵਾਈ ਚੰਗੇ ਢੰਗ ਨਾਲ ਕਰਕੇ ਵਾਲਮੀਕ/ਮਜ਼ਬੀ ਸਿੱਖ ਭਾਈਚਾਰੇ ਨੂੰ ਆਰਥਿਕ ਪੱਖੋਂ ਖ਼ੁਸ਼ਹਾਲ ਬਣਾਉਣ ਲਈ ਉਕਤ ਰਾਖਵੇਂ ਕੋਟੇ ਨੂੰ ਪੱਕੇ ਤੌਰ 'ਤੇ ਐਕਟ ਬਣਾ ਕੇ ਪਾਸ ਕੀਤਾ ਜਾਵੇ ਤਾਂ ਜੋ ਆਉਣ ਵਾਲੇ ਸਮੇਂ ਵਿਚ ਉਕਤ ਭਾਈਚਾਰੇ ਦੇ ਲੋਕ ਵੀ ਸਮਾਜਿਕ ਪੱਧਰ 'ਤੇ ਦੂਸਰੀਆਂ ਕੌਮਾਂ ਦੇ ਬਰਾਬਰ ਹੋ ਕੇ ਦੇਸ਼, ਸਿੱਖ ਧਰਮ ਅਤੇ ਸੂਬੇ ਦੀ ਤਰੱਕੀ ਵਿੱਚ ਆਪਣਾ ਬਣਦਾ ਯੋਗਦਾਨ ਪਾ ਸਕਣ, ਇਹੀ ਬਾਬਾ ਜੀਵਨ ਸਿੰਘ ਜੀ ਦੇ ਜਨਮ ਦਿਵਸ 'ਤੇ ਉਨਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

## ਕਦੋਂ ਮੁੱਕੇਗੀ ਪੰਜਾਬੀਆਂ ...

ਵੈਨਕੂਵਰ ਲਈ ਸਕੂਟ ਅਤੇ ਸਿੰਗਾਪੁਰ ਏਅਰ ਦੀ ਉਡਾਣ ਲਈ ਜਾ ਸਕਦੀ ਜਾਂ ਵੈਨਕੂਵਰ ਦੇ ਨਾਲ ਲੱਗਦੇ ਅਮਰੀਕਾ ਦੇ ਬਾਰਡਰ ਵਾਲੇ ਪਾਸੇ ਸਿਆਟਲ ਕਤਰ ਏਅਰਵੇਜ਼ ਅੰਮ੍ਰਿਤਸਰ ਤੋਂ ਉਡਾਣਾਂ ਦਾ ਸੰਚਾਲਨ ਕਰ ਰਹੀ ਹੈ। ਗੁਮਟਾਲਾ ਨੇ ਪੰਜਾਬੀਆਂ ਦਾ ਇਸ ਮੁਹਿੰਮ ਵਿੱਚ ਸਾਥ ਦੇਣ ਲਈ ਧੰਨਵਾਦ ਕੀਤਾ ਅਤੇ ਅਪੀਲ ਕੀਤੀ ਕਿ ਉਹ ਅੰਮ੍ਰਿਤਸਰ ਲਈ ਉਡਾਣਾਂ ਨੂੰ ਪਹਿਲ ਦੇਣ ਭਾਵੇਂ ਇਹ ਅੰਮ੍ਰਿਤਸਰ ਤੋਂ ਦਿੱਲੀ ਰਾਹੀਂ ਵੀ ਜਾਂਦੀਆਂ ਹੋਣ।

## ਮੇਰੇ ਅਧਿਆਪਕ...

ਉਹ ਸਰੀਰਕ ਸਿੱਖਿਆ ਦੇ ਅਧਿਆਪਕ ਸਨ ਇਸ ਲਈ ਕਦੇ-ਕਦੇ ਸਕੂਲ ਦੇ ਵਿਦਿਆਰਥੀਆਂ ਪਾਸੋਂ ਸਕੂਲ ਦੇ ਚੌਗਿਰਦੇ ਦੀ ਸਾਂਭ-ਸੰਭਾਲ ਅਤੇ ਖ਼ੂਬਸੂਰਤੀ ਵਾਲਾ ਕੰਮ ਵੀ ਕਰਵਾ ਲੈਂਦੇ ਸਨ, ਚੌਗਿਰਦੇ ਦੀ ਸਾਂਭ-ਸੰਭਾਲ ਦੇ ਦਿੱਤੇ ਗੁਣ ਅੱਜ ਵੀ ਬਾਖ਼ੂਬੀ ਯਾਦ ਨੇ ਅਤੇ ਮੌਜੂਦਾ ਸਮੇਂ ਦੌਰਾਨ ਕੰਮ ਵੀ ਆ ਰਹੇ ਹਨ।
ਅੱਜ ਅਧਿਆਪਕ ਦਿਵਸ ਤੇ ਮੌਜੂਦਾ ਸਮੇਂ ਦੌਰਾਨ ਨੌਕਰੀ ਕਰ ਰਹੇ ਅਧਿਆਪਕ ਸਾਹਿਬਾਨ, ਪੜਾਈ ਕਰ ਰਹੇ ਬੱਚਿਆਂ ਅਤੇ ਉਨਾਂ ਦੇ ਮਾਤਾ-ਪਿਤਾ ਨੂੰ ਇਹੀ ਅਪੀਲ ਕਰਾਂਗਾ ਕਿ ਅਧਿਆਪਕ ਅਤੇ ਬੱਚਿਆਂ ਦਰਮਿਆਨ ਪੜਾਈ ਤੋਂ ਉਪਰ ਉੱਠ ਕੇ ਆਪਸੀ ਸਾਂਝ, ਹਯਾ ਅਤੇ ਇੱਕ ਦੂਜੇ ਦੀ ਇੱਜ਼ਤ ਕਰਨ ਦੀ ਭਾਵਨਾ ਦਾ ਹੋਣਾ ਬਹੁਤ ਲਾਜ਼ਮੀ ਹੈ ਕਿਉਂਕਿ ਬਹੁਤਾ ਸਮਾਜਿਕ ਗਿਆਨ ਅਜਿਹਾ ਵੀ ਹੁੰਦਾ ਹੈ ਜੋ ਸਾਨੂੰ ਕਿਤਾਬਾਂ ਵਿੱਚੋਂ ਨਹੀ ਮਿਲਦਾ। ਅੰਤ ਵਿੱਚ ਮੈਂ ਉਨਾਂ ਸਤਿਕਾਰਯੋਗ ਸ਼ਖ਼ਸੀਅਤਾਂ ਅਧਿਆਪਕ ਜੋ ਅੱਜ ਇਸ ਦਨਿਆਵੀ ਦੁਨੀਆ ਵਿੱਚ ਸਾਡੇ ਵਿਚਕਾਰ ਨਹੀਂ ਹਨ ਦੀ ਆਤਮਿਕ ਸ਼ਾਤੀ ਲਈ ਅਰਦਾਸ ਕਰਦਾ ਹਾਂ ਤੇ ਜੋ ਇਸ ਦੁਨਿਆਵੀ ਦੁਨੀਆ ਵਿਚਕਾਰ ਹਨ ਦੀ ਲੰਬੀ ਉਮਰ ਅਤੇ ਸਿਹਤਯਾਬੀ ਲਈ ਪ੍ਰਮਾਤਮਾ ਅੱਗੇ ਦੁਆ ਕਰਦਾ ਹਾਂ।

## ਦੇਸ ਵੰਡ ਦਾ...

ਦੋਵਾਂ ਪੰਜਾਬਾਂ ਵਿਚ ਪੰਜਾਬੀ ਦੀ ਹੈਸੀਅਤ ਤਸੱਲੀਬਖ਼ਸ਼ ਨਹੀਂ। ਭਾਰਤੀ ਪੰਜਾਬ ਵਿਚ ਬੇਸ਼ੱਕ ਇਹ ਸਿੱਖਿਆ ਦਾ ਮਾਧਿਅਮ ਹੈ, ਵਿਸ਼ਾ ਵੀ ਹੈ, ਸਰਕਾਰੀ ਕਾਰ-ਵਿਹਾਰ ਵੀ ਪੰਜਾਬੀ ਵਿਚ ਹੋਣ ਲੱਗ ਪਿਆ ਹੈ ਪਰ ਫਿਰ ਵੀ ਇਹ ਆਪਣੇ ਅਸਲੀ ਹੱਕ ਅਤੇ ਰੁਤਬੇ ਤੋਂ ਮਹਿਰੂਮ ਹੈ। ਪਾਕਿਸਤਾਨ ਵਿਚ ਤਾਂ ਹੋਰ ਵੀ ਮੰਦਾ ਹਾਲ ਹੈ। ਸਕੂਲਾਂ ਵਿਚ ਪੰਜਾਬੀ ਦਾ ਵਿਸ਼ਾ ਨਹੀਂ, ਕਾਲਜਾਂ ਵਿਚ ਇਹ ਅਖ਼ਤਿਆਰੀ ਵਿਸ਼ਾ ਹੈ, ਬੇਸ਼ੱਕ ਯੂਨੀਵਰਸਿਟੀ ਪੱਧਰ 'ਤੇ ਐਮ.ਏ., ਐਮ.ਫਿਲ ਅਤੇ ਪੀ.ਐਚ.ਡੀ. ਤੱਕ ਇਹ ਪੜਾਈ ਜਾਂਦੀ ਹੈ। ਪਾਕਿਸਤਾਨੀ ਪੰਜਾਬ ਵਿਚ ਅਗਾਂਹਵਧੂ ਸੋਚ ਵਾਲੇ ਲੋਕ ਪੰਜਾਬੀ ਨੂੰ ਇਸ ਦਾ ਹੱਕ ਦਿਵਾਉਣ ਲਈ ਜੱਦੋ-ਜਹਿਦ ਕਰ ਰਹੇ ਹਨ, ਮੁਜ਼ਾਹਰੇ ਕਰ ਰਹੇ ਹਨ ਅਤੇ ਨਾਅਰੇਬਾਜ਼ੀ ਹੋ ਰਹੀ ਹੈ। ਜੇਕਰ ਮੁਲਕ ਨਾ ਵੰਡਿਆ ਜਾਂਦਾ ਤਾਂ ਪੰਜਾਬੀ ਦੇ ਹੱਕ ਵਿਚ ਲਹਿਰਾਂ ਹੋਰ ਵੀ ਜ਼ੋਰਦਾਰ ਅਤੇ ਪ੍ਰਚੰਡ ਰੂਪ ਵਿਚ ਚਲਾਈਆਂ ਜਾ ਸਕਦੀਆਂ ਸਨ। ਇਕ, ਇਕੱਲਾ ਤੇ ਦੋ ਗਿਆਰਾਂ।

## ਸਿੱਖ ਪਰਿਵਾਰ ਦੀ...

ਉਸਨੇ ਦੱਸਿਆ ਕਿ ਉਸਦੀ ਬੇਟੀ ਵੀ ਉਸਦੇ ਘਰੇਲੂ ਕੰਮ ਵਿੱਚ ਮਦਦ ਕਰਦੀ ਹੈ।
ਲੜਕੀ ਦੇ ਪਿਤਾ ਅਵਤਾਰ ਸਿੰਘ ਨੇ ਦੱਸਿਆ ਕਿ ਉਨਾਂ ਦੀ ਬੇਟੀ ਦਾ ਸੁਪਨਾ ਸ਼ੁਰੂ ਤੋਂ ਹੀ ਪਾਇਲਟ ਬਣਨਾ ਸੀ, ਇਸ ਲਈ ਉਨਾਂ ਨੇ ਇਸ ਵਿਚ ਉਨਾਂ ਦੀ ਮਦਦ ਕੀਤੀ ਹੈ, ਜਦਕਿ ਉਨਾਂ ਕਿਹਾ ਕਿ ਉਹ ਕਦੇ ਵੀ ਆਪਣੀ ਬੇਟੀ ਨੂੰ ਵਿਦੇਸ਼ ਨਹੀਂ ਭੇਜਣਾ ਚਾਹੁੰਦੇ ਸਨ। ਉਸਨੇ ਇਸ ਬਾਰੇ ਨਹੀਂ ਸੋਚਿਆ ਕਿਉਂਕਿ ਉਸਦੀ ਧੀ ਨੇ ਸੋਚਿਆ ਸੀ ਕਿ ਉਸਨੂੰ ਪਾਇਲਟ ਬਣਨਾ ਹੈ। ਜਿਸ ਤੋਂ ਬਾਅਦ ਉਸਨੇ ਆਪਣਾ ਸੁਪਨਾ ਪੂਰਾ ਕਰਨ ਲਈ ਆਪਣੀ ਜਾਨ ਦੇ ਦਿੱਤੀ। ਇਸ ਦੇ ਨਾਲ ਹੀ ਉਨਾਂ ਕਿਹਾ ਕਿ ਉਨਾਂ ਨੂੰ ਖ਼ੁਸ਼ੀ ਹੈ ਕਿ ਅੱਜ ਇਕ ਛੋਟੇ ਜਿਹੇ ਪਿੰਡ ਦੀ ਇਕ ਲੜਕੀ ਪਾਇਲਟ ਬਣਨ ਜਾ ਰਹੀ ਹੈ।

## ਸਿੱਖਾਂ ਤੇ ਈਸਾਈਆਂ ...

ਬਸ ਇਸਾਈ ਰਹੁਰੀਤਾਂ ਕਰਨ ਲੱਗ ਪੈਂਦੇ ਹਨ। ਇਸ ਦਾ ਵੱਡਾ ਕਾਰਨ ਹੈ ਸਿੱਖ ਭਾਈਚਾਰੇ ਨੂੰ ਮਿਲਣ ਵਾਲਾ ਦਲਿਤ ਰਾਖਵਾਂਕਰਨ। ਧਰਮ ਪਰਿਵਰਤਨ ਕਰਨ ਵਾਲੇ ਜ਼ਿਆਦਾਤਰ ਸਿੱਖ ਰਾਖਵੇਂ ਕੋਟੇ ਨਾਲ ਸਬੰਧਿਤ ਹੁੰਦੇ ਹਨ। ਇਸਾਈ ਭਾਈਚਾਰੇ ਨੂੰ ਕੋਈ ਰਾਖਵਾਂਕਰਨ ਨਹੀਂ ਮਿਲਦਾ ਇਸ ਕਰਕੇ ਰਾਖਵਾਂ ਕੋਟਾ ਖ਼ਤਮ ਦੇ ਡਰ ਕਾਰਨ ਉਹ ਆਪਣੇ ਆਪ ਨੂੰ ਸਿੱਖ ਸਦਵਾਉਂਦੇ ਹਨ।ਇਸ ਕਾਰਨ ਬਾਕੀ ਗਰੀਬ ਸਿੱਖ ਭਾਈਚਾਰੇ ਉਪਰ ਗਲਤ ਪ੍ਰਭਾਵ ਪੈਂਦਾ ਹੈ।
ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਆਖ ਚੁੱਕੇ ਹਨ ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਕੁਝ ਅਖੌਤੀ ਪਾਸਟਰਾਂ ਵੱਲੋਂ ਸਿੱਖਾਂ ਅਤੇ ਹਿੰਦੂਆਂ ਨੂੰ ਗੁੰਮਰਾਹ ਅਤੇ ਲਾਲਚ ਦੇ ਕੇ ਜਬਰੀ ਧਰਮ ਪਰਿਵਰਤਨ ਕੀਤਾ ਜਾ ਰਿਹਾ ਹੈ।
ਇਸ ਤੋਂ ਇਲਾਵਾ ਸੋਸ਼ਲ ਮੀਡੀਆ ਉੱਤੇ ਬਹੁਤ ਸਾਰੀਆਂ ਅਜਿਹੀਆਂ ਵੀਡੀਓਜ਼ ਹਨ, ਜਿਨਾਂ ਵਿਚ ਕੁਝ ਪਾਸਟਰ ਚਮਤਕਾਰ ਕਰ ਕੇ ਮਰੀਜ਼ਾਂ ਨੂੰ ਠੀਕ ਕਰਨ ਦਾ ਦਾਅਵਾ ਕਰ ਰਹੇ ਰਹੇ।ਪਰ ਸਰਕਾਰ ਇਹਨਾਂ ਗੈਰ ਕਨੂੰਨੀ ਹਰਕਤਾਂ ਉਪਰ ਕੋਈ ਕਾਰਵਾਈ ਨਹੀਂ ਕਰ ਰਹੀ। ਸ਼੍ਰੋਮਣੀ ਕਮੇਟੀ ਨੂੰ ਇਸ ਬਾਰੇ ਵੀਡੀਓ ਫਿਲਮਾਂ ਬਣਾਕੇ ਕਨੂੰਨੀ ਕਾਰਵਾਈ ਕਰਨ ਦੀ ਲੋੜ ਹੈ। ਅਜਿਹੇ ਅਖੌਤੀ ਪਾਸਟਰਾਂ ਦੀ ਬਕਾਇਦਾ ਜਾਂਚ ਹੋਣੀ ਚਾਹੀਦੀ ਹੈ ਅਤੇ ਇਸ ਗੱਲ ਦਾ ਪਤਾ ਲਗਾਉਣਾ ਚਾਹੀਦਾ ਹੈ ਕਿ ਉਨਾਂ ਕੋਲੋਂ ਵਿੱਤੀ ਸਾਧਨ ਕਿੱਥੋਂ ਆ ਰਹੇ ਹਨ?
ਵੱਡੀ ਸੱਮਸਿਆ ਇਹ ਹੈ ਕਿ ਇਸਾਈ ਧਰਮ ਦੇ ਵਿੱਚ ਵੀ ਵੱਖ-ਵੱਖ ਵਰਗ ਹਨ। ਇਨਾਂ ਵਿੱਚ ਰੋਮਨ ਕੈਥੋਲਿਕ ਚਰਚ, ਚਰਚ ਆਫ ਨਾਰਥ ਇੰਡੀਆ (ਸੀ.ਐਨ.ਆਈ.), ਸਾਲਵੇਸ਼ਨ ਆਰਮੀ, ਮੈਥੋਡਿਸਟ ਚਰਚ ਸਮੇਤ ਕੁਝ ਨਿੱਜੀ ਤੌਰ ਉਤੇ ਵੀ ਪ੍ਰਚਾਰਕ ਕੰਮ ਕਰਦੇ ਹਨ।ਇਸਾਈ ਧਰਮ ਵਿੱਚ ਸਿੱਖ ਧਰਮ ਵਾਂਗ ਅਕਾਲ ਤਖਤ ਸਾਹਿਬ ਵਰਗੀ ਕੋਈ ਸੁਪਰੀਮ ਬਾਡੀ ਨਹੀਂ, ਜੋ ਇਸ ਨੂੰ ਕੰਟਰੋਲ ਕਰ ਸਕੇ। ਡਾਇਓਸੀਸ ਆਫ ਅੰਮ੍ਰਿਤਸਰ ਇਸ ਦੇ ਵੱਡੇ ਕੇਂਦਰ ਹਨ ਅਤੇ ਜੋ ਪੂਰੀ ਸੰਗਠਿਤ ਹਨ ਅਤੇ ਇਨਾਂ ਦੀ ਅਗਵਾਈ ਬਿਸ਼ਪ ਵੱਲੋਂ ਕੀਤੀ ਜਾਂਦੀ ਹੈ।
ਇਸ ਤੋਂ ਇਲਾਵਾ ਬਹੁਤ ਸਾਰੇ ਪਾਸਟਰ ਅਜਿਹੇ ਵੀ ਜੋ ਨਿੱਜੀ ਤੌਰ ਉਤੇ ਕੰਮ ਕਰਦੇ ਹਨ ਅਤੇ ਉਨਾਂ ਨੂੰ ਕੰਟਰੋਲ ਕਰਨ ਵਾਲੀ ਕੋਈ ਸੰਸਥਾ ਨਹੀਂ ਹੈ ਜੋ ਡੇਰਿਆਂ ਦੇ ਮੁਖੀ ਵਾਂਗ ਕੰਮ ਕਰਦੇ ਹਨ। ਇਸਾਈ ਧਰਮ ਨੂੰ ਸੰਗਠਿਤ ਕਰਨ ਦੇ ਲਈ ਮਸੀਹੀ ਮਹਾਂ ਸਭਾ (ਐਮ ਐਸ ਐਸ ) ਬਣੀ ਹੋਈ ਹੈ। ਜਿਸ ਦੀ ਅਗਵਾਈ ਇਸ ਸਮੇਂ ਬਿਸ਼ਪ ਪ੍ਰਦੀਪ ਕੁਮਾਰ ਸਾਮੰਤਾ ਰਾਏ ਕਰ ਰਹੇ ਹਨ। ਪਰ ਜੋ ਪਾਸਟਰ ਨਿੱਜੀ ਤੌਰ ਉਤੇ ਆਪਣੇ ਡੇਰੇ ਸਥਾਪਤ ਕਰਕੇ ਪ੍ਰਚਾਰ ਕਰ ਰਹੇ ਹਨ, ਉਨਾਂ ਉਤੇ ਇਸ ਸੰਸਥਾ ਦਾ ਕੋਈ ਕੰਟਰੋਲ ਨਹੀਂ ਹੈ।ਇਹੀ ਪਾਸਟਰ ਸਿੱਖ ਧਰਮ ਨਾਲ ਤਣਾਅ ਪੈਦਾ ਕਰ ਰਹੇ ਹਨ। ਲੋੜ ਇਸ ਗੱਲ ਦੀ ਹੈ ਕਿ ਸਿੱਖੀ ਦੇ ਵਧੀਆ ਪ੍ਰਚਾਰਕ ਗਰੀਬ ਬਸਤੀਆਂ ਵਿਚ ਲਗਾਏ ਜਾਣ। ਜਿੱਥੇ ਜਿੱਥੇ ਈਸਾਈਕਰਨ ਵੱਧ ਹੋਇਆ ਹੈ ਉਥੇ ਵੱਧ ਤੋਂ ਵੱਧ ਸਿੱਖੀ ਦਾ ਪ੍ਰਚਾਰ ਕੀਤਾ ਜਾਵੇ। ਗਰੀਬਾਂ ਦੇ ਹਿਤ ਵਿਚ ਵਧੀਆ ਸਕੂਲ ਤੇ ਹਸਪਤਾਲ ਖੋਲੇ ਜਾਣ।

## ਮਾਮਲਾ ਸਿੱਖਾਂ ਦੇ...

ਇਸ ਦੌਰਾਨ ਚਰਚ ਦੇ ਇੰਚਾਰਜ ਫਾਦਰ ਫੈਲਿਕਸ ਸ਼ੇਰਗਿੱਲ ਤੇ ਹਲਕਾ ਮਜੀਠਾ ਦੇ ਸੁਪਾਰੀ ਵਿੰਡ ਤੋਂ ਸਾਬਕਾ ਚੇਅਰਮੈਨ ਕ੍ਰਿਸਚਨ ਵੈਲਫੇਅਰ ਬੋਰਡ ਅਮਨ ਗਿੱਲ ਨੇ ਦੋਸ਼ੀਆਂ ਨੂੰ ਜਲਦ ਕਾਬੂ ਕਰਕੇ ਸਖ਼ਤ ਸਜ਼ਾ ਦੇਣ ਦੀ ਮੰਗ ਵੀ ਕੀਤੀ। ਉਨਾਂ ਨੇ ਕਿਹਾ ਕਿ ਪ੍ਰਭੂ ਸਾਡੇ ਪੰਜਾਬ 'ਵਿਚ ਭਾਈਚਾਰਕ ਸਾਂਝ ਬਣਾ ਕੇ ਰੱਖੇ।'

ਤਰਨ ਤਾਰਨ ਜ਼ਿਲੇ ਦੀ ਇਕ ਚਰਚ ਵਿੱਚ ਹੋਈ ਭੰਨ-ਤੋੜ ਦੇ ਰੋਸ ਵਜੋਂ ਈਸਾਈ ਭਾਈਚਾਰੇ ਵੱਲੋਂ ਅਲਬਰਟ ਦੁਆ ਦੀ ਅਗਵਾਈ ਹੇਠ ਲੁਧਿਆਣਾ ਸ਼ਹਿਰ ਵਿੱਚ ਰੋਸ ਮਾਰਚ ਕੱਢਿਆ ਗਿਆ। ਇਹ ਮਾਰਚ ਜਲੰਧਰ ਬਾਈਪਾਸ ਤੋਂ ਸ਼ੁਰੂ ਹੋ ਕੇ ਜਗਰਾਉਂ ਪੁਲ ਤੱਕ ਕੱਢਿਆ ਗਿਆ। ਅਲਬਰਟ ਦੂਆ ਨੇ ਕਿਹਾ ਕਿ ਮਸੀਹ ਭਾਈਚਾਰੇ ਦੇ ਲੋਕਾਂ ਦੀ ਮੰਗ ਹੈ ਕਿ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਜਾਵੇ ਤੇ ਭਾਈਚਾਰੇ ਦੇ ਜਿਨਾਂ ਆਗੂਆਂ ਨੂੰ ਧਮਕੀਆਂ ਮਿਲ ਰਹੀਆਂ ਹਨ, ਉਨਾਂ ਨੂੰ ਸੁਰੱਖਿਆ ਮੁਹੱਈਆ ਕਰਵਾਈ ਜਾਵੇ। ਇਸ ਦੌਰਾਨ ਤਰਨਤਾਰਨ ਜ਼ਿਲੇ ਦੇ ਪਿੰਡ ਠੱਕਰਪੁਰਾ ਵਿੱਚ ਇੱਕ ਚਰਚ 'ਵਿਚ ਹੋਈ ਭੰਨਤੋੜ ਦੇ ਮਾਮਲੇ ਨੂੰ ਲੈ ਕੇ ਈਸਾਈਆਂ ਨੂੰ ਸੁਰੱਖਿਆ ਦੇਣ ਲਈ ਪੰਜਾਬ-ਹਰਿਆਣਾ ਹਾਈਕੋਰਟ 'ਵਿਚ ਪਟੀਸ਼ਨ ਦਾਇਰ ਕੀਤੀ ਗਈ ।

### ਪੁਲਿਸ ਨੇ ਐਲਾਨਿਆ ਇੱਕ ਲੱਖ ਦਾ ਇਨਾਮ

ਪੁਲਿਸ ਦੀ ਤਰਫੋਂ ਕਿਹਾ ਗਿਆ ਹੈ ਕਿ ਚਰਚ ਬਾਰੇ ਘਟਨਾ ਨਾਲ ਸਬੰਧਤ ਕੋਈ ਵੀ ਸੂਚਨਾ ਦੇਣ ਵਾਲੇ ਨੂੰ ਇਕ ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਗਿਰਜਾਘਰ (ਚਰਚ) ਵਿੱਚ ਬੇਅਦਬੀ ਅਤੇ ਅੱਗ ਲੱਗਣ ਦੀ ਘਟਨਾ ਦੀ ਪ੍ਰਭਾਵੀ ਅਤੇ ਤੇਜੀ ਨਾਲ ਜਾਂਚ ਨੂੰ ਯਕੀਨੀ ਬਣਾਉਣ ਲਈ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦਾ ਗਠਨ ਕੀਤਾ ਹੈ। ਇੰਸਪੈਕਟਰ ਜਨਰਲ ਪੁਲਿਸ ਫਿਰੋਜਪੁਰ ਰੇਂਜ ਦੀ ਅਗਵਾਈ ਵਾਲੀ ਐਸ.ਆਈ.ਟੀ. ਵਿੱਚ ਐਸ. ਐਸ.ਪੀ. ਤਰਨਤਾਰਨ ਅਤੇ ਐਸ.ਪੀ ਇਨਵੈਸਟੀਗੇਸ਼ਨ ਤਰਨਤਾਰਨ ਵੀ ਦੋ ਮੈਂਬਰਾਂ ਵਜੋਂ ਸ਼ਾਮਲ ਹਨ।

## ਪਾਕਿਸਤਾਨ ਵਿਚ ਹੜ...

ਵਾਤਾਵਰਨ ਪ੍ਰੇਮੀ ਦਸ ਰਹੇ ਹਨ ਕਿ ਹੋਟਲ ਅਤੇ ਬਾਜ਼ਾਰ ਦਰਿਆ ਦਾ ਕੁਦਰਤੀ ਰਾਹ ਰੋਕ ਰਹੇ ਹਨ ਜਿਸ ਕਰਕੇ ਕਾਫ਼ੀ ਨੁਕਸਾਨ ਹੋਇਆ ਹੈ। ਯੂਨਾਈਟਿਡ ਸਿੱਖਸ, ਖਾਲਸਾ ਏਡ ਤੇ ਪਾਕਿਸਤਾਨੀ ਸਿੱਖ ਪੀੜਤਾਂ ਦੀ ਮਦਦ ਲਈ ਡਟ ਗਏ ਹਨ। ਲੰਗਰ, ਰਾਸ਼ਨ ਤੇ ਮੈਡੀਕਲ ਆਦਿ ਸਹਾਇਤਾ ਕਰ ਰਹੇ ਹਨ। ਇਸ ਕਾਰਨ ਪੂਰੇ ਸੰਸਾਰ ਵਿਚ ਸਿੱਖਾਂ ਦੀ ਪ੍ਰਸੰਸਾ ਹੋ ਰਹੀ ਹੈ। ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ ਹੈਲੀਕਾਪਟਰ ਵਿਚ ਇਲਾਕੇ ਦਾ ਦੌਰਾ ਕੀਤਾ। ਇਸ ਦੌਰੇ ਤੋਂ ਬਾਅਦ ਉਨਾਂ ਕਿਹਾ ਕਿ ਲੱਖਾਂ ਘਰ ਤਬਾਹ ਹੋ ਗਏ ਹਨ।' ਉਨਾਂ ਨੇ ਸਹਾਇਤਾ ਏਜੰਸੀਆਂ, ਮਿੱਤਰ ਦੇਸ਼ਾਂ ਅਤੇ ਅੰਤਰਰਾਸ਼ਟਰੀ ਦਾਨੀਆਂ ਤੋਂ ਵਿੱਤੀ ਮਦਦ ਦੀ ਅਪੀਲ ਕੀਤੀ ਹੈ। ਉਨਾਂ ਕਿਹਾ ਕਿ ਦੇਸ਼ ਦੀ ਲਗਭਗ ਅੱਧੀ ਕਪਾਹ ਦੀ ਫਸਲ ਬਰਬਾਦ ਹੋ ਗਈ ਹੈ ਅਤੇ ਸਬਜ਼ੀਆਂ, ਫਲਾਂ ਅਤੇ ਚੌਲਾਂ ਆਦਿ ਦੇ ਖੇਤਾਂ ਨੂੰ ਕਾਫੀ ਨੁਕਸਾਨ ਹੋਇਆ ਹੈ। ਪ੍ਰਧਾਨ ਮੰਤਰੀ ਸ਼ਰੀਫ ਨੇ ਕਿਹਾ ਕਿ ਅੰਤਰਰਾਸ਼ਟਰੀ ਮੁਦਰਾ ਫੰਡ (ਆਈਐਮਐਫ) ਦੁਆਰਾ ਅਗਲੇ ਸਾਲ ਵਿੱਚ ਲਗਭਗ 1.2 ਬਿਲੀਅਨ ਡਾਲਰ ਦੇ ਕਰਜ਼ਾ ਮਿਲਣ ਦੀ ਮੁੜ ਸ਼ੁਰੂਆਤ ਹੋ ਰਹੀ ਹੈ ਅਤੇ ਇਸ ਨਾਲ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਵਿੱਚ ਵੱਡੀ ਸਹਾਇਤਾ ਹੋਵੇਗੀ। ਯੂਕੇ ਸਰਕਾਰ ਨੇ ਵੀ ਘੋਸ਼ਣਾ ਕੀਤੀ ਹੈ ਕਿ ਉਸ ਨੇ ਹੜ ਰਾਹਤ ਯਤਨਾਂ ਲਈ 1.5 ਮਿਲੀਅਨ ਪਾਊਂਡ ਤੱਕ ਦੀ ਰਾਸ਼ੀ ਜਾਰੀ ਕੀਤੀ ਹੈ। ਉਨਾਂ ਕਿਹਾ, 'ਯੂਨਾਈਟਿਡ ਕਿੰਗਡਮ ਪਾਕਿਸਤਾਨ ਦੀ ਰਿਕਵਰੀ ਵਿੱਚ ਉਸ ਦੇ ਨਾਲ ਖੜਾ ਹੈ।'

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਪਾਕਿਸਤਾਨ ਵਿੱਚ ਹੜ ਦੀ ਸਥਿਤੀ ਬਾਰੇ ਟਵੀਟ ਕਰਦਿਆਂ ਦੁੱਖ ਪ੍ਰਗਟਾਇਆ ਹੈ। ਚੀਨ ਦੇ ਪ੍ਰਧਾਨ ਮੰਤਰੀ ਸ਼ੀ ਜਿਨਪਿੰਗ ਨੇ ਕਿਹਾ ਹੈ ਕਿ ਉਹ ਇਸ ਮੁਸ਼ਕਿਲ ਘੜੀ ਵਿੱਚ ਪਾਕਿਸਤਾਨ ਦੇ ਨਾਲ ਹਨ।

ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਰੀਫ ਨੇ ਕਿਹਾ ਹੈ ਚੀਨ ਨੇ ਪਾਕਿਸਤਾਨ ਨੂੰ 100 ਮਿਲੀਅਨ ਯੂਆਨ (ਚੀਨ ਦੀ ਮੁਦਰਾ) ਰਾਹਤ ਰਾਸ਼ੀ ਵਜੋਂ ਦੇਣ ਦਾ ਵੀ ਐਲਾਨ ਕੀਤਾ ਹੈ। ਇਸ ਤੋਂ ਇਲਾਵਾ ਕੈਨੇਡਾ, ਯੂਨਾਈਟਿਡ ਅਰਬ ਅਮੀਰਾਤ ਅਤੇ ਤੁਰਕੀ ਵੀ ਪਾਕਿਸਤਾਨ ਦੀ ਮਦਦ ਲਈ ਅੱਗੇ ਆਇਆ ਹੈ।

## ਬਹਿਬਲ ਕਲਾਂ ਗੋਲੀ...

ਸੁਖਬੀਰ ਸਿੰਘ ਬਾਦਲ ਆਉਣ ਵਾਲੀ 14 ਸਤੰਬਰ ਨੂੰ ਕੋਟਕਪੂਰਾ ਗੋਲੀ ਕਾਂਡ ਮਾਮਲੇ ਵਿਚ ਸਿਟ ਸਾਹਮਣੇ ਪੇਸ਼ ਹੋਣਗੇ। ਇਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਪਿਛਲੀ ਸਿਟ ਵੀ ਮਾਮਲੇ ਦੀ ਜਾਂਚ ਕਰ ਚੁੱਕੀ ਹੈ, ਜਿਸ ਦੀ ਰਿਪੋਰਟ ਨੂੰ ਹਾਈਕੋਰਟ ਨੇ ਰੱਦ ਕਰ ਦਿੱਤਾ ਸੀ। ਉਨਾਂ ਕਿਹਾ ਕਿ ਇਨਾਂ ਮਾਮਲਿਆਂ ਵਿਚ ਕੇਵਲ ਸਿਆਸਤ ਹੋ ਰਹੀ ਹੈ ।ਉਨਾਂ ਕਿਹਾ ਕਿ ਜੇਕਰ ਇਸ ਤਰਾਂ ਜ਼ਿੰਮੇਵਾਰ ਠਹਿਰਾਉਣਾ ਹੈ ਤਾਂ ਭਗਵੰਤ ਮਾਨ ਕਿਵੇਂ ਬਚ ਸਕਦੇ ਹਨ ।ਉਨਾਂ ਨੇ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਵਾਪਸ ਲੈ ਕੇ ਕਰੋੜਾਂ ਰੁਪਏ ਦਾ ਇਸ਼ਤਿਹਾਰ ਦਿੱਤਾ ਹੈ।ਉਨਾਂ ਕਿਹਾ ਕਿ ਕਾਲੀ ਦੇਵੀ ਮੰਦਰ 'ਤੇ ਹੋਈ ਹਿੰਸਾ ਅਤੇ ਸੂਬੇ ਵਿਚ ਵਾਪਰੀਆਂ ਹੋਰ ਮੰਦਭਾਗੀ ਘਟਨਾਵਾਂ ਲਈ ਵੀ ਭਗਵੰਤ ਮਾਨ ਜ਼ਿੰਮੇਵਾਰ ਹਨ । ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਬਹਿਬਲ ਕਲਾਂ ਤੇ ਕੋਟਕਪੂਰਾ ਵਿਚ ਪੁਲਿਸ ਗੋਲੀਬਾਰੀ ਦੇ ਸੰਵੇਦਨਸ਼ੀਲ ਮਾਮਲਿਆਂ 'ਤੇ ਰਾਜਨੀਤੀ ਖੇਡ ਰਹੀ ਹੈ ਅਤੇ ਇਸ ਨੂੰ ਦੋਸ਼ੀਆਂ ਨੂੰ ਫੜਨ ਅਤੇ ਸਜ਼ਾਵਾਂ ਦੇਣ ਵਿਚ ਕੋਈ ਦਿਲਚਸਪੀ ਨਹੀਂ ਹੈ ।ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਅਕਾਲੀ ਦਲ ਅਤੇ ਇਸ ਦੇ ਆਗੂ ਗੋਲੀਬਾਰੀ ਕੇਸਾਂ ਦੀ ਜਾਂਚ ਕਰ ਰਹੀਆਂ ਵਿਸ਼ੇਸ਼ ਜਾਂਚ ਟੀਮਜ਼ ਭਾਵ ਐਸ. ਆਈ. ਟੀਜ਼ ਨਾਲ ਪੂਰਾ ਸਹਿਯੋਗ ਕਰਨ ਲਈ ਤਿਆਰ ਹਨ ।ਉਨਾਂ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ 'ਆਪ' ਸਰਕਾਰ ਸੌੜੇ ਸਿਆਸੀ ਹਿੱਤਾਂ ਖ਼ਿਲਾਫ਼ ਇਨਾਂ ਮਾਮਲਿਆਂ 'ਤੇ ਰਾਜਨੀਤੀ ਖੇਡ ਰਹੀ ਹੈ।



ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com